# PUNJAB VIDHAN SABHA
# DEBATES

*Wednesday, the 20th February, 2019*

Vol. VII- No. 6

OFFICIAL REPORT

## CONTENTS


| | |
|---|---|
| Starred Questions and Answers | (6) 1 |
| Constitution of a House Committee for the completion of Dashmesh Link Canal in order to solve water shortage for Agriculture | (6) 10 |
| Starred Questions and Answers *(Resumption)* | (6) 11 |
| Walk-Out | (6) 21 |
| Starred Questions and Answers *(Resumption)* | (6) 22 |
| Unstarred Questions and Answers | (6) 35 |
| Matters raised during Zero Hour | (6) 42 |
| Call Attention Notices under Rule 66 | (6) 48 |
| Walk-Out | (6) 51 |
| Call Attention Notices under Rule 66 (*Resumption*) | (6) 52 |
| Presentation of Reports of the Committees | (6) 67 |
| Papers Re-laid/laid on the Table of the House | (6) 72 |
| Official Resolution regarding Recommendation to the | |

| | |
|---|---|
| State Government to take up the Matter with the Government of India to impress upon the British Government to officially Apologize for the tragic massacre of the innocent people at Jallianwala Bagh, Amritsar on the 13th of April, 1919 | (6) 73 |
| Resumption of discussion on Governor's Address and Vote on the Motion of Thanks | (6) 82 |
| Resolution regarding House authorizing the Speaker for the Nomination of three Members on the State Advisory Board on Disability | (6) 84 |
| Resumption of discussion on Governor's Address and Vote on the Motion of Thanks *(Resumption)* | (6) 86 |
| Welcome Announcement by Member, Panel of Chairmen | (6) 120 |
| Resumption of discussion on Governor's Address and Vote on the Motion of Thanks *(Resumption)* | (6) 120 |
| Extension of time of the sitting of the House | (6) 163 |
| Resumption of discussion on Governor's Address and Vote on the Motion of Thanks *(Resumption)* | (6) 164 |
| Ruling by the Hon'ble Speaker | (6) 197 |
| Observation by the Hon'ble Speaker | (6) 198 |
| Appendix | (i) (ii) |

---

Punjab Vidhan Sabha Secretariat, Chandigarh
Price : Rs.________

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸਾਸ਼ਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ ਤੇ ਲੋਕ ਸੰਪਰਕ, ਕਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ |
| | Captain Amarinder Singh<br>Chief Minister | Administrative Reforms, Agriculture and Famers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਅਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸਾਸ਼ਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Welfare of SCs & Bcs, Printing & Stationery Minister |
| 6. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ<br>School Education , Freedom Fighters Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |

| | | |
|---|---|---|
| 9. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ |
| | Sardar Charanjit Singh Channi | Technical Education and Industrial Training, Employment Generation, Science & Technology Minister |
| 10. | ਸ਼੍ਰੀਮਤੀ ਅਰੁਨਾ ਚੌਧਰੀ | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ |
| | Smt. Aruna Chaudhary, | Social Security, Women & Child Development, Transport Minister |
| 11. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| | Smt. Razia Sultana | Higher Education, Water Supply & Sanitation Minister |
| 12. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ | ਸਹਿਕਾਰਤਾ, ਜੇਲ੍ਹਾਂ ਮੰਤਰੀ |
| | Sardar Sukhjinder Singh Randhawa | Cooperation, Jails Minister |
| 13. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ |
| | Sardar Sukhbinder Singh Sarkaria | Revenue, Rehabilitation and Disaster Management, Water Resources, Mines & Geology Minister |
| 14. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| | Sardar Gurpreet Singh Kangar | Power, New and Renewable Energy Sources Minister |

| | | |
|---|---|---|
| 15. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

*Wednesday, the 20th February, 2019*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11:00 A.M. Mr. Speaker (Rana Kanwar Pal Singh) in the Chair.*

---

## STARRED QUESTIONS AND ANSWERS

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1854** **

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

-----------

### ਨਿਸ਼ਾਨ ਵਾਲਾ ਪ੍ਰਸ਼ਨ ਨੰ: 2022

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----------

### ਰੁਜ਼ਗਾਰ ਦਫਤਰ ਦੁਆਰਾ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ

***1968. ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਾਲ 2017–18 ਦੌਰਾਨ ਸਰਕਾਰ ਦੁਆਰਾ ਜਲੰਧਰ ਜ਼ਿਲ੍ਹੇ ਦੇ ਰੁਜ਼ਗਾਰ ਦਫਤਰ ਦੇ ਅਮਲੇ (ਉਨ੍ਹਾਂ ਦੀਆਂ ਤਨਖਾਹਾਂ ਅਤੇ ਅਨੁਲਾਭ ਆਦਿ), ਇਮਾਰਤ, ਬੁਨਿਆਦੀ ਢਾਂਚੇ, ਦੂਜੇ ਬਿਲਾਂ ਆਦਿ ਉੱਤੇ ਕਿੰਨਾ ਖਰਚਾ ਕੀਤਾ ਗਿਆ;

(ਅ) ਸਾਲ 2017–18 ਦੌਰਾਨ ਉਕਤ ਰੁਜ਼ਗਾਰ ਦਫਤਰ ਵਿੱਚ ਨੌਕਰੀ ਦੀ ਭਾਲ ਕਰ ਰਹੇ ਕਿੰਨੇ ਵਿਅਕਤੀਆਂ ਨੂੰ ਰਜਿਸਟਰ ਕੀਤਾ ਗਿਆ;

---

** For Starred Question No. 1854 and reply thereto, please see Appendix to this Debates

[ਸ਼੍ਰੀ ਅਵਤਾਰ ਸਿੰਘ ਜੂਨੀਅਰ]

(ੲ) ਸਾਲ 2017-18 ਦੌਰਾਨ ਉਪਰੋਕਤ ਰੁਜ਼ਗਾਰ ਦਫਤਰ ਰਾਹੀਂ ਸਫਲਤਾਪੂਰਵਕ ਰੁਜ਼ਗਾਰ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ:** (ੳ) ਰਾਜ ਸਰਕਾਰ ਦੇ ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਅਧੀਨ ਜ਼ਿਲ੍ਹਾ ਬਿਊਰੋ ਰੁਜ਼ਗਾਰ ਜੈਨਰੇਸ਼ਨ ਅਤੇ ਟ੍ਰੇਨਿੰਗ ਦਫਤਰ ਜਲੰਧਰ ਲਈ ਸਰਕਾਰ ਵੱਲੋਂ ਸਾਲ 2017-18 ਦੌਰਾਨ ਅਮਲੇ ਦੀਆਂ ਤਨਖਾਹਾਂ, ਬਿਲਡਿੰਗ, ਬੁਨਿਆਦੀ ਢਾਂਚੇ ਅਤੇ ਹੋਰ ਬਿਲਾਂ ਆਦਿ ਲਈ ਕੁੱਲ 6310437.00 ਰੁਪਏ ਖਰਚ ਕੀਤੇ ਗਏ ਹਨ। ਇਸ ਖਰਚ ਕੀਤੀ ਗਈ ਰਕਮ ਦੇ ਵੇਰਵੇ ਹੇਠ ਅਨੁਸਾਰ ਹਨ:-

| | | | |
|---|---|---|---|
| (1) | ਅਮਲੇ ਦੀ ਤਨਖਾਹ | : | 6091001 ਰੁਪਏ |
| (2) | ਟੀ.ਏ. | : | 29600 ਰੁਪਏ |
| (3) | ਟੈਲੀਫੋਨ | : | 18877 ਰੁਪਏ |
| (4) | ਬਿਜਲੀ ਦਾ ਖਰਚਾ | : | 147761 ਰੁਪਏ |
| (5) | ਬੇਰੁਜ਼ਗਾਰੀ ਭੱਤਾ | : | 7200 ਰੁਪਏ |
| (6) | ਦਫਤਰੀ ਖਰਚੇ | : | 15998 ਰੁਪਏ |
| | ਕੁੱਲ ਖਰਚਾ | : | 6310437.00 ਰੁਪਏ |

(ਅ) ਜ਼ਿਲ੍ਹਾ ਬਿਊਰੋ ਰੁਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਜਲੰਧਰ ਵਿੱਚ ਸਾਲ 2017-18 ਦੌਰਾਨ 5031 ਬੇਰੁਜ਼ਗਾਰ ਵਿਅਕਤੀਆਂ ਨੇ ਰੁਜ਼ਗਾਰ ਪ੍ਰਾਪਤ ਕਰਨ ਲਈ ਆਪਣਾ ਨਾਮ ਦਰਜ ਕਰਵਾਇਆ।

(ੲ) ਜ਼ਿਲ੍ਹਾ ਬਿਊਰੋ ਰੁਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਜਲੰਧਰ ਦੀ ਮਦਦ ਨਾਲ ਸਾਲ 2017-18 ਦੌਰਾਨ 2629 ਉਮੀਦਵਾਰਾਂ ਨੂੰ ਰੁਜ਼ਗਾਰ ਪ੍ਰਾਪਤ ਹੋਇਆ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੈਂ ਤੁਹਾਡੀ ਮਾਰਫ਼ਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਜਵਾਬ ਦੇ ਵਿੱਚ ਦੱਸਿਆ ਗਿਆ ਹੈ ਕਿ ਸਾਲ 2017-18 ਦੌਰਾਨ 5031 ਬੇਰੁਜ਼ਗਾਰ ਨੌਜਵਾਨਾਂ ਨੇ ਰੁਜ਼ਗਾਰ ਬਿਊਰੋ ਦੇ ਵਿੱਚ ਰੁਜ਼ਗਾਰ ਰਜਿਸਟਰੇਸ਼ਨ ਕਰਵਾਈ, ਕੀ ਇਸ ਨੰਬਰ ਨੂੰ ਵਧਾਉਣ ਦੀ ਸਰਕਾਰ ਵੱਲੋਂ ਕੋਈ ਤਜਵੀਜ਼ ਹੈ? ਦੂਜਾ, ਜਿਹੜੇ ਸਾਡੇ ਪ੍ਰਾਈਵੇਟ ਅਦਾਰੇ ਹਨ, ਉਹ

ਵਰਕਰਾਂ ਦਾ ਅਤੇ ਲੇਬਰਜ਼ ਦਾ ਬੜਾ ਸੋਸ਼ਣ ਕਰਦੇ ਹਨ, ਕੀ ਸਰਕਾਰ ਦੀ ਕੋਈ ਪਾਲਿਸੀ ਜਾਂ ਤਜਵੀਜ਼ ਆ ਰਹੀ ਹੈ ਜਿਸ ਦੇ ਵਿੱਚ, It should be compulsory ਕਿ ਪਹਿਲਾਂ ਉਹ ਇਸ ਬਿਊਰੋ ਦੇ ਵਿੱਚ ਰਜਿਸਟਰੇਸ਼ਨ ਕਰਵਾਉਣ ਤੇ ਫਿਰ ਉਸ ਤੋਂ ਬਾਅਦ ਉਨ੍ਹਾਂ ਨੂੰ ਉੱਥੇ ਇੰਪਲਾਇਮੈਂਟ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਹਾਂ ਜੀ, ਚੰਨੀ ਜੀ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਪਾਸ 5031 ਨੌਜਵਾਨਾਂ ਨੇ ਅਪਲਾਈ ਕੀਤਾ ਸੀ ਜਿਸ ਵਿੱਚੋਂ 2629 ਨੌਜਵਾਨਾਂ ਨੂੰ ਉੱਥੇ ਨੌਕਰੀ ਮੁਹੱਈਆ ਕਰਵਾਈ ਗਈ ਹੈ। ਇਨ੍ਹਾਂ ਨੇ ਅਗਲੀ ਗੱਲ ਕੀਤੀ ਹੈ ਕਿ ਰੁਜ਼ਗਾਰ ਰਜਿਸਟ੍ਰੇਸ਼ਨ ਨੰਬਰ ਵਧਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ? ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਇੰਪਲਾਇਮੈਂਟ ਜਨਰੇਸ਼ਨ ਡਿਪਾਰਟਮੈਂਟ ਨੂੰ ਅਤੇ ਟਰੇਨਿੰਗ ਨੂੰ ਬਹੁਤ ਹੀ ਸੰਜੀਦਗੀ ਦੇ ਨਾਲ ਲਿਆ ਹੈ। ਪਹਿਲਾਂ ਅੱਜ ਤੱਕ ਜਿੰਨੀਆਂ ਇੰਪਲਾਇਮੈਂਟ ਐਕਸਚੇਂਜਿਜ਼ ਸਨ, ਉਹ ਖਾਲੀ ਪਈਆਂ ਸਨ ਅਤੇ ਉੱਥੇ ਕੋਈ ਕੰਮ ਨਹੀਂ ਹੁੰਦਾ ਸੀ। ਲੇਕਿਨ ਹੁਣ ਪੰਜਾਬ ਸਰਕਾਰ ਨੇ ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੇ ਆਦੇਸ਼ਾਂ ਅਨੁਸਾਰ ਘਰ-ਘਰ ਰੁਜ਼ਗਾਰ ਅਤੇ ਕਾਰੋਬਾਰ ਮਿਸ਼ਨ ਬਣਾ ਕੇ ਇਸ ਨੂੰ ਬਹੁਤ ਹੀ ਸੰਜੀਦਗੀ ਦੇ ਨਾਲ ਪੰਜਾਬ ਦੇ ਵਿੱਚ ਰੁਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਅੱਜ ਵੀ ਪੰਜਾਬ ਦੇ ਵਿੱਚ ਰੁਜ਼ਗਾਰ ਮੇਲੇ ਚੱਲ ਰਹੇ ਹਨ, 13 ਤਾਰੀਖ ਤੋਂ ਲੈ ਕੇ 22 ਤਾਰੀਖ ਤੱਕ ਸਾਡੇ ਰੁਜ਼ਗਾਰ ਮੇਲੇ ਚੱਲ ਰਹੇ ਹਨ। ਟੋਟਲ 76 ਇਵੈਂਟ ਹਨ, 57 ਜਗ੍ਹਾ ਰੁਜ਼ਗਾਰ ਮੇਲੇ ਹੋਣੇ ਹਨ ਅਤੇ ਅੱਜ ਵੀ 6 ਜਗ੍ਹਾ ਰੁਜ਼ਗਾਰ ਮੇਲੇ ਚੱਲ ਰਹੇ ਹਨ। ਰੁਜ਼ਗਾਰ ਮੇਲਿਆਂ ਦੇ ਰਾਹੀਂ ਰੁਜ਼ਗਾਰ ਬਿਊਰੋ ਖੋਲ੍ਹ ਕੇ ਹਰ ਜ਼ਿਲ੍ਹੇ ਦੇ ਹੈੱਡ ਕੁਆਰਟਰ ਤੇ ਅਸੀਂ ਘਰ-ਘਰ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਖੋਲ੍ਹਿਆ ਹੈ ਜਿਸ ਦੇ ਵਿੱਚ ਵੱਖ-ਵੱਖ ਡਿਪਾਰਟਮੈਂਟਸ ਦੇ ਬੰਦੇ ਆ ਕੇ ਬੈਠਦੇ ਹਨ, ਕੰਸਲਟੈਂਟ ਰੱਖੇ ਗਏ ਹਨ। ਨੌਕਰੀ ਦਿਵਾਉਣ ਲਈ ਬਤੌਰ ਸੀ.ਓ. ਬਹੁਤ ਹੀ ਪ੍ਰੋਫੈਸ਼ਨਲ ਬੰਦਿਆਂ ਨੂੰ ਐਪੁਾਇੰਟ ਕੀਤਾ ਗਿਆ ਹੈ ਜਿਸ ਦੇ ਨਾਲ ਪੰਜਾਬ ਦੇ ਵਿੱਚ ਮੁੱਖ ਮੰਤਰੀ ਜੀ ਵੱਲੋਂ ਰੁਜ਼ਗਾਰ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਇਸ ਮੁਹਿੰਮ ਤਹਿਤ ਅਸੀਂ 5 ਲੱਖ 34 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ/ਗੈਰ-ਸਰਕਾਰੀ ਨੌਕਰੀਆਂ ਦਿਵਾਉਣ ਅਤੇ ਇਸ ਤੋਂ ਇਲਾਵਾ ਉਨ੍ਹਾਂ ਨੂੰ ਕਾਰੋਬਾਰ ਵਧਾਉਣ ਵਿੱਚ ਕਾਮਯਾਬ ਹੋਏ ਹਾਂ। ਸਪੀਕਰ ਸਾਹਿਬ, ਇਹ ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ.....

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ.....

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਤੁਹਾਡਾ ਸਵਾਲ ਨਹੀਂ ਹੈ, ਤੁਸੀਂ ਬੈਠੋ ਜੀ। ਹਾਂ ਜੀ, ਸ਼੍ਰੀ ਅਵਤਾਰ ਸਿੰਘ ਜੂਨੀਅਰ, ਦੱਸੋ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਮੰਤਰੀ ਜੀ ਨੂੰ ਬੇਨਤੀ ਇਹ ਸੀ ਕਿ ਉਥੇ ਸਿਰਫ 5031 ਬੱਚਾ ਇਨਰੋਲ ਹੋਇਆ ਹੈ, ਕੀ ਇਸ ਗਿਣਤੀ ਨੂੰ ਵਧਾਉਣ ਲਈ ਇਨ੍ਹਾਂ ਨੇ ਕੋਈ ਸਟੈੱਪ ਲਏ ਹਨ? ਦੂਜਾ, ਇਹ ਸੀ ਕਿ ਕੋਈ ਗੌਰਮਿੰਟ ਵੱਲੋਂ ਨਵੀਂ ਪਾਲਿਸੀ......

**ਮਾਨਯੋਗ ਸਪੀਕਰ:** ਮੰਤਰੀ ਸਾਹਿਬ ਸਟੈੱਪਸ ਬਾਰੇ ਦੱਸ ਚੁੱਕੇ ਹਨ, ਜੋ ਸਟੈੱਪਸ ਉਨ੍ਹਾਂ ਨੇ ਚੁੱਕੇ ਹਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਕੀ ਕੋਈ ਨਵੀਂ ਪਾਲਿਸੀ ਬਣਾਈ ਗਈ ਹੈ ਜਿਹੜੀ ਗੈਰ-ਸਰਕਾਰੀ ਸੰਸਥਾਵਾਂ ਹਨ, ਉਨ੍ਹਾਂ ਦੇ ਵਿੱਚ ਇੰਪਲਾਇਮੈਂਟ ਇਸ ਬਿਊਰੋ ਦੇ ਥਰੂ ਹੋਵੇ।

**ਮਾਨਯੋਗ ਸਪੀਕਰ:** ਮੰਤਰੀ ਸਾਹਿਬ, ਗੈਰ ਸਰਕਾਰੀ ਸੰਸਥਾਵਾਂ ਦੀ ਵੀ ਭਰਤੀ ਬਿਊਰੋ ਦੇ ਰਾਹੀਂ ਹੋਵੇ, ਇਸ ਬਾਰੇ ਕੋਈ ਗੌਰ ਹੈ ਜਾਂ ਕੋਈ ਯਤਨ ਕੀਤਾ ਜਾ ਰਿਹਾ ਹੈ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਪੰਜਾਬ ਸਰਕਾਰ ਇੱਕ ਪੋਰਟਲ ਲੈ ਕੇ ਆ ਰਹੀ ਹੈ। ਹੁਣ ਵੀ ਅਸੀਂ ਪਹਿਲਾਂ ਇੱਕ ਮੋਡੀਫਾਈਡ ਆਧੁਨਿਕ ਤਰੀਕੇ ਦਾ ਪੋਰਟਲ ਬਣਾ ਰਹੇ ਹਾਂ। ਸਾਡੇ ਕੋਲ ਜਿਹੜੇ ਇੰਪਲਾਇਰ ਹਨ, ਉਹ ਪੋਰਟਲ ਤੇ ਰਜਿਸਟਰ ਹੋ ਰਹੇ ਹਨ ਅਤੇ ਨਾਲ-ਨਾਲ ਜਿਹੜੇ ਨੌਜਵਾਨ ਨੂੰ ਨੌਕਰੀ ਚਾਹੀਦੀ ਹੈ, ਉਹ ਵੀ ਉਸ ਪੋਰਟਲ ਤੇ ਰਜਿਸਟਰ ਹੁੰਦਾ ਹੈ। ਅਸੀਂ ਛਾਂਟੀ ਕਰਦੇ ਹਾਂ ਕਿ ਜਿਹੜਾ ਨੌਜਵਾਨ ਉਸ ਨੌਕਰੀ ਦੇ ਕਾਬਿਲ ਹੈ, ਜਿਸ ਤਰ੍ਹਾਂ ਦੀ ਉਸ ਦੀ ਕੁਆਲੀਫਿਕੇਸ਼ਨ ਹੈ, ਉਸ ਨੂੰ ਅੱਛੀ ਜਗ੍ਹਾ ਤੇ ਮਿਲਾਉਣ ਦਾ ਕੰਮ ਕਰਦੇ ਹਾਂ। ਇਸ ਤਰ੍ਹਾਂ ਉਸੇ ਪੱਧਰ ਦੀ ਨੌਕਰੀ ਦਿਵਾਉਣ ਅਤੇ ਰੁਜ਼ਗਾਰ ਦੇ ਪੈਸੇ ਦਿਵਾਉਣ ਲਈ ਸਰਕਾਰ ਇੱਕ ਬਹੁਤ ਵੱਡਾ ਉਪਰਾਲਾ ਕਰ ਰਹੀ ਹੈ। ਇਸ ਦੇ ਨਾਲ-ਨਾਲ ਸਰਕਾਰ ਇਸ ਸਮੇਂ ਵਿੱਚ ਚਾਲੀ ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦੇ ਚੁੱਕੀ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਧੰਨਵਾਦ। ਮੰਤਰੀ ਜੀ ਨੇ ਜਿਹੜੇ ਮੈਗਾ ਰੁਜ਼ਗਾਰ ਮੇਲਿਆਂ ਦੀ ਗੱਲ ਕੀਤੀ ਹੈ, ਮੈਂ ਕੋਈ ਕੰਟਰੋਵਰਸੀ ਵਿੱਚ ਨਹੀਂ ਜਾਣਾ ਹੈ, ਕਿਉਂਕਿ ਜਿਸ ਤਰ੍ਹਾਂ ਦੇ ਅੱਜ ਹਾਲਾਤ ਹਨ, ਬੋਗਸ ਕੰਪਨੀਆਂ, ਮਰੀਆਂ ਹੋਈਆਂ ਫਰਮਾਂ, ਤਿੰਨ-ਤਿੰਨ ਮਹੀਨੇ ਉਥੇ ਬੇਰੁਜ਼ਗਾਰ ਵਿਅਕਤੀ ਕੰਮ ਕਰਦੇ ਹਨ ਪਰ ਉਨ੍ਹਾਂ ਨੂੰ ਤਨਖਾਹ ਨਹੀਂ ਮਿਲਦੀ। ਮੇਰੇ ਕੋਲ ਇਸ ਤਰ੍ਹਾਂ ਦੀਆਂ ਸੈਂਕੜੇ ਉਦਾਹਰਨਾਂ ਹਨ। ਮੈਂ ਰਿਟਨ ਵਿੱਚ ਵੀ ਦੇ ਸਕਦਾ ਹਾਂ। ਮੇਰਾ ਸਵਾਲ ਮੰਤਰੀ ਜੀ ਨੂੰ ਇਹ ਹੈ ਕਿ ਇਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਹਰ ਘਰ ਵਿੱਚ ਨੌਕਰੀ ਦਿੱਤੀ ਜਾਵੇਗੀ, ਜਿਸ ਘਰ ਵਿੱਚ ਪੁੱਤ ਨਹੀਂ, ਉਥੇ ਧੀ ਨੂੰ ਦਿੱਤੀ ਜਾਵੇਗੀ। ਜਿਹੜੇ ਲੋਕਾਂ ਨੂੰ, ਬੇਰੁਜ਼ਗਾਰ ਯੂਥ ਨੂੰ ਨੌਕਰੀਆਂ ਨਹੀਂ ਮਿਲੀਆਂ ਹਨ, ਉਨ੍ਹਾਂ ਵਾਸਤੇ ਸਰਕਾਰ ਦਾ ਵਾਅਦਾ ਸੀ ਕਿ 2500 ਰੁਪਏ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ। ਕ੍ਰਿਪਾ ਕਰਕੇ ਮੰਤਰੀ ਜੀ ਦੱਸਣਗੇ ਕਿ ਕੀ ਉਹ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦੀ ਸਕੀਮ ਵਿਚਾਰ ਅਧੀਨ ਹੈ ਜਾਂ ਨਹੀਂ ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਸ ਵਾਸਤੇ ਇਹ ਵੱਖਰਾ ਸਵਾਲ ਕਰ ਲੈਣ।

**ਮਾਨਯੋਗ ਸਪੀਕਰ:** ਸਰਦਾਰ ਸਿਮਰਜੀਤ ਸਿੰਘ ਬੈਂਸ ਜੀ, ਵੱਖਰਾ ਸਵਾਲ ਕਰ ਲਓ, ਭੱਤੇ ਸਬੰਧੀ ਵੱਖਰਾ ਸਵਾਲ ਕਰ ਲਓ। ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ।

------------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1851

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1947 ** **

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---------

**** For Starred Question No. 1947 and reply thereto, please see Appendix to this Debates.

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2059

(ਸਬੰਧਿਤ ਮੈਂਬਰ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

----------

## ਦਸ਼ਮੇਸ਼ ਲਿੰਕ ਨਹਿਰ ਬਣਾਉਣਾ

***1844. (1) ਸਰਦਾਰ ਹਰਦਿਆਲ ਸਿੰਘ ਕੰਬੋਜ:**

**(2) ਰਾਣਾ ਗੁਰਜੀਤ ਸਿੰਘ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਮੋਹਾਲੀ, ਜ਼ੀਰਕਪੁਰ, ਬਨੂੜ, ਡੇਰਾਬਸੀ ਤੇ ਲਾਲੜੂ ਆਦਿ ਖੇਤਰਾਂ ਵਿੱਚ ਪਾਣੀ ਦੀ ਕਿੱਲਤ ਦੂਰ ਕਰਨ ਹਿੱਤ ਦਸ਼ਮੇਸ਼ ਲਿੰਕ ਨਹਿਰ ਬਣਾਉਣ ਦੀ ਤਜਵੀਜ਼ ਤਿਆਰ ਕੀਤੀ ਗਈ ਸੀ; ਜੇਕਰ ਕੀਤੀ ਗਈ ਸੀ ਤਾਂ ਇਹ ਕਿਹੜੇ ਸਾਲ ਵਿੱਚ ਕੀਤੀ ਗਈ ਸੀ;

(ਅ) ਇਸ ਤਿਆਰ ਕੀਤੀ ਤਜਵੀਜ਼ ਦਾ ਮੌਜੂਦਾ ਸਟੇਟਸ ਕੀ ਹੈ ਅਤੇ ਕੀ ਸਰਕਾਰ ਦਸ਼ਮੇਸ਼ ਲਿੰਕ ਨਹਿਰ ਬਣਾਉਣ ਬਾਰੇ ਵਿਚਾਰ ਕਰੇਗੀ? ਜੇਕਰ ਕਰੇਗੀ ਤਾਂ ਇਸ ਲਈ ਕਦੋਂ ਤੱਕ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** (ੳ) ਹਾਂ ਜੀ, ਦਸ਼ਮੇਸ਼ ਲਿੰਕ ਨਹਿਰ ਬਣਾਉਣ ਦੀ ਤਜਵੀਜ਼ ਸਾਲ 1998 ਵਿੱਚ ਤਿਆਰ ਕੀਤੀ ਗਈ ਸੀ।

(ਅ) ਸ੍ਰੀ ਦਸ਼ਮੇਸ਼ ਲਿੰਕ ਨਹਿਰ ਦਾ ਆਫਟੇਕ ਪੁਆਇੰਟ ਐੱਸ.ਵਾਈ.ਐੱਲ. ਨਹਿਰ ਵਿੱਚੋਂ ਸੀ, ਐੱਸ.ਵਾਈ.ਐੱਲ. ਬੰਦ ਹੋਣ ਕਾਰਨ ਦਸ਼ਮੇਸ਼ ਲਿੰਕ ਨਹਿਰ ਦਾ ਪ੍ਰੋਜੈਕਟ ਵੀ ਬੰਦ ਕਰ ਦਿੱਤਾ ਗਿਆ ਹੈ। ਹਾਲ ਦੀ ਘੜੀ ਦਸ਼ਮੇਸ਼ ਲਿੰਕ ਨਹਿਰ ਦੇ ਪ੍ਰੋਜੈਕਟ ਨੂੰ ਮੁੜ ਸੁਰਜੀਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸਪੀਕਰ ਸਾਹਿਬ, ਇਹ ਬਹੁਤ ਹੀ ਇੰਪਾਰਟੈਂਟ ਇਸ਼ੂ ਹੈ। ਇਹ ਖਾਸ ਕਰਕੇ ਕੰਢੀ ਦੇ ਇਲਾਕੇ ਲਈ ਫਾਇਦੇਮੰਦ ਹੋਵੇਗਾ ਔਰ ਤੁਹਾਡਾ ਇਲਾਕਾ ਚਮਕੌਰ ਸਾਹਿਬ ਵੀ ਇਸ ਵਿੱਚ ਹੀ ਪੈ ਜਾਂਦਾ ਹੈ। ਚਮਕੌਰ ਸਾਹਿਬ ਤੋਂ ਖਰੜ, ਰਾਜਪੁਰਾ, ਡੇਰਾਬੱਸੀ, ਮੋਹਾਲੀ, ਘਨੌਰ ਅੱਪਟੂ ਬਾਰਡਰ ਆਫ ਦਿ ਹਰਿਆਣਾ, ਸਾਡੇ ਇਲਾਕਿਆਂ ਵਿੱਚ ਜਿਹੜਾ ਪਾਣੀ ਹੈ, ਉਹ

ਲਗਭਗ 300–300 ਮੀਟਰ ਡੂੰਘਾ ਚਲਾ ਗਿਆ ਹੈ। ਜੇਕਰ ਤੁਸੀਂ ਵੇਖ ਲਓ ਤਾਂ ਅੱਜ ਜਦੋਂ ਇੱਕ ਫਾਰਮਰ ਦਾ ਟਿਊਬਵੈੱਲ ਬੈਠ ਜਾਂਦਾ ਹੈ ਤਾਂ ਉਹ ਕਿੰਨੀ ਮੁਸ਼ਕਲ ਦੇ ਨਾਲ ਦੁਬਾਰਾ ਟਿਊਬਵੈੱਲ ਲਗਾ ਸਕਦਾ ਹੈ। ਸੋ, ਇਹ ਜੋ ਪ੍ਰਾਜੈਕਟ ਚਲਿਆ ਸੀ, ਆਪਾਂ ਇਸ ਨੂੰ ਐਸ.ਵਾਈ.ਐਲ. ਦੇ ਨਾਲ ਲਿੰਕ ਨਾ ਕਰੀਏ। ਮੈਂ ਮੰਤਰੀ ਜੀ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਦਾ ਕੋਈ ਹੱਲ ਕੱਢ ਕੇ ਸਾਨੂੰ ਦੇਵੇ ਕਿਉਂਕਿ ਇਸ ਤਰ੍ਹਾਂ ਤਾਂ ਇਹ ਇਲਾਕਾ ਬਿਲਕੁਲ ਵੀਰਾਨ ਬਣ ਜਾਵੇਗਾ। ਇਹ ਵੈਜੀਟੇਬਲ ਗਰੋਇੰਗ ਏਰੀਆ ਹੈ। ਅਸੀਂ ਨਾਰਦਰਨ ਇੰਡੀਆ ਨੂੰ ਇੱਥੋਂ ਸਬਜ਼ੀਆਂ ਪੈਦਾ ਕਰਕੇ, ਡਾਈਵਰਸੀਫਿਕੇਸ਼ਨ ਦੇ ਰਾਹੀਂ ਭੇਜ ਸਕਦੇ ਹਾਂ। ਇਹ ਬਹੁਤ ਹੀ ਜ਼ਰੂਰੀ ਹੈ। ਇਸ ਨਾਲ ਮੈਂ ਇਕੱਲਾ ਨਹੀਂ, ਬਾਕੀ ਦੇ ਸਾਰੇ ਐਮ.ਐਲ.ਏ. ਸਾਹਿਬਾਨ ਵੀ ਸਹਿਮਤ ਹਨ, ਉਨ੍ਹਾਂ ਨੂੰ ਵੀ ਤੁਸੀਂ ਪੁੱਛ ਕੇ ਦੇਖ ਲਓ। ਮੈਂ ਇਹ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਹਾਊਸ ਦੀ ਇੱਕ ਕਮੇਟੀ ਬਣਾ ਦਿਓ, ਹਾਊਸ ਦੀ ਕਮੇਟੀ ਬਣਾ ਕੇ ਇਸ ਕੇਸ ਨੂੰ ਸਟੱਡੀ ਕਰੇ ਤਾਂ ਜੋ ਇਲਾਕੇ ਦੀ ਜੋ ਜ਼ਰੂਰਤ ਹੈ, ਉਸ ਨੂੰ ਪੂਰਾ ਕੀਤਾ ਜਾ ਸਕੇ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਅਜਿਹੀ ਕਮੇਟੀ ਬਣਾ ਦੇਣਗੇ, ਜਿਹੜੀ ਇਸ ਕੇਸ ਨੂੰ ਪੂਰੀ ਤਰ੍ਹਾਂ ਸਟੱਡੀ ਕਰੇ ਤਾਂ ਜੋ ਇਲਾਕੇ ਨੂੰ ਪਾਣੀ ਮਿਲ ਸਕੇ।

**ਮਾਨਯੋਗ ਸਪੀਕਰ:** ਹਾਂ ਜੀ, ਸਰਕਾਰੀਆ ਸਾਹਿਬ।

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ...

**ਮੰਤਰੀ:** ਸ਼ਰਮਾ ਜੀ, ਪਹਿਲਾਂ ਮੈਂ ਜਵਾਬ ਦੇ ਲਵਾਂ। ਮੈਂਬਰ ਸਾਹਿਬ ਨੂੰ ਪੁੱਛ ਲਓ। ਮੈਂ ਤਾਂ ਜਵਾਬ ਦੇਣ ਲੱਗਾ ਹਾਂ।

**ਮਾਨਯੋਗ ਸਪੀਕਰ:** ਸ਼ਰਮਾ ਜੀ, ਤੁਸੀਂ ਦੱਸੋ, ਤੁਸੀਂ ਵੀ ਤਾਂ ਇਹੀ ਗੱਲ ਕਹਿਣੀ ਚਾਹੁੰਦੇ ਹੋਵੋਗੇ, ਜਿਹੜੀ ਕੰਬੋਜ ਸਾਹਿਬ ਨੇ ਕਹੀ ਹੈ।

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਇਹੀ ਬੇਨਤੀ ਹੈ ਜੀ। ਇਸ ਸਬੰਧੀ ਸਿਰੇ ਤੱਕ ਜ਼ਮੀਨ ਵੀ ਐਕੁਆਇਰਡ ਹੈ। ਸਾਡੇ ਹਲਕੇ, ਡੇਰਾਬੱਸੀ, ਮੋਹਾਲੀ ਸਾਰਿਆਂ ਦਾ ਇਹ ਮਸਲਾ ਹੈ। ਸਰ, ਮੇਰੀ ਰਿਕੁਐਸਟ ਹੈ ਕਿ ਇਸ ਵਾਸਤੇ ਕੋਈ ਕਮੇਟੀ ਬਣਾ ਦਿੱਤੀ ਜਾਵੇ ਕਿਉਂਕਿ ਪਾਣੀ ਬਹੁਤ ਨੀਚੇ ਚਲਾ ਗਿਆ ਹੈ। ਪਾਣੀ ਦੀ ਬਹੁਤ ਜ਼ਿਆਦਾ ਪ੍ਰਾਬਲਮ ਹੈ।

**ਮਾਨਯੋਗ ਸਪੀਕਰ :** ਸੰਧੂ ਜੀ, ਕੀ ਤੁਹਾਡਾ ਵੀ ਸੇਮ ਸਵਾਲ ਹੈ?

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਜਿਸ ਵੇਲੇ ਇਹ ਐਸ.ਵਾਈ.ਐਲ.

[ਸ਼੍ਰੀ ਕੰਵਰ ਸੰਧੂ]

ਪ੍ਰਾਜੈਕਟ ਚੱਲਿਆ ਸੀ, ਉਸ ਵਿੱਚ 9 ਮਾਈਨਰ ਸੀ ਜਿਹੜੀਆਂ ਨੇ ਵੱਖਰੇ-ਵੱਖਰੇ ਇਲਾਕਿਆਂ ਪਟਿਆਲਾ, ਮੋਹਾਲੀ, ਫਤਹਿਗੜ੍ਹ ਸਾਹਿਬ ਦੇ ਏਰੀਏ ਦੀ ਸਿੰਚਾਈ ਕਰਨੀ ਸੀ। ਸੋ, ਇਹ ਬਹੁਤ ਸੀਰੀਅਸ ਮਸਲਾ ਹੈ ਕਿਉਂਕਿ ਹੁਣ ਐਸ.ਵਾਈ.ਐਲ. ਕੈਨਾਲ ਬਾਰੇ ਤਾਂ ਲਗਦਾ ਨਹੀਂ ਹੈ ਕਿ ਇਹ Near future ਵਿੱਚ ਬਣਨੀ ਹੈ। ਜਿਹੜਾ ਏਰੀਆ 9 ਮਾਈਨਰਜ਼ ਦੇ ਨਾਲ ਕਵਰਡ ਸੀ, ਬਨੂੜ ਮਾਈਨਰ, ਚੂੰਨੀ ਮਾਈਨਰ, ਇਸ ਤਰ੍ਹਾਂ ਦੀਆਂ ਕੁੱਲ 9 ਮਾਈਨਰਜ਼ ਹਨ, ਇਨ੍ਹਾਂ ਵਿੱਚ ਪਾਣੀ ਛੱਡਿਆ ਜਾ ਸਕਦਾ ਹੈ।

**ਮਾਨਯੋਗ ਸਪੀਕਰ :** ਸੇਮ ਸਵਾਲ ਹੈ ਜੀ। ਹਾਂ ਜੀ, ਐਮ.ਐਲ.ਏ. ਘਨੌਰ ਸਾਹਿਬ (ਸ਼੍ਰੀ ਮਦਨ ਲਾਲ ਜਲਾਲਪੁਰ ਵੱਲ ਇਸ਼ਾਰਾ ਕਰਦੇ ਹੋਏ) ਤੁਹਾਡਾ ਵੀ ਹਲਕਾ ਪੈਂਦਾ ਹੈ, ਤੁਸੀਂ ਵੀ ਕਹਿ ਲਓ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਰ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਵਿੱਚ ਸਾਰਿਆਂ ਦਾ ਹੀ ਹਲਕਾ ਪੈਂਦਾ ਹੈ, ਤੁਹਾਡਾ ਵੀ ਪੈਂਦਾ ਹੈ।

**ਮਾਨਯੋਗ ਸਪੀਕਰ :** ਹਾਂ ਜੀ , ਮੇਰਾ ਵੀ ਹਲਕਾ ਪੈਂਦਾ ਹੈ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਸਾਡਾ ਹਲਕਾ ਐਸ.ਵਾਈ.ਐਲ. ਨਹਿਰ ਤੇ ਬਹੁਤ ਜ਼ਿਆਦਾ ਨਿਰਭਰ ਸੀ ਪਰ ਮੈਂ ਇਹ ਗੱਲ ਕਹਾਂਗਾ ਕਿ ਜੇ ਹਰਿਆਣਾ ਸਟੇਟ ਐਸ.ਵਾਈ.ਐਲ. ਤੇ ਅਲਟਰਨੇਟਿਵ ਕੱਢ ਕੇ ਨਰਵਾਣਾ ਬਰਾਂਚ ਵਿਚੋਂ ਪਾਣੀ ਕੱਢ ਕੇ ਆਪਣੇ ਕਿਸਾਨਾਂ ਨੂੰ ਦੇ ਸਕਦੀ ਹੈ ਤਾਂ ਪੰਜਾਬ ਸਰਕਾਰ ਕਿਉਂ ਉਪਰਾਲਾ ਨਹੀਂ ਕਰ ਸਕਦੀ?

**ਮਾਨਯੋਗ ਸਪੀਕਰ :** ਚਲੋ, ਬੈਠੋ, ਬੈਠੋ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਰ, ਅੱਜ ਸਾਡੀਆਂ 75 ਪ੍ਰਤੀਸ਼ਤ ਜ਼ਮੀਨਾਂ ਬੰਜਰ ਹੋ ਗਈਆਂ ਹਨ।(ਵਿਘਨ...)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਨਯੋਗ ਸਪੀਕਰ :** ਚੰਨੀ ਜੀ, ਵਜ਼ੀਰ ਨਹੀਂ ਪੁੱਛ ਸਕਦੇ। ਤੁਸੀਂ ਨਹੀਂ ਪੁੱਛ ਸਕਦੇ।(ਵਿਘਨ)

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਰ, ਇੱਕ ਮਿੰਟ ਜੀ। ਜੇ ਆਪਾਂ ਕੋਈ ਉਪਰਾਲਾ ਨਹੀਂ ਕਰਦੇ ਤਾਂ ਛੇ-ਸੱਤ ਹਲਕਿਆਂ ਵਿੱਚ ਜ਼ਮੀਨਾਂ ਬੰਜਰ ਹੋ ਚੁੱਕੀਆਂ ਹਨ।ਆਪਾਂ ਕਹਿੰਦੇ ਹਾਂ ਕਿ ਅਸੀਂ ਪੰਜਾਬ ਦੇ ਰਾਖੇ ਹਾਂ। ਜਦੋਂ ਤੱਕ ਆਪਾਂ

ਕਿਸਾਨਾਂ ਨੂੰ ਪਾਣੀ ਦੀ ਰਖਵਾਲੀ ਨਹੀਂ ਕਰਕੇ ਦਿੰਦੇ, ਉਦੋਂ ਤੱਕ ਪ੍ਰਾਬਲਮ ਰਹਿਣੀ ਹੈ। ਆਪਾਂ ਨੂੰ ਕੋਈ ਉਪਰਾਲਾ ਕਰਕੇ ਆਲਟਰਨੇਟਿਵ ਨਹਿਰ ਕੱਢ ਕੇ ਦੇਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਚਲੋ ਬੈਠੋ ਜੀ, ਬੈਠੋ, ਬੈਠੋ। ਚੰਨੀ ਜੀ, ਕੁਐਸਚਨ ਆਵਰ ਹੈ, ਅੱਛਾ ਨਹੀਂ ਲਗਦਾ।

**ਮੰਤਰੀ :** ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਦੋਂ ਨਹਿਰ ਬਣੀ ਸੀ ਤਾਂ ਇਸ ਨੇ ਚਾਰ ਜ਼ਿਲ੍ਹਿਆਂ ਨੂੰ ਪਾਣੀ ਦੇਣਾ ਸੀ ਅਤੇ 3 ਲੱਖ 21 ਹਜ਼ਾਰ ਏਕੜ ਰਕਬਾ ਸੀ ਜਿਸ ਨੂੰ 900 ਕਿਊਸਿਕ ਪਾਣੀ ਦੇ ਨਾਲ ਸਿੰਜਣਾ ਸੀ ਪਰ ਇਸ ਵੇਲੇ ਜਿਹੜੀ ਮੇਨ ਪ੍ਰਾਬਲਮ ਆ ਰਹੀ ਹੈ, ਉਹ ਇਹ ਹੈ ਕਿ ਇਹ ਪਹਿਲਾਂ ਐਸ.ਵਾਈ.ਐਲ. ਦਾ ਪਾਰਟ-3 ਸੀ ਪਰ 1998 ਵਿੱਚ ਆਪਾਂ ਨੇ ਇਸ ਦਾ ਨਾਂ ਦਸ਼ਮੇਸ਼ ਨਹਿਰ ਲੈਣਾ ਸ਼ੁਰੂ ਕੀਤਾ ਪਰ ਹੁਣ ਦਿੱਕਤ ਇਹ ਹੈ ਕਿ ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਤੇ ਕੋਈ ਨਵਾਂ ਪ੍ਰਾਜੈਕਟ ਬਣਾ ਦੇਈਏ ਕਿਉਂਕਿ ਇਹ ਤਾਂ ਬੰਦ ਹੋ ਗਿਆ ਹੈ। ਜ਼ਮੀਨ ਡੀ-ਨੋਟੀਫਾਈ ਹੋ ਚੁੱਕੀ ਹੈ। ਜਿਹੜੀ ਇਸ ਵਾਸਤੇ ਜ਼ਮੀਨ ਐਕੁਆਇਰ ਕੀਤੀ ਸੀ, ਉਸ ਵਿੱਚ ਮੋਹਾਲੀ ਦੀ 141 ਏਕੜ ਜ਼ਮੀਨ ਆਉਂਦੀ ਹੈ। ਉਹ ਜ਼ਮੀਨ ਅਸੀਂ ਵੈਸੇ ਹੀ ਦੂਜੇ ਡਿਪਾਰਟਮੈਂਟਾਂ ਨੂੰ ਦੇ ਚੁੱਕੇ ਹਾਂ, 113 ਏਕੜ ਗਮਾਡਾ ਨੂੰ ਚਲੀ ਗਈ, ਬਾਇਓ-ਤਕਨਾਲੋਜੀ ਨੂੰ 12 ਏਕੜ ਚਲੀ ਗਈ ਹੈ, ਕਾਮਰਸ ਡਿਪਾਰਟਮੈਂਟ ਨੂੰ 15 ਏਕੜ ਚਲੀ ਗਈ ਹੈ। ਸਾਨੂੰ ਨਵੇਂ ਸਿਰਿਓਂ ਜ਼ਮੀਨ ਐਕਵਾਇਰ ਕਰਨੀ ਪਵੇਗੀ ਪਰ ਪ੍ਰਾਬਲਮ ਇਹ ਹੈ ਕਿ ਇਹ ਮਸਲਾ ਸੀ.ਡਬਲਿਊ.ਸੀ. (Central Water Commission) ਵਿੱਚ ਜਾਣਾ ਹੈ। ਉੱਥੇ ਪ੍ਰਾਬਲਮ ਆਉਣੀ ਹੈ ਕਿਉਂਕਿ ਉੱਥੇ ਹਰਿਆਣੇ ਵਾਲੇ ਬੈਠੇ ਹਨ, ਉਹ ਇਸ ਨੂੰ ਫਿਰ ਐਸ.ਵਾਈ.ਐਲ. ਨਾਲ ਲਿੰਕ ਕਰਨਗੇ। ਇਸ ਕਰਕੇ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਸਪੀਕਰ ਸਾਹਿਬ, ਬਾਕੀ ਸਾਰੇ ਇਹ ਚਾਹੁੰਦੇ ਹਨ ਕਿ ਕਮੇਟੀ ਬਣਾ ਦਿਉ, ਜੇ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਇਸ ਤੇ ਕਮੇਟੀ ਬਣਾ ਦਿਉ। ਅਸੀਂ ਇਨਵੈਸਟੀਗੇਸ਼ਨ ਕਰਵਾ ਲਵਾਂਗੇ। ਜੇ ਕੋਈ ਰਾਹ ਲੱਭਦਾ ਹੋਇਆ ਤਾਂ ਜ਼ਰੂਰ ਕਰਾਂਗੇ।

ਜਿਹੜੀ ਸੰਧੂ ਸਾਹਿਬ ਜੀ ਨੇ ਗੱਲ ਕੀਤੀ ਹੈ ਜੀ, ਜਿਹੜੀਆਂ ਡਿਸਟੀਬਿਊਟਰ ਉੱਥੇ ਚਲਦੀਆਂ ਹਨ ਕਿ ਉਨ੍ਹਾਂ ਵਿੱਚ ਪਾਣੀ ਹੋਰ ਛੱਡਿਆ ਜਾਵੇ, ਅਸੀਂ ਉਹ ਦੇਖ ਲੈਂਦੇ ਹਾਂ ਜੀ, ਜੇ ਉਹ ਚਲਦੀਆਂ ਹੋਣਗੀਆਂ ਤਾਂ ਪਾਣੀ ਜ਼ਰੂਰ ਛੱਡਾਂਗੇ।

**ਸਰਦਾਰ ਹਰਦਿਆਲ ਸਿੰਘ ਕੰਬੋਜ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...

**ਮਾਨਯੋਗ ਸਪੀਕਰ :** ਇੱਕ ਮਿੰਟ, ਸਰਦਾਰ ਹਰਦਿਆਲ ਸਿੰਘ ਜੀ, ਬੈਠੋ ਜੀ। ਸਰਕਾਰੀਆ ਸਾਹਿਬ, ਕਮੇਟੀ ਬਣਾਉਣ ਦੀ ਮੈਂ ਤਾਂ ਜ਼ਰੂਰਤ ਮਹਿਸੂਸ ਨਹੀਂ ਕਰਦਾ। ਕੰਬੋਜ ਜੀ ਨੇ ਇਹ ਕਿਹਾ ਹੈ ਕਿ ਕਮੇਟੀ ਇਸ ਵਾਸਤੇ ਬਣਾਈ ਜਾਵੇ ਕਿ ਕੀ ਇੱਥੇ ਲੋਕਾਂ ਨੂੰ ਜ਼ਰੂਰਤ ਹੈ? ਪਰ ਇਹ ਤਾਂ ਸਰਵ ਵਿਆਪਕ ਹੈ, ਇਹ ਸਭ ਜਾਣਦੇ ਹਨ ਕਿ ਇੱਥੇ ਜ਼ਰੂਰਤ ਹੈ।

**ਮੰਤਰੀ :** ਹਾਂ ਜੀ, ਸਰ, ਜ਼ਰੂਰਤ ਹੈ।

**ਮਾਨਯੋਗ ਸਪੀਕਰ :** ਨੰਬਰ ਦੋ, ਆਪਣਾ ਝਗੜਾ ਐਸ.ਵਾਈ.ਐਲ. ਨਹਿਰ ਦਾ ਹਰਿਆਣੇ ਨਾਲ ਹੈ। ਇਨ੍ਹਾਂ ਇਲਾਕਿਆਂ ਨਾਲ ਤਾਂ ਝਗੜਾ ਨਹੀਂ ਹੈ।

**ਮੰਤਰੀ :** ਸਪੀਕਰ ਸਾਹਿਬ, ਨਹੀਂ ਜੀ, ਮੈਂ ਇਹ ਕਹਿ ਰਿਹਾ ਹਾਂ ਕਿ ਜਦੋਂ ਵੀ ਕੋਈ ਪ੍ਰੋਜੈਕਟ ਬਣ ਕੇ ਜਾਵੇਗਾ ਤਾਂ ਸੀ.ਡਬਲਿਊ.ਸੀ. ਕੋਲ ਜਾਵੇਗਾ, ਉੱਥੋਂ ਪ੍ਰੋਜੈਕਟ ਪਾਸ ਹੋਣਾ ਹੈ। ਪ੍ਰੰਤੂ ਉੱਥੋਂ ਇਸ ਕਰਕੇ ਪਾਸ ਨਹੀਂ ਹੋਣਾ ਕਿਉਂਕਿ ਉਨ੍ਹਾਂ ਨੇ ਫਿਰ ਇਸ ਨੂੰ ਐਸ.ਵਾਈ.ਐਲ. ਨਾਲ ਲਿੰਕ ਕਰਨਾ ਹੈ।

**ਮਾਨਯੋਗ ਸਪੀਕਰ :** ਚਲੋ, ਕੋਸ਼ਿਸ਼ ਕਰਨ ਵਿੱਚ ਤਾਂ ਕੋਈ ਹਰਜ ਨਹੀਂ।

**ਮੰਤਰੀ :** ਹਾਂ ਜੀ, ਅਸੀਂ ਕੋਸ਼ਿਸ਼ ਕਰਾਂਗੇ।

**ਮਾਨਯੋਗ ਸਪੀਕਰ :** ਹਾਂ ਜੀ, ਕੋਸ਼ਿਸ਼ ਕਰੋ। Thank you. ਹਾਂ ਜੀ, ਕੰਬੋਜ ਸਾਹਿਬ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਉਹ ਸਾਰੇ ਐਮ.ਐਲ.ਏਜ਼ ਜਿਨ੍ਹਾਂ ਦੇ ਵੱਖ-ਵੱਖ ਇਲਾਕੇ ਇਸ ਤਹਿਤ ਪੈਂਦੇ ਹਨ, ਉਨ੍ਹਾਂ ਦੀ ਕਮੇਟੀ ਜ਼ਰੂਰ ਕਾਂਸਟੀਚਿਊਟ ਕੀਤੀ ਜਾਵੇ ਤਾਂ ਕਿ ਇਸ ਦਾ ਹੱਲ ਕੱਢਿਆ ਜਾਵੇ ਨਹੀਂ ਤਾਂ ਉਨ੍ਹਾਂ ਇਲਾਕਿਆਂ ਦੀ ਬਹੁਤ ਦੁਰਦਸ਼ਾ ਹੈ, ਉਹ ਏਰੀਆ ਰੇਗਿਸਤਾਨ ਬਣਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿੱਚ ਹੋਰ ਵੀ ਨੁਕਸਾਨ ਹੋ ਜਾਵੇਗਾ।

---------------

## CONSTITUTION OF A HOUSE COMMITTEE FOR THE COMPLETION OF DASHMESH LINK CANAL IN ORDER TO SOLVE WATER SHORTAGE FOR AGRICULTURE

**ਮਾਨਯੋਗ ਸਪੀਕਰ :** ਹਾਂ ਜੀ, ਕਮੇਟੀ ਕਾਂਸਟੀਚਿਊਟ ਕਰ ਦਿੰਦੇ ਹਾਂ। ਠੀਕ ਹੈ ਜੀ?

(ਅਵਾਜ਼ਾਂ: ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਨਿਸ਼ਾਨ ਵਾਲੇ ਪ੍ਰਸ਼ਨ ਨੰ: 1844 ਤੇ ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ ਅਤੇ ਰਾਣਾ ਗੁਰਜੀਤ ਸਿੰਘ, ਐਮ.ਐਲ.ਏ ਦੁਆਰਾ ਦਸ਼ਮੇਸ਼ ਲਿੰਕ ਨਹਿਰ ਦੇ ਨਾ ਬਣਨ ਕਾਰਨ ਪਾਣੀ ਦੀ ਕਮੀ ਕਾਰਨ ਪ੍ਰਭਾਵਿਤ ਹੋਏ ਖੇਤਰਾਂ ਵਿੱਚ ਖੇਤੀਬਾੜੀ ਲਈ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਇਸ ਦਾ ਹੱਲ ਕੱਢਣ ਅਤੇ ਇਸ ਕੇਸ ਦੀ ਸਟੱਡੀ ਕਰਨ ਵਾਸਤੇ, ਹਾਊਸ ਦੀ ਸਹਿਮਤੀ ਨਾਲ ਉਸ ਇਲਾਕੇ ਦੇ ਮੈਂਬਰਾਂ ਦੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ।

---------------

## STARRED QUESTIONS AND ANSWERS *(Resumption)*

### ਅਬੋਹਰ ਸ਼ਹਿਰ ਦੇ ਬਿਜਲੀ ਘਰਾਂ ਨੂੰ ਅੱਪਗ੍ਰੇਡ ਕਰਨਾ ਅਤੇ ਤਾਰਾਂ ਤੇ ਖੰਭਿਆਂ ਨੂੰ ਬਦਲਣਾ

***2033. ਸ਼੍ਰੀ ਅਰੁਣ ਨਾਰੰਗ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਬੋਹਰ ਸ਼ਹਿਰ ਦੇ ਬਿਜਲੀ ਘਰਾਂ ਨੂੰ ਅੱਪਗ੍ਰੇਡ ਕਰਨ ਅਤੇ ਸ਼ਹਿਰ ਦੀਆਂ ਬਿਜਲੀ ਦੀਆਂ ਤਾਰਾਂ ਅਤੇ ਖੰਭਿਆਂ ਨੂੰ ਬਦਲਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਇਸ ਸਕੀਮ ਲਈ ਕਿੰਨੇ ਕਿੰਨੇ ਫੰਡ ਦਿੱਤੇ ਗਏ ਹਨ ਤੇ ਇਸ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਕੰਮ ਨੂੰ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਹਾਂ ਜੀ। ਅਬੋਹਰ ਸ਼ਹਿਰ ਵਿਖੇ 2 ਬਿਜਲੀ ਘਰਾਂ ਦੀ ਉਸਾਰੀ ਲਈ ਅਤੇ ਬਿਜਲੀ ਲਾਈਨਾਂ ਦੇ ਸੁਧਾਰ ਲਈ ਕੇਂਦਰ ਸਰਕਾਰ ਵੱਲੋਂ 22.85 ਕਰੋੜ ਰੁਪਏ ਆਰ-ਏ.ਪੀ.ਡੀ.ਆਰ.ਪੀ. ਸਕੀਮ ਅਧੀਨ ਮਨਜ਼ੂਰ ਹੋਏ ਹਨ। ਇਨ੍ਹਾਂ ਦੋ ਬਿਜਲੀ ਘਰਾਂ ਵਿੱਚੋਂ ਇੱਕ 66 ਕੇ.ਵੀ. ਬਿਜਲੀ ਘਰ ਹਨੂੰਮਾਨਗੜ੍ਹ ਰੋਡ ਵਿਖੇ ਉਸਾਰੀ ਅਧੀਨ ਹੈ। ਇਸ ਬਿਜਲੀ ਘਰ ਦਾ ਕੰਮ ਮਿਤੀ 31.3.2019 ਤੱਕ ਮੁਕੰਮਲ ਹੋ ਜਾਵੇਗਾ।

ਦੂਸਰੇ ਬਿਜਲੀ ਘਰ ਲਈ ਜ਼ਮੀਨ ਸਮੇਂ ਸਿਰ ਨਾ ਮਿਲਣ ਕਰਕੇ ਉਹ ਕੰਮ ਮਹਿਕਮੇ ਵੱਲੋਂ ਕਰਵਾਇਆ ਜਾਵੇਗਾ ਅਤੇ ਇਹ ਇਸ ਸਮੇਂ ਮਨਜ਼ੂਰੀ ਅਧੀਨ ਹੈ।

ਅਬੋਹਰ ਸ਼ਹਿਰ ਵਿਖੇ ਮੌਜੂਦਾ 11 ਕੇ.ਵੀ. ਲਾਈਨਾਂ, ਐਲ.ਟੀ. ਲਾਈਨਾਂ ਅਤੇ ਵੰਡ ਟਰਾਂਸਫਾਰਮਰਾਂ ਦੇ ਸੁਧਾਰ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

**ਸ਼੍ਰੀ ਅਰੁਣ ਨਾਰੰਗ :** ਸਪੀਕਰ ਸਾਹਿਬ, ਲਗਭਗ ਪੂਰਾ ਇੱਕ ਸਾਲ ਇਸ ਕੰਮ ਚਲਦੇ ਨੂੰ ਹੋ ਗਿਆ ਹੈ ਅਤੇ ਜਵਾਬ ਆਇਆ ਹੈ ਕਿ 11 ਕੇ.ਵੀ. ਲਾਈਨਾਂ ਦਾ, ਐਲ.ਟੀ. ਲਾਈਨਾਂ ਦਾ ਅਤੇ ਵੰਡ ਟਰਾਂਸਫਰਾਂ ਦੇ ਸੁਧਾਰ ਦਾ ਕੰਮ ਪੂਰਾ ਹੋ ਚੁੱਕਿਆ ਹੈ ਲੇਕਿਨ ਸਿਰਫ ਇਹ ਤਾਰਾਂ ਬਦਲਣ ਲਈ ਸਾਰੀ ਗਰਮੀ ਲੰਘ ਗਈ, ਹੁਣ ਸਰਦੀ ਵੀ ਲੰਘ ਗਈ, ਪੂਰਾ ਪੂਰਾ ਦਿਨ ਬਿਜਲੀ ਬੰਦ ਰਹਿੰਦੀ ਹੈ। ਜਿਹੜੇ ਪੋਲਜ਼ ਹਨ, ਉਨ੍ਹਾਂ ਪੁਰਾਣਿਆਂ ਤੇ ਹੀ ਤਾਰਾਂ ਲਗਾਈ ਜਾਂਦੇ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਾਰੇ ਕੰਮ ਦੀ ਇਨਕੁਆਇਰੀ ਜਾਂ ਜਾਂਚ ਕਰਵਾਉਣਗੇ ਕਿ ਉਥੇ ਪੁਰਾਣੇ ਪੋਲ ਯੂਜ਼ ਹੋ ਰਹੇ ਹਨ? ਟਾਈਮ ਬਹੁਤ ਜ਼ਿਆਦਾ ਲੱਗ ਰਿਹਾ ਹੈ, ਹਾਲੇ ਤਾਰਾਂ ਦਾ ਕੰਮ ਕੰਪਲੀਟ ਨਹੀਂ ਹੋਇਆ। ਚਾਹੇ ਗਰਮੀ ਹੋਵੇ ਜਾਂ ਸਰਦੀ ਹੋਵੇ, ਹਾਲੇ ਵੀ ਤਾਰਾਂ ਪਾਉਣ ਵਾਸਤੇ ਉਥੇ ਸਾਰਾ ਸਾਰਾ ਦਿਨ ਬਿਜਲੀ ਬੰਦ ਰੱਖਦੇ ਹਨ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ।

**ਸ਼੍ਰੀ ਅਰੁਣ ਨਾਰੰਗ :** ਸਵਾਲ ਇਹੀ ਹੈ ਕਿ ਜਿਹੜਾ ਇਹ ਜਵਾਬ ਆਇਆ ਹੈ ਕਿ ਕੰਮ ਮੁਕੰਮਲ ਹੋ ਚੁੱਕਿਆ ਹੈ, ਕੀ ਇਸ ਦੀ ਤਸਦੀਕ ਕਰਵਾਉਣਗੇ, ਇਸ ਦੀ ਕੋਈ ਇਨਕੁਆਇਰੀ ਕਰਵਾਉਣਗੇ? ਉਥੇ ਕੰਮ ਹਾਲੇ ਪੂਰਾ ਨਹੀਂ ਹੋਇਆ ਹੈ, ਉਵੇਂ ਹੀ ਚੱਲ ਰਿਹਾ ਹੈ। ਪੁਰਾਣੇ ਪੋਲਜ਼ ਤੇ ਤਾਰਾਂ ਲਗਾਈਆਂ ਜਾ ਰਹੀਆਂ ਹਨ, ਪੁਰਾਣਾ ਮੈਟੀਰੀਅਲ ਯੂਜ਼ ਕੀਤਾ ਜਾ ਰਿਹਾ ਹੈ। ਕੀ ਇਸ ਦੀ ਇਨਕੁਆਇਰੀ ਕਰਵਾਉਣਗੇ?

**ਮਾਨਯੋਗ ਸਪੀਕਰ :** ਬੈਠੋ, ਨਾਰੰਗ ਸਾਹਿਬ। ਮੰਤਰੀ ਜੀ, ਮੈਂਬਰ ਸਾਹਿਬ ਕਹਿੰਦੇ ਹਨ ਕਿ ਮੌਕੇ ਤੇ ਕੰਮ ਕੰਪਲੀਟ ਨਹੀਂ ਹੋਇਆ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਹਨੂੰਮਾਨਗੜ੍ਹ ਰੋਡ ਵਿਖੇ ਗਰਿੱਡ ਸੀ, ਉਹ ਬਿਲਕੁਲ ਮੁਕੰਮਲ ਹੋ ਚੁੱਕਿਆ ਹੈ। ਮਿਤੀ 31.3.2019 ਨੂੰ ਉਸ ਦਾ ਕੰਮ ਪੂਰਾ ਹੋ ਕੇ ਚਾਲੂ ਹੋ ਜਾਵੇਗਾ। ਦੂਜੇ ਬਿਜਲੀ ਘਰ ਲਈ ਅਨਾਜ ਮੰਡੀ ਅਬੋਹਰ ਵਿਖੇ ਜ਼ਮੀਨ ਸਮੇਂ ਸਿਰ ਨਾ ਮਿਲਣ ਕਰਕੇ ਇਹ ਕੰਮ ਮਹਿਕਮੇ ਵੱਲੋਂ ਕਰਵਾਇਆ ਜਾ ਰਿਹਾ ਹੈ ਅਤੇ ਇਹ ਇਸ ਸਮੇਂ ਮਨਜ਼ੂਰੀ ਅਧੀਨ ਹੈ। ਇਸ ਉਤੇ ਅਨੁਮਾਨਤ 5.00 ਕਰੋੜ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਸ਼ੁਰੂਆਤ ਵਿੱਚ ਇਸ ਤਜਵੀਜ਼ ਦੀ ਮਨਜ਼ੂਰੀ ਲਈ ਕਈ ਦਿੱਕਤਾਂ ਸਨ ਕਿਉਂਕਿ ਇਸ ਬਿਜਲੀ ਘਰ ਦੀ ਉਸਾਰੀ ਲਈ ਟੈਪਿੰਗ 66 ਕੇ.ਵੀ. ਐਮ.ਈ.ਐਸ. ਕੰਟੋਨਮੈਂਟ ਦੀ ਲਾਈਨ ਤੋਂ

ਹੋਣੀ ਸੀ। ਐਮ.ਈ.ਐਸ. ਦੇ ਅਧਿਕਾਰੀਆਂ ਨੇ ਸ਼ੁਰੂ ਵਿੱਚ ਇਸ ਉਪਰ ਇਤਰਾਜ਼ ਜ਼ਾਹਿਰ ਕੀਤਾ ਸੀ ਪ੍ਰੰਤੂ ਹਾਲ ਵਿੱਚ ਇਸ ਸਬ ਸਟੇਸ਼ਨ ਨੂੰ 66 ਕੇ.ਵੀ. ਐਮ.ਈ.ਐਸ. ਕੰਟੋਨਮੈਂਟ ਦੀ ਲਾਈਨ ਤੋਂ ਚਲਾਉਣ ਲਈ ਸਹਿਮਤੀ ਦੇ ਦਿੱਤੀ ਹੈ। ਇਸ 66 ਕੇ.ਵੀ. ਬਿਜਲੀ ਘਰ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਇਸ ਸਬੰਧੀ ਲੋੜੀਂਦੀ ਕਾਰਵਾਈ ਬਹੁਤ ਤੇਜ਼ੀ ਨਾਲ ਕੀਤੀ ਜਾ ਰਹੀ ਹੈ। ਲਗਭਗ 9 ਮਹੀਨਿਆਂ ਅੰਦਰ ਇਸ ਨੂੰ ਪੂਰਾ ਕੀਤਾ ਜਾਵੇਗਾ । ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੈਂਬਰ ਸਾਹਿਬ ਨੂੰ ਇਹ ਵੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਮੈਨੂੰ ਗੱਲ ਦੱਸੀ ਹੈ ਕਿ ਪੁਰਾਣੀਆਂ ਤਾਰਾਂ ਪਾਈਆਂ ਜਾਂਦੀਆਂ ਹਨ, ਪੁਰਾਣੇ ਖੰਭੇ ਲਗਾਏ ਜਾਂਦੇ ਹਨ, ਤੁਸੀਂ ਮੈਨੂੰ ਪਾਰਟੀਕੁਲਰਜ਼ ਲਿਖ ਕੇ ਭੇਜ ਦਿਓ, ਮੈਂ ਹਾਊਸ ਦੇ ਵਿੱਚ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੂਰਨ ਤੌਰ ਤੇ ਇਨਕੁਆਇਰੀ ਕੀਤੀ ਜਾਵੇਗੀ।

**ਸ਼੍ਰੀ ਅਰੁਣ ਨਾਰੰਗ :** ਧੰਨਵਾਦ ਜੀ।

----------

## ਮਲੋਟ-ਸ੍ਰੀ ਮੁਕਤਸਰ ਸਾਹਿਬ ਸੜਕ ਨੂੰ ਚੌੜਾ ਅਤੇ ਰਿਪੇਅਰ ਕਰਨਾ

***1907. ਸਰਦਾਰ ਕੰਵਰਜੀਤ ਸਿੰਘ :** ਕੀ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਮਲੋਟ-ਸ੍ਰੀ ਮੁਕਤਸਰ ਸਾਹਿਬ ਰੋਡ ਨੂੰ ਚੌੜਾ ਕਰਨ ਤੇ ਇਸ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ;

(ਅ) ਸ੍ਰੀ ਮੁਕਤਸਰ ਸਾਹਿਬ ਵਿਖੇ ਜਲਾਲਾਬਾਦ - ਸ੍ਰੀ ਮੁਕਤਸਰ ਸਾਹਿਬ ਰੋਡ ਤੇ ਰੇਲਵੇ ਓਵਰ ਬ੍ਰਿਜ ਦੀ ਉਸਾਰੀ ਦੀ ਅਜੋਕੀ ਸਥਿਤੀ ਕੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ,

(ੳ) ਮਲੋਟ-ਸ੍ਰੀ ਮੁਕਤਸਰ ਸਾਹਿਬ ਸੜਕ (ਐਨ.ਐਚ-354) ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਦੇ ਅਧੀਨ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਬਠਿੰਡਾ ਨੇ ਦੱਸਿਆ ਹੈ ਕਿ ਇਸ ਸੜਕ ਨੂੰ 7 ਤੋਂ 10 ਮੀਟਰ ਤੱਕ ਚੌੜਾ ਕਰਨ ਦਾ ਪ੍ਰਸਤਾਵ ਹੈ ਅਤੇ ਇਹ ਪ੍ਰੋਜੈਕਟ ਸਾਲ 2019-20 ਵਿੱਚ ਅਵਾਰਡ ਕੀਤਾ ਜਾਵੇਗਾ। ਇਸ ਸੜਕ ਉਪਰ

[ਲੋਕ ਨਿਰਮਾਣ (ਭ ਅਤੇ ਮ) ਮੰਤਰੀ]

ਪੈਚਾਂ ਨੂੰ ਲਗਾਉਣ ਦਾ ਕੰਮ ਲੋਕ ਨਿਰਮਾਣ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਹੈ ਜੋ ਕਿ ਮਿਤੀ 31.3.2019 ਤੱਕ ਪੂਰਾ ਕਰ ਲਿਆ ਜਾਵੇਗਾ।

(ਅ) ਇਹ ਕੰਮ 1698.00 ਲੱਖ ਰੁਪਏ ਦਾ 15 ਮਹੀਨੇ ਦੀ ਮਿਆਦ ਨਾਲ ਅਲਾਟ ਕਰ ਦਿੱਤਾ ਗਿਆ ਹੈ ਅਤੇ ਏਜੰਸੀ ਵੱਲੋਂ ਸਾਈਟ ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਰੇਲਵੇ ਵਿਭਾਗ ਵੱਲੋਂ ਵੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਮਲੋਟ ਤੋਂ ਲੈ ਕੇ ਸ੍ਰੀ ਮੁਕਤਸਰ ਸਾਹਿਬ ਤੱਕ ਦੀ ਸੜਕ ਹੈ, ਇਹ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਦੇ ਅਧੀਨ ਹੈ। ਇਹ ਐਨ.ਐਚ. 354 ਦਾ ਹਿੱਸਾ ਹੈ। ਇਸ ਦੇ ਉਪਰ ਜਿਹੜੀ ਰਿਪੇਅਰ ਦੇ ਕੰਮ ਦੀ ਗੱਲ ਹੈ, ਮਿਤੀ 31 ਮਾਰਚ, 2019 ਤੱਕ ਭਾਰਤ ਸਰਕਾਰ ਨੇ, ਐਨ.ਐਚ.ਏ.ਆਈ. ਨੇ, 43 ਲੱਖ ਰੁਪਿਆ ਮਨਜ਼ੂਰ ਕਰਕੇ ਦਿੱਤਾ ਸੀ, ਉਸ ਦਾ ਕੰਮ ਹੋ ਜਾਵੇਗਾ। ਜਿਥੋਂ ਤੱਕ ਇਸ ਸੜਕ ਨੂੰ ਚੌੜਾ ਕਰਨ ਦੀ ਗੱਲ ਸੀ, ਉਸ ਦੇ ਵਾਸਤੇ ਭਾਰਤ ਸਰਕਾਰ ਨੇ ਅਗਲੇ ਸਾਲ ਦੇ ਵਿੱਚ ਇਸ ਤਜਵੀਜ਼ ਨੂੰ ਲੈਣ ਵਾਸਤੇ ਹਾਂ ਕੀਤੀ ਹੈ ਅਤੇ ਹਾਲੇ ਮਨਜ਼ੂਰੀ ਨਹੀਂ ਆਈ।

**ਸਰਦਾਰ ਕੰਵਰਜੀਤ ਸਿੰਘ :** ਧੰਨਵਾਦ, ਸਰ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪਲੀਮੈਂਟਰੀ, ਸਰ।

**ਮਾਨਯੋਗ ਸਪੀਕਰ :** ਇਹ ਸਪੈਸੀਫਿਕ ਰੋਡ ਬਾਰੇ ਸਵਾਲ ਹੈ, ਜਨਰਲ ਨਹੀਂ ਹੈ, ਪੰਜਾਬ ਦੀਆਂ ਬਾਕੀ ਸੜਕਾਂ ਬਾਰੇ ਨਹੀਂ ਹੈ। ....(ਵਿਘਨ)... ਨਹੀਂ ਹੋਣਾ। ਹਾਂ ਜੀ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਰ, ਮੈਂ ਇਸ ਤੇ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਨਹੀਂ, ਇਸ ਤੇ ਨਹੀਂ, ਤੁਸੀਂ ਆਪਣਾ ਸਵਾਲ ਕਰੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਮੈਂ ਇਸ ਸਵਾਲ ਉਤੇ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ। ਸਰ, ਇਸ ਤਰ੍ਹਾਂ ਹੈ ਕਿ ਜਿੰਨੇ ਰੇਲਵੇ ਅੰਡਰ ਬਰਿੱਜ ਬਣੇ ਹਨ..

**ਮਾਨਯੋਗ ਸਪੀਕਰ :** ਤੁਸੀਂ ਆਪਣਾ ਸਵਾਲ ਕਰੋ। ਤੁਸੀਂ ਆਪਣੇ ਸਵਾਲ ਤੇ ਬੋਲੋ। ਕੀ ਤੁਸੀਂ ਆਪਣੇ ਸਵਾਲ ਤੇ ਬੋਲਣਾ ਹੈ?

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਰ, ਇਸ ਸਵਾਲ ਉਤੇ ਮੇਰੀ ਸਪਲੀਮੈਂਟਰੀ ਹੈ। ਮੈਂ ਹੱਥ ਖੜ੍ਹਾ ਕੀਤਾ ਸੀ, ਜਨਾਬ ਜੇ ਟਾਈਮ ਦੇ ਦੇਣ।

**ਮਾਨਯੋਗ ਸਪੀਕਰ:** ਹਾਂ ਜੀ, ਅਗਲਾ ਸਵਾਲ, ਸਰਦਾਰ ਨਾਜ਼ਰ ਸਿੰਘ ਮਾਨਸ੍ਹਾਹੀਆ। ਤੁਸੀਂ ਆਪਣੇ ਸਵਾਲ ਤੇ ਬੋਲੋ।

-----------

## ਪੰਜਾਬ ਪੁਲਿਸ ਵੱਲੋਂ ਭਗੌੜਾ ਕਰਾਰ ਦਿੱਤੇ ਮੁਲਜ਼ਮਾਂ ਦੀ ਗਿਣਤੀ

***1791. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਪੁਲਿਸ ਵੱਲੋਂ ਹੁਣ ਤੱਕ ਕਿੰਨੇ ਮੁਲਜ਼ਮਾਂ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ ਅਤੇ ਇਨ੍ਹਾਂ ਭਗੌੜੇ ਮੁਲਜ਼ਮਾਂ ਨੂੰ ਫੜ੍ਹਨ ਲਈ ਪੰਜਾਬ ਪੁਲਿਸ ਕੀ ਕਾਰਵਾਈ ਕਰ ਰਹੀ ਹੈ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਪੰਜਾਬ ਪੁਲਿਸ ਵੱਲੋਂ ਮਿਤੀ 31.12.2018 ਤੱਕ 7357 ਮੁਲਜ਼ਮਾਂ ਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ। ਭਗੌੜੇ ਮੁਲਜ਼ਮਾਂ ਨੂੰ ਫੜ੍ਹਨ ਲਈ ਚੁੱਕੇ ਜਾ ਰਹੇ ਕਦਮਾਂ ਦਾ ਵੇਰਵਾ ਅਨੁਲੱਗ-'ਏ' ਵਿੱਚ ਦਿੱਤਾ ਗਿਆ ਹੈ।

### ਅਨੁਲੱਗ-'ਏ'

- ਸਮੂਹ ਪੁਲਿਸ ਕਮਿਸ਼ਨਰੇਟ ਅਤੇ ਪੁਲਿਸ ਜ਼ਿਲ੍ਹਿਆਂ ਵਿੱਚ ਭਗੌੜੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਗਜ਼ਟਿਡ ਅਫ਼ਸਰਾਂ ਦੀ ਨਿਗਰਾਨੀ ਵਿੱਚ ਪੀ.ਓ. ਸੈੱਲ ਸਥਾਪਿਤ ਕੀਤੇ ਗਏ ਹਨ।
- ਭਗੌੜਿਆਂ ਦੇ ਨਾਮ, ਪਤੇ ਅਤੇ ਉਨ੍ਹਾਂ ਵਿਰੁੱਧ ਦਰਜ ਕੇਸਾਂ ਦਾ ਵੇਰਵਾ ਮਹੀਨਾ ਵਾਰ ਕ੍ਰਿਮੀਨਲ ਇੰਟੈਲੀਜੈਂਸ ਗਜ਼ਟ ਵਿੱਚ ਛਾਪਿਆ ਜਾਂਦਾ ਹੈ।
- ਭਗੌੜੇ ਮੁਲਜ਼ਮਾਂ ਦੀ ਛੁਪਣ ਦੀ ਜਗ੍ਹਾ ਦਾ ਪਤਾ ਕਰਨ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਭਾਰਤ ਦੇ ਸਾਰੇ ਪੁਲਿਸ ਦਫ਼ਤਰਾਂ ਦੇ ਮੁੱਖੀਆਂ ਨੂੰ ਸੀ.ਆਈ. ਗਜ਼ਟ ਦੀਆਂ ਕਾਪੀਆਂ ਸਰਕੂਲੇਟ ਕੀਤੀਆਂ ਜਾਂਦੀਆਂ ਹਨ।
- ਸਮੂਹ ਆਈ.ਜੀ.ਪੀ./ਜ਼ੋਨਲ ਅਤੇ ਸਮੂਹ ਕਮਿਸ਼ਨਰਜ਼ ਪੁਲਿਸ ਦੇ ਦਫ਼ਤਰਾਂ ਨੂੰ ਪੁਲਿਸ ਵਿਭਾਗ ਦੇ ਪੱਤਰ ਨੰਬਰ 20889/ਸੀ.ਆਰ.-1(5), ਮਿਤੀ 10.7.2014 ਦੇ ਹਵਾਲੇ ਵਿੱਚ ਹਦਾਇਤ ਕੀਤੀ ਗਈ ਕਿ ਜੋ ਵਿਅਕਤੀ ਫਰਲੋ/ਪੈਰੋਲ ਤੇ ਗਏ ਪਰ ਬਾਅਦ ਵਿੱਚ ਹਾਜ਼ਰ ਨਹੀਂ ਹੋਏ,

[ਸੰਸਦੀ ਮਾਮਲੇ ਮੰਤਰੀ]

ਸਬੰਧੀ ਕੀਤੀ ਗਈ ਕਾਰਵਾਈ ਨੂੰ ਮੋਨੀਟਰ ਕੀਤਾ ਜਾਵੇ।

- ਡਾਇਰੈਕਟਰ, ਬਿਊਰੋ ਆਫ ਇਨਵੈਸਟੀਗੇਸ਼ਨ, ਪੰਜਾਬ ਦੇ ਦਫ਼ਤਰ ਦੇ ਪੱਤਰ ਨੰਬਰ 5414-54/ਐਮ.ਓ.ਬੀ., ਮਿਤੀ 10.10.2016 ਰਾਹੀਂ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦਾ ਵਿਸਥਾਰਪੂਰਵਕ ਸਟੈਂਡਿੰਗ ਆਰਡਰ ਨੰਬਰ 01/2016 ਭਗੌੜਿਆਂ ਅਤੇ ਐਸਕੌਂਡਰਾਂ ਨੂੰ ਗ੍ਰਿਫਤਾਰ ਕਰਨ ਲਈ ਜਾਰੀ ਕੀਤਾ ਗਿਆ ਹੈ।
- ਇਸ ਸਟੈਂਡਿੰਗ ਆਰਡਰ ਰਾਹੀਂ ਇਹ ਹਦਾਇਤਾਂ ਵੀ ਕੀਤੀਆਂ ਗਈਆਂ ਹਨ ਕਿ ਭਗੌੜਿਆਂ ਅਤੇ ਐਸਕੌਂਡਰਾਂ ਦੀ ਜਾਇਦਾਦ ਦੀ ਪਛਾਣ ਕੀਤੀ ਜਾਵੇ ਤੇ ਇਸ ਨੂੰ ਲੱਭ ਕੇ ਇਸ ਜਾਇਦਾਦ ਨੂੰ ਅਟੈਚ ਕਰਾਉਣ ਲਈ ਅ/ਧ 83 ਸੀ.ਆਰ.ਪੀ.ਸੀ. ਅਧੀਨ ਕਾਰਵਾਈ ਕੀਤੀ ਜਾਵੇ।
- ਸਮੂਹ ਕਮਿਸ਼ਨਰਜ਼ ਪੁਲਿਸ, ਸਮੂਹ ਸੀਨੀਅਰ ਕਪਤਾਨ ਪੁਲਿਸ ਅਤੇ ਏ.ਆਈ.ਜੀ./ਜੀ.ਆਰ.ਪੀ., ਪਟਿਆਲਾ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਜਿਹੜੇ ਦੋਸ਼ੀ ਸੈੱਲ ਤੋਂ ਬਚ ਕੇ ਨਿਕਲ ਗਏ ਹਨ, ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਜਿਹੜੇ 7327 ਹਨ, ਇਹ ਕੋਈ ਟੀਚਰਾਂ ਦੀ ਗਿਣਤੀ ਨਹੀਂ ਹੈ, ਇਹ ਭਗੌੜੇ ਮੁਲਾਜ਼ਮਾਂ ਦੀ ਹੈ ਜਿਨ੍ਹਾਂ ਨੇ ਪੰਜਾਬ ਵਿੱਚ ਅਜੇ ਵੀ ਆਤੰਕ ਮਚਾਇਆ ਹੋਇਆ ਹੈ ਅਤੇ ਦੂਜੇ ਪਾਸੇ ਜਿਹੜੇ ਇੰਨੇ ਇਹ ਭਗੌੜੇ ਪੁਲਿਸ ਵੱਲੋਂ ਕਰਾਰ ਦਿੱਤੇ ਗਏ ਹਨ, ਇਹ ਕੋਈ ਆਪੋਜ਼ੀਸ਼ਨ ਪਾਰਟੀ ਨੇ ਕਰਾਰ ਨਹੀਂ ਦਿੱਤੇ ਕਿ ਜਿਹੜੀ ਕੋਈ ਫਿਗਰ ਗਲਤ ਹੋਵੇ। ਇੰਨੇ ਭਗੌੜੇ ਜੇ ਪੰਜਾਬ ਵਿੱਚ ਅਜੇ ਵੀ ਹਰਲ-ਹਰਲ ਕਰਦੇ ਫਿਰਦੇ ਹਨ ਤਾਂ ਤੁਸੀਂ ਕੀ ਅੰਦਾਜ਼ਾ ਲਗਾ ਸਕਦੇ ਹੋ ਕਿ ਜਿਹੜੇ ਰੇਪ ਕੇਸ ਤੇ ਹੋਰ ਜਿਹੜਾ ਕੁਝ ਹੋਇਆ ਹੈ, ਇਨ੍ਹਾਂ ਉਤੇ ਨੱਥ ਤਾਂ ਪਾਈ ਜਾ ਸਕਦੀ ਹੈ ਪਰ ਕੀ ਪੰਜਾਬ ਪੁਲਿਸ ਉਨ੍ਹਾਂ ਨੂੰ ਫੜ੍ਹ ਵੀ ਨਹੀਂ ਸਕਦੀ? ਸਰ, ਮੇਰਾ ਤੁਹਾਨੂੰ ਇੱਕ ਕੁਐਸਚਨ ਹੈ ਕਿ ਇਸ ਵਿੱਚੋਂ ਬਹੁਤੇ ਭਗੌੜੇ ਉਹ ਹੋਣਗੇ ਜਿਨ੍ਹਾਂ ਨੇ ਇਕਨਾਮਿਕ ਓਫੈਂਸ ਕੀਤੇ ਹਨ, ਪੰਜਾਬ ਗੌਰਮਿੰਟ ਦੇ ਨਾਲ ਚਾਹੇ ਠੱਗੀਆਂ ਮਾਰੀਆਂ ਜਾਂ ਕੁਝ ਹੋਰ ਕੀਤਾ ਹੈ, ਈਵਨ ਵਿਦੇਸ਼ ਵਿੱਚ ਵੀ ਭੱਜ ਗਏ ਹਨ, ਉਨ੍ਹਾਂ ਦੀਆਂ ਪ੍ਰਾਪਰਟੀਆਂ ਅਟੈਚ ਕਰਨ ਵਾਸਤੇ ਹੁਣ ਤੱਕ ਜਿਹੜੇ ਕਦਮ ਲਏ ਗਏ ਹਨ, ਕੀ ਉਹ ਸਾਰਥਿਕ ਹਨ? ਕੀ ਤੁਸੀਂ ਦੱਸ ਸਕਦੇ ਹੋ ਕਿ ਕਿੰਨੀਆਂ ਪ੍ਰਾਪਰਟੀਆਂ, ਕਿੰਨੇ ਅਮਾਊਂਟ ਦੀਆਂ ਪ੍ਰਾਪਰਟੀਆਂ ਅਟੈਚ ਹੋ ਚੁੱਕੀਆਂ ਹਨ? ਜਿਹੜੇ ਇਧਰ ਵੀ ਫਿਰਦੇ ਹਨ।

**ਮਾਨਯੋਗ ਸਪੀਕਰ:** ਕੀ ਜਿਹੜੇ ਦੋਸ਼ੀ ਬਾਹਰ ਭੱਜ ਚੁੱਕੇ ਹਨ ਜਾਂ ਜਿਹੜੇ ਇੱਥੇ ਵੀ ਫਿਰਦੇ ਹਨ, ਕੀ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ ਦਾ ਕੋਈ ਮਨਸੂਬਾ ਹੈ ?

**ਮੰਤਰੀ:** ਸਰ, ਇਸ ਵਿੱਚ ਪੁਲਿਸ ਐਕਟ ਵਿੱਚ ਆਲਰੇਡੀ ਪ੍ਰੋਵੀਜ਼ਨ ਹੈ, ਉਸ ਉਤੇ ਸਾਰੀ ਪੂਰੀ ਕਾਰਵਾਈ ਹੋ ਰਹੀ ਹੈ। ਸਾਡੇ ਵੱਲੋਂ ਇਨ੍ਹਾਂ ਨੂੰ ਪੂਰਾ ਜਵਾਬ ਗਿਆ ਹੈ, ਅਨੁਲੱਗ ਗਿਆ ਹੈ, ਉਸ ਪੂਰੇ ਜਵਾਬ ਨੂੰ ਪੜ੍ਹ ਲੈਣ, ਪੂਰਾ ਪੜ੍ਹ ਕੇ ਮੈਨੂੰ ਸਪਲੀਮੈਂਟਰੀ ਕਰ ਲੈਣ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਮੇਰੀ ਦੂਜੀ ਸਪਲੀਮੈਂਟਰੀ ਇਹ ਹੈ ਕਿ ਆਮ ਤੌਰ ਤੇ ਜਿਹੜੇ ਡਿਫਾਲਟਰ ਕਿਸਾਨ ਹਨ, ਉਨ੍ਹਾਂ ਦੀਆਂ ਫੋਟੋਆਂ ਬੈਂਕਾਂ ਵਿੱਚ ਲਗੀਆਂ ਹੋਈਆਂ ਹੁੰਦੀਆਂ ਹਨ ਪਰ ਕੀ ਜਿਹੜੇ ਇਹ ਭਗੌੜੇ ਹਨ, ਇਨ੍ਹਾਂ ਦੀਆਂ ਜਨਤਕ ਥਾਵਾਂ ਤੇ ਕੋਈ ਫੋਟੋਆਂ ਲਗਾ ਕੇ ਲੋਕਾਂ ਨੂੰ ਅਵੇਅਰ ਕਰਨ ਦੀ ਜ਼ਰੂਰਤ ਸਰਕਾਰ ਮਹਿਸੂਸ ਕਰਦੀ ਹੈ ਤਾਂ ਕਿ ਕੋਈ ਬੰਦਾ ਦੱਸ ਸਕੇ ਕਿ ਇਹ ਬੰਦਾ ਤਾਂ ਮੇਰੇ ਗਵਾਂਢ ਵਿੱਚ ਹੀ ਰਹਿੰਦਾ ਹੈ। ਅਜੇ ਤੱਕ ਕਿਸੇ ਨੂੰ ਕੋਈ ਪਤਾ ਨਹੀਂ ਲੱਗਦਾ ਕਿ ਕਿਹੜਾ ਬੰਦਾ ਭਗੌੜਾ ਹੈ, ਤੁਹਾਡੇ ਨਾਲ ਬੈਠਾ ਬੰਦਾ ਬੱਸ ਵਿੱਚ ਸਫਰ ਕਰ ਰਿਹਾ ਹੈ, ਤੁਹਾਡੇ ਗਵਾਂਢ ਵਿੱਚ ਰਹਿ ਰਿਹਾ ਹੈ, ਕੀ ਸਰਕਾਰ ਦੀ ਕੋਈ ਮਨਸ਼ਾ ਹੈ ਕਿ ਜਨਤਾ ਨੂੰ ਅਵੇਅਰ ਕਰਨ ਵਾਸਤੇ ਜਨਤਕ ਥਾਵਾਂ ਉਤੇ ਇਨ੍ਹਾਂ ਦੀਆਂ ਫੋਟੋਗ੍ਰਾਫਸ ਲਗਾਈਆਂ ਜਾਣਗੀਆਂ?

**ਮਾਨਯੋਗ ਸਪੀਕਰ:** ਭਗੌੜਿਆਂ ਦੀਆਂ ਫੋਟੋਆਂ ਜਨਤਕ ਥਾਵਾਂ ਉਤੇ ਲਗਾਉਣ ਦਾ ਕੋਈ ਖਿਆਲ ਹੈ?

**ਮੰਤਰੀ:** ਮੈਂ ਜਿੱਥੋਂ ਤੱਕ ਇਸ ਗੱਲ ਨੂੰ, ਪ੍ਰਸ਼ਨ ਨੂੰ ਸਮਝਿਆ ਹਾਂ ਕਿ ਜਿਹੜੇ-ਜਿਹੜੇ ਕਨਸਰਨਡ ਪੁਲਿਸ ਥਾਣਿਆਂ ਵੱਲੋਂ ਕੋਈ ਭਗੌੜਾ ਡਿਕਲੇਅਰ ਹੋਇਆ ਹੋਇਆ ਹੈ, ਉਸ ਦੀ ਫੋਟੋ ਲੱਗੀ ਹੋਈ ਹੈ। ਜੇਕਰ ਇਨ੍ਹਾਂ ਕੋਲ ਕੋਈ ਹੋਰ ਲਿਸਟ ਹੈ ਤਾਂ ਮੈਨੂੰ ਦੇ ਦੇਣ, ਇਨ੍ਹਾਂ ਦੇ ਜ਼ਿਲ੍ਹੇ ਦੀ ਕਿਤੇ ਵੀ ਹੈ ਤਾਂ I will instruct the concerned SSP to do it.

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਰ, ਲਿਸਟ ਤਾਂ ਤੁਸੀਂ ਮੈਨੂੰ ਦਿੱਤੀ ਹੈ ਅਤੇ 7327 ਨੰਬਰ ਦੱਸੇ ਹਨ, ਇਹ ਨੈੱਟ ਉਤੇ ਵੀ ਪਈ ਹੈ ਪਰ ਗੱਲ ਤਾਂ ਇਹ ਹੈ ਕਿ ਲੋਕਾਂ ਨੂੰ ਅਵੇਅਰ ਕਰਨ ਦੀ ਜ਼ਰੂਰਤ ਹੈ ਕਿ ਕੌਣ ਬੰਦਾ ਭਗੌੜਾ ਹੈ, ਉਨ੍ਹਾਂ ਭਗੌੜਿਆਂ ਦੀ ਜਨਤਕ ਥਾਵਾਂ ਤੇ ਵੀ ਫੋਟੋ ਲਗਾਈ ਜਾਵੇ, ਇਕੱਲਾ ਪੁਲਿਸ ਸਟੇਸ਼ਨ ਨਹੀਂ, ਹੋਰ ਜਨਤਕ ਥਾਵਾਂ ...

**ਮਾਨਯੋਗ ਸਪੀਕਰ:** ਨੈਕਸਟ, ਸਰਦਾਰ ਰਣਦੀਪ ਸਿੰਘ ਜੀ। ਬੈਠੋ ਜੀ, ਬੈਠੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਰੇਲਵੇ ਸਟੇਸ਼ਨ ਵੀ ਹੁੰਦੇ ਹਨ, ਬੱਸ ਸਟੈਂਡ ਹੁੰਦੇ ਹਨ, ਉਥੇ ਇਨ੍ਹਾਂ ਦੀਆਂ ਫੋਟੋਆਂ ਲਗਵਾਉ ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਰਣਦੀਪ ਸਿੰਘ । (ਵਿਘਨ)(ਸ਼ੋਰ) ਬੈਠੋ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, 1943 ਜੀ।

**ਮਾਨਯੋਗ ਸਪੀਕਰ :** ਬ੍ਰਹਮ ਮਹਿੰਦਰਾ ਜੀ, (ਵਿਘਨ) ਬ੍ਰਹਮ ਮਹਿੰਦਰਾ ਜੀ, ਜਵਾਬ ਦਿਉ।(ਵਿਘਨ) ਹਾਂ ਜੀ, ਚੀਮਾ ਜੀ ਤੁਸੀਂ ਕੁਝ ਕਹਿਣਾ ਹੈ?

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਪ੍ਰਿੰਸੀਪਲ ਬੁੱਧ ਰਾਮ ਜੀ ਕਹਿ ਰਹੇ ਹਨ ਕਿ ਸਾਡੇ ਹਲਕੇ ਦਾ ਜਿਹੜਾ ਹਲਕਾ ਇੰਚਾਰਜ ਹੈ, ਉਸ ਦਾ ਪੀ.ਏ. ਜਿਹੜਾ ਹੈ, ਉਹ ਕੋਰਟ ਵੱਲੋਂ ਪੀ.ਓ. ਡਿਕਲੇਅਰ ਹੋਇਆ ਹੈ, ਉਹ ਭੱਜਿਆ ਫਿਰ ਰਿਹਾ ਹੈ। ਉਸ ਨੂੰ ਫੜ੍ਹਨ ਲਈ ਮੰਤਰੀ ਸਾਹਿਬ ਕੋਈ ਜਵਾਬ ਦੇਣਗੇ, ਕੀ ਕੋਈ ਕਾਰਵਾਈ ਕਰਨਗੇ ਜਾਂ ਨਹੀਂ ਕਰਨਗੇ? ਇਹ ਸਿੰਪਲ ਸਵਾਲ ਹੈ।

**ਮੰਤਰੀ:** ਸਰ, ਇਹ ਸਪੈਸੇਫਿਕ ਗੱਲ ਹੈ, ਇਹ ਕਨਸਰਨਡ ਐਸ.ਐਸ.ਪੀ. ਨੂੰ ਲਿਖ ਕੇ ਦੇ ਦੇਣ ਕਿ ਇਹ ਫਲਾਣਾ ਬੰਦਾ ਭਗੌੜਾ ਹੈ, we will take action. I will instruct the S.S.P to do it.

**ਮਾਨਯੋਗ ਸਪੀਕਰ:** ਅਗਲਾ ਸਵਾਲ ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮੰਤਰੀ:** ਨਹੀਂ ਜੀ, ਅਸੀਂ ਤਿਆਰ ਹਾਂ, ਤੁਸੀਂ ਸਾਨੂੰ ਦੱਸੋ ਕਿ ਉਹ ਕਿਹੜਾ ਹੈ, ਅਸੀਂ ਐਸ.ਐਸ.ਪੀ. ਨੂੰ ਕਹਿ ਦਿੰਦੇ ਹਾਂ। (ਵਿਘਨ) ਤੁਸੀਂ ਲਿਖ ਕੇ ਦਿਉ।

**ਮਾਨਯੋਗ ਸਪੀਕਰ:** ਮੰਤਰੀ ਜੀ, ਅਗਲੇ ਸਵਾਲ ਦਾ ਜਵਾਬ ਦਿਉ। ਅਗਲੇ ਸਵਾਲ ਦਾ ਜਵਾਬ ਦਿਉ, ਮੰਤਰੀ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਇਸ ਪ੍ਰਸ਼ਨ ਉਤੇ ਹੋਰ ਸਪਲੀਮੈਂਟਰੀਜ਼ ਦੀ ਮੰਗ ਕਰ ਰਹੇ ਸਨ।)

------------

## ਮੰਡੀ ਗੋਬਿੰਦਗੜ੍ਹ ਵਿਖੇ ਟਰੋਮਾ ਐਮਰਜੰਸੀ ਸਰਵਿਸ ਸੈਂਟਰ ਖੋਲ੍ਹਣਾ

*1943. **ਸਰਦਾਰ ਰਣਦੀਪ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੰਡੀ ਗੋਬਿੰਦਗੜ੍ਹ ਦੇ ਉਦਯੋਗਿਕ ਗੜ੍ਹ ਹੋਣ ਕਰਕੇ ਉਥੇ ਉਦਯੋਗਿਕ ਕਾਮਿਆਂ ਦੇ ਐਮਰਜੰਸੀ ਇਲਾਜ ਲਈ ਟਰੋਮਾ ਐਮਰਜੰਸੀ ਸਰਵਿਸ ਸੈਂਟਰ ਪੀ.ਪੀ.ਪੀ. ਮੋਡ ਅਧੀਨ ਖੋਲ੍ਹਣ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਨਹੀਂ ਜੀ, ਮੰਡੀ ਗੋਬਿੰਦਗੜ੍ਹ ਦੇ ਉਦਯੋਗਿਕ ਗੜ੍ਹ ਹੋਣ ਕਰਕੇ ਉਥੇ ਉਦਯੋਗਿਕ ਕਾਮਿਆਂ ਦੇ ਐਮਰਜੰਸੀ ਇਲਾਜ ਲਈ ਟਰੋਮਾ ਐਮਰਜੰਸੀ ਸਰਵਿਸ ਸੈਂਟਰ ਪੀ.ਪੀ.ਪੀ. ਮੋਡ ਅਧੀਨ ਖੋਲ੍ਹਣ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਰਣਦੀਪ ਸਿੰਘ:** ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਸ਼ੁਕਰੀਆ। ਸਪੀਕਰ ਸਾਹਿਬ, ਮੈਨੂੰ ਤਾਂ ਬੜੀ ਉਮੀਦ ਸੀ, ਮੰਤਰੀ ਜੀ ਨੇ ਮੇਰੇ ਬਜ਼ੁਰਗਾਂ ਨਾਲ ਵੀ ਸੇਵਾ ਨਿਭਾਈ ਹੈ ਔਰ ਸਰਦਾਰ ਦਰਬਾਰਾ ਸਿੰਘ ਦੇ ਸਮੇਂ ਬਕਾਇਦਾ ਵਜ਼ਾਰਤ ਵਿੱਚ ਭਾਗੀਦਾਰ ਵੀ ਰਹੇ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਇਹ ਤਜਵੀਜ਼ ਨਹੀਂ ਹੈ । ਸਪੀਕਰ ਸਾਹਿਬ, ਮੇਰੀ ਤੁਹਾਡੇ ਮਾਧਿਅਮ ਦੇ ਜ਼ਰੀਏ ਬੇਨਤੀ ਹੈ ਕਿ ਆਪਣੇ ਬਜਟ ਵਿੱਚ ਵੀ ਵਾਰ-ਵਾਰ ਆਪਾਂ ਜ਼ਿਕਰ ਕਰ ਰਹੇ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਉਹ ਪਿਛਲੇ ਪ੍ਰਸ਼ਨ ਨੰ: *1791 ਦੇ ਉਤੇ ਹੋਰ ਸਪਲੀਮੈਂਟਰੀਜ਼ ਦੀ ਮੰਗ ਕਰ ਰਹੇ ਸਨ ਅਤੇ ** ਨਾਅਰੇ ਲਗਾ ਰਹੇ ਸਨ।)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਚੁੱਪ ਕਰਵਾ ਦਿਉ ਜੀ।

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ....ਸ਼ੋਰ)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੰਡੀ ਗੋਬਿੰਦਗੜ੍ਹ ਵਿੱਚ ਰੋਜ਼ ਬਕਾਇਦਾ ਵਾਕਿਆਤ ਹੁੰਦੇ ਰਹਿੰਦੇ ਹਨ, ਐਕਸੀਡੈਂਟ ਕੇਸ ਹੁੰਦੇ ਹਨ। ਕਿਸੇ ਦੀ ਬਾਂਹ ਕੱਟ ਜਾਂਦੀ ਹੈ, ਲੱਤ ਕੱਟ ਜਾਂਦੀ ਹੈ ਜਾਂ ਅੱਗ ਨਾਲ ਕੋਈ ਜਲ ਜਾਂਦਾ

---

** Not recorded as ordered by the Chair.

[ਸਰਦਾਰ ਰਣਦੀਪ ਸਿੰਘ]

ਹੈ। ਬਜਟ ਵਿੱਚ ਬਕਾਇਦਾ ਐਫ.ਐਮ. ਸਾਹਿਬ ਨੇ ਜ਼ਿਕਰ ਕੀਤਾ ਹੈ ਕਿ 7 ਨਵੇਂ ਯੂਨਿਟ ਸਰਕਾਰ ਦੇ ਉਪਰਾਲਿਆਂ ਨਾਲ ਲਗਾਏ ਜਾ ਰਹੇ ਹਨ। ਘੱਟੋ-ਘੱਟ ਮਾਨਸ ਦੀ ਜਾਤ, ਮਨੁੱਖਤਾ ਨੂੰ ਤਵੱਜੋ ਦਿੱਤੀ ਜਾਵੇ ਕਿਉਂਕਿ ਉਥੇ ਪ੍ਰਵਾਸੀ ਲੇਬਰ ਕੰਮ ਕਰਦੀ ਹੈ। ਜਿਹੜਾ ਪੁਰਾਣਾ ਹਸਪਤਾਲ ਸੀ, ਉਸ ਨੂੰ ਈ.ਐਸ.ਆਈ. ਬਣਾਇਆ ਗਿਆ ਹੈ ਜਦਕਿ ਈ.ਐਸ.ਆਈ. ਦੀ ਵੱਖਰੀ ਇਮਾਰਤ ਖੜ੍ਹੀ ਹੈ। ਜਿਹੜਾ ਨਵਾਂ ਹਸਪਤਾਲ ਬਣਾਇਆ ਗਿਆ ਹੈ, ਉਸ ਨੂੰ ਪੁਰਾਣੇ ਅਤੇ ਨਵੇਂ ਸੈੱਲ ਵਿੱਚ ਡਿਵਾਈਡ ਕੀਤਾ ਗਿਆ ਹੈ। ...(ਵਿਘਨ....ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਮਨਜੀਤ ਸਿੰਘ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਨਿਸ਼ਾਨ ਵਾਲੇ ਪ੍ਰਸ਼ਨ ਨੰ : 1791 ਦੀਆਂ ਸਪਲੀਮੈਂਟਰੀਆਂ ਤੇ ਸਰਕਾਰ ਵੱਲੋਂ ਆਏ ਜਵਾਬ ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਭਗੌੜਾ ਹੋਏ ਵਿਅਕਤੀਆਂ ਬਾਰੇ ਗੱਲ ਕਰਨ ਦਾ ਸਮਾਂ ਨਾ ਦੇਣ ਦੇ ਵਿਰੋਧ ਵਿੱਚ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ **** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਰਣਦੀਪ ਸਿੰਘ :** ਘੱਟੋ-ਘੱਟ ਇੰਨਾ ਉਪਰਾਲਾ ਤਾਂ ਸਰਕਾਰ ਕਰ ਸਕਦੀ ਹੈ ਕਿ ਗਰੀਬਾਂ ਦੀ ਹਮਾਇਤ ਵਿੱਚ ਐਮਰਜੰਸੀ ਸਰਵਿਸਿਜ਼ ਵਾਸਤੇ ਟਰੋਮਾ ਸੈਂਟਰ ਬਣ ਸਕੇ ਤਾਂ ਕਿ ਜਿਸ ਕਿਸੇ ਦੇ ਅੰਗ ਕੱਟੇ ਜਾਂਦੇ ਹਨ, ਅੱਗ ਲੱਗ ਜਾਂਦੀ ਹੈ, ਉਨ੍ਹਾਂ ਦੀ ਜ਼ਿੰਦਗੀ ਬਚ ਸਕੇ। ਮੈਂ ਤੁਹਾਡੇ ਮਾਧਿਅਮ ਰਾਹੀਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡੇ ਬਜ਼ੁਰਗਾਂ ਨੇ ਇਸ ਹਸਪਤਾਲ ਦਾ ਨੀਂਹ ਪੱਥਰ ਸਾਲ 1958 ਵਿੱਚ ਰੱਖਿਆ ਸੀ, ਜੇਕਰ ਇਸ ਨੂੰ ਪੀ.ਪੀ.ਪੀ. ਮੋਡ ਤਹਿਤ ਨਹੀਂ ਬਣਾਉਣਾ ਤਾਂ ਘੱਟੋ-ਘੱਟ ਇਸ ਨੂੰ ਪੂਰੀਆਂ ਸਹੂਲਤਾਂ ਤਾਂ ਦੇ ਦੇਣ।(ਵਿਘਨ....ਸ਼ੋਰ)

**ਮਾਨਯੋਗ ਸਪੀਕਰ :** ਸਵਾਲ ਪੁੱਛੋ। (ਵਿਘਨ....ਸ਼ੋਰ)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਸਵਾਲ ਹੀ ਪੁੱਛ ਰਿਹਾ ਹਾਂ ਕਿ ਜਿਹੜਾ ਡਿਸਟ੍ਰਿਕਟ ਦਾ ਪੁਰਾਣਾ ਸਰਕਾਰੀ ਹਸਪਤਾਲ ਹੈ, ਉਥੇ ਟਰੋਮਾ ਸੈਂਟਰ ਬਣਾਇਆ ਜਾਵੇ ਤਾਂ ਜੋ ਡਾਕਟਰ ਅਵੇਲੇਬਲ ਹੋਣ ਅਤੇ ਲੋਕਾਂ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕੇ।(ਵਿਘਨ....ਸ਼ੋਰ)

---

** Not recorded as ordered by the Chair.

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਵਿਸ਼ਾ ਬੜਾ ਵਾਜਬ ਹੈ ਪਰ ਮੈਂ ਇਨ੍ਹਾਂ ਨੂੰ ਇੱਕ ਗੱਲ ਦੱਸਣੀ ਚਾਹਾਂਗਾ ਕਿ ਮੰਡੀ ਗੋਬਿੰਦਗੜ੍ਹ ਤੋਂ 10 ਕਿਲੋਮੀਟਰ ਖੰਨਾ ਵਿਖੇ ਲੈਵਲ-III ਦਾ ਟਰੋਮਾ ਸੈਂਟਰ ਚਲਾਇਆ ਜਾ ਰਿਹਾ ਹੈ। ਬਾਕੀ ਜਿਹੜੀ ਇਨ੍ਹਾਂ ਨੇ ਈ.ਐਸ.ਆਈ. ਹਸਪਤਾਲ ਦੀ ਗੱਲ ਕੀਤੀ ਹੈ, ਮੇਰੀ ਪਰਸਨਲ ਜਾਣਕਾਰੀ ਵਿੱਚ ਹੈ ਅਤੇ ਮੈਂ ਇਹ ਸਾਰਾ ਕੁਝ ਬੜੀ ਜਲਦੀ ਠੀਕ ਕਰਨ ਲੱਗਿਆ ਹਾਂ। ਅਸੀਂ ਨਵੇਂ ਡਾਕਟਰਾਂ ਦੀ ਭਰਤੀ ਕਰ ਚੁੱਕੇ ਹਾਂ। ਮਾਰਚ ਵਿੱਚ ਅਸੀਂ ਨਵੀਂ ਇੰਟਰਵਿਊ ਹੋਰ ਰੱਖੀ ਹੈ, ਨਵੇਂ ਸਪੈਸ਼ਲਿਸਟ ਹੋਣਗੇ, ਉਹ ਇਨ੍ਹਾਂ ਦੇ ਹਸਪਤਾਲ ਨੂੰ ਦੇਵਾਂਗੇ ਅਤੇ ਸਾਰਾ ਕੁਝ ਪੂਰਾ ਕਰ ਦੇਵਾਂਗੇ।

(ਇਸ ਸਮੇਂ ਸਰਦਾਰ ਮਨਜੀਤ ਸਿੰਘ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਨਿਸ਼ਾਨ ਵਾਲੇ ਪ੍ਰਸ਼ਨ ਨੰ : 1791 ਦੀਆਂ ਸਪਲੀਮੈਂਟਰੀਆਂ ਤੇ ਸਰਕਾਰ ਵੱਲੋਂ ਆਏ ਜਵਾਬ ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਭਗੌੜਾ ਹੋਏ ਵਿਅਕਤੀਆਂ ਬਾਰੇ ਗੱਲ ਕਰਨ ਦਾ ਸਮਾਂ ਨਾ ਦੇਣ ਦੇ ਵਿਰੋਧ ਵਿੱਚ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮਾਨਯੋਗ ਮੰਤਰੀ ਜੀ ਉਪਰਾਲੇ ਜ਼ਰੂਰ ਕਰ ਰਹੇ ਹਨ ਲੇਕਿਨ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ 10 ਕਿਲੋਮੀਟਰ ਤੇ ਖੰਨਾ ਵਿੱਚ ਹਸਪਤਾਲ ਹੈ। ਮੇਰੀ ਹੱਥ ਜੋੜ ਕੇ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਇਹ ਫਰਿਆਦ ਹੈ, ਬੇਨਤੀ ਹੈ ਕਿ ਜਦੋਂ ਕੋਈ ਮੰਦਭਾਗੀ ਘਟਨਾ ਵਾਪਰਦੀ ਹੈ, ਕਿਸੇ ਦੀ ਬਾਂਹ ਕੱਟੀ ਜਾਵੇ ਜਾਂ ਅੱਗ ਲੱਗ ਜਾਵੇ ਤਾਂ ਉਹ 10 ਕਿਲੋਮੀਟਰ ਦਾ ਸਫਰ ਮੁਕੰਮਲ ਨਹੀਂ ਕਰ ਸਕਦਾ। ਇਸ ਮੁਸ਼ਕਲ ਨੂੰ ਦੇਖਦੇ ਹੋਏ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਘੱਟੋ-ਘੱਟ ਮੰਡੀ ਗੋਬਿੰਦਗੜ੍ਹ ਦੇ ਹਸਪਤਾਲ ਵਿੱਚ ਵੀ ਸਹੂਲਤ ਦਿੱਤੀ ਜਾਵੇ ਤਾਂ ਜੋ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ ਕਿ ਜੋ ਇਨ੍ਹਾਂ ਨੇ ਗੱਲ ਕਹੀ ਹੈ, ਜਲਦੀ ਤੋਂ ਜਲਦੀ ਪੂਰੀ ਕਰਾਂਗੇ।

## WALK-OUT

(ਇਸ ਸਮੇਂ ਸਰਦਾਰ ਮਨਜੀਤ ਸਿੰਘ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ

** Not recorded as ordered by the Chair.

ਸਦਨ ਵਿੱਚ ਬਾਕੀ ਹਾਜ਼ਰ ਮੈਂਬਰ ਨਿਸ਼ਾਨ ਵਾਲੇ ਪ੍ਰਸ਼ਨ ਨੰ : 1791 ਦੀਆਂ ਸਪਲੀਮੈਂਟਰੀਆਂ ਤੇ ਸਰਕਾਰ ਵੱਲੋਂ ਆਏ ਜਵਾਬ ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

------------

## STARRED QUESTIONS AND ANSWERS *(Resumption)*

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1863

(ਸਬੰਧਿਤ ਮੈਂਬਰ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------------

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1872 ** **

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

----------

### ਪਿੰਡ ਬਿਲਾਸਪੁਰ ਵਿਖੇ ਡਿਗਰੀ ਕਾਲਜ ਖੋਲਣਾ

***2054. ਸਰਦਾਰ ਮਨਜੀਤ ਸਿੰਘ :** ਕੀ ਉੱਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮੋਗਾ ਵਿੱਚ 8 ਪਿੰਡਾਂ ਦੇ ਸੈਂਟਰ ਪਿੰਡ ਬਿਲਾਸਪੁਰ ਵਿਖੇ ਡਿਗਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਨਹੀਂ ਜੀ।

**ਸਰਦਾਰ ਮਨਜੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਗੰਭੀਰ ਮਾਮਲੇ ਨੂੰ ਵਿਚਾਰ ਅਧੀਨ ਕਿਉਂ ਨਹੀਂ ਲਿਆਂਦਾ ਗਿਆ? ਮੇਰੇ ਹਲਕੇ ਦੇ ਵਿਦਿਆਰਥੀਆਂ ਨੂੰ ਜਗਰਾਓਂ, ਮੋਗਾ, ਬਰਨਾਲਾ, ਢੁੱਡੀਕੇ ਜਾਂ ਪੱਤੋਂ ਹੀਰਾ ਸਿੰਘ ਜਾਣਾ ਪੈਂਦਾ ਹੈ ਜਿਸ ਕਰਕੇ ਵਿਦਿਆਰਥੀਆਂ ਨੂੰ ਬੱਸ ਸਰਵਿਸ ਦੀ ਬਹੁਤ ਪ੍ਰਾਬਲਮ ਆਉਂਦੀ ਹੈ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਮੇਰੀ ਇਸ ਮੰਗ ਨੂੰ ਜ਼ਰੂਰ ਪੂਰਾ ਕੀਤਾ ਜਾਵੇ।

---

** Not recorded as ordered by the Chair.

****For Starred Question No. 1872 and reply thereto, please see Appedix to this Debate.

**ਮਾਨਯੋਗ ਸਪੀਕਰ :** ਰਜ਼ੀਆ ਜੀ, ਉਹ ਮੰਗ ਕਰ ਰਹੇ ਹਨ। ਸਵਾਲ ਨਹੀਂ ਪੁੱਛ ਰਹੇ।

**ਮੰਤਰੀ :** ਸਪੀਕਰ ਸਾਹਿਬ, ਪਿੰਡ ਬਿਲਾਸਪੁਰ ਸਬ-ਡਵੀਜ਼ਨ ਵਿੱਚ ਪਹਿਲਾਂ ਤੋਂ ਹੀ ਯੂਨੀਵਰਸਿਟੀ ਕਾਲਜ ਚੱਲ ਰਿਹਾ ਹੈ ਜੋ ਕਿ ਬਿਲਾਸਪੁਰ ਤੋਂ 11 ਕਿਲੋਮੀਟਰ ਦੀ ਦੂਰੀ ਤੇ ਹੈ।

**ਸਰਦਾਰ ਮਨਜੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਥੇ ਕੋਈ ਸਿੱਧੀ ਬੱਸ ਨਹੀਂ ਜਾਂਦੀ ਜਿਸ ਕਾਰਨ ਵਿਦਿਆਰਥੀਆਂ ਨੂੰ ਕਾਫੀ ਪ੍ਰਾਬਲਮ ਆਉਂਦੀ ਹੈ। ਇਸ ਕਰਕੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਿਲਾਸਪੁਰ ਨੂੰ ਤਰਜੀਹ ਕਿਉਂ ਨਹੀਂ ਦਿੱਤੀ ਜਾ ਰਹੀ?

**ਮੰਤਰੀ:** ਸਪੀਕਰ ਸਾਹਿਬ, ਕਿਉਂਕਿ ਪਹਿਲਾਂ ਤੋਂ ਹੀ ਮੋਗਾ ਜ਼ਿਲ੍ਹੇ ਵਿੱਚ 22 ਕਾਲਜ ਚੱਲ ਰਹੇ ਹਨ ਜਿਨ੍ਹਾਂ ਵਿੱਚੋਂ 2 ਸਰਕਾਰੀ ਕਾਲਜ ਅਤੇ 2 ਯੂਨੀਵਰਸਿਟੀ ਕਾਲਜ ਚੱਲ ਰਹੇ ਹਨ। ਇੱਕ ਰਾਸ਼ਟਰੀ ਉਚਤਰ ਸਿੱਖਿਆ ਅਭਿਆਨ ਸਕੀਮ ਦੇ ਤਹਿਤ ਨਵਾਂ ਸਰਕਾਰੀ ਡਿਗਰੀ ਕਾਲਜ ਵੀ ਉਥੇ ਖੋਲ੍ਹਿਆ ਜਾ ਰਿਹਾ ਹੈ ਜੋ ਕਿ ਪਿੰਡ ਬਿਲਾਸਪੁਰ ਤੋਂ 45 ਕਿਲੋਮੀਟਰ ਦੀ ਦੂਰੀ ਤੇ ਹੈ।

**ਸਰਦਾਰ ਮਨਜੀਤ ਸਿੰਘ:** ਕਿਹੜੇ ਸ਼ਹਿਰ ਵਿੱਚ ਜੀ?

**ਮੰਤਰੀ:** ਇਹ ਸਬ ਡਵੀਜ਼ਨ ਧਰਮਕੋਟ ਵਿੱਚ ਖੋਲ੍ਹਿਆ ਜਾਵੇਗਾ।

**ਸਰਦਾਰ ਮਨਜੀਤ ਸਿੰਘ:** ਠੀਕ ਹੈ ਜੀ। ਧੰਨਵਾਦ।

-----------------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1984

(ਸਬੰਧਿਤ ਮੈਂਬਰ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

--------------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1987

(ਸਬੰਧਿਤ ਮੈਂਬਰ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------------

## ਸਿਵਲ ਹਸਪਤਾਲ ਲਹਿਰਾ ਅਤੇ ਐਸ.ਡੀ.ਐਚ. ਮੂਣਕ ਜ਼ਿਲ੍ਹਾ ਸੰਗਰੂਰ ਵਿੱਚ ਡਾਕਟਰਾਂ/ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦੀ ਗਿਣਤੀ

***2074. ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ ਲਹਿਰਾ ਅਤੇ ਮੂਣਕ (ਜ਼ਿਲ੍ਹਾ ਸੰਗਰੂਰ) ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕਿੰਨੀਆਂ-ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਵੇਲੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਸੀ.ਐਚ.ਸੀ. ਲਹਿਰਾ (ਜ਼ਿਲ੍ਹਾ ਸੰਗਰੂਰ) ਵਿਖੇ ਇਸ ਸਮੇਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 |
| 2. | ਮੈਡੀਕਲ ਅਫਸਰ | 5 | 4 | 1 |
| 3. | ਮੈਡੀਕਲ ਅਫਸਰ (ਸਪੈਸ਼ਲਿਸਟ) | 5 | 0 | 5 |
| 4. | ਸਟਾਫ ਨਰਸ | 5 | 3 | 2 |
| 5. | ਫਾਰਮਾਸਿਸਟ | 1 | 1 | 0 |
| 6. | ਓ.ਟੀ.ਏ. | 1 | 1 | 0 |
| 7. | ਐਮ.ਐਲ.ਟੀ. 1,2 | 1 | 1 | 0 |
| 8. | ਰੇਡੀਓਗ੍ਰਾਫਰ | 1 | 0 | 1 |

ਐਸ.ਡੀ.ਐਚ. ਮੂਣਕ (ਜ਼ਿਲ੍ਹਾ ਸੰਗਰੂਰ) ਵਿਖੇ ਇਸ ਸਮੇਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| **ਲੜੀ ਨੰ:** | **ਅਸਾਮੀ ਦਾ ਨਾਮ** | **ਮਨਜ਼ੂਰਸ਼ੁਦਾ** | **ਭਰੀਆਂ** | **ਖਾਲੀ** |
|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 |
| 2. | ਮੈਡੀਕਲ ਅਫਸਰ | 6 | 4 | 2 |
| 3. | ਮੈਡੀਕਲ ਅਫਸਰ (ਸਪੈਸ਼ਲਿਸਟ) | 11 | 0 | 11 |
| 4. | ਸਟਾਫ ਨਰਸ | 10 | 2 | 8 |
| 5. | ਫਾਰਮਾਸਿਸਟ | 3 | 3 | 0 |
| 6. | ਚੀਫ਼ ਫਾਰਮਾਸਿਸਟ | 1 | 1 | 0 |
| 7. | ਬੀ.ਈ.ਈ. | 1 | 1 | 0 |
| 8. | ੳ.ਟੀ.ਏ. | 1 | 0 | 1 |
| 9. | ਐਮ.ਐਲ.ਟੀ. 1,2 | 2 | 2 | 0 |
| 10. | ਨਰਸਿੰਗ ਸਿਸਟਰ | 1 | 1 | 0 |
| 11. | ਰੇਡੀਓਗ੍ਰਾਫਰ | 1 | 0 | 1 |

ਉਕਤ ਦਰਸਾਈਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ।

ਸਪੀਕਰ ਸਾਹਿਬ, ਟੋਟਲ 2 ਟੇਬਲਜ਼ ਰਾਹੀਂ ਇਸ ਪ੍ਰਸ਼ਨ ਦਾ ਜਵਾਬ ਦਿੱਤਾ ਗਿਆ ਹੈ। ਇਨ੍ਹਾਂ ਕੋਲ ਡਿਟੇਲ ਸਾਰੀ ਚਲੀ ਗਈ ਹੈ। ਜੇਕਰ ਇਹ ਸਾਰਾ ਪੜ੍ਹਿਆ ਗਿਆ ਤਾਂ ਟਾਈਮ ਲੱਗ ਜਾਵੇਗਾ। ਮੈਂ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ ਪੜ੍ਹ ਲਿਆ ਹੈ ਤਾਂ ਮੈਨੂੰ ਸਪਲੀਮੈਂਟਰੀ ਕਰ ਲੈਣ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਲਹਿਰੇ ਵਿੱਚ ਮੈਡੀਕਲ ਅਫ਼ਸਰਾਂ (ਸਪੈਸ਼ਲਿਸਟ) ਦੀਆਂ ਪੰਜ ਪੋਸਟਾਂ ਹਨ ਅਤੇ ਇਹ ਪੰਜ ਹੀ ਖਾਲੀ ਪਈਆਂ ਹਨ। ਇਸੇ ਤਰ੍ਹਾਂ ਮੂਣਕ ਵਿੱਚ ਵੀ ਮੈਡੀਕਲ ਅਫ਼ਸਰ (ਸਪੈਸ਼ਲਿਸਟ) ਦੀਆਂ 11 ਪੋਸਟਾਂ ਹਨ ਅਤੇ 11 ਹੀ ਖਾਲੀ ਪਈਆਂ ਹਨ। ਸਾਡਾ ਇਲਾਕਾ ਪਹਿਲਾਂ ਹੀ ਬਹੁਤ ਪਛੜਿਆ ਹੋਇਆ ਹੈ। ਉਥੇ ਕੋਈ ਚੰਗਾ ਹਸਪਤਾਲ ਨਹੀਂ ਹੈ ਅਤੇ ਪ੍ਰਾਈਵੇਟ ਡਾਕਟਰ ਵੀ ਜ਼ਿਆਦਾ ਅਵੇਲੇਬਲ ਨਹੀਂ ਹਨ। ਜਿਹੜੀਆਂ ਇਹ ਪੋਸਟਾਂ ਹਨ, ਇਹ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਵੀ ਖਾਲੀ ਪਈਆਂ ਹਨ। ਫਿਰ ਅਸੀਂ ਲੋਕਾਂ ਨੂੰ ਸਿਹਤ ਸੁਵਿਧਾਵਾਂ ਕਿਵੇਂ ਪ੍ਰਦਾਨ ਕਰਾਂਗੇ, ਜੇ ਦੋਵੇਂ ਸਬ ਡਵੀਜ਼ਨਾਂ ਵਿੱਚ ਸਾਰੇ ਹੀ ਸਪੈਸ਼ਲਿਸਟ ਡਾਕਟਰਾਂ ਦੀਆਂ ਪੋਸਟਾਂ ਖਾਲੀ ਰਹਿਣਗੀਆਂ, ਫਿਰ ਲੋਕਾਂ ਦਾ ਇਲਾਜ ਕਿੱਥੋਂ ਹੋਵੇਗਾ? ਮੇਰੀ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਸਪੈਸ਼ਲਿਸਟ ਡਾਕਟਰਾਂ ਦੀਆਂ ਪੋਸਟਾਂ, ਜਿਨ੍ਹਾਂ ਵਿਚੋਂ ਇੱਕ ਵੀ ਭਰੀ ਹੋਈ ਨਹੀਂ ਹੈ, ਜਲਦੀ ਤੋਂ ਜਲਦੀ ਇਹ ਪੋਸਟਾਂ ਭਰੀਆਂ ਜਾਣ। ਕੀ ਮੰਤਰੀ ਜੀ ਦੱਸਣਗੇ ਕਿ ਇਹ ਪੋਸਟਾਂ ਕਦੋਂ ਤੱਕ ਭਰੀਆਂ ਜਾਣਗੀਆਂ?

**ਮਾਨਯੋਗ ਸਪੀਕਰ:** ਮੰਤਰੀ ਜੀ, ਇਹ ਸਪੈਸ਼ਲਿਸਟ ਡਾਕਟਰਜ਼ ਦੀਆਂ ਪੋਸਟਾਂ ਕਦੋਂ ਤੱਕ ਭਰੀਆਂ ਜਾਣਗੀਆਂ?

**ਮੰਤਰੀ:** ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ। ਮੈਂ ਜੋ ਇਨਹੈਰਿਟ ਕੀਤਾ ਹੈ, ਉਸ ਦਾ ਜ਼ਿਕਰ ਕਰਨਾ ਚਾਹਾਂਗਾ। ਇਨ੍ਹਾਂ ਦੀ ਸਰਕਾਰ ਪਿਛਲੇ ਦਸ ਸਾਲ ਰਹੀ ਹੈ, ਉਸ ਸਮੇਂ ਦੌਰਾਨ ਐਮ.ਬੀ.ਬੀ.ਐਸ. ਡਿਗਰੀ ਹੋਲਡਰ ਡਾਕਟਰ ਲਈ ਮੰਥਲੀ 15,000/- ਰੁਪਿਆ ਤਨਖਾਹ ਸੀ ਅਤੇ ਜਿਹੜਾ ਡਾਕਟਰ ਐਮ.ਡੀ. ਕਰਕੇ ਆਉਂਦਾ ਹੈ, ਸਪੈਸ਼ਲਿਸਟ ਹੁੰਦਾ ਹੈ, ਉਸ ਦੀ ਤਨਖਾਹ 40,000/- ਰੁਪਿਆ ਪ੍ਰਤੀ ਮਹੀਨਾ ਸੀ। ਇਹ 10 ਸਾਲਾਂ ਵਿੱਚ ਡਾਕਟਰਾਂ ਦੀ ਭਰਤੀ ਨਹੀਂ ਕਰਕੇ ਗਏ। ਮੈਂ ਹੁਣ ਆ ਕੇ ਐਫ.ਐਮ. ਸਾਹਿਬ ਅਤੇ ਚੀਫ਼ ਮਨਿਸਟਰ ਸਾਹਿਬ ਤੋਂ ਇਜਾਜ਼ਤ ਲੈ ਕੇ ਉਨ੍ਹਾਂ ਦੀ ਸੈਲਰੀ ਵਧਾ ਦਿੱਤੀ ਹੈ। 40,000/- ਰੁਪਿਆ ਪ੍ਰਤੀ ਮਹੀਨਾ ਐਮ.ਓ. ਦੀ ਸੈਲਰੀ ਕਰ ਦਿੱਤੀ ਹੈ ਅਤੇ 70,000/- ਰੁਪਿਆ ਪ੍ਰਤੀ ਮਹੀਨਾ ਸੈਲਰੀ ਅਸੀਂ ਸਪੈਸ਼ਲਿਸਟ ਦੀ ਕਰ ਦਿੱਤੀ ਹੈ। ਉਸ ਦੇ ਨਾਲ ਜਿੰਨੀਆਂ ਜੌਬਜ਼ ਖੁਲ੍ਹੀਆਂ ਹਨ, ਸਾਡੇ ਕੋਲ ਪਬਲਿਕ ਸਰਵਿਸ ਕਮਿਸ਼ਨ ਰਾਹੀਂ 306 ਐਮ.ਓ. ਆਏ ਅਤੇ 255 ਸਪੈਸ਼ਲਿਸਟ ਅਸੀਂ ਵਾਕ-ਇਨ-ਇੰਟਰਵਿਊ ਰਾਹੀਂ ਸਿਲੈਕਟ ਕੀਤੇ ਹਨ। ਉਨ੍ਹਾਂ ਨੂੰ ਸਾਰੀ ਸਟੇਟ ਵਿੱਚ ਸਟੇਸ਼ਨ ਦਿੱਤੇ ਹਨ। ਜਿਹੜੇ ਐਮ.ਓ. ਹਨ, ਉਨ੍ਹਾਂ ਵਾਸਤੇ ਭਰਤੀ ਪ੍ਰੋਸੈਸ ਨੂੰ ਅਸੀਂ ਕੈਬਨਿਟ ਤੋਂ ਅਪਰੂਵ ਕਰਵਾ ਕੇ ਪਬਲਿਕ ਸਰਵਿਸ ਕਮਿਸ਼ਨ ਦੇ ਪਰਵਿਊ ਵਿੱਚੋਂ ਬਾਹਰ ਕੱਢਿਆ ਹੈ। ਅਸੀਂ ਬਹੁਤ ਹੀ ਜਲਦੀ ਸਿਲੈਕਸ਼ਨ ਪ੍ਰੋਸੈਸ ਸ਼ੁਰੂ ਕਰਕੇ ਸਾਰੇ ਪਾਸੇ ਹੀ ਪੋਸਟਾਂ ਭਰ ਦਿਆਂਗੇ, ਇਕੱਲੇ ਢੀਂਡਸਾ ਜੀ ਦੇ ਏਰੀਏ ਵਿੱਚ ਹੀ ਨਹੀਂ। ਜਿਹੜੀਆਂ ਬਾਕੀ ਕਮੀਆਂ ਹਨ, ਹੋਰ ਇੰਟਰਵਿਊ 2 ਅਤੇ 3 ਮਾਰਚ ਦੀ ਵੀ ਆ ਰਹੀ ਹੈ, ਜਿੱਥੇ-ਜਿੱਥੇ ਵੀ ਕਮੀ ਹੋਵੇਗੀ, ਸਾਰੀ ਕਮੀ ਪੂਰੀ ਹੋ ਜਾਵੇਗੀ। ਮੈਨੂੰ ਖੁਦ ਇਸ ਗੱਲ ਦਾ ਅਹਿਸਾਸ ਹੈ ਕਿ ਡਾਕਟਰਾਂ ਦੀ ਪੰਜਾਬ ਵਿੱਚ ਕਮੀ ਹੈ। ਕਈ ਡਾਕਟਰ ਰਿਮੋਟ ਏਰੀਆ ਵਿੱਚ ਬਿਲਕੁਲ ਨਹੀਂ ਜਾਂਦੇ। ਉਨ੍ਹਾਂ ਨੂੰ ਵੀ ਅਸੀਂ ਕੋਈ ਇਨਸੈਂਟਿਵ ਦੇ ਕੇ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਇਨਸੈਂਟਿਵ ਮਿਲਣ ਕਾਰਨ ਉਥੇ ਵੀ ਡਾਕਟਰ ਜਾ ਸਕਣ।

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ, ਜਲਦੀ ਭਰਤੀ ਕਰ ਦੇਣਗੇ। ਐਸ਼ੋਰੈਂਸ ਆ ਗਈ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੰਤਰੀ ਜੀ ਨੇ ਇਹ ਗਲਤ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਡਾਕਟਰ ਭਰਤੀ ਨਹੀਂ ਕੀਤੇ। ਅਸੀਂ ਮੈਡੀਕਲ ਅਫ਼ਸਰ ਵੀ ਭਰਤੀ ਕੀਤੇ ਸੀ ਅਤੇ ਸਪੈਸ਼ਲਿਸਟ ਵਾਸਤੇ ਹਰ ....

**ਮਾਨਯੋਗ ਸਪੀਕਰ:** ਉਨ੍ਹਾਂ ਨੇ ਸੈਲਰੀ ਦੀ ਗੱਲ ਕੀਤੀ ਹੈ। ਤਨਖਾਹ ਵਧਾਉਣ ਦਾ ਜ਼ਿਕਰ ਕੀਤਾ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਸਪੈਸ਼ਲਿਸਟਾਂ ਵਾਸਤੇ ਵੱਧ ਤਨਖਾਹ ਵੀ ਆਫਰ ਕੀਤੀ ਸੀ ਤੇ ਹਰ ਮਹੀਨੇ ਸਪੈਸ਼ਲਿਸਟ ਦੀ ਭਰਤੀ ਵੀ ਹੁੰਦੀ ਸੀ। ਸਪੈਸ਼ਲਿਸਟਸ ਦੀ ਭਰਤੀ ਲਈ ਇਹ ਕੀਤਾ ਸੀ ਕਿ ਕਿਸੇ ਵੀ ਮਹੀਨੇ ਦੇ ਕੋਈ ਵੀ ਇੱਕ ਦਿਨ ਸਪੈਸ਼ਲਿਸਟ ਆਪਣੀ ਅਰਜ਼ੀ ਦੇ ਕੇ ਆਪਣੀ ਭਰਤੀ ਕਰਵਾ ਸਕਦਾ ਸੀ। ਸਾਡੀ ਸਰਕਾਰ ਵੇਲੇ ਇਨ੍ਹਾਂ ਦੋਨੋਂ ਜਗ੍ਹਾ ਤੇ ਅੱਧੀਆਂ ਤੋਂ ਵੱਧ ਪੋਸਟਾਂ ਭਰੀਆਂ ਹੋਈਆਂ ਸਨ। ਹੁਣ ਸਾਰੀਆਂ ਹੀ ਪੋਸਟਾਂ ਖਾਲੀ ਪਈਆਂ ਹਨ। ਮੈਂ ਕਹਿੰਦਾ ਹਾਂ ਕਿ ਚਲੋ ਭਰਤੀ ਨਾਲ ਪੂਰਾ ਕਰ ਦੇਣ ਪਰ ਕੁਝ ਤਾਂ ਭੇਜਣ। ਉਥੇ 15 ਸਪੈਸ਼ਲਿਸਟਾਂ ਵਿੱਚੋਂ ਇੱਕ ਵੀ ਨਹੀਂ ਹੈ। ਜਿਵੇਂ ਵੱਡੇ ਸ਼ਹਿਰਾਂ ਵਿੱਚ ਡਾਕਟਰਾਂ ਦੀਆਂ ਸਾਰੀਆਂ ਪੋਸਟਾਂ ਭਰੀਆਂ ਹੋਈਆਂ ਹਨ, ਉਨ੍ਹਾਂ ਵਿੱਚੋਂ ਹੀ ਕੁਝ ਨੂੰ ਟਰਾਂਸਫਰ ਕਰ ਦੇਣ। ਇਹ ਨਾ ਹੋਵੇ ਕਿ ਅਸੀਂ ਉਡੀਕੀ ਜਾਈਏ। ਜਿਹੜੇ ਭਰਤੀ ਹੁੰਦੇ ਹਨ, ਉਹ ਬਾਅਦ ਵਿੱਚ ਆਪਣੀ ਮਰਜ਼ੀ ਦੇ ਸਟੇਸ਼ਨ ਤੇ ਚਲੇ ਜਾਂਦੇ ਹਨ। ਇਥੇ ਸਾਡੇ ਫੇਰ ਨਹੀਂ ਆਉਂਦੇ।

**ਮਾਨਯੋਗ ਸਪੀਕਰ :** ਹਾਊਸ ਵਿੱਚ ਮੰਤਰੀ ਜੀ ਨੇ on the floor ਐਸ਼ੋਰੈਂਸ ਦਿੱਤੀ ਹੈ ਕਿ ਅਸੀਂ ਬਹੁਤ ਜਲਦੀ ਇਹ ਭਰਤੀ ਕਰ ਰਹੇ ਹਾਂ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੈਂ ਤਾਂ ਇਹੀ ਬੇਨਤੀ ਕਰ ਰਿਹਾ ਹਾਂ ਕਿ ਚਾਹੇ ਅੱਧੀਆਂ ਪੋਸਟਾਂ ਹੀ ਭਰਤੀ ਕਰ ਦੇਣ, ਸਾਰੀਆਂ ਨੂੰ ਛੱਡੋ, ਅੱਧੀਆਂ ਪੋਸਟਾਂ ਹੀ ਭਰ ਦੇਣ ਤਾਂ ਕਿ ਲੋਕਾਂ ਨੂੰ ਕੁਝ ਤਾਂ ਰਿਲੀਫ ਮਿਲੇ।

**ਮੰਤਰੀ:** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੂੰ ਇਨਫਰਮੇਸ਼ਨ ਗਈ ਹੈ, ਉਸ ਵਿੱਚ ਮੇਰੇ ਵੱਲੋਂ ਇਹ ਵੀ ਹੈ ਕਿ ਐਨ.ਐਚ.ਐਮ ਦੇ ਡਾਕਟਰਜ਼ ਉਥੇ ਅਲਰੇਡੀ ਹਨ। ਦੂਸਰੀ ਗੱਲ ਜਿਹੜੀ ਇਹ ਕਹਿੰਦੇ ਹਨ ਕਿ ਇਨ੍ਹਾਂ ਵੇਲੇ ਹਰ ਮਹੀਨੇ

[ਸਿਹਤ ਤੇ ਪਰਿਵਾਰ ਭਲਾਈ ਮੰਤਰੀ]

ਭਰਤੀ ਹੁੰਦੀ ਸੀ, ਇਹ ਮੈਨੂੰ ਹਰ ਮਹੀਨੇ ਦੀ ਰਿਟੈਨਸ਼ਨ ਦਿਖਾ ਦੇਣ, ਅਸੀਂ ਇਸ ਤੇ ਸੈਪਰੇਟ ਬਹਿਸ ਕਰ ਲੈਂਦੇ ਹਾਂ। Retention ਦਿਖਾ ਦਿਓ, ਜੇਕਰ retention ਹੁੰਦੀ ਤਾਂ ਅੱਜ ਇਹ ਸਵਾਲ ਹੀ ਪੈਦਾ ਨਾ ਹੁੰਦਾ। ਇਹ ਕਹਿੰਦੇ ਅਸੀਂ ਤਨਖਾਹ ਅੱਛੀ ਦਿੰਦੇ ਸੀ। ਫਿਰ ਅੱਜ ਇਹ ਸਵਾਲ ਹੀ ਨਾ ਕਰਦੇ, ਇਹ ਕੁਐਸਚਨ ਹੀ ਨਾ ਆਉਂਦਾ। ਜੇ ਇਨ੍ਹਾਂ ਨੇ ਭਰਤੀ ਕੀਤੀ ਸੀ ਤਾਂ ਉਹ ਡਾਕਟਰਜ਼ ਅੱਜ ਕਿੱਥੇ ਗਏ? ਮੈਂ ਤਾਂ ਰਿਟੈਂਸ਼ਨ ਨੂੰ ਹੀ ਮੇਨਟੇਨ ਕਰਨ ਲਈ 306 ਡਾਕਟਰ ਜੋ ਕਿ ਤਿੰਨ ਸਾਲ ਦੇ ਪ੍ਰੋਬੇਸ਼ਨ ਪੀਰੀਅਡ ਵਿੱਚ ਬੇਸਿਕ ਪੇਅ ਲੈ ਰਹੇ ਸਨ, ਉਨ੍ਹਾਂ ਦੀ ਪੂਰੀ ਪੇਅ ਕਰ ਦਿੱਤੀ। ਉਨ੍ਹਾਂ ਨੂੰ ਤਿੰਨ ਸਾਲ ਦੇ ਪ੍ਰੋਬੇਸ਼ਨ ਪੀਰੀਅਡ ਵਿੱਚ ਵੀ ਪੂਰੀ ਸੈਲਰੀ ਮਿਲੇਗੀ। ਇਸ ਤਰ੍ਹਾਂ retention ਹੋ ਗਈ। ਇਹ ਆਪਣੀ retention ਦੱਸ ਦੇਣ ਕਿ ਇਨ੍ਹਾਂ ਦੇ ਵੇਲੇ ਕਿੱਥੇ ਸੀ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਤੁਹਾਡੀ ਸਰਕਾਰ ਵੇਲੇ retention ਹੋਈ ਹੈ ਤਾਂ ਇਹ ਦੱਸ ਦੇਣ ਕਿ ਸਪੈਸ਼ਲਿਸਟ ਕਿੱਥੇ ਲਗਾਏ ਹਨ? ਸਾਡੇ ਵੱਲ ਤਾਂ ਕੋਈ ਇੱਕ ਵੀ ਨਹੀਂ ਲੱਗਿਆ ਹੈ?

**ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਐਸ਼ਿਓਰ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਕਨਸਰਨਡ ਹਾਂ, ਜਿੱਥੇ ਕਿਤੇ ਵੀ ਕਮੀ ਹੈ, ਮੈਂ ਹਾਊਸ ਨੂੰ ਵੀ ਐਸ਼ਿਓਰ ਕਰਨਾ ਚਾਹੁੰਦਾ ਹਾਂ, ਮੈਨੂੰ ਇਸ ਗੱਲ ਦੀ ਆਪ ਤਕਲੀਫ ਹੈ ਕਿ ਡਾਕਟਰ ਪੂਰੇ ਹੋਣੇ ਚਾਹੀਦੇ ਹਨ। ਮੈਂ ਬਹੁਤ ਜਲਦੀ ਸਾਰੇ ਪਾਸੇ ਡਾਕਟਰ ਭੇਜ ਦੇਵਾਂਗਾ।

-----------

## ਬੱਸ ਅੱਡਾ ਸਮਾਣਾ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨਾ

***1930. ਸਰਦਾਰ ਰਾਜਿੰਦਰ ਸਿੰਘ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਮਾਣਾ ਹਲਕੇ ਵਿੱਚ ਆਵਾਜਾਈ ਦੀ ਸਮੱਸਿਆ ਅਤੇ ਏਰੀਆ/ਸ਼ਹਿਰ ਦੇ ਲੋਕਾਂ ਦੀ ਅਸੁਵਿਧਾ ਦਾ ਹੱਲ ਕਰਨ ਲਈ ਸਮਾਣਾ ਬੱਸ ਅੱਡੇ ਨੂੰ ਇਸ ਦੀ ਮੌਜੂਦਾ ਥਾਂ ਤੋਂ ਸ਼ਹਿਰ ਦੇ ਬਾਹਰ ਕਿਸੇ ਹੋਰ ਖੁੱਲ੍ਹੀ ਥਾਂ ਤੇ ਬਦਲਣ ਦਾ ਵਿਚਾਰ ਕਰੇਗੀ; ਜੇਕਰ ਅਜਿਹਾ ਹੈ ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ:** ਨਹੀਂ ਜੀ। ਸਮਾਣਾ ਸ਼ਹਿਰ ਵਿੱਚ ਜੋ ਬੱਸ ਸਟੈਂਡ 2 ਏਕੜ ਵਿੱਚ ਬਣਿਆ ਹੋਇਆ ਹੈ, ਉਸ ਬਾਰੇ ਆਵਾਜਾਈ ਦੀ ਸਮੱਸਿਆ ਸਬੰਧੀ ਨਗਰ ਕੌਂਸਲ, ਸਮਾਣਾ ਨੂੰ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ। ਇਸ ਲਈ ਅਜੇ ਮੌਜੂਦਾ ਬੱਸ ਸਟੈਂਡ ਨੂੰ ਬਦਲਣ ਸਬੰਧੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਰਾਜਿੰਦਰ ਸਿੰਘ:** ਮਾਨਯੋਗ ਸਪੀਕਰ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬੱਸ ਸਟੈਂਡ ਹੈ ਜੋ ਕਿ 1973 ਦੇ ਵਿੱਚ ਤਕਰੀਬਨ 40 ਸਾਲ ਪਹਿਲਾਂ ਬਣਿਆ ਸੀ, ਇਹ ਬੱਸ ਸਟੈਂਡ ਸ਼ਹਿਰ ਦੇ ਵਿੱਚ ਆ ਗਿਆ ਹੈ। ਆਉਣ ਜਾਣ ਦਾ ਰਸਤਾ ਬਿਲਕੁਲ ਬਾਜ਼ਾਰ ਦੇ ਵਿੱਚ ਤਬਦੀਲ ਹੋ ਗਿਆ ਹੈ। ਸਮਾਣੇ ਦੇ ਵਿੱਚ Municipal Committee ਦਾ ਰੋਲ ਬਹੁਤ ਹੀ negative ਹੈ। ਮੇਰੀ ਬੇਨਤੀ ਹੈ ਕਿ ਸਮਾਣੇ ਵਿੱਚ ਬੱਸ ਸਟੈਂਡ ਵਾਸਤੇ ਸਰਕਾਰ ਕੋਲ ਤਕਰੀਬਨ 92-93 ਕਨਾਲ ਜ਼ਮੀਨ ਪਈ ਹੈ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਹ Bus Stand ਸ਼ਹਿਰ ਤੋਂ ਜ਼ਰੂਰ ਬਾਹਰ ਕੀਤਾ ਜਾਵੇ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਸਾਲ 1973-74 ਦੇ ਵਿੱਚ ਸਾਬਕਾ ਪ੍ਰਧਾਨ ਇੰਦਰਜੀਤ ਸਿੰਘ ਜੀ ਨੇ ਤੇ ਹੋਰ ਵਿਅਕਤੀਆਂ ਨੇ ਇਹ 2 ਏਕੜ ਜਗ੍ਹਾ ਕੇਵਲ ਬੱਸ ਸਟੈਂਡ ਬਣਾਉਣ ਲਈ ਦਾਨ ਦਿੱਤੀ ਸੀ। ਹੁਣ ਜਿਹੜੀ ਜ਼ਮੀਨ ਦੀ ਇਹ ਗੱਲ ਕਰਦੇ ਹਨ, ਜੇਕਰ ਉਸ ਜ਼ਮੀਨ ਦੇ ਉੱਤੇ ਕਿਸੇ ਦਾ ਕਬਜ਼ਾ ਨਹੀਂ ਹੈ ਅਤੇ ਇਨ੍ਹਾਂ ਦੀ ਕੋਈ ਪਰਪੋਜ਼ਲ ਹੈ ਤਾਂ ਅਸੀਂ ਉਸ ਤੇ ਪੂਰੀ ਤਰ੍ਹਾਂ ਵਿਚਾਰ ਕਰਾਂਗੇ ਕਿਉਂਕਿ ਅੱਜ ਤੱਕ ਕੋਈ ਸ਼ਿਕਾਇਤ ਨਹੀਂ ਆਈ, ਉਥੋਂ ਕੋਈ ਕੰਪਲੇਂਟ ਨਹੀਂ ਆਈ, ਇਸ ਕਰਕੇ ਅਸੀਂ ਕੋਈ ਤਜਵੀਜ਼ ਨਹੀਂ ਬਣਾਈ। ਇਹ 2 ਲੱਖ ਬੰਦਿਆਂ ਦੇ ਨੁਮਾਇੰਦੇ ਹਨ, ਜੇਕਰ ਇਹ ਪ੍ਰਪੋਜ਼ਲ ਬਣਾ ਕੇ ਭੇਜਣਗੇ ਤਾਂ ਇਨ੍ਹਾਂ ਦੀ ਗੱਲ ਦੇ ਉੱਤੇ ਅਸੀਂ ਪੱਕਾ ਵਿਚਾਰ ਕਰਾਂਗੇ।

**ਮਾਨਯੋਗ ਸਪੀਕਰ:** ਸਰਦਾਰ ਰਾਜਿੰਦਰ ਸਿੰਘ ਜੀ, ਪ੍ਰਪੋਜ਼ਲ ਦਿਓ।

**ਸਰਦਾਰ ਰਾਜਿੰਦਰ ਸਿੰਘ:** ਸਪੀਕਰ ਸਾਹਿਬ, ਮੈਂ ਪ੍ਰਪੋਜ਼ਲ ਦੇ ਦਿਆਂਗਾ। ਜਿਹੜੀ ਜ਼ਮੀਨ ਦੀ ਮੈਂ ਗੱਲ ਕਰ ਰਿਹਾ ਹਾਂ, ਉਹ 92-93 ਕਨਾਲ ਜ਼ਮੀਨ ਹੈ ਅਤੇ ਇੱਕ ਪ੍ਰਾਈਵੇਟ ਕਾਲਜ ਉਸ ਤੇ ਕਬਜ਼ਾ ਕਰੀ ਬੈਠਾ ਹੈ । ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਉਥੋਂ ਕਬਜ਼ਾ ਖਾਲੀ ਕਰਵਾ ਕੇ ਉਥੇ ਬੱਸ ਸਟੈਂਡ ਬਣਾਇਆ ਜਾਵੇ।

**ਮਾਨਯੋਗ ਸਪੀਕਰ:** ਉਹ ਜ਼ਮੀਨ ਕਿਸ ਦੀ ਹੈ ਅਤੇ ਉਸ ਦਾ ਮਾਲਕ ਕੌਣ ਹੈ?

**ਸਰਦਾਰ ਰਾਜਿੰਦਰ ਸਿੰਘ:** ਸਪੀਕਰ ਸਾਹਿਬ, ਇਸ ਦੀ ਮਾਲਕ ਸਰਕਾਰ ਹੈ ਜੀ।

**ਮਾਨਯੋਗ ਸਪੀਕਰ:** ਦੇਖੋ, ਪੰਜਾਬ ਸਰਕਾਰ ਦੇ ਬਹੁਤ ਸਾਰੇ ਡਿਪਾਰਟਮੈਂਟ ਹਨ। ਤੁਹਾਨੂੰ ਡਿਪਾਰਟਮੈਂਟ ਨੂੰ ਦੱਸਣਾ ਪਵੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਇਸ ਤਰ੍ਹਾਂ ਨਾ ਕਰੋ। ਹਾਲੇ ਉਨ੍ਹਾਂ ਦੀ ਗੱਲ ਹੀ ਪੂਰੀ ਨਹੀਂ ਹੋਈ ਜਿਨ੍ਹਾਂ ਦਾ ਬੇਸਿਕ ਸਵਾਲ ਹੈ। ਤੁਹਾਡੀ ਇੰਨੀ ਵੱਡੀ ਗੱਲ ਸੀ ਤਾਂ ਤੁਸੀਂ ਆਪਣਾ ਸਵਾਲ ਲਗਾਉਂਦੇ। ਇਸ ਤਰ੍ਹਾਂ ਨਹੀਂ ਹੋਵੇਗਾ। Don't dictate Cheema ji.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**Mr. Speaker:** Don't dictate, Don't dictate, Cheema ji. (ਵਿਘਨ) (ਸ਼ੋਰ) ਨਹੀਂ ਹੋਵੇਗਾ।

------------

## ਲੁਧਿਆਣਾ ਤੋਂ ਰਾਹੋਂ ਨਵੀਂ ਚੌੜੀ ਸੜਕ ਬਣਾਉਣਾ

***2069. ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਤੋਂ ਰਾਹੋਂ ਵਾਇਆ ਮੱਤੇਵਾੜਾ ਰੋਡ ਤੇ ਸਤਲੁਜ ਦਰਿਆ ਤੇ ਇੱਕ ਨਵਾਂ ਪੁਲ ਉਸਾਰਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਲੁਧਿਆਣਾ ਤੋਂ ਰਾਹੋਂ (ਵਾਇਆ ਮੱਤੇਵਾੜਾ) ਤੱਕ ਇੱਕ ਨਵੀਂ ਚੌੜੀ ਸੜਕ ਕਦੋਂ ਤੱਕ ਬਣਾਉਣ ਦੀ ਸਰਕਾਰ ਦੀ ਤਜਵੀਜ਼ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਲੁਧਿਆਣਾ ਤੋਂ ਰਾਹੋਂ ਵਾਇਆ ਮੱਤੇਵਾੜਾ ਸੜਕ ਦੀ ਕੁੱਲ ਲੰਬਾਈ 25.04 ਕਿਲੋਮੀਟਰ ਹੈ, ਐਮ.ਸੀ. ਲਿਮਟ ਲੁਧਿਆਣਾ ਤੋਂ ਸਤਲੁੱਜ ਪੁਲ ਤੱਕ ਆਰ.ਡੀ. 0.00 ਤੋਂ 13.93=13.93 ਕਿਲੋਮੀਟਰ ਦੇ ਹਿੱਸੇ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਪਿੰਡ ਝੂੰਗੀਆਂ ਤੋਂ ਰਾਹੋਂ ਕਿਲੋਮੀਟਰ 13.93 ਤੋਂ ਕਿਲੋਮੀਟਰ 25.04=11.11 ਕਿਲੋਮੀਟਰ ਦੇ ਹਿੱਸੇ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਲੁਧਿਆਣਾ ਤੋਂ ਰਾਹੋਂ ਵਾਇਆ ਮੱਤੇਵਾੜਾ ਵਾਲੀ ਸੜਕ ਹੈ, ਇਸ ਵਿੱਚ ਟੋਟਲ ਲੈਂਥ 25.04 ਕਿਲੋਮੀਟਰ ਦੀ ਹੈ, ਜਿਸ ਵਿੱਚੋਂ ਅਸੀਂ ਨਵਾਂਸ਼ਹਿਰ ਵਾਲੇ ਪਾਸਿਉਂ ਇਸ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਹੈ। ਅਪਰੋਚ ਰੋਡ ਲਈ 15 ਕਰੋੜ ਰੁਪਏ ਦਾ ਟੈਂਡਰ ਲੱਗ ਗਿਆ ਹੈ। 18 ਫੁੱਟ ਤੋਂ ਚੌੜਾਈ ਵਧਾ ਕੇ 22 ਫੁੱਟ ਤੱਕ ਕਰ ਰਹੇ ਹਾਂ। ਉੱਧਰਲੇ ਪਾਸੇ ਤੋਂ ਚੌੜਾ ਕਰਦੇ ਹੋਏ ਲੁਧਿਆਣਾ ਵਾਲੇ ਪਾਸੇ ਆਵਾਂਗੇ, ਜਿਹੜੇ ਪਾਸੇ ਮੈਂਬਰ ਸਾਹਿਬ ਨੇ ਗੱਲ ਰੱਖੀ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ,........

(ਇਸ ਸਮੇਂ ਮੈਂਬਰ ਸਾਹਿਬ ਦਾ ਮਾਈਕ ਤੋਂ ਦੂਰ ਹੋਣ ਕਾਰਨ ਉਨ੍ਹਾਂ ਦੀ ਆਵਾਜ਼ ਸਾਫ਼ ਨਹੀਂ ਸੁਣ ਰਹੀ ਸੀ।)

**ਮਾਨਯੋਗ ਸਪੀਕਰ :** ਮੈਂਬਰ ਸਾਹਿਬ, ਥੋੜ੍ਹਾ ਜਿਹਾ ਮਾਈਕ ਦੇ ਨੇੜੇ ਹੋ ਜਾਵੋ, ਤੁਹਾਡੀ ਆਵਾਜ਼ ਨਹੀਂ ਆਈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਲੁਧਿਆਣਾ ਤੋਂ ਰਾਹੋਂ ਵਾਇਆ ਮੱਤੇਵਾੜਾ ਸੜਕ ਬਣਾਉਣ ਵਾਸਤੇ ਸਾਡੇ ਪਾਸ ਪ੍ਰਪੋਜ਼ਲ ਨਹੀਂ ਹੈ।

**ਮੰਤਰੀ :** ਇਸ ਪਾਸੇ ਤੋਂ ਚੌੜਾ ਕਰਨ ਵਾਲੀ ਗੱਲ ਤਾਂ ਮੈਂ ਨਹੀਂ ਕਹੀ। ਮਾਨਯੋਗ ਸਪੀਕਰ ਸਾਹਿਬ, ਇਸ ਬਾਰੇ ਮੈਂ ਤੁਹਾਨੂੰ ਥੋੜ੍ਹੀ ਜਿਹੀ ਗੱਲ ਜ਼ਰੂਰ ਦੱਸਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਐਕਸਪਲੇਨ ਕਰ ਦਿਉ।

**ਮੰਤਰੀ :** ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਸੜਕ ਦਾ ਪ੍ਰਾਜੈਕਟ ਜਦੋਂ ਬਣਿਆ ਸੀ, ਉਸ ਵੇਲੇ ਪਿਛਲੀ ਸਰਕਾਰ ਵੇਲੇ ਇਕੱਲੇ ਪੁਲ ਦੀ ਉਸਾਰੀ ਵਾਸਤੇ ਪੈਸੇ ਮਨਜ਼ੂਰ ਕਰ ਦਿੱਤੇ ਗਏ ਅਤੇ ਅਪਰੋਚ ਰੋਡ ਵਾਸਤੇ ਪੈਸਾ ਮਨਜ਼ੂਰ ਨਹੀਂ ਕੀਤਾ ਗਿਆ। ਕਿਉਂਕਿ ਪੁਲ ਦੇ ਉਪਰ ਚੜ੍ਹਨ ਵਾਸਤੇ ਅਪਰੋਚ ਰੋਡ ਦੀ ਵੀ ਜ਼ਰੂਰਤ ਹੁੰਦੀ ਹੈ, ਇਸ ਕਰਕੇ ਸਾਡੀ ਸਰਕਾਰ ਆਉਣ ਤੋਂ ਬਾਅਦ, ਅਪਰੋਚ ਰੋਡ ਦਾ 15 ਕਰੋੜ ਰੁਪਏ ਦਾ ਟੈਂਡਰ ਲਗਾਇਆ ਅਤੇ ਕੁਝ ਐਨ.ਜੀ.ਟੀ. ਦਾ ਟ੍ਰੀ ਕਟਿੰਗ ਵਾਸਤੇ ਬੈਨ ਸੀ, ਜਿਸ ਕਾਰਨ ਟ੍ਰੀ ਕਟਿੰਗ ਨਹੀਂ ਹੋ ਸਕਦੀ ਸੀ। ਹੁਣ ਐਨ.ਜੀ.ਟੀ. ਦਾ ਬੈਨ ਖੁੱਲ੍ਹਿਆ ਹੈ ਤਾਂ ਇੱਕ ਪਾਸੇ ਤੋਂ ਨਵਾਂਸ਼ਹਿਰ ਵਾਲੇ ਪਾਸੇ ਤੋਂ ਕੰਮ ਸ਼ੁਰੂ ਕਰ ਦਿੱਤਾ ਹੈ। ਦੂਜੇ ਪਾਸੇ ਵਾਲਾ ਕੰਮ ਅਸੀਂ ਆਉਣ ਵਾਲੇ ਸਾਲ ਦੀ ਪ੍ਰੋਵੀਜ਼ਨ ਵਿੱਚ ਲੈ ਲਵਾਂਗੇ। ਇਸ ਵਿੱਚ ਇਹੀ ਗੱਲ ਹੈ।

**ਮਾਨਯੋਗ ਸਪੀਕਰ :** ਢਿੱਲੋਂ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਇੱਕ ਮਿੰਟ ਦੇ ਦਿਉ, ਪਲੀਜ਼।

**ਮਾਨਯੋਗ ਸਪੀਕਰ :** ਨਹੀਂ ਜੀ। ਤੁਸੀਂ ਉਸ ਸੜਕ ਦੀ ਗੱਲ ਕਰਨੀ ਹੈ, ਜਿਸ ਦੀ ਢਿੱਲੋਂ ਸਾਹਿਬ ਗੱਲ ਕਰ ਰਹੇ ਹਨ?

**ਸਰਦਾਰ ਜੈ ਕ੍ਰਿਸ਼ਨ ਸਿੰਘ :** ਮੈਂ ਜ਼ਰੂਰੀ ਗੱਲ ਕਰਨੀ ਹੈ ਜੀ।

**ਮਾਨਯੋਗ ਸਪੀਕਰ :** ਉਸ ਦੀ ਗੱਲ ਕਰੋ। ਢਿੱਲੋਂ ਜੀ, ਇੱਕ ਮਿੰਟ ਬੈਠੋ, ਪਹਿਲਾਂ ਮੈਨੂੰ ਇਨ੍ਹਾਂ ਦੀ ਗੱਲ ਸੁਣ ਲੈਣ ਦਿਉ। ਦੱਸੋ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਇਹ ਗੱਲ ਸਾਰੇ ਮੈਂਬਰਜ਼ ਸਾਹਿਬ ਦੀ ਹੈ।

**ਮਾਨਯੋਗ ਸਪੀਕਰ :** ਨਹੀਂ, ਇੱਕ ਖਾਸ ਸੜਕ ਦੀ ਗੱਲ ਹੋ ਰਹੀ ਹੈ। ਉਸ ਦੀ ਗੱਲ ਕਰੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਗੱਲ ਇਹ ਹੈ ਕਿ ਅਸੀਂ ਹਰ ਰੋਜ਼ ਪ੍ਰਸ਼ਨ ਲਗਾਉਂਦੇ ਹਾਂ। ਹਰ ਰੋਜ਼ ਲਗਭਗ 10 ਤੋਂ 20 ਪ੍ਰਸ਼ਨਾਂ ਦੇ ਉੱਤਰ ਆਉਂਦੇ ਹਨ ਜਿਨ੍ਹਾਂ ਦਾ ਸਾਨੂੰ ਲਿਖਤੀ ਜਵਾਬ ਆਉਣਾ ਹੁੰਦਾ ਹੈ। ਸਰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸੈਸ਼ਨ ਤੋਂ ਪਹਿਲਾਂ ਵਾਲੇ ਸੈਸ਼ਨ ਦੇ ਸਵਾਲਾਂ ਦੇ ਜਵਾਬ ਵੀ ਨਹੀਂ ਆਏ। ਇਹ ਮੇਰੇ ਆਪਣੇ ਇਕੱਲੇ ਸਵਾਲ ਦੀ ਗੱਲ ਨਹੀਂ ਹੈ। ਸਰ, 100 ਦੇ ਲਗਭਗ ਮੈਂਬਰ ਸਾਹਿਬਾਨ ਹਨ, ਉਨ੍ਹਾਂ ਨੇ ਆਪਣੇ ਇਲਾਕੇ ਸਵਾਲ ਦੀ ਗੱਲ ਕਰਨੀ ਹੁੰਦੀ ਹੈ। ਉਨ੍ਹਾਂ ਸਵਾਲਾਂ ਦੇ ਜਵਾਬ ਅੱਜ ਤੱਕ ਨਹੀਂ ਮਿਲੇ। ਇੰਨੀ ਮਿਹਨਤ ਕਰਕੇ ਅਸੀਂ ਪ੍ਰਸ਼ਨ ਲਗਾਉਂਦੇ ਹਾਂ। ਜੇਕਰ ਇਸ ਲਿਸਟ ਵਿੱਚ ਨਾ ਲੱਗੇ ਤਾਂ ਘੱਟੋ-ਘੱਟ ਲਿਖਤੀ ਜਵਾਬ ਤਾਂ ਮਿਲ ਜਾਵੇ।

**ਮਾਨਯੋਗ ਸਪੀਕਰ :** ਇੱਕ ਮਿੰਟ ਜੀ। ਬ੍ਰਹਮ ਮਹਿੰਦਰਾ ਜੀ, ਇਸ ਮਸਲੇ ਨੂੰ ਸਾਡੀ ਕਮੇਟੀ ਵੀ ਦੇਖ ਰਹੀ ਹੈ ਕਿ ਸਰਕਾਰ ਵੱਲੋਂ ਲਿਖਤੀ ਜਵਾਬ ਕਿਉਂ ਨਹੀਂ ਆਉਂਦੇ? ਮੈਂ ਤੁਹਾਨੂੰ ਵੀ ਰਿਕੁਐਸਟ ਕਰਦਾ ਹਾਂ ਕਿ ਤੁਸੀਂ ਵੀ ਐਨਸ਼ਿਉਰ ਕਰੋ ਕਿ ਵਜ਼ੀਰ ਸਾਹਿਬਾਨ ਵੱਲੋਂ ਲਿਖਤੀ ਜਵਾਬ ਆਉਣੇ ਚਾਹੀਦੇ ਹਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਰ, ਮੈਂ ਇਸ ਗੱਲ ਦੀ ਨਾਜ਼ੁਕਤਾ ਨੂੰ ਦੇਖਦੇ ਹੋਏ ਚੀਫ ਮਨਿਸਟਰ ਸਾਹਿਬ ਨੂੰ ਅਤੇ ਚੀਫ ਸੈਕਟਰੀ ਸਾਹਿਬ ਨੂੰ ਡੀ.ਓ. ਲੈਟਰ ਲਿਖੇ ਹਨ ਕਿ ਪ੍ਰਸ਼ਨਾਂ ਦੇ ਜਵਾਬ ਟਾਈਮ ਤੇ ਆਉਣੇ ਚਾਹੀਦੇ ਹਨ, ਇਹ ਜਲਦੀ ਹੀ ਠੀਕ ਹੋ ਜਾਵੇਗਾ।

**ਮਾਨਯੋਗ ਸਪੀਕਰ :** ਇਸ ਨੂੰ ਐਨਸ਼ਿਉਰ ਕਰੋ।

**ਸੰਸਦੀ ਮਾਮਲੇ ਮੰਤਰੀ :** ਮੈਂ ਹਾਊਸ ਨੂੰ ਅਤੇ ਤੁਹਾਨੂੰ ਐਨਸ਼ਿਉਰ ਕਰਦਾ ਹਾਂ ਕਿ ਇਹ ਜਲਦੀ ਹੋ ਜਾਵੇਗਾ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਢਿੱਲੋਂ ਜੀ, ਤੁਹਾਡਾ ਕੀ ਰਹਿ ਗਿਆ ਹੈ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਰੋਡ ਹੈ, ਇਸ ਦੀ ਤੁਸੀਂ ਆਪ ਵੀ ਹਾਲਤ ਦੇਖੋ, ਇਸ ਦੀ ਇੰਨੀ ਜ਼ਿਆਦਾ ਮਾੜੀ ਹਾਲਤ ਹੋ ਚੁੱਕੀ ਹੈ, ਕਿਉਂਕਿ ਜਿਸ ਵੇਲੇ ਪੁਲ ਬਣਿਆ ਸੀ, ਉਸ ਤੋਂ ਪਹਿਲਾਂ ਟ੍ਰੈਫਿਕ ਬਹੁਤ ਥੋੜ੍ਹਾ ਸੀ। ਪੁਲ ਬਣਨ ਕਰਕੇ ਨਵਾਂਸ਼ਹਿਰ, ਲੁਧਿਆਣਾ ਅਤੇ ਹੁਸ਼ਿਆਰਪੁਰ ਦਾ ਟ੍ਰੈਫਿਕ ਬਹੁਤ ਜ਼ਿਆਦਾ ਵਧ ਗਿਆ ਹੈ। ਜੇਕਰ ਤੁਸੀਂ ਨਵਾਂਸ਼ਹਿਰ ਵਾਲੇ ਪਾਸੇ ਦਾ ਟੈਂਡਰ ਲਗਾਇਆ ਹੈ, ਲੁਧਿਆਣਾ ਦਾ ਟੈਂਡਰ ਅਲੱਗ ਲੱਗਣਾ ਹੈ, ਚਾਹੇ ਲੇਟ ਕਰ ਦਿਉ ਪਰ ਕਮ-ਜ਼-ਕਮ ਟੈਂਡਰ ਤਾਂ ਲਗਾ ਦਿਉ।

ਦੂਜੀ ਗੱਲ ਇਹ ਹੈ ਕਿ ਜਿਹੜੀ ਲੁਧਿਆਣਾ ਦੀ ਚੂੰਗੀ ਹੈ, ਉਸ ਦੇ ਨਾਲ ਤਕਰੀਬਨ ਇੱਕ ਕਿਲੋਮੀਟਰ ਦੇ ਵਿੱਚ ਸੀਵਰੇਜ ਪਾਇਆ ਸੀ। ਸੀਵਰੇਜ ਪਾਉਣ ਤੋਂ ਬਾਅਦ ਉੱਥੇ ਪੱਥਰ ਪਾ ਦਿੱਤਾ ਹੈ। ਇਸ ਮੌਕੇ ਉੱਥੇ ਇੰਨੀ ਕੁ ਭੈੜੀ ਹਾਲਤ ਹੈ ਕਿ ਤੁਰ ਕੇ ਵੀ ਨਹੀਂ ਲੰਘਿਆ ਜਾਂਦਾ, ਕਮ-ਜ਼-ਕਮ ਉੱਥੇ ਲੁੱਕ ਤਾਂ ਪਵਾ ਦਿਉ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਿੱਥੇ ਇਨ੍ਹਾਂ ਨੇ ਕਿਹਾ ਹੈ ਕਿ ਸੀਵਰੇਜ ਪਿਆ ਸੀ, ਇੱਕ ਕਿਲੋਮੀਟਰ ਦਾ ਟੋਟਾ ਹੈ, ਸ਼ਹਿਰ ਦੇ ਅੰਦਰ ਦਾ ਹੈ, ਇਨ੍ਹਾਂ ਨੂੰ ਵੀ ਪਤਾ ਹੈ ਕਿ ਜਦੋਂ ਠੰਡ ਹੁੰਦੀ ਹੈ, ਨਵੰਬਰ, ਦਸੰਬਰ, ਜਨਵਰੀ ਅਤੇ ਫਰਵਰੀ ਦੌਰਾਨ ਕੋਈ ਵੀ ਲੁੱਕ ਦਾ ਪਲਾਂਟ ਨਹੀਂ ਚਲਦਾ। ਪਹਿਲੀ ਮਾਰਚ ਤੋਂ ਇਹ ਪਲਾਂਟ ਚੱਲਣਗੇ ਅਤੇ ਇਹ ਪਹਿਲਾਂ ਹੀ ਸਰਕਾਰੀ ਤਜਵੀਜ਼ ਵਿੱਚ ਹੈ ਕਿ ਉਹ ਇੱਕ ਕਿਲੋਮੀਟਰ ਦੇ ਪੈਚ ਦਾ ਬੁਰਾ ਹਾਲ ਹੈ, ਉੱਥੇ ਲੁੱਕ ਪਾਉਣ ਵਾਸਤੇ ਅਸੀਂ ਆਲਰੇਡੀ ਪ੍ਰੀਮਿਕਸ ਪਾਉਣ ਦੀ ਪ੍ਰਪੋਜ਼ਲ ਬਣਾਈ ਹੋਈ ਹੈ।

**ਮਾਨਯੋਗ ਸਪੀਕਰ :** ਉਸ ਨੂੰ ਪਹਿਲ ਦੇ ਆਧਾਰ ਤੇ ਕਰਨਗੇ।

-------------

## ਜ਼ਿਲ੍ਹਾ ਸੰਗਰੂਰ ਦੇ ਪਿੰਡਾਂ ਛਾਜਲੀ ਅਤੇ ਮਹਿਲਾਂ ਨੂੰ ਨੋਟੀਫਾਈਡ ਏਰੀਆ ਕਮੇਟੀ ਬਣਾਉਣਾ

***2046. ਸਰਦਾਰ ਹਰਪਾਲ ਸਿੰਘ ਚੀਮਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਛਾਜਲੀ ਅਤੇ ਪਿੰਡ ਮਹਿਲਾਂ (ਹਲਕਾ ਦਿੜ੍ਹਬਾ), ਜ਼ਿਲ੍ਹਾ ਸੰਗਰੂਰ ਨੂੰ ਨੋਟੀਫਾਈਡ ਏਰੀਆ ਕਮੇਟੀ ਬਣਾਏ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** ਜੀ ਹਾਂ, ਪਿੰਡ ਛਾਜਲੀ ਅਤੇ ਮਹਿਲਾਂ (ਹਲਕਾ ਦਿੜ੍ਹਬਾ), ਜ਼ਿਲ੍ਹਾ ਸੰਗਰੂਰ ਨੂੰ ਨਗਰ ਪੰਚਾਇਤਾਂ ਬਣਾਏ ਜਾਣ ਦੀ ਤਜਵੀਜ਼ ਪ੍ਰਾਪਤ ਹੋਈ ਹੈ। ਇਹ ਤਜਵੀਜ਼ ਵਿਚਾਰ ਅਧੀਨ ਹੈ ਅਤੇ ਇਸ ਤੇ ਅੰਤਿਮ ਫੈਸਲਾ ਜਲਦੀ ਲਿਆ ਜਾਵੇਗਾ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਪਹਿਲਾਂ ਵੀ ਇਸ ਪ੍ਰਸ਼ਨ ਦਾ ਜਵਾਬ ਦਿੱਤਾ ਸੀ ਕਿ ਜਲਦੀ ਹੀ ਹੋ ਜਾਵੇਗਾ ਔਰ ਕਿਹਾ ਸੀ ਕਿ ਛੇ ਮਹੀਨੇ ਵਿੱਚ ਹੋ ਜਾਵੇਗਾ ਔਰ ਉਸ ਤੋਂ ਬਾਅਦ ਹੁਣ 7-8 ਮਹੀਨੇ ਲੰਘ ਚੁੱਕੇ ਹਨ ਜਿਸ ਕਾਰਨ ਹੁਣ ਦੁਬਾਰਾ ਸਵਾਲ ਲਗਾਉਣਾ ਪੈ ਗਿਆ ਹੈ ਅਤੇ ਅਜੇ ਤੱਕ ਵੀ ਉਹੀ ਆਸ਼ਵਾਸਨ ਹੈ ਕਿ ਜਲਦੀ ਹੋ ਜਾਵੇਗਾ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਜਲਦੀ ਹੋ ਜਾਵੇਗਾ, ਦੋ ਮਹੀਨਿਆਂ ਵਿੱਚ, ਚਾਰ ਮਹੀਨਿਆਂ ਵਿੱਚ ਜਾਂ ਛੇ ਮਹੀਨਿਆਂ ਵਿੱਚ ਹੋ ਜਾਵੇਗਾ? ਕਿਉਂਕਿ ਇਨ੍ਹਾਂ ਦੇ ਜਿੰਨੇ ਵੀ ਅਫਸਰ ਸਾਹਿਬਾਨ ਹਨ, ਉਨ੍ਹਾਂ ਕੋਲ ਸਾਡੇ ਨੁਮਾਇੰਦੇ ਜਾਂਦੇ ਹਨ ਪ੍ਰੰਤੂ ਉਹ ਜਾਣ-ਬੁਝ ਕੇ ਵੜਨ ਨਹੀਂ ਦਿੰਦੇ । ਉਹ ਲਗਾਤਾਰ ਓਬਜੈਕਸ਼ਨ ਤੇ ਓਬਜੈਕਸ਼ਨ ਲਗਾਈ ਜਾਂਦੇ ਹਨ। ਬਹੁਤ ਸਾਰੇ ਨੁਮਾਇੰਦੇ ਸਿੱਧੂ ਸਾਹਿਬ ਦੇ ਦਫਤਰ ਲਗਭਗ 20-30 ਵਾਰੀ ਗਏ ਹੋਣਗੇ ਪ੍ਰੰਤੂ ਉਹ ਵਾਰ-ਵਾਰ ਉਹੀ ਓਬਜੈਕਸ਼ਨ ਰੇਜ਼ ਕਰਦੇ ਹਨ। ਇਸ ਲਈ ਮੈਂ ਸਿੱਧੂ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਟਾਈਮ ਜ਼ਰੂਰ ਦੱਸ ਦੇਣ ਕਿ ਕਿੰਨੇ ਸਮੇਂ ਵਿੱਚ ਬਣਵਾ ਦੇਣਗੇ?

**ਮਾਨਯੋਗ ਸਪੀਕਰ:** ਕੋਈ ਸਮਾਂ ਸੀਮਾ ਦੱਸ ਸਕਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਇਸ ਦਾ ਪ੍ਰੋਸੀਜਰ ਹੈ ਅਤੇ 80% ਪ੍ਰੋਸੀਜਰ ਪੂਰਾ ਖਤਮ ਕੀਤਾ ਹੋਇਆ ਹੈ। ਇਹ ਸਿਰਫ ਇਨ੍ਹਾਂ ਵੱਲੋਂ ਹੀ ਨਹੀਂ ਆਇਆ ਬਲਕਿ ਸਾਡੇ 78 ਐਮ.ਐਲ.ਏਜ਼ ਵੱਲੋਂ ਵੀ ਆਇਆ ਹੈ ਔਰ ਇਸ ਦੀ ਇਕਨਾਮਿਕ ਫਿਜ਼ੀਬਿਲਿਟੀ ਵੀ ਦੇਖਣੀ ਪੈਂਦੀ ਹੈ ਕਿ ਜੇ ਅਸੀਂ ਨਗਰ ਕੌਂਸਲ ਬਣਾਉਂਦੇ ਹਾਂ ਤਾਂ ਕੀ ਉਸ ਨੂੰ ਚਲਾਉਣ ਲਈ ਸਹੂਲਤਾਂ ਹਨ, ਪੈਸੇ ਹਨ? ਇਹ ਸਾਰੀਆਂ ਚੀਜ਼ਾਂ ਵਿਚਾਰ ਅਧੀਨ ਹਨ। ਮੈਂ ਇਨ੍ਹਾਂ ਨੂੰ ਪਾਜ਼ੇਟਿਵ ਐਸ਼ਿਉਰੈਂਸ ਦੇ ਰਿਹਾ ਹਾਂ, ਪਹਿਲੀ ਵਾਰੀ ਵੀ ਦਿੱਤੀ ਸੀ ਅਤੇ ਹੁਣ ਵੀ ਦੇ ਰਿਹਾ ਹਾਂ। ਇਹ ਮੇਰੇ ਨਾਲ ਆ ਕੇ ਸਲਾਹ ਕਰ ਲੈਣ। ਹੁਣ ਤਾਂ ਕੰਮ ਲਾਸਟ ਕਗਾਰ ਤੇ ਪਹੁੰਚਿਆ ਹੋਇਆ ਹੈ, ਇਸ ਤਰ੍ਹਾਂ ਕਦੇ ਨਹੀਂ ਹੋਇਆ ਹੈ ਕਿ ਇਨ੍ਹਾਂ ਨੇ ਮੈਨੂੰ ਫੋਨ ਕੀਤਾ ਹੋਵੇ ਔਰ ਮੈਂ ਇਨ੍ਹਾਂ ਨੂੰ ਜਵਾਬ ਨਾ ਦਿੱਤਾ ਹੋਵੇ ਜਾਂ ਇਨ੍ਹਾਂ ਨੂੰ ਮਿਲਣ ਤੋਂ ਇਨਕਾਰ ਕੀਤਾ ਹੋਵੇ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

--------------

## UNSTARRED QUESTIONS AND ANSWERS

### ਐਸ.ਏ.ਐਸ. ਨਗਰ ਪ੍ਰਸ਼ਾਸਨ ਵੱਲੋਂ ਬਣਾਈਆਂ ਜਨਤਕ ਪਾਰਕਿੰਗਜ਼ ਦਾ ਵੇਰਵਾ

**243. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਨਗੇ ਕਿ– (ੳ) ਕੀ ਐਸ.ਏ.ਐਸ. ਨਗਰ ਪ੍ਰਸ਼ਾਸਨ ਨੇ ਵਾਹਨ ਖੜ੍ਹੇ ਕਰਨ ਲਈ ਕੋਈ ਜਨਤਕ ਪਾਰਕਿੰਗਜ਼ ਬਣਾਈਆਂ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੈ ਤਾਂ ਕੀ ਇਹ ਜਨਤਕ ਪਾਰਕਿੰਗਜ਼ ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਮਕਾਨਾਂ/ ਘਰਾਂ ਦੇ ਵਸਨੀਕਾਂ ਦੀ ਨਿੱਜਤਾ/ ਅਜ਼ਾਦੀ ਨੂੰ ਸੁਰੱਖਿਅਤ ਰੱਖਦੇ ਹੋਏ ਬਣਾਈਆਂ ਗਈਆਂ ਹਨ ਅਤੇ ਇਨ੍ਹਾਂ ਪਾਰਕਿੰਗਜ਼ ਤੋਂ ਸਰਕਾਰ ਨੂੰ ਕਿੰਨਾ ਮਾਲੀਆ ਪ੍ਰਾਪਤ ਹੁੰਦਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਨਗਰ ਨਿਗਮ, ਐਸ.ਏ.ਐਸ. ਨਗਰ ਦੀ ਹਦੂਦ ਅੰਦਰ ਜੋ ਵੀ ਮਾਰਕੀਟਸ ਹਨ, ਉਨ੍ਹਾਂ ਲਈ ਜਨਤਕ ਪਾਰਕਿੰਗਾਂ ਬਣੀਆਂ ਹੋਈਆਂ ਹਨ, ਪ੍ਰੰਤੂ ਰਿਹਾਇਸ਼ੀ ਇਲਾਕਿਆਂ ਵਿੱਚ ਕੋਈ ਜਨਤਕ ਪਾਰਕਿੰਗ ਨਹੀਂ ਬਣੀ ਹੋਈ।

(ਅ) ਜੋ ਪਾਰਕਿੰਗਾਂ ਮਾਰਕੀਟਸ ਵਿੱਚ ਬਣੀਆਂ ਹੋਈਆਂ ਹਨ, ਉਹ ਮਾਰਕੀਟਸ ਵਿੱਚ ਆਉਣ ਵਾਲੇ ਵਿਅਕਤੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਬਣਾਈਆਂ ਹੋਈਆਂ ਹਨ। ਇਨ੍ਹਾਂ ਪਾਰਕਿੰਗਾਂ ਵਿੱਚ ਆਉਣ ਵਾਲੇ ਵਾਹਨਾਂ ਤੋਂ ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਕਿਸੇ ਵੀ ਪ੍ਰਕਾਰ ਦੀ ਫੀਸ ਨਹੀਂ ਵਸੂਲੀ ਜਾਂਦੀ, ਇਸ ਲਈ ਇਨ੍ਹਾਂ ਪਾਰਕਿੰਗਾਂ ਤੋਂ ਇਸ ਨਗਰ ਨਿਗਮ ਨੂੰ ਕੋਈ ਮਾਲੀਆ ਪ੍ਰਾਪਤ ਨਹੀਂ ਹੋ ਰਿਹਾ।

----------

## ਪੁੱਡਾ ਅਤੇ ਗਮਾਡਾ ਦੁਆਰਾ ਐਮ.ਆਈ.ਜੀ. ਮਕਾਨਾਂ ਵਿੱਚ ਨੀਡ ਬੇਸਡ ਚੇਂਜ ਲਈ ਪਾਲਿਸੀ ਬਣਾਉਣਾ

**244. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੁੱਡਾ ਅਤੇ ਗਮਾਡਾ ਦੁਆਰਾ ਐਮ.ਆਈ.ਜੀ. ਮਕਾਨਾਂ ਵਿੱਚ ਅਣ-ਅਧਿਕਾਰਤ ਉਸਾਰੀਆਂ ਨੂੰ ਨਿਯਮਤ ਕਰਨ ਲਈ ਕੋਈ ਨੀਡ ਬੇਸਡ ਪਾਲਿਸੀ ਬਣਾਈ ਗਈ ਹੈ?

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਕੀ ਜੋ ਅਲਾਟੀ ਮਕਾਨ ਦੀ ਵਰਤੋਂ ਨੀਡ ਬੇਸਡ ਪਾਲਿਸੀ ਅਨੁਸਾਰ ਨਹੀਂ ਕਰਦਾ ਤਾਂ ਉਸ ਨੂੰ ਜੁਰਮਾਨਾ ਜਾਂ ਸਜ਼ਾ ਕਰਨ ਦਾ ਕੋਈ ਉਪਬੰਧ ਹੈ, ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** (ੳ) ਹਾਂ ਜੀ।

(ਅ) ਜੇਕਰ ਅਲਾਟੀ ਪ੍ਰਵਾਨਿਤ ਨੀਡ ਬੇਸਡ ਪਾਲਿਸੀ ਦੀ ਪਾਲਣਾ ਨਹੀਂ ਕਰਦਾ ਤਾਂ ਮਿਲਖ ਦਫਤਰ, ਗਮਾਡਾ ਵਲੋਂ ਅਣ-ਅਧਿਕਾਰਤ ਉਸਾਰੀ ਦੇ ਸਨਮੁੱਖ ਪੰਜਾਬ ਰਿਜਨਲ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ, 1995 ਦੀ ਧਾਰਾ 45 ਦੇ ਅਧੀਨ ਮਕਾਨ ਦੀ ਅਲਾਟਮੈਂਟ ਰੱਦ ਕਰਦਿਆਂ ਹੋਇਆਂ ਧਾਰਾ-46 ਅਧੀਨ ਮਕਾਨ ਜ਼ਬਤ ਕਰਨ ਦਾ ਉਪਬੰਧ ਹੈ।

----------

## ਪਲਾਸਟਿਕ ਦੇ ਲਿਫਾਫੇ ਬੰਦ ਕਰਨ ਦੇ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨਾ

**245. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਬੰਦ ਕਰਨ ਲਈ ਸਰਕਾਰ ਕਾਨੂੰਨ ਬਣਾ ਚੁੱਕੀ ਹੈ; ਜੇਕਰ ਉੱਤਰ 'ਹਾਂ' ਵਿੱਚ ਹੈ ਤਾਂ ਸਰਕਾਰ ਇਸ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨ ਲਈ ਕੀ ਕਾਰਵਾਈ ਕਰ ਰਹੀ ਹੈ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ, ਪੰਜਾਬ ਸਰਕਾਰ ਵੱਲੋਂ ਪੰਜਾਬ ਪਲਾਸਟਿਕ ਕੈਰੀਬੈਗ (ਮੈਨੂਫੈਕਚਰ, ਯੂਸੇਜ਼ ਐਂਡ ਡਿਸਪੋਜ਼ਲ) ਕੰਟਰੋਲ ਐਕਟ, 2005 ਬਣਾਇਆ ਗਿਆ ਜਿਸ ਦੀ ਜੂਨ, 2016 ਵਿੱਚ ਸੋਧ ਕੀਤੀ ਗਈ ਹੈ। ਭਾਰਤ ਸਰਕਾਰ ਨੇ ਵੀ ਪਲਾਸਟਿਕ ਵੇਸਟ ਮੈਨੇਜਮੈਂਟ ਰੂਲਜ਼, 2016 ਬਣਾਏ ਹੋਏ ਹਨ।

ਕਾਨੂੰਨ ਅਨੁਸਾਰ, ਸਥਾਨਕ ਸਰਕਾਰ ਵਿਭਾਗ ਵੱਲੋਂ ਮਿਤੀ 18.02.2016

ਨੂੰ ਜਾਰੀ ਨੋਟੀਫਿਕੇਸ਼ਨ ਰਾਹੀਂ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਮਿਤੀ 29 ਮਾਰਚ, 2016 ਨੂੰ ਜਾਰੀ ਨੋਟੀਫਿਕੇਸ਼ਨ ਰਾਹੀਂ ਕ੍ਰਮਵਾਰ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਪਲਾਸਟਿਕ ਕੈਰੀਬੈਗ ਦੇ ਮੈਨੂਫੈਕਚਰ, ਸਟਾਕ, ਡਿਸਟ੍ਰੀਬਿਊਸ਼ਨ, ਰੀਸਾਈਕਲਿੰਗ, ਸੇਲ ਅਤੇ ਵਰਤੋਂ ਤੇ ਮਿਤੀ 1.4.2016 ਤੋਂ ਪੂਰਨ ਤੌਰ ਤੇ ਪਾਬੰਦੀ ਲਗਾ ਦਿੱਤੀ ਹੈ।

ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸਥਾਨਕ ਸਰਕਾਰ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦੁਆਰਾ ਆਯੋਜਿਤ ਕੀਤੇ ਗਏ ਅਚਨਚੇਤ ਛਾਪਿਆਂ ਦੌਰਾਨ ਅਣ-ਅਧਿਕਾਰਤ ਪਲਾਸਟਿਕ ਸਮੱਗਰੀ ਜ਼ਬਤ ਕੀਤੀ ਗਈ ਹੈ।

ਇਸ ਤੋਂ ਇਲਾਵਾ, ਪੀ.ਪੀ.ਸੀ.ਬੀ. ਵੱਲੋਂ ਸਥਾਨਕ ਸਰਕਾਰ ਵਿਭਾਗ ਦੇ ਸਬੰਧਤ ਅਧਿਕਾਰੀਆਂ ਅਤੇ ਪੁਲਿਸ ਨਾਲ ਤਾਲਮੇਲ ਕਰਕੇ ਛਾਪੇ ਮਾਰੇ ਗਏ ਅਤੇ ਸਾਲ 2018-19 ਵਿੱਚ 25625 ਕਿਲੋ ਅਣ-ਅਧਿਕਾਰਤ ਪਲਾਸਟਿਕ ਕੈਰੀ ਬੈਗਜ਼ ਜ਼ਬਤ ਕੀਤੇ ਗਏ।

----------

## ਪ੍ਰਾਈਵੇਟ ਕੰਪਨੀਆਂ ਵੱਲੋਂ ਕੀਤੇ ਨਿਵੇਸ਼ ਸਬੰਧੀ

**251. ਸ਼੍ਰੀ ਅਮਨ ਅਰੋੜਾ:** ਕੀ ਉਦਯੋਗ ਮੰਤਰੀ ਦੱਸਣਗੇ ਕਿ 16 ਮਾਰਚ, 2017 ਤੋਂ 31 ਦਸੰਬਰ, 2018 ਤੱਕ ਪੰਜਾਬ ਵਿੱਚ ਪ੍ਰਾਈਵੇਟ ਕੰਪਨੀਆਂ ਵੱਲੋਂ ਕਿੰਨਾ ਨਿਵੇਸ਼ ਕੀਤਾ ਗਿਆ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** 16 ਮਾਰਚ, 2017 ਤੋਂ 31 ਦਸੰਬਰ, 2018 ਤੱਕ ਪੰਜਾਬ ਵਿੱਚ ਪ੍ਰਾਈਵੇਟ ਕੰਪਨੀਆਂ ਵੱਲੋਂ 316 ਕੋਮਨ ਐਪਲੀਕੇਸ਼ਨ ਫਾਰਮ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪਰਮੋਸ਼ਨ ਵਿਭਾਗ ਵਿਖੇ ਪ੍ਰਾਪਤ ਹੋਏ ਹਨ ਜਿਨ੍ਹਾਂ ਦਾ ਕੁੱਲ ਪ੍ਰਸਤਾਵਿਤ ਨਿਵੇਸ਼ 34,973 ਕਰੋੜ ਰੁਪਏ ਹੈ ਅਤੇ 1,16,612 ਦਾ ਪ੍ਰਸਤਾਵਿਤ ਰੁਜ਼ਗਾਰ ਹੋਣ ਦੀ ਸੰਭਾਵਨਾ ਹੈ।

----------

## ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਸਟੈਨੋ-ਟਾਈਪਿਸਟਾਂ ਦੀ ਭਰਤੀ ਸਬੰਧੀ

**252. ਸ਼੍ਰੀ ਅਮਨ ਅਰੋੜਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

[ਸ਼੍ਰੀ ਅਮਨ ਅਰੋੜਾ]

(ੳ) ਕੀ ਇਹ ਠੀਕ ਹੈ ਕਿ ਸਾਲ 2016 ਵਿੱਚ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ: 4 ਆਫ 2016 ਰਾਹੀਂ ਸਟੈਨੋ ਟਾਈਪਿਸਟਾਂ ਦੀਆਂ 451 ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਗਿਆ ਸੀ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਅਸਾਮੀਆਂ ਸਬੰਧੀ ਅਕਤੂਬਰ ਅਤੇ ਨਵੰਬਰ, 2017 ਵਿੱਚ ਸਟੈਨੋਗ੍ਰਾਫੀ ਦਾ ਟੈਸਟ ਲਿਆ ਗਿਆ ਸੀ;

(ੲ) ਕੀ ਇਹ ਵੀ ਠੀਕ ਹੈ ਕਿ ਮਿਤੀ 6.9.2018 ਨੂੰ 619 ਸਫਲ ਉਮੀਦਵਾਰਾਂ ਦਾ ਨਤੀਜਾ ਐਲਾਨਿਆ ਗਿਆ ਸੀ;

(ਸ) ਕੀ ਇਹ ਵੀ ਠੀਕ ਹੈ ਕਿ ਅਕਤੂਬਰ, 2018 ਵਿੱਚ ਸਫਲ ਉਮੀਦਵਾਰਾਂ ਦੀ ਕਾਊਂਸਲਿੰਗ ਕੀਤੀ ਗਈ ਸੀ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਨੂੰ ਨਿਯੁਕਤੀ ਪੱਤਰ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ?

**ਕੈਪਟਨ ਅਮਰਿੰਦਰ ਸਿੰਘ:** (ੳ) ਜੀ ਹਾਂ।

(ਅ) ਜੀ ਹਾਂ।

(ੲ) ਜੀ ਹਾਂ।

(ਸ) ਜੀ ਹਾਂ। ਯੋਗ ਉਮੀਦਵਾਰਾਂ ਦੀ ਸੂਚੀ ਮਹੀਨਾ ਮਾਰਚ, 2019 ਵਿੱਚ ਬੋਰਡ ਦੀ ਵੈੱਬਸਾਈਟ ਤੇ ਅਪਲੋਡ ਕੀਤੇ ਜਾਣ ਦੀ ਆਸ ਹੈ ਜਿਸ ਤੋਂ ਬਾਅਦ ਸਬੰਧਿਤ ਵਿਭਾਗਾਂ ਵੱਲੋਂ ਕਾਰਜਵਿਧੀ/ ਨਿਯਮਾਂ ਮੁਤਾਬਿਕ ਕਾਰਵਾਈ ਕਰਦੇ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ।

----------

## ਪਠਾਨਕੋਟ ਦੇ 36 ਪਿੰਡਾਂ ਵਿੱਚ ਸੀਵਰੇਜ ਪਾਉਣ ਲਈ ਸਲਾਹਕਾਰ ਨਿਯੁਕਤ ਕਰਨਾ

**256. ਸ਼੍ਰੀ ਅਮਿਤ ਵਿਜ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਥਾਨਕ ਸਰਕਾਰ ਵਿਭਾਗ ਵਿੱਚ ਅਮਰੁਤ ਸਕੀਮ "ਸ਼ਾਹ ਸਲਾਹਕਾਰ" ਦੀ ਤਰ੍ਹਾਂ ਪਠਾਨਕੋਟ ਦੇ 36 ਪਿੰਡਾਂ ਵਿੱਚ ਸੀਵਰੇਜ ਲਾਈਨ ਸਹੀ ਢੰਗ ਨਾਲ ਵਿਛਾਉਣ ਲਈ ਸਲਾਹਕਾਰ ਕਦੋਂ ਤੱਕ ਨਿਯੁਕਤ ਕਰ ਦਿੱਤਾ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਇਸ ਸਬੰਧੀ ਕੋਈ ਤਜਵੀਜ਼ ਅਜੇ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

----------

## ਸਿਵਲ ਹਸਪਤਾਲ ਪਠਾਨਕੋਟ ਵਿੱਚ ਉਪਕਰਨਾਂ ਲਈ ਬਜਟ ਜਾਰੀ ਕਰਨਾ

**259. ਸ਼੍ਰੀ ਅਮਿਤ ਵਿਜ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਪਠਾਨਕੋਟ ਵਿੱਚ ਲੋੜੀਂਦੇ ਵੱਖ-ਵੱਖ ਉਪਕਰਨਾਂ ਲਈ ਬਜਟ ਕਦੋਂ ਤੱਕ ਜਾਰੀ ਕੀਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਸਿਵਲ ਹਸਪਤਾਲ, ਪਠਾਨਕੋਟ ਵਿਖੇ ਲੋੜੀਂਦੇ ਉਪਕਰਨਾਂ ਦੀ ਸੂਚੀ ਅਤੇ ਖਰੀਦ ਕੀਤੇ ਜਾਣ ਵਾਲੇ ਉਪਕਰਨਾਂ ਦੀ ਮੌਜੂਦਾ ਸਥਿਤੀ ਅਨੁਲੱਗ-'A' ਤੇ ਹੈ। ਇਹ ਉਪਕਰਨ ਖਰੀਦਣ ਲਈ ਬਜਟ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਵਿਖੇ ਉਪਲਬਧ ਹੈ।

**Annexure-'A'**

Detail of Equipments Required at DH Pathankot & Status of Procurement

| Sr. No. | Name of the item | Qty. Required | Remarks/ Timeline |
|---|---|---|---|
| 1. | Generator Set 250 KV | One Genset of 250 KV is required at Civil Hospital Pathankot | Order for one 125 KV generator has been placed for the main hospital and it will be installed by 10th March, 2019.<br>Award has also been issued for another 125 KV generator for MCH building. The Construction of the building being underway, it will be installed by 31-10-2019. |
| **Operation Theatre:** | | | |
| 2. | Laparo-scope (General Surgery) | 1 | Rate contract is finalized. The order has been placed and the equipment will be supplied within one month. |

| | | | |
|---|---|---|---|
| **SNCU** | | | |
| 3. | Radiant Warmers | 5 | Currently five are available. For five more tender will be invited & supplied within three months. |
| **Laboratory** | | | |
| 4. | Fully Automatic Analyser | 1 | Currently one fully Automatic Analyser & one CBC Counter are available as per norms. Howsoever, looking into the load of patients, one more fully Automatic Analyser CBC Counter will be purchased soon. |
| 5. | CBC Counter | 1 | |
| 6 | ETP/ STP | Effluent Treatment Plant and Sewage Treatment Plant is urgently required at Civil Hospital Pathankot. | Tender for ETP Plant at CH-Pathankot has been floated it will take around eight months to complete the process. |

-----------

## ਲੋੜਵੰਦ ਲੋਕਾਂ ਨੂੰ 5-5 ਮਰਲੇ ਦੇ ਪਲਾਟ ਦੇਣਾ

**263. ਡਾਕਟਰ ਸੁਖਵਿੰਦਰ ਕੁਮਾਰ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਾਂਗਰਸ ਪਾਰਟੀ ਵੱਲੋਂ ਚੋਣ ਮਨੋਰਥ ਪੱਤਰ, 2017 ਵਿੱਚ ਸੂਬੇ ਦੇ ਲੋੜਵੰਦ ਲੋਕਾਂ ਨੂੰ 5-5 ਮਰਲੇ ਦੇ ਪਲਾਟ ਦੇਣ ਦੇ ਵਾਅਦੇ ਮੁਤਾਬਕ ਵਿਧਾਨ ਸਭਾ ਹਲਕਾ ਬੰਗਾ ਦੇ ਕਿੰਨੇ ਲੋੜਵੰਦ ਲੋਕਾਂ ਨੂੰ 5-5 ਮਰਲੇ ਦੇ ਪਲਾਟ ਦੇ ਦਿੱਤੇ ਗਏ ਹਨ, ਵਿਸਥਾਰ ਸਹਿਤ ਵੇਰਵੇ ਦਿੱਤੇ ਜਾਣ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਵਿਧਾਨ ਸਭਾ ਹਲਕਾ ਬੰਗਾ ਵਿੱਚ 5 ਮਰਲਾ ਪਲਾਟ ਲੈਣ ਸਬੰਧੀ ਕੁੱਲ 2847 ਦਰਖਾਸਤਾਂ ਪ੍ਰਾਪਤ ਹੋਈਆਂ ਸਨ। ਪ੍ਰਾਪਤ ਦਰਖਾਸਤਾਂ ਵਿੱਚੋਂ 2058 ਦਰਖਾਸਤਾਂ ਦੀ ਲੋੜੀਂਦੀ ਪੜਤਾਲ ਕਰ ਲਈ ਗਈ ਸੀ। ਇਸੇ ਦੌਰਾਨ ਪਿਛਲੇ ਸਾਲ ਗਰਾਮ ਪੰਚਾਇਤਾਂ ਭੰਗ ਹੋ ਗਈਆਂ ਸਨ। ਹੁਣ ਨਵੀਆਂ ਗਰਾਮ ਪੰਚਾਇਤਾਂ ਹੋਂਦ ਵਿੱਚ ਆ ਗਈਆਂ ਹਨ ਅਤੇ ਬਾਕੀ ਰਹਿੰਦੀਆਂ 789 ਦਰਖਾਸਤਾਂ ਦੀ ਪੜਤਾਲ ਦਾ ਕੰਮ ਜਲਦ ਮੁਕੰਮਲ ਕਰ ਲਿਆ ਜਾਵੇਗਾ ਅਤੇ ਯੋਗ ਪਾਏ ਜਾਣ ਵਾਲੇ ਲਾਭਪਾਤਰੀਆਂ ਨੂੰ ਪਲਾਟ ਅਲਾਟ ਕਰ ਦਿੱਤੇ ਜਾਣਗੇ।

-----------

## ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮ ਪੂਰੇ ਕਰਨਾ

**265. ਡਾਕਟਰ ਸੁਖਵਿੰਦਰ ਕੁਮਾਰ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮ ਕੇਵਲ 40 ਫੀਸਦੀ ਹੀ ਹੋ ਸਕੇ ਹਨ ਅਤੇ ਬਾਕੀ ਅਧੂਰੇ ਪਏ ਹਨ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਨੂੰ ਅਧੂਰੇ ਰੱਖਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਕੰਮਾਂ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਹਾਂ ਜੀ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਰੂਰਲ ਮਿਸ਼ਨ ਸਕੀਮ ਲਈ 8822.78/- ਲੱਖ ਰੁਪਏ ਦੇ ਫੰਡ ਸੈਂਕਸ਼ਨ ਹੋਏ ਸਨ ਜਿਨ੍ਹਾਂ ਵਿੱਚੋਂ 7291.04/- ਲੱਖ ਰੁਪਏ ਦੀ ਰਾਸ਼ੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਵੱਲੋਂ Essentiality and Desirability ਸਰਟੀਫਿਕੇਟ ਦਿੰਦੇ ਹੋਏ ਕੇਵਲ 661.65/- ਲੱਖ ਰੁਪਏ ਦੇ ਫੰਡਾਂ ਦੀ ਹੋਰ ਮੰਗ ਕੀਤੀ ਗਈ ਸੀ। ਇਸ ਵਿੱਚੋਂ ਵੀ 326.92/- ਲੱਖ ਰੁਪਏ ਦੀ ਰਾਸ਼ੀ ਰਿਲੀਜ਼ ਕਰ ਦਿੱਤੀ ਗਈ ਸੀ। ਡਿਪਟੀ ਕਮਿਸ਼ਨਰ ਨੂੰ ਕਿਹਾ ਗਿਆ ਹੈ ਕਿ ਇਹ ਕੰਮ ਪਹਿਲ ਦੇ ਆਧਾਰ ਤੇ ਕਰਨ।

----------

## MATTERS RAISED DURING ZERO HOUR

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਕੱਲ੍ਹ ਇੱਕ ਰੈਜ਼ੋਲਿਊਸ਼ਨ ਬਾਰੇ ਕਿਹਾ ਸੀ।

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ, ਤੁਸੀਂ ਕਿਹੜੇ ਨੋਟਿਸ ਦੀ ਗੱਲ ਕਰਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਰ, ਅਸੀਂ ਪਹਿਲਾਂ ਇੱਕ ਰੈਜ਼ੋਲਿਊਸ਼ਨ ਮੂਵ ਕਰਨਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ:** ਕਿਸ ਦਾ ਰੈਜ਼ੋਲਿਊਸ਼ਨ ਮੂਵ ਕਰਨਾ ਚਾਹੁੰਦੇ ਹੋ ? (ਵਿਘਨ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਗੱਲ ਕਰ ਲੈਣ ਦਿਓ ਜੀ, ਗੱਲ ਕਰ ਲੈਣ ਦਿਓ।

**ਮਾਨਯੋਗ ਸਪੀਕਰ:** ਕਿਸ ਦਾ ਰੈਜ਼ੋਲਿਊਸ਼ਨ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਤੁਸੀਂ ਕੱਲ੍ਹ ਅਖਬਾਰ ਵਿੱਚ ਪੜ੍ਹਿਆ ਹੋਣਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ.......

**ਮਾਨਯੋਗ ਸਪੀਕਰ:** ਉਹ ਗੱਲ ਕੱਲ੍ਹ ਹੋ ਗਈ ਹੈ। ਕੱਲ੍ਹ ਗੱਲ ਹੋ ਲਈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਕੱਲ੍ਹ ਤਾਂ ਛੁੱਟੀ ਸੀ ਜੀ।

**ਮਾਨਯੋਗ ਸਪੀਕਰ:** ਨਹੀਂ, ਨਹੀਂ ਪਰਸੋਂ। ਕੱਲ੍ਹ ਤੋਂ ਮੇਰਾ ਭਾਵ ਹੈ ਕਿ ਪਰਸੋਂ ਗੱਲ ਹੋ ਚੁੱਕੀ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਉਹ ਗੱਲ ਹੋਰ ਹੈ ਅਤੇ ਇਹ ਗੱਲ ਹੋਰ ਹੈ।

**ਮਾਨਯੋਗ ਸਪੀਕਰ:** ਨਹੀਂ, ਨਹੀਂ, ਹੁਣ ਪਲੀਜ਼ ਹਾਊਸ ਨੂੰ ਡਿਸਰੱਪਟ ਨਾ ਕਰੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਇਸ ਦਾ ਉਸ ਗੱਲ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਹੈ।

**ਮਾਨਯੋਗ ਸਪੀਕਰ:** ਹਾਂ, ਦੱਸੋ ਫਿਰ, ਜੇ ਕੋਈ ਲੈਣਾ-ਦੇਣਾ ਨਹੀਂ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਉਨ੍ਹਾਂ ਨੇ ਬਿਆਨ ਦਿੱਤਾ ਹੈ ਜਿਸ ਵਿੱਚ ਉਨ੍ਹਾਂ ਨੇ ਹਿੰਦੁਸਤਾਨ ਨਾਲ ਹਮਦਰਦੀ ਕਰਨ ਦੀ ਬਜਾਏ ਉਲਟਾ ਹਿੰਦੁਸਤਾਨ ਨੂੰ

ਧਮਕੀ ਵੀ ਦਿੱਤੀ ਹੈ ਅਤੇ ਵੰਗਾਰਿਆ ਵੀ ਹੈ। ਦੂਸਰਾ ਉਨ੍ਹਾਂ ਨੇ ਇੱਕ ਬਹੁਤ ਹੀ ਬਚਪਨੇ ਵਾਲਾ ਬਿਆਨ ਦਿੱਤਾ ਹੈ ਕਿ ਹਿੰਦੁਸਤਾਨ ਪਰੂਫ ਦੇਵੇ, ਸਭ ਨੂੰ ਪਤਾ ਹੈ ਕਿ ਜਿਹੜੀ ਜੈਸ਼-ਏ-ਮੁਹੰਮਦ ਹੈ, ਜੈਸ਼-ਏ-ਮੁਹੰਮਦ ਖੁਦ ਕਹਿ ਰਹੀ ਹੈ ਕਿ ਅਸੀਂ ਇਹ ਕਾਰਾ ਕੀਤਾ ਹੈ ਅਤੇ ਉਨ੍ਹਾਂ ਦੇ ਸਾਰੇ ਆਗੂ ਤੇ ਸਰਗਨਾ ਪਾਕਿਸਤਾਨ ਦੀ ਧਰਤੀ ਤੇ ਬੈਠੇ ਹਨ। ਆਈ.ਐਸ.ਆਈ ਨੂੰ ਸਭ ਪਤਾ ਹੈ, ਉੱਥੋਂ ਦੀ ਸਰਕਾਰ ਨੂੰ ਪਤਾ ਹੈ ਕਿ ਕੀ ਕੰਮ ਕਰ ਰਹੇ ਹਨ?

**ਮਾਨਯੋਗ ਸਪੀਕਰ:** ਤੁਸੀਂ ਕਹਿਣਾ ਕੀ ਚਾਹੁੰਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਅਸੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਬਿਆਨ ਤੇ ਪਾਕਿਸਤਾਨ ਦੀ ਸਰਕਾਰ ਦੇ ਖਿਲਾਫ ਇੱਕ ਮਤਾ, ਇੱਕ ਰੈਜ਼ੋਲਿਊਸ਼ਨ ਹਾਊਸ ਵਿੱਚ ਲਿਆਉਣਾ ਚਾਹੁੰਦੇ ਹਾਂ।

**ਖੇਡਾਂ ਅਤੇ ਯੁਵਕ ਮਾਮਲੇ ਮੰਤਰੀ (ਬੈਠੇ-ਬੈਠੇ):** ਉਹ ਆਲਰੇਡੀ ਆ ਚੁੱਕਾ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਕਦੋਂ ਆਇਆ ਹੈ ਜੀ? ਪ੍ਰਧਾਨ ਮੰਤਰੀ ਦੇ ਬਿਆਨ ਦੇ ਸਬੰਧੀ ਕਦੋਂ ਆਇਆ ਹੈ ਜੀ? (ਵਿਘਨ) ਇਹ ਕਹਿ ਦੇਣ ਕਿ ਨਹੀਂ। ਸਪੀਕਰ ਸਾਹਿਬ, ਅਸੀਂ ਮੂਵ ਕਰ ਦਿੰਦੇ ਹਾਂ, ਭਾਵੇਂ ਤੁਸੀਂ ਰਿਜੈਕਟ ਕਰ ਦਿਓ। ਦੇਖੋ, ਸਾਰੇ ਮੁਲਕ ਨੇ, ਕੇਜਰੀਵਾਲ ਨੇ, ਸਾਰਿਆਂ ਨੇ ਉਸ ਗੱਲ ਦੀ ਹਮਾਇਤ ਕੀਤੀ ਹੈ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਖੇਡ ਤੇ ਯੁਵਕ ਮਾਮਲੇ ਮੰਤਰੀ, ਰਾਣਾ ਗੁਰਮੀਤ ਸਿੰਘ ਸੋਢੀ; ਸਹਿਕਾਰਤਾ ਮੰਤਰੀ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਜਲ ਸਰੋਤ ਮੰਤਰੀ, ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ਬਿਨਾਂ ਇਜਾਜ਼ਤ ਤੋਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼, ਬਾਕੀ ਬੈਠੋ, ਬਾਕੀ ਬੈਠੋ। ਢੀਂਡਸਾ ਸਾਹਿਬ, ਜਿਹੜਾ ਮਤਾ ਤੁਸੀਂ ਦੇ ਗਏ ਸੀ, ਉਹ ਅਜੇ ਅੰਡਰ ਕੰਸੀਡਰੇਸ਼ਨ ਹੈ, ਮੈਂ ਉਸ ਤੇ ਰੂਲਿੰਗ ਦਿਆਂਗਾ। (ਵਿਘਨ) ਮੈਂ ਉਸ ਤੇ ਰੂਲਿੰਗ ਦਿਆਂਗਾ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਨਹੀਂ, ਤੁਸੀਂ ਕਹਿ ਦਿਓ ਕਿ ਤੁਸੀਂ ਇਸ ਮਤੇ ਦੇ ਖਿਲਾਫ ਹੋ।

**ਮਾਨਯੋਗ ਸਪੀਕਰ:** ਮੈਂ ਇਸ ਤੇ ਰੂਲਿੰਗ ਦਿਆਂਗਾ। ਇਨ੍ਹਾਂ ਦੀ ਗੱਲ ਨਹੀਂ ਹੈ।

**ਖੇਡਾਂ ਅਤੇ ਯੁਵਕ ਮਾਮਲੇ ਮੰਤਰੀ (ਬੈਠੇ-ਬੈਠੇ):** ਮਤੇ ਦੇ ਖਿਲਾਫ ਨਹੀਂ ਹਨ, ਮਤਾ ਪੈ ਚੁੱਕਾ ਹੈ।

(ਇਸ ਸਮੇਂ ਸਹਿਕਾਰਤਾ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਮੈਂ ਰੂਲਿੰਗ ਦਿਆਂਗਾ, ਮੈਂ ਇਸ ਤੇ ਰੂਲਿੰਗ ਦਿਆਂਗਾ, ਰੰਧਾਵਾ ਜੀ, ਤੁਹਾਡਾ ਇਸ ਵਿੱਚ ਕੁਝ ਨਹੀਂ ਹੈ। (ਵਿਘਨ) ਮਤੇ ਦੇ ਖਿਲਾਫ ਵਾਲੀ ਗੱਲ ਨਹੀਂ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਮੈਂ ਉਨ੍ਹਾਂ ਦੇ ਬਿਆਨ (ਪਾਕਿਸਤਾਨ ਦੇ ਪ੍ਰਧਾਨ ਮੰਤਰੀ) ਖਿਲਾਫ ਮਤਾ ਲਿਆਉਣਾ ਹੈ ਜੀ।

**ਮਾਨਯੋਗ ਸਪੀਕਰ:** ਰੰਧਾਵਾ ਜੀ, ਕੀ ਕਹਿੰਦੇ ਹੋ, ਤੁਸੀਂ ਕੀ ਕਹਿਣਾ ਹੈ?

**ਸਹਿਕਾਰਤਾ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਕਾਂਗਰਸ ਦਾ ਇਤਿਹਾਸ ਹੈ, ਅੱਜ ਤੋਂ ਨਹੀਂ ਸੰਨ 1965 ਤੋਂ ਲੈ ਕੇ 1971 ਦੀ war ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਪਾਕਿਸਤਾਨ ਦੇ ਦੋ ਟੁਕੜੇ ਕਰ ਦਿੱਤੇ ਸੀ। (ਥੰਪਿੰਗ) ਔਰ ਅਸੀਂ ਹਮੇਸ਼ਾ ਹੀ ਪਾਕਿਸਤਾਨ ਦੇ ਖਿਲਾਫ ਹਾਂ, ਅਸੀਂ ਇਮਰਾਨ ਖਾਨ ਦੇ ਖਿਲਾਫ ਹਾਂ, ਔਰ ਮਤਾ ਨਹੀਂ ਪੈਣਾ ਚਾਹੀਦਾ ਹੈ, ਸਾਨੂੰ ਪ੍ਰਧਾਨ ਮੰਤਰੀ ਕੋਲ ਜਾ ਕੇ ਕਹਿਣਾ ਚਾਹੀਦਾ ਹੈ ਕਿ ਇੰਦਰਾ ਗਾਂਧੀ ਬਣੋ ਅਤੇ ਚਲੋ ਪਾਕਿਸਤਾਨ ਦੇ ਦੋ ਟੁਕੜੇ ਕਰੋ । (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਚਲੋ ਚੱਲੀਏ। ਆਓ, ਆਓ ਚੱਲੀਏ। (ਵਿਘਨ) ਮਤਾ ਨਹੀਂ, ਮਤੇ ਦੀ ਤਾਂ ਬਾਅਦ ਦੀ ਗੱਲ ਹੈ। ਚਲੋ, ਚੱਲੀਏ ਪ੍ਰਧਾਨ ਮੰਤਰੀ ਕੋਲ ਜਾ ਕੇ ਗੱਲ ਕਰੀਏ ਅਤੇ ਉੱਥੇ ਜਾ ਕੇ ਧਰਨਾ ਲਗਾਈਏ ਅਤੇ ਜੇ ਬਹੁਤੀ ਗੱਲ ਹੈ ਤਾਂ ਆਓ ਚੱਲੀਏ, ਸਿੱਧਾ ਚੱਲ ਕੇ ਡੇਰਾ ਬਾਬਾ ਨਾਨਕ ਹੀ ਖੜ੍ਹਦੇ ਹਾਂ।

**ਮਾਨਯੋਗ ਸਪੀਕਰ:** ਸਰਦਾਰ ਚਰਨਜੀਤ ਸਿੰਘ ਚੰਨੀ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਆਰਡਰ ਕਰ ਚੁੱਕੇ ਹੋ ਕਿ ਮੈਂ ਇਸ ਤੇ ਡਿਸੀਜ਼ਨ ਲਵਾਂਗਾ, ਫਿਰ ਮੈਂਬਰ ਸਾਹਿਬ ਨੂੰ ਇਸ ਤੇ ਸਟਰੈੱਸ ਨਹੀਂ ਕਰਨਾ ਚਾਹੀਦਾ। ਇੱਕ

ਪ੍ਰੋਸੀਜਰ ਹੁੰਦਾ ਹੈ, ਇੱਕ ਮਿੰਟ ਠਹਿਰੋ... (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਹਰ ਰੋਜ਼ ਕੋਈ ਨਾ ਕੋਈ ਮਤਾ ਲੈ ਕੇ ਖੜ੍ਹ ਜਾਣਾ, ਇਹ ਵਿਧਾਨ ਸਭਾ ਦਾ ਪ੍ਰੋਸੀਜਰ ਜਾਂ ਪ੍ਰਥਾ ਨਹੀਂ ਹੈ।

**ਮਾਨਯੋਗ ਸਪੀਕਰ:** ਮੈਂ ਇਸ ਤੇ ਰੂਲਿੰਗ ਦੇਵਾਂਗਾ, ਤੁਸੀਂ ਬੈਠੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਇਹ ਆਪਣੇ ਵੱਲੋਂ ਲਿਖ ਕੇ ਦੇਣ, ਜੋ ਕੁਝ ਵੀ ਇਹ ਪੇਸ਼ ਕਰਨਾ ਚਾਹੁੰਦੇ ਹਨ, ਉਹ ਇਹ ਲਿਖ ਕੇ ਦੇ ਦੇਣ।

**ਮਾਨਯੋਗ ਸਪੀਕਰ:** ਚੰਨੀ ਜੀ, ਬੈਠ ਜਾਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਪੀਕਰ ਸਾਹਿਬ, ਜਿਹੜੀ ਪਾਰਟੀ ਦੇ ਲੀਡਰ ਨੇ ਹਿੰਦੁਸਤਾਨ ਦਾ ਵਿਧਾਨ ਪਾੜਿਆ ਹੋਵੇ, ਉਸ ਪਾਰਟੀ ਨੂੰ ਗੱਲ ਕਰਨ ਦਾ ਹੱਕ ਕਿਉਂ ਹੈ? (ਥੰਪਿੰਗ)

**ਮਾਨਯੋਗ ਸਪੀਕਰ:** ਚੰਨੀ ਜੀ, ਬੈਠ ਜਾਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਹਿੰਦੁਸਤਾਨ ਦੇ ਵਿਧਾਨ ਨੂੰ ਲੀਰੋ-ਲੀਰ ਕੀਤਾ, ਵਿਧਾਨ ਨੂੰ ਪਾੜਿਆ। ਅੱਜ ਇਹ ਦੇਸ਼ ਪਿਆਰ ਦੀ ਗੱਲ ਕਹਿ ਰਹੇ ਹਨ, ਕੀ ਇਹ ਸਾਨੂੰ ਕਾਂਗਰਸ ਪਾਰਟੀ ਨੂੰ ਦੇਸ਼ ਭਗਤੀ ਸਿਖਾਉਣਗੇ? ਇਨ੍ਹਾਂ ਨੇ ਪਾਕਿਸਤਾਨ ਨਾਲ ਮਿਲ ਕੇ ਅੱਤਵਾਦ ਲਿਆਂਦਾ। ਪੰਜਾਬ ਦੇ 50 ਹਜ਼ਾਰ ਨੌਜਵਾਨ ਇਨ੍ਹਾਂ ਨੇ ਮਰਵਾਏ। ਇਹ ਕਿੱਥੋਂ ਦੇ ਰਾਖੇ ਹਨ?

**ਮਾਨਯੋਗ ਸਪੀਕਰ:** ਚੰਨੀ ਜੀ, ਤੁਸੀਂ ਬੈਠ ਜਾਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਪੀਕਰ ਸਾਹਿਬ, ਇਹ ਮਤਾ ਲਿਆਉਣ ਪਰ ਵਿਧਾਨ ਸਭਾ ਦੇ ਪ੍ਰੋਸੀਜਰ ਮੁਤਾਬਕ ਲਿਆਉਣ। ਇਹ ਲਿਖ ਕੇ ਦੇਣ। (ਵਿਘਨ)...(ਸ਼ੋਰ)

**ਮਾਨਯੋਗ ਸਪੀਕਰ:** ਹਾਂ ਜੀ, ਮੈਂ ਜ਼ਰਾ ਚੀਮਾ ਸਾਹਿਬ ਦੀ ਗੱਲ ਸੁਣ ਲਵਾਂ। (ਵਿਘਨ...ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਇਹ ਉੱਧਰੋਂ (ਪਾਕਿਸਤਾਨ ਤੋਂ) ਬੱਕਰਾ ਲੈ ਕੇ ਆਏ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਚੀਮਾ ਸਾਹਿਬ ਖੜ੍ਹੇ ਹਨ, ਜ਼ਰਾ ਉਨ੍ਹਾਂ ਦੀ ਗੱਲ ਸੁਣ ਲਓ। (ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਅਤੇ ਸਹਿਕਾਰਤਾ ਮੰਤਰੀ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ, ਮੈਂ ਇਸ ਤੇ ਰੂਲਿੰਗ ਦੇਵਾਂਗਾ। ਬੈਠੋ, ਬੈਠੋ। ਹਾਂ ਜੀ, ਰੰਧਾਵਾ ਜੀ।

**ਸਹਿਕਾਰਤਾ ਮੰਤਰੀ :** ਇਹ ਬੜੇ ਅਫਸੋਸ ਦੀ ਗੱਲ ਹੈ ਕਿ ਅਕਾਲੀ ਦਲ ਵਾਲੇ ਜਿਹੜੇ ਹਰ ਰੋਜ਼ ਅੱਤਵਾਦੀਆਂ ਦੇ ਭੋਗਾਂ ਤੇ ਜਾਂਦੇ ਰਹੇ ਸੀ ਅਤੇ ਅੱਤਵਾਦ ਦੇ ਸਮੇਂ ਵਿੱਚ ਜਿਹੜੇ ਵੱਖਵਾਦੀ ਸੀ, ਇਹ ਉਨ੍ਹਾਂ ਦੇ ਨਾਲ ਖਲ੍ਹੋ ਕੇ ਥਾਣੇ ਦਾ ਘਿਰਾਓ ਕਰਦੇ ਰਹੇ। ਅੱਜ ਉਹ ਚੀਚੀ ਨੂੰ ਖੂਨ ਲਾ ਸ਼ਹੀਦ ਬਣਨਾ ਚਾਹੁੰਦੇ ਹਨ। (ਵਿਘਨ)(ਸ਼ੋਰ) ਆਹ ਵੇਖੋ ਫੋਟੋ (ਇੱਕ ਫੋਟੋ ਲਹਿਰਾ ਕੇ ਦਿਖਾਉਂਦੇ ਹੋਏ) ਆਹ ਵੇਖੋ, ਇਹ ਸ਼੍ਰੀ ਅਜੀਤ ਡੋਵਾਲ, ਮਸੂਦ ਨੂੰ ਲੈ ਕੇ ਜਾ ਰਿਹਾ ਹੈ। ਜਿਹੜੇ ਰੌਲਾ ਪਾ ਰਹੇ ਹਨ, ਇਹ ਵੇਖੋ, ਇਹ ਡੋਵਾਲ ਦੀ ਫੋਟੋ ਹੈ, ਜਿਹੜਾ ਛੱਡ ਕੇ ਆਇਆ।

**ਮਾਨਯੋਗ ਸਪੀਕਰ:** ਚਲੋ, ਰੰਧਾਵਾ ਜੀ, ਤੁਹਾਡੀ ਗੱਲ ਹੋ ਗਈ।

**ਸਹਿਕਾਰਤਾ ਮੰਤਰੀ :** ਇਹ ਮੇਰੀ ਗੱਲ ਦਾ ਜਵਾਬ ਦੇਣ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਚੀਮਾ ਜੀ। (ਵਿਘਨ...ਸ਼ੋਰ)

**ਸਹਿਕਾਰਤਾ ਮੰਤਰੀ:** ਮੈਂ ਸਿੱਧੂ ਜੀ ਬਾਰੇ ਕਹਿੰਦਾ ਹਾਂ....(ਵਿਘਨ...ਸ਼ੋਰ)... ਉਹ ਤੁਹਾਡੇ ਨਾਲੋਂ ਵੱਧ ਦੇਸ਼ ਭਗਤ ਹਨ।

**ਸਹਿਕਾਰਤਾ ਮੰਤਰੀ:** ਸਪੀਕਰ ਸਾਹਿਬ, ਮੈਂ ਇਹ ਫੋਟੋ ** ** (ਫੋਟੋ ਲਹਿਰਾ ਕੇ ਦਿਖਾਉਂਦੇ ਹੋਏ) ਤੁਹਾਡੇ ਟੇਬਲ ਤੇ ਭੇਜਣੀ ਚਾਹੁੰਦਾ ਹਾਂ, ਇਸ ਤੇ ਵੀ ਡਿਸੀਜ਼ਨ ਦਿਓ।

**ਮਾਨਯੋਗ ਸਪੀਕਰ:** ਭੇਜ ਦਿਓ ਜੀ, ਭੇਜ ਦਿਓ।

---

**** Placed in the Revisor's Branch

**ਸਹਿਕਾਰਤਾ ਮੰਤਰੀ:** ਇਸ ਨੂੰ ਲੌਕ ਕਰੋ।

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਜੀ। (ਵਿਘਨ) ਚੀਮਾ ਜੀ ਖੜ੍ਹੇ ਹਨ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਜਿਹੜੇ ਪੰਜਾਬ ਦੇ ਕਿਸਾਨ ਹਨ, ਉਹ ਲਗਾਤਾਰ ਗੰਨੇ ਦੀ ਕਾਸ਼ਤ ਕਰਦੇ ਹਨ ਅਤੇ ਪ੍ਰਾਈਵੇਟ ਮਿੱਲਾਂ ਤੋਂ ਬੜੇ ਦੁਖੀ ਹਨ। ਧੂਰੀ ਦੇ ਵਿੱਚ ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੇ ਵਿੱਚ ਧਰਨੇ ਲੱਗੇ ਹੋਏ ਹਨ। ਜਿਹੜੀਆਂ ਪ੍ਰਾਈਵੇਟ ਗੰਨਾ ਮਿੱਲਾਂ ਹਨ, ਉਹ ਬਕਾਇਆ ਨਹੀਂ ਦੇ ਰਹੀਆਂ। ਧੂਰੀ ਦੀ ਖੰਡ ਮਿੱਲ ਵੱਲ ਕਿਸਾਨਾਂ ਦਾ ਲਗਭਗ 60 ਕਰੋੜ ਰੁਪਿਆ ਬਕਾਇਆ ਹੈ ਪਰ ਉਹ ਕਿਸਾਨਾਂ ਨੂੰ ਬਿਲਕੁਲ ਨਹੀਂ ਮਿਲ ਰਿਹਾ। ਨੈਸ਼ਨਲ ਹਾਈਵੇਅ ਲਗਾਤਾਰ ਰੁਕੀ ਹੋਈ ਹੈ, ਕਿਸਾਨਾਂ ਨੂੰ ਧਰਨਾ ਦਿੰਦਿਆਂ ਨੂੰ 2 ਦਿਨ ਹੋ ਗਏ ਹਨ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕਿਸਾਨਾਂ ਦਾ ਬਕਾਇਆ ਹੈ, ਉਹ ਕਦੋਂ ਤੱਕ ਦਿਵਾ ਦੇਣਗੇ? ਪੰਜਾਬ ਵਿੱਚ ਲਗਭਗ 700 ਕਰੋੜ ਰੁਪਏ ਦੇ ਕਰੀਬ ਬਕਾਇਆ ਹੈ............

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ:** ਜ਼ੀਰੋ ਆਵਰ ਹੈ, ਤੁਸੀਂ ਆਪਣੀ ਗੱਲ ਕਰ ਲਈ ਹੈ। ਤੁਸੀਂ ਗੱਲ ਕਰ ਲਈ ਹੈ।(ਵਿਘਨ)(ਸ਼ੋਰ) ਤੁਸੀਂ ਆਪਣੀ ਗੱਲ ਕਰ ਚੁੱਕੇ ਹੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਅਕਾਲੀ ਦਲ ਅਤੇ ਬੀ.ਜੇ.ਪੀ. ਕਿਸਾਨ ਵਿਰੋਧੀ ਪਾਰਟੀ ਹੈ, ਇਸ ਕਰਕੇ ਇਹ ਕਿਸਾਨਾਂ ਦੀ ਗੱਲ ਨਹੀਂ ਕਰਨ ਦਿੰਦੇ। (ਵਿਘਨ)

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਕਰ ਲਈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਗੰਨਾ ਕਾਸ਼ਤਕਾਰਾਂ ਦਾ 700 ਕਰੋੜ ਰੁਪਏ ਦੇ ਕਰੀਬ ਬਕਾਇਆ ਪ੍ਰਾਈਵੇਟ ਮਿੱਲਾਂ ਦੇ ਅਗੇਂਸਟ ਪਿਆ ਹੈ। ਕਿਰਪਾ ਕਰਕੇ ਮੰਤਰੀ ਸਾਹਿਬ ਇਹ ਰਿਲੀਜ਼ ਕਰਵਾ ਦੇਣ ਤਾਂ ਕਿ ਕਿਸਾਨਾਂ ਦਾ ਫਾਇਦਾ ਹੋ ਸਕੇ। ਸਪੀਕਰ ਸਾਹਿਬ, ਧੂਰੀ ਖੰਡ ਮਿੱਲ ਵੱਲ ਲਗਭਗ 60 ਕਰੋੜ ਰੁਪਿਆ ਬਕਾਇਆ ਪਿਆ ਹੈ। (ਵਿਘਨ)

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਇਹ ਪੰਜਾਬ ਦੇ ਕਿਸਾਨਾਂ ਦੇ ਵਿਰੋਧੀ ਹਨ, ਇਸ ਕਰਕੇ ਇਹ ਜ਼ੀਰੋ ਆਵਰ ਦੌਰਾਨ ਕਿਸਾਨਾਂ ਦਾ ਮਸਲਾ ਉਠਾਉਣ ਨਹੀਂ ਦੇ ਰਹੇ। ਇਹ ਕਿਸਾਨ ਵਿਰੋਧੀ ਹਨ, ਇਹ ਲਗਾਤਾਰ ਨਾਅਰੇਬਾਜ਼ੀ ਕਰਦੇ ਆ ਰਹੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਹਰਪਾਲ ਸਿੰਘ ਚੀਮਾ:** ਪਾਕਿਸਤਾਨ ਦੇ ਖਿਲਾਫ ਮਤਾ ਪੇਸ਼ ਹੋ ਗਿਆ ਅਤੇ ਪਾਸ ਵੀ ਹੋ ਗਿਆ। ਇਹ ਸਸਤੀ ਸ਼ੋਹਰਤ ਲੈਣ ਦੇ ਲਈ........

**ਮਾਨਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ। ਜ਼ੀਰੋ ਆਵਰ ਖਤਮ ਹੁੰਦਾ ਹੈ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। Call Attention Notices. (Interruptions)(Noices)

-------------------

## CALL ATTENTION NOTICES UNDER RULE 66

**(ਕ੍ਰਮ ਨੰ :12)**

**ਸਰਦਾਰ ਲਖਵੀਰ ਸਿੰਘ ਲੱਖਾ:** ਸਰ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ...(ਵਿਘਨ)(ਸ਼ੋਰ).....

**ਮਾਨਯੋਗ ਸਪੀਕਰ:** ਸਰਦਾਰ ਲਖਵੀਰ ਸਿੰਘ ਲੱਖਾ ਜੀ। ਧਿਆਨ ਦਿਵਾਊ ਮਤਾ ਪੇਸ਼ ਕਰੋ।

**ਸਰਦਾਰ ਲਖਵੀਰ ਸਿੰਘ ਲੱਖਾ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਪਾਇਲ (ਲੁਧਿਆਣਾ) ਖੇਤਰ ਵਿੱਚ ਅੱਗ ਬੁਝਾਊ ਪ੍ਰਣਾਲੀ ਉਪਲਬਧ ਨਹੀਂ ਹੈ। ਪਾਇਲ ਸ਼ਹਿਰ ਨੂੰ ਉਪ-ਮੰਡਲ ਦਾ ਦਰਜਾ ਦਿੱਤਾ ਗਿਆ ਹੈ ਪ੍ਰੰਤੂ ਇਸ ਖੇਤਰ

---

** Not recorded as ordered by the Chair.

ਵਿੱਚ ਕਿਸੇ ਅਣ-ਸੁਖਾਵੀਂ ਘਟਨਾ ਨੂੰ ਰੋਕਣ ਲਈ ਕੋਈ ਅੱਗ ਬੁਝਾਊ ਸਟੇਸ਼ਨ ਨਹੀਂ ਹੈ। ਇਸ ਖੇਤਰ ਦੇ ਲੋਕ ਡਰ ਅਤੇ ਬੇਚੈਨੀ ਵਿੱਚ ਰਹਿ ਰਹੇ ਹਨ ਅਤੇ ਇਸ ਮਾਮਲੇ ਤੇ ਉਨ੍ਹਾਂ ਵਿੱਚ ਭਾਰੀ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਕੀ ਪਾਇਲ ਹਲਕੇ ਵਿੱਚ ਫਾਇਰ-ਬ੍ਰਿਗੇਡ ਦਿਓਗੇ? (ਵਿਘਨ..ਸ਼ੋਰ)

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ):** ਮਾਨਯੋਗ ਸਪੀਕਰ ਸਾਹਿਬ, ਨੈਸ਼ਨਲ ਸਟੈਂਡਿੰਗ ਫਾਇਰ ਐਡਵਾਈਜ਼ਰੀ ਕੌਂਸਲ ਦੀਆਂ ਸਿਫਾਰਸ਼ਾਂ ਅਨੁਸਾਰ ਇੱਕ ਫਾਇਰ ਸਟੇਸ਼ਨ ਖੋਲ੍ਹਣ ਦੇ ਲਈ ਘੱਟ ਤੋਂ ਘੱਟ 50 ਹਜ਼ਾਰ ਆਬਾਦੀ ਚਾਹੀਦੀ ਹੈ ਅਤੇ 10 ਕਿਲੋਮੀਟਰ ਦਾ ਡਿਸਟੈਂਸ ਚਾਹੀਦਾ ਹੈ। ਇਨ੍ਹਾਂ ਦੀ ਆਬਾਦੀ 11 ਹਜ਼ਾਰ ਹੈ ਅਤੇ ਡਿਸਟੈਂਸ 8 ਕਿਲੋਮੀਟਰ ਹੈ। ਇਹ ਰੂਲ ਦੇ ਅਨੁਸਾਰ ਨਹੀਂ ਹੋ ਸਕਦਾ। ਸੋ, ਅਸੀਂ ਇਨ੍ਹਾਂ ਨੂੰ ਛੋਟਾ ਫਾਇਰ ਬ੍ਰਿਗੇਡ ਦੇ ਰਹੇ ਹਾਂ। ਇੱਕ 550/- ਕਰੋੜ ਰੁਪਏ ਦਾ ਹੋਰ ਪਰਪੋਜ਼ਲ ਤੈਅ ਕੀਤਾ ਹੈ। ਜਦੋਂ ਤੱਕ ਇਹ ਕੰਡੀਸ਼ਨਜ਼ ਪੂਰੀਆਂ ਨਹੀਂ ਹੁੰਦੀਆਂ, ਫਾਇਰ ਸਟੇਸ਼ਨ ਸਥਾਪਤ ਨਹੀਂ ਹੋ ਸਕਦਾ ਹੈ ਔਰ ਨਾ ਹੀ ਇਨ੍ਹਾਂ ਦੀ ਸ਼ਹਿਰੀ ਸੰਸਥਾ ਦੀ ਇਨਕਮ ਹੈ।(ਵਿਘਨ, ਸ਼ੋਰ) ਇਨਕਮ ਦੀ ਲਿਮਟ ਵੀ, ਡਿਸਟੈਂਸ ਵੀ ਅਤੇ ਆਬਾਦੀ ਵੀ 50 ਹਜ਼ਾਰ ਚਾਹੀਦੀ ਹੈ।

(ਇਸ ਸਮੇਂ ਡਾਕਟਰ ਸੁਖਵਿੰਦਰ ਕੁਮਾਰ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਬਾਕੀ ਸਾਰੇ ਮੈਂਬਰਜ਼ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।) (ਵਿਘਨ)(ਸ਼ੋਰ)

---

** Not recorded as ordered by the Chair.

**ਸਰਦਾਰ ਲਖਵੀਰ ਸਿੰਘ ਲੱਖਾ:** ਸਰ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਪਾਇਲ ਅੰਦਰ ਫਾਇਰ-ਬ੍ਰਿਗੇਡ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਸੀਜ਼ਨ ਦੇ ਦੌਰਾਨ ਬੜੀ ਮੁਸ਼ਕਲ ਆਉਂਦੀ ਹੈ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਲੱਖਾ ਜੀ, ਹੋ ਗਿਆ ਜੀ। ਅਗਲਾ ਧਿਆਨ ਦਿਵਾਊ ਮਤਾ ਡਾਕਟਰ ਸੁਖਵਿੰਦਰ ਕੁਮਾਰ ਜੀ ਦਾ ਹੈ। ਹਾਂ ਜੀ, ਬ੍ਰਹਮ ਮਹਿੰਦਰਾ ਜੀ।(ਵਿਘਨ, ਸ਼ੋਰ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਇਹ ਮੈਂਬਰ ਸਾਹਿਬ ਬੈਂਚਿਜ਼ ਤੇ ਬੈਠੇ ਹਨ, ਜਿੱਥੇ ਉਹ ਵਾਕਆਊਟ ਕਰ ਰਹੇ ਹਨ, ਇਹ ਵੀ ਵਾਕਆਊਟ ਕਰਨ। ਇਨ੍ਹਾਂ ਦਾ ਹੁਣ ਰਾਈਟ ਹੀ ਨਹੀਂ ਬਣਦਾ ਹੈ ਕਿ ਇਹ (ਡਾਕਟਰ ਸੁਖਵਿੰਦਰ ਕੁਮਾਰ ਵੱਲ ਇਸ਼ਾਰਾ) ਕਾਲ ਅਟੈਂਸ਼ਨ ਪੇਸ਼ ਕਰਨ ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਸਾਰਿਆਂ ਨੂੰ ਸਮਾਂ ਨਹੀਂ ਮਿਲਦਾ ਹੁੰਦਾ, ਜ਼ੀਰੋ ਆਵਰ ਵਿੱਚ ਸਾਰੇ ਨਹੀਂ ਬੋਲ ਸਕਦੇ। ਤੁਸੀਂ ਗਵਰਨਰ ਐਡਰੈੱਸ ਤੇ ਬੋਲ ਲੈਣਾ (ਵਿਘਨ, ਸ਼ੋਰ) ਗਵਰਨਰ ਐਡਰੈੱਸ ਤੇ ਬੋਲ ਲੈਣਾ (ਵਿਘਨ, ਸ਼ੋਰ) ਜ਼ੀਰੋ ਆਵਰ ਲਈ ਘੰਟਾ ਨਹੀਂ ਹੁੰਦਾ। (ਵਿਘਨ, ਸ਼ੋਰ) ਹਾਂ ਜੀ, ਡਾਕਟਰ ਸੁਖਵਿੰਦਰ ਕੁਮਾਰ ਜੀ।

--------------------

**(ਕ੍ਰਮ ਨੰ:15)**

**ਡਾਕਟਰ ਸੁਖਵਿੰਦਰ ਕੁਮਾਰ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ। (ਵਿਘਨ) (ਸ਼ੋਰ).....ਅਰਥਾਤ ਪੰਜਾਬ ਦੀ ਦਸ ਪ੍ਰਤੀਸ਼ਤ ਆਬਾਦੀ ਬਹਿਰਾਪਨ ਤੋਂ ਪੀੜਤ ਹੈ। ਇਨ੍ਹਾਂ ਵਿੱਚੋਂ ਇੱਕ ਫੀਸਦੀ ਉਹ ਲੋਕ ਹਨ ਜੋ ਗੰਭੀਰ ਬੋਲਾਪਨ ਤੋਂ ਪੀੜਤ ਹਨ। ਇਹ ਲੋਕ ਆਪਣੀ ਆਮ ਨਿਤਾਪ੍ਰਤੀ ਜ਼ਿੰਦਗੀ ਨੂੰ ਅੱਗੇ ਤੋਰਨ ਲਈ ਅਸਮਰਥ ਹਨ। ਇਨ੍ਹਾਂ ਵਿੱਚੋਂ ਕੁਝ ਲੋਕ ਗੂੰਗੇ ਅਤੇ ਬੋਲੇ ਹਨ.....(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਗਵਰਨਰ ਐਡਰੈੱਸ ਤੇ ਬੋਲ ਲੈਣਾ (ਵਿਘਨ, ਸ਼ੋਰ) ਜ਼ੀਰੋ ਆਵਰ ਦਾ ਘੰਟਾ ਨਹੀਂ ਹੁੰਦਾ। (ਵਿਘਨ, ਸ਼ੋਰ) ਹਾਂ ਜੀ, ਡਾਕਟਰ ਸੁਖਵਿੰਦਰ ਕੁਮਾਰ ਜੀ।

**ਡਾਕਟਰ ਸੁਖਵਿੰਦਰ ਕੁਮਾਰ:** ਜੇਕਰ ਸਰਕਾਰ ਚਾਹੇ ਤਾਂ ਇਨ੍ਹਾਂ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਇਆ ਜਾ ਸਕਦਾ ਹੈ। ਅੱਜ ਤੱਕ ਇਹ ਲੋਕ ਪੈਸੇ ਦੀ ਕਮੀ ਜਾਂ ਸਰਕਾਰ ਦੀ ਅਣਦੇਖੀ ਕਾਰਨ ਇਸ ਸੰਤਾਪ ਨੂੰ ਭੋਗ ਰਹੇ ਹਨ। ਇਨ੍ਹਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ। ਕੀ ਅੱਜ 15ਵੀਂ ਵਿਧਾਨ ਸਭਾ ਇਹ ਕਹਿ ਸਕਦੀ ਹੈ ਕਿ ਹੁਣ ''ਪੰਜਾਬ ਅੰਦਰ ਬਹਿਰਾਪਨ ਔਰ ਨਹੀਂ''।

ਇਸ ਲਈ ਸਾਨੂੰ ਕੁਝ ਕਦਮ ਚੁੱਕਣੇ ਪੈਣਗੇ। ਕੀ ਸਰਕਾਰ ਦੀ ਅੰਗਹੀਣਤਾ ਨੂੰ ਰੋਕਣ ਦੀ ਕੁਝ ਚਾਹਤ ਹੈ? ਜੇਕਰ ਹੈ; ਤਾਂ ਸਰਕਾਰ ਇਨ੍ਹਾਂ ਲੋਕਾਂ ਦੀ ਭਲਾਈ ਲਈ ਕੀ ਸੋਚ ਰਹੀ ਹੈ?

ਇਸ ਲੋਕ ਹਿੱਤ ਦੇ ਮਸਲੇ ਤੇ ਗੰਭੀਰਤਾ ਨਾਲ ਤੁਰੰਤ ਸੋਚਣ ਦੀ ਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਇਸ ਬਿਮਾਰੀ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੀਤੀ ਕਾਰਵਾਈ ਦੇ ਵੇਰਵੇ ਸਦਨ ਨੂੰ ਦੱਸੇ ਜਾਣ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

-----------

## WALK-OUT

(ਇਸ ਸਮੇਂ ਡਾਕਟਰ ਸੁਖਵਿੰਦਰ ਕੁਮਾਰ, ਐਮ.ਐਲ.ਏ. ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਾਕੀ ਮੈਂਬਰਜ਼ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਅਖਬਾਰ ਵਿੱਚ ਆਏ ਬਿਆਨ ਤੇ ਪਾਕਿਸਤਾਨ ਦੀ ਸਰਕਾਰ ਦੇ ਖਿਲਾਫ ਉਨ੍ਹਾਂ ਵੱਲੋਂ ਮਤਾ ਪੇਸ਼ ਕਰਨ ਦੀ ਇਜਾਜ਼ਤ ਨਾ ਮਿਲਣ ਦੇ ਵਿਰੋਧ ਵਜੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

-----------

** Not recorded as ordered by the Chair.

## CALL ATTENTION NOTICES UNDER RULE 66
*(Resumption)*

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸਿਹਤ ਅਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਭਾਰਤ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੇ ਸਾਲ 2011 ਦੀ ਮਰਦਮ-ਸ਼ੁਮਾਰੀ ਸਰਵੇਖਣ ਦੇ ਅਨੁਸਾਰ ਪੰਜਾਬ ਵਿੱਚ 1,46,696.48 ਲੋਕ ਘੱਟ ਸੁਣਨ ਸ਼ਕਤੀ ਦੀ ਸਮੱਸਿਆ ਨਾਲ ਪੀੜਤ ਹਨ ਨਾ ਕਿ ਧਿਆਨ ਦਿਵਾਊ ਨੋਟਿਸ ਵਿੱਚ ਦਰਸਾਏ ਮੁਤਾਬਕ ਕਿ ਦਸ ਪਰਸੈਂਟ ਲੋਕ ਘੱਟ ਸੁਣਨ ਸ਼ਕਤੀ ਤੋਂ ਪੀੜਤ ਹਨ। ਪੰਜਾਬ ਸਰਕਾਰ ਘੱਟ ਸੁਣਨ ਸ਼ਕਤੀ ਅਤੇ ਗੂੰਗਾਪਣ ਦੀ ਰੋਕਥਾਮ ਲਈ ਵਚਨਬੱਧ ਹੈ ਅਤੇ ਘੱਟ ਸੁਣਨ ਸ਼ਕਤੀ ਅਤੇ ਗੂੰਗਾਪਣ ਨਾਲ ਪੀੜਤ ਲੋਕਾਂ ਦੀ ਜਾਂਚ ਕਰਕੇ ਉਚੇਰਾ ਇਲਾਜ ਮੁਹੱਈਆ ਕਰ ਰਹੀ ਹੈ। ਸਰਕਾਰੀ ਹਸਪਤਾਲਾਂ ਵਿੱਚ ਸਾਰੇ ਨਵੇਂ ਜੰਮੇ ਬੱਚਿਆਂ ਨੂੰ ਜਨਮ ਸਮੇਂ ਬੋਲਾਪਨ ਲਈ ਜਾਂਚਿਆ ਜਾਂਦਾ ਹੈ, ਜੇਕਰ ਕਿਸੇ ਵੀ ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਵਿੱਚ ਕੋਈ ਘਾਟ ਪਾਈ ਜਾਂਦੀ ਹੈ ਤਾਂ ਬੱਚੇ ਨੂੰ ਈ.ਐਨ.ਟੀ. ਮਾਹਿਰ ਡਾਕਟਰ ਕੋਲ ਇਲਾਜ ਲਈ ਭੇਜਿਆ ਜਾਂਦਾ ਹੈ ਅਤੇ ਜੇਕਰ ਬੋਲਾਪਣ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਬੱਚੇ ਨੂੰ ਬਹਿਰਾ ਟੈਸਟ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਖੇ ਭੇਜਿਆ ਜਾਂਦਾ ਹੈ ਜਿੱਥੇ ਬੋਲੇਪਨ ਦਾ ਪੱਧਰ ਨਿਰਧਾਰਤ ਹੁੰਦਾ ਹੈ ਅਤੇ ਸੁਣਨ ਸ਼ਕਤੀ ਵਧਾਉਣ ਲਈ ਹੀਅਰਿੰਗ ਏਡਜ਼ ਜਾਂ ਇੰਮਪੇਲਾਂਟਜ਼ ਦੇ ਰੂਪ ਵਿੱਚ ਲੋੜੀਂਦਾ ਇਲਾਜ ਮੁਹੱਈਆ ਕੀਤਾ ਜਾਂਦਾ ਹੈ। ਆਂਗਨਵਾੜੀ ਕੇਂਦਰਾਂ ਵਿੱਚ ਸਾਰੇ 0-6 ਸਾਲ ਦੇ ਬੱਚਿਆਂ ਦੀ ਹਰ ਛੇ ਮਹੀਨੇ ਬਾਅਦ ਹੋਰ ਬਿਮਾਰੀਆਂ ਦੇ ਨਾਲ-ਨਾਲ ਬੋਲਾਪਨ ਦੀ ਵੀ ਜਾਂਚ ਕੀਤੀ ਜਾਂਦੀ ਹੈ। ਜੇਕਰ ਕਿਸੇ ਬੱਚੇ ਵਿੱਚ ਕੋਈ ਸਮੱਸਿਆ ਪਾਈ ਜਾਵੇ ਤਾਂ ਬੱਚਿਆਂ ਨੂੰ ਈ.ਐਨ.ਟੀ. ਮਾਹਿਰ ਡਾਕਟਰ ਕੋਲ ਭੇਜਿਆ ਜਾਂਦਾ ਹੈ, ਜਿੱਥੇ ਉਸ ਨੂੰ ਜ਼ਰੂਰੀ ਇਲਾਜ ਮੁਫਤ ਵਿੱਚ ਮੁਹੱਈਆ ਕਰਵਾਇਆ ਜਾਂਦਾ ਹੈ। ਚਾਲੂ ਸਾਲ 2018-19 ਦੌਰਾਨ ਆਂਗਨਵਾੜੀ ਕੇਂਦਰਾਂ ਵਿੱਚ 44 ਬੱਚੇ ਬੋਲਾਪਨ ਦੀ ਸਮੱਸਿਆ ਵਿੱਚ ਪੀੜਤ ਪਾਏ ਗਏ। 41 ਬੱਚਿਆਂ ਦੇ ਇਲਾਜ ਲਈ ਹੀਅਰਿੰਗ ਏਡ ਲਗਾਏ ਗਏ ਹਨ ਅਤੇ ਤਿੰਨ ਬੱਚਿਆਂ ਦਾ ਇਲਾਜ ਪੀ.ਜੀ.ਆਈ. ਵਿਖੇ ਹੋਇਆ ਹੈ। ਜਿਹੜੇ ਬੱਚੇ ਸਰਕਾਰੀ ਮਾਨਤਾ ਪ੍ਰਾਪਤ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਹਨ, ਹੋਰ ਬਿਮਾਰੀਆਂ ਦੇ ਨਾਲ ਉਨ੍ਹਾਂ ਦੇ ਬੋਲੇਪਨ ਦੀ ਵੀ ਜਾਂਚ ਕੀਤੀ ਜਾਂਦੀ ਹੈ। ਬੱਚਿਆਂ ਵਿੱਚ ਬੋਲੇਪਨ

ਦਾ ਕੇਸ ਲੱਭਣ ਲਈ ਗਾਇਨੀਕੌਲੋਜਿਸਟ, ਬੱਚਿਆਂ ਦੇ ਮਾਹਿਰ ਡਾਕਟਰ ਅਤੇ ਸਕੂਲ ਹੈਲਥ ਟੀਮ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ। ਰਾਜ ਸਰਕਾਰ ਸਮੱਸਿਆ ਦੀ ਪਛਾਣ ਕਰਨ ਅਤੇ ਨਿਪਟਣ ਲਈ ਜ਼ਿਲ੍ਹਾ ਪੱਧਰ ਤੇ ਰੂਪ ਨਗਰ, ਤਰਨਤਾਰਨ, ਲੁਧਿਆਣਾ, ਹੁਸ਼ਿਆਰਪੁਰ ਅਤੇ ਬਠਿੰਡਾ ਵਿਖੇ ਡਿਸਟ੍ਰਿਕਟ ਅਰਲੀ ਇੰਟਰਵੈਨਸ਼ਨ ਸੈਂਟਰ ਸਥਾਪਿਤ ਕਰੇਗੀ। ਇਨ੍ਹਾਂ ਪੰਜ ਜ਼ਿਲ੍ਹਿਆਂ ਵਿੱਚ ਆਡਿਓਲੋਜਿਸਟ (audiologist) ਦੀ ਭਰਤੀ ਪ੍ਰਕਿਰਿਆ ਅਧੀਨ ਹੈ ਅਤੇ ਨਿਯੁਕਤੀ ਪੱਤਰ ਮਿਤੀ 28-2-2019 ਤੱਕ ਜਾਰੀ ਕੀਤੇ ਜਾਣਗੇ। ਲੋੜੀਂਦੇ ਉਪਕਰਨਾਂ ਦੀ ਖਰੀਦ ਮਿਤੀ 31-3-2019 ਤੱਕ ਕਰ ਲਈ ਜਾਵੇਗੀ ਅਤੇ ਇਹ ਡਿਸਟ੍ਰਿਕਟ ਅਰਲੀ ਇੰਟਰਵੈਂਸ਼ਨ ਸੈਂਟਰ ਮਿਤੀ 31-3-2019 ਤੱਕ ਚਾਲੂ ਕਰ ਦਿੱਤੇ ਜਾਣਗੇ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੰਤਰੀ ਸਾਹਿਬ ਨੇ ਜੋ ਦੱਸਿਆ ਹੈ ਕਿ ਪੰਜਾਬ ਦੇ ਅੰਦਰ ਜਿਹੜੇ ਗੂੰਗੇ-ਬੋਲੇ ਬੱਚੇ ਹਨ ਜਾਂ ਡੈੱਫਨੈੱਸ ਹੈ, ਉਸ ਦਾ 10% ਘੱਟ-ਵੱਧ ਹੋ ਸਕਦੀ ਹੈ। ਸਰ, ਇਸ ਸਦਨ ਦੇ ਵਿੱਚ ਮਾਨਯੋਗ ਸੀ.ਐਮ. ਸਾਹਿਬ ਬੈਠੇ ਹਨ।ਮੈਂ ਉਨ੍ਹਾਂ ਦਾ ਧਿਆਨ ਵੀ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਮਨਾ ਰਹੇ ਹਾਂ....

**ਮਾਨਯੋਗ ਸਪੀਕਰ :** ਸਵਾਲ ਪੁੱਛੋ ਜੀ। ਇੰਨੀ ਲੰਮੀ ਚੌੜੀ ਭੂਮਿਕਾ ਨਾ ਬੰਨ੍ਹੋ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਜੇ ਭੂਮਿਕਾ ਨਹੀਂ ਬੰਨ੍ਹੀ ਜਾਏਗੀ ਤਾਂ ਉਨ੍ਹਾਂ ਨੂੰ ਸਮਝ ਨਹੀਂ ਆਉਣੀ।

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਸਮਝ ਆ ਜਾਣੀ ਹੈ। ਤੁਸੀਂ ਜੱਜਮੈਂਟ ਪਾਸ ਨਾ ਕਰੋ ਕਿ ਉਨ੍ਹਾਂ ਨੂੰ ਸਮਝ ਨਹੀਂ ਆਉਣੀ। Don't pass judgement.

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਇੱਕ ਮਿੰਟ ਮੇਰੀ ਗੱਲ ਸੁਣੋ। ਪੰਜਾਬ ਦੇ ਅੰਦਰ ਸਕਰੀਨਿੰਗ ਕਰਨ ਦੇ ਲਈ ਮਸ਼ੀਨਾਂ ਹੋਣੀਆਂ ਜ਼ਰੂਰੀ ਹਨ ਕਿਉਂਕਿ ਬੋਲੇਪਣ ਦੇ ਲਈ ਸਕਰੀਨਿੰਗ ਬਹੁਤ ਜ਼ਰੂਰੀ ਹੈ ਪ੍ਰੰਤੂ ਪੰਜਾਬ ਦੇ ਅੰਦਰ ਸਾਡੇ ਕੋਲ ਸਕਰੀਨਿੰਗ ਕਰਨ ਦੇ ਲਈ ਕੋਈ ਮਸ਼ੀਨ ਨਹੀਂ ਹੈ। ਇਸ ਦੇ ਲਈ Otoacoustic emissions test ਹੁੰਦਾ ਹੈ। ਬਹੁਤ ਸਾਰੇ ਸੂਬੇ ਇਹ ਕਰਦੇ ਹਨ ਪਰ ਪੰਜਾਬ ਦੇ ਵਿੱਚ ਇਹ ਮਸ਼ੀਨ ਸਾਡੇ ਕੋਲ ਨਹੀਂ ਹੈ। ਜਦੋਂ ਕਿ ਮੰਤਰੀ ਸਾਹਿਬ ਕਹਿ ਰਹੇ ਹਨ ਕਿ ਅਸੀਂ ਕਈ ਸੈਂਟਰਾਂ ਦੇ ਵਿੱਚ ਅਸੀਂ ਇਹ ਟੈੱਸਟ ਕਰਦੇ ਹਾਂ ਪ੍ਰੰਤੂ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਕੋਈ ਮਸ਼ੀਨ ਹੀ ਨਹੀਂ ਹੈ, Instrument ਹੀ ਨਹੀਂ ਹੈ ਤਾਂ ਇਹ ਟੈੱਸਟ ਕਿਵੇਂ ਹੁੰਦਾ ਹੈ? ਇਸ ਵਾਸਤੇ

[ਡਾਕਟਰ ਸੁਖਵਿੰਦਰ ਕੁਮਾਰ]

ਸਕਰੀਨਿੰਗ ਸਭ ਤੋਂ ਜ਼ਿਆਦਾ ਇੰਪਾਰਟੈਂਟ ਹੈ ਕਿਉਂਕਿ ਜੇ ਆਪਾਂ ਇਹ ਸਕਰੀਨਿੰਗ ਟੈੱਸਟ ਤਿੰਨ ਸਾਲ ਦੀ ਉਮਰ ਦੇ ਵਿੱਚ ਨਹੀਂ ਕਰਦੇ ਤਾਂ ਬੱਚੇ ਦਾ ਜ਼ਿੰਦਗੀ ਵਿੱਚ ਅੱਗੇ ਵਧਣਾ ਬਹੁਤ ਮੁਸ਼ਕਲ ਹੁੰਦਾ ਹੈ। ਸਪੀਕਰ ਸਾਹਿਬ, ਇੱਕ ਮਿੰਟ ਪਲੀਜ਼ ਮੇਰੀ ਗੱਲ ਸੁਣੋ, ਮੈਂ ਜਿਹੜੀ ਗੱਲ ਕਰ ਰਿਹਾ ਹਾਂ, ਮੈਨੂੰ ਥੋੜ੍ਹਾ ਸਮਾਂ ਦਿਓ। ਇਸ ਵਾਸਤੇ ਸਕਰੀਨਿੰਗ ਇੰਪਾਰਟੈਂਟ ਹੈ, ਮੈਂ ਇੱਥੇ ਸਦਨ ਨੂੰ ਉਦਾਹਰਨ ਵਜੋਂ ਹਿਰਨ ਦੇ ਬੱਚੇ ਬਾਰੇ ਇੱਕ ਗੱਲ ਸੁਣਾਉਣੀ ਚਾਹੁੰਦਾ ਹਾਂ ਕਿ ਜੇਕਰ ਹਿਰਨ ਦੇ ਦੋ ਬੱਚੇ ਜੰਮਦੇ ਲੈ ਲਈਏ, ਜੇਕਰ ਇੱਕ ਬੱਚੇ ਦੀਆਂ ਲੱਤਾਂ ਅਸੀਂ ਬੰਨ੍ਹ ਦੇਈਏ ਪ੍ਰੰਤੂ ਦੂਸਰੇ ਬੱਚੇ ਨੂੰ ਖੁੱਲ੍ਹਾ ਛੱਡ ਦੇਈਏ ਤਾਂ ਉਹ ਖੁੱਲ੍ਹਾ ਛੱਡਿਆ ਹੋਇਆ ਬੱਚਾ ਉਸੇ ਵੇਲੇ ਦੌੜੇਗਾ ਔਰ ਪਹਿਲਾ ਬੱਚਾ ਜਿਹੜਾ ਅਸੀਂ ਜੰਮਦੇ ਸਾਰ ਹੀ ਬੰਨ੍ਹ ਦਿੱਤਾ ਸੀ, ਜੇ ਅਸੀਂ ਉਸ ਦੀਆਂ ਲੱਤਾਂ ਖੋਲ੍ਹ ਵੀ ਦੇਈਏ ਤਾਂ ਜ਼ਿੰਦਗੀ ਵਿੱਚ ਉਹ ਕਦੇ ਵੀ ਦੌੜ ਨਹੀਂ ਸਕੇਗਾ ਤੇ ਨਾ ਹੀ ਤੁਰ ਸਕੇਗਾ। ਇਸੇ ਤਰ੍ਹਾਂ ਹੀ ਇਸ ਬਿਮਾਰੀ ਦੀ ਗੱਲ ਹੈ। ਅੱਜ ਬੜੀ ਹੈਰਾਨੀ ਦੀ ਗੱਲ ਹੈ ਕਿ ਦੁਨੀਆ ਵਿੱਚ ਕੋਈ ਵੀ ਐਮ.ਐਲ.ਏ., ਕੋਈ ਵੀ ਐਮ.ਪੀ. ਡੈਸਕ ਤੇ ਬੈਠ ਕੇ ਨਹੀਂ ਬਣ ਸਕਿਆ।

**ਮਾਨਯੋਗ ਸਪੀਕਰ:** ਤੁਸੀਂ ਭਾਸ਼ਣ ਨਾ ਕਰੋ। ਮੈਨੂੰ ਮਨਜ਼ੂਰ ਨਹੀਂ ਹੈ, ਭਾਸ਼ਣ ਮਨਜ਼ੂਰ ਨਹੀਂ ਜੀ। ਤੁਸੀਂ ਸਵਾਲ ਪੁੱਛੋ । ਜੇ ਪੁੱਛਣਾ ਹੈ ਤਾਂ ਪੁੱਛੋ, ਨਹੀਂ ਫਿਰ ਮੈਂ ਨੈਕਸਟ ਚੱਲਾਂਗਾ।

**ਡਾਕਟਰ ਸੁਖਵਿੰਦਰ ਕੁਮਾਰ:** ਸਰ, ਮੈਂ ਇਹ ਗੱਲ ਕਹਿਣੀ ਚਾਹਾਂਗਾ ਕਿ ਇਹ ਕੋਈ ਸਿਆਸਤ ਨਹੀਂ ਹੈ, ਦੇਸ਼ ਆਜ਼ਾਦ ਹੋਣ ਤੋਂ ਬਾਅਦ 70 ਸਾਲ ਦੇ ਵਿੱਚ ਹੋਰ ਪਾਰਟੀਆਂ ਵੀ ਆਈਆਂ, ਅਸੀਂ ਵੀ ਆਏ ਹਾਂ। ਇਨ੍ਹਾਂ 70 ਸਾਲਾਂ ਦੇ ਵਿੱਚ ਸਿਰਫ ਦੋ ਸਟੇਟਾਂ ਛੱਤੀਸਗੜ੍ਹ ਤੇ ਆਂਧਰਾ ਪ੍ਰਦੇਸ਼ ਹੀ ਹਨ ਜਿੱਥੇ ਕਿ Cochlear Implant ਟੈੱਸਟ ਫਰੀ ਹੁੰਦਾ ਹੈ। ਇਹ ਇਸ ਕਰਕੇ ਪਾਸੀਬਲ ਹੋ ਸਕਿਆ ਹੈ ਕਿਉਂਕਿ ਜਿਹੜੇ ਉੱਥੇ ਸੀ.ਐਮ. ਰਹੇ ਹਨ, ਉਹ ਖੁਦ ਡਾਕਟਰ ਸੀ। ਸਰ, ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪਹਿਲੇ ਨਾਨ-ਮੈਡੀਕੋ ਸੀ.ਐਮ. ਹੋਣਗੇ, ਜੇ ਆਪਾਂ ਇਹ ਟੈੱਸਟ ਸੂਬੇ ਦੇ ਵਿੱਚ ਫਰੀ ਕਰ ਦੇਈਏ। ਇਹ ਤਾਂ ਹੀ ਪਾਸੀਬਲ ਹੋਵੇਗਾ ਜੇ ਸਾਨੂੰ ਪਤਾ ਹੋਵੇਗਾ ਕਿ ਸਾਡੇ ਕਿੰਨੇ ਬੱਚੇ ਗੂੰਗੇ ਤੇ ਬੋਲੇ ਹਨ। ਇਸ ਲਈ ਇਹ ਇੱਕੋ-ਇੱਕ ਮਸ਼ੀਨ ਜ਼ਰੂਰੀ ਹੈ। ਇਹ Otoacoustic emissions test ਮਸ਼ੀਨ ਹੈ। ਮੈਨੂੰ ਮੰਤਰੀ ਜੀ ਦੱਸ ਦੇਣ, ਜੇਕਰ ਸਾਡੇ ਸੂਬੇ ਵਿੱਚ ਕਿਸੇ ਵੀ ਜ਼ਿਲ੍ਹੇ ਵਿੱਚ ਇਹ ਟੈੱਸਟ ਹੁੰਦਾ ਹੈ?

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ ਜੀ। ਸੈਂਸਿਜ਼ ਵਾਸਤੇ, ਗੂੰਗਿਆਂ ਵਾਸਤੇ, ਇਲਾਜ ਲਈ ਮਸ਼ੀਨ ਲਾਜ਼ਮੀ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਮਸ਼ੀਨ ਬਾਰੇ ਪਤਾ ਕਰ ਲਵਾਂਗਾ। ਮੈਂ ਤਾਂ ਡਾਕਟਰ ਨਹੀਂ ਹਾਂ। ਇਹ ਡਾਕਟਰ ਹਨ, ਇਨ੍ਹਾਂ ਨੂੰ ਜ਼ਿਆਦਾ ਪਤਾ ਹੈ ਪਰ ਜਿਹੜੀ ਚੀਜ਼ ਬਾਰੇ ਮੈਨੂੰ ਪਤਾ ਸੀ। ਮੈਂ ਐਕਸਪਲੇਨ ਕੀਤੀ ਹੈ, ਮੈਂ ਪਰਸੈਂਟੇਜ਼ ਬਾਰੇ ਐਕਸਪਲੇਨ ਕਰ ਦਿੱਤਾ ਹੈ। ਜਿੱਥੇ-ਜਿੱਥੇ ਇਲਾਜ ਹੋ ਰਹੇ ਹਨ, ਟੈੱਸਟ ਹੋ ਰਹੇ ਹਨ, ਉਹ ਐਕਸਪਲੇਨ ਕਰ ਦਿੱਤਾ ਹੈ। ਬਾਕੀ ਇਨ੍ਹਾਂ ਦੀ ਮਸ਼ੀਨ ਵਾਲੀ ਜੋ ਗੱਲ ਹੈ, ਮੈਂ ਇਸ ਬਾਰੇ ਚੈੱਕ ਕਰ ਲਵਾਂਗਾ। ਜੇਕਰ ਇਹੋ ਜਿਹੀ ਕੋਈ ਮਸ਼ੀਨ ਹੈ ਤਾਂ ਅਸੀਂ ਵੀ ਲੈ ਆਵਾਂਗੇ, ਉਸ ਵਿੱਚ ਸਾਨੂੰ ਕੀ ਇਤਰਾਜ਼ ਹੈ ਜੀ। (ਥੰਪਿੰਗ)

**ਮਾਨਯੋਗ ਸਪੀਕਰ :** ਡਾਕਟਰ ਸੁਖਵਿੰਦਰ ਕੁਮਾਰ ਜੀ, ਅਗਲੀ ਕਾਲ ਅਟੈਂਨਸ਼ਨ ਵੀ ਤੁਹਾਡੀ ਹੈ। ਅਗਲੀ ਪੁੱਛੋ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਪਹਿਲਾਂ ਇਹ ਤਾਂ ਕੰਪਲੀਟ ਕਰ ਲੈਣ ਦਿਓ।

**ਮਾਨਯੋਗ ਸਪੀਕਰ :** ਤੁਸੀਂ ਧਿਆਨ ਦਿਵਾਊ ਮਤੇ ਤੇ ਦੂਜਾ ਸਵਾਲ ਪੁੱਛ ਹੀ ਨਹੀਂ ਸਕਦੇ।

**ਡਾਕਟਰ ਸੁਖਵਿੰਦਰ ਕੁਮਾਰ :** ਇਸ ਵਿੱਚ ਕੋਈ ਸਿਆਸਤ ਦਾ ਮੁੱਦਾ ਨਹੀਂ ਹੈ।

**Mr. Speaker :** No, no. Law does not permit second question on Call Attention. ਹੋ ਨਹੀਂ ਸਕਦਾ। ਕਾਲ ਅਟੈਂਸ਼ਨ ਤੇ ਦੂਜਾ ਸਵਾਲ ਨਹੀਂ ਹੋ ਸਕਦਾ। Rule does not permit it.

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੈਨੂੰ ਗੱਲ ਤਾਂ ਪੂਰੀ ਕਰ ਲੈਣ ਦਿਓ।

**ਮਾਨਯੋਗ ਸਪੀਕਰ :** ਬੇਸ਼ੱਕ ਹੋਵੇ, Rule does not permit it.

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੈਨੂੰ ਮੰਤਰੀ ਜੀ ਟਾਈਮ ਦੇ ਦੇਣ, ਮੈਂ ਇਨ੍ਹਾਂ ਕੋਲ ਜਾ ਆਵਾਂਗਾ।

**ਮਾਨਯੋਗ ਸਪੀਕਰ :** ਹਾਂ, ਤੁਸੀਂ ਜਾ ਕੇ ਆਓ।

**ਡਾਕਟਰ ਸੁਖਵਿੰਦਰ ਕੁਮਾਰ :** ਮੈਨੂੰ ਇਹ ਟਾਈਮ ਦੇ ਦੇਣ, ਮੈਂ ਇਨ੍ਹਾਂ ਕੋਲ ਜਾ ਆਵਾਂਗਾ ਅਤੇ ਜਾ ਕੇ ਗੱਲ ਕਰ ਲਵਾਂਗਾ।

**ਮਾਨਯੋਗ ਸਪੀਕਰ :** ਹੈਲਥ ਮਨਿਸਟਰ ਸਾਹਿਬ, ਇਨ੍ਹਾਂ ਨੂੰ ਟਾਈਮ ਦੇ ਦਿਓ, ਇਨ੍ਹਾਂ ਦੀ ਗੱਲ ਸੁਣ ਲਵੋ। ਇਨ੍ਹਾਂ ਨੂੰ ਆਪਣੇ ਕੋਲ ਬੁਲਾ ਲਵੋ।

**ਮੰਤਰੀ :** ਸਪੀਕਰ ਸਾਹਿਬ, ਸੈਸ਼ਨ ਤੋਂ ਬਾਅਦ ਕਿਸੇ ਦਿਨ ਵੀ he is welcome. ਹਾਊਸ ਦਾ ਕੋਈ ਵੀ ਮੈਂਬਰ ਮੇਰੇ ਕੋਲ ਆਵੇ, ਵੈਲਕੰਮ ਹੈ ਜੀ।

**Mr. Speaker :** Thank you, thank you.

**ਮੰਤਰੀ :** ਸਾਰੇ ਮੇਰੇ ਕੋਲ ਆਉਂਦੇ ਹਨ, ਮੈਂ ਇਨ੍ਹਾਂ ਨੂੰ ਚਾਹ ਵੀ ਪਿਆਵਾਂਗਾ।

**Mr. Speaker :** Thank you. Next Call Attention Notices ji.

**ਮੰਤਰੀ :** ਸਪੀਕਰ ਸਾਹਿਬ, ਅਗਲੀਆਂ ਦੋ ਕਾਲ ਅਟੈਂਨਸ਼ਨਜ਼ ਸਿਮੀਲਰ ਨੇਚਰ ਦੀਆਂ ਹਨ, ਇਨ੍ਹਾਂ ਦਾ ਰਿਪਲਾਈ ਇਕੱਠਾ ਦੇ ਦਿੱਤਾ ਜਾਵੇਗਾ ਜੀ।

---------------

**(ਕ੍ਰਮ ਨੰ:16 ਅਤੇ 21)**

**ਡਾਕਟਰ ਸੁਖਵਿੰਦਰ ਕੁਮਾਰ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਪੰਜਾਬ ਰਾਜ ਵਿੱਚ ਇਸ ਸੀਜ਼ਨ ਦੌਰਾਨ (ਅਕਤੂਬਰ, 2018 ਤੋਂ ਹੁਣ ਤੱਕ) ਸਵਾਈਨ ਫਲੂ ਨਾਲ ਕਈ ਦਰਜਨ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਅਖਬਾਰਾਂ ਵਿੱਚ ਹਰ ਰੋਜ਼ ਇਨ੍ਹਾਂ ਭਿਆਨਕ ਮੌਤਾਂ ਦੀਆਂ ਖਬਰਾਂ ਆਉਂਦੀਆਂ ਹਨ, ਜਿਸ ਵਿੱਚ ਨੌਜਵਾਨ, ਬਜ਼ੁਰਗ, ਔਰਤਾਂ ਅਤੇ ਬੱਚਿਆਂ ਦੀਆਂ ਮੌਤਾਂ ਹੋ ਰਹੀਆਂ ਹਨ। ਇਸ ਕਾਰਨ ਰਾਜ ਦੇ ਲੋਕਾਂ ਵਿੱਚ ਦਹਿਸ਼ਤ, ਮਾਯੂਸੀ ਤੇ ਅਸੰਤੁਸ਼ਟਤਾ ਦਾ ਮਾਹੌਲ ਬਣਿਆ ਹੋਇਆ ਹੈ।

ਇਸ ਲੋਕ ਹਿੱਤ ਦੇ ਮਸਲੇ ਤੇ ਗੰਭੀਰਤਾ ਨਾਲ ਤੁਰੰਤ ਸੋਚਣ ਦੀ ਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਇਸ ਵਾਇਰਲ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਦੇ ਵੇਰਵੇ ਸਦਨ ਨੂੰ ਦੱਸੇ ਜਾਣ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**(ਕ੍ਰਮ ਨੰ:21)**

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਅਰਥਾਤ ਪੰਜਾਬ ਵਿੱਚ ਚੱਲ ਰਹੇ ਸਵਾਈਨ ਫਲੂ ਦੇ ਪ੍ਰਕੋਪ ਵੱਲ ਦਿਵਾਉਣਾ ਚਾਹੁੰਦਾ ਹਾਂ। ਹੁਣ ਤੱਕ 25 ਦੇ ਕਰੀਬ ਵਿਅਕਤੀ ਇਸ ਭਿਆਨਕ ਬਿਮਾਰੀ ਦੀ ਭੇਟ ਚੜ੍ਹ ਚੁੱਕੇ ਹਨ ਪ੍ਰੰਤੂ ਲਗਦਾ ਹੈ ਕਿ ਸਰਕਾਰ ਇਸ ਵਿਕਰਾਲ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਸਰਕਾਰੀ ਹਸਪਤਾਲਾਂ ਵਿੱਚ ਇਸ ਬਿਮਾਰੀ ਦੇ ਇਲਾਜ ਲਈ ਕੋਈ ਢੁੱਕਵਾਂ ਪ੍ਰਬੰਧ ਨਹੀਂ ਹੈ ਅਤੇ ਡਾਕਟਰਾਂ ਦਾ ਬੇਰੁਖੀ ਵਾਲਾ ਵਤੀਰਾ ਜਿੱਥੇ ਮਰੀਜ਼ਾਂ ਦੇ ਹੌਸਲੇ ਪਸਤ ਕਰ ਰਿਹਾ ਹੈ, ਉੱਥੇ ਇਨ੍ਹਾਂ ਮਰੀਜ਼ਾਂ ਦੇ ਵਾਰਸ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਹੋ ਰਹੇ ਹਨ।

ਅਜੇ ਕੁਝ ਦਿਨ ਪਹਿਲਾਂ ਹੀ ਬੋਹਾ ਖੇਤਰ ਦੇ ਪਿੰਡ ਮਲਕੋਂ, ਜ਼ਿਲ੍ਹਾ ਮਾਨਸਾ ਦੀ ਔਰਤ ਵੀ ਮਾਨਸਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਆਪਣਾ ਇਲਾਜ ਕਰਵਾ ਰਹੀ ਸੀ ਪ੍ਰੰਤੂ ਹਾਲਾਤ ਵਿਗੜਨ ਕਰਕੇ ਮੈਡੀਕਲ ਕਾਲਜ, ਫਰੀਦਕੋਟ ਰੈਫਰ ਕਰ ਦਿੱਤੀ ਗਈ ਸੀ, ਜਿੱਥੇ ਅਗਲੇ ਦਿਨ ਉਸ ਦੀ ਮੌਤ ਹੋ ਗਈ। ਇਸੇ ਤਰ੍ਹਾਂ ਪਿੰਡ ਧਨੇਰ, ਜ਼ਿਲ੍ਹਾ ਬਰਨਾਲਾ ਦੀ ਔਰਤ ਰਾਜਿੰਦਰਾ ਹਸਪਤਾਲ, ਪਟਿਆਲਾ ਵਿੱਚ ਇਲਾਜ ਕਰਵਾਉਂਦੀ-ਕਰਵਾਉਂਦੀ ਇਸ ਬਿਮਾਰੀ ਦੀ ਭੇਟ ਚੜ੍ਹ ਚੁੱਕੀ ਹੈ। ਮਾਨਸਾ ਦੇ ਪਿੰਡ ਸਹਾਰਨਾ ਦੇ ਇੱਕ 21 ਸਾਲਾ ਨੌਜਵਾਨ ਮਨਪ੍ਰੀਤ ਸਿੰਘ ਦੀ ਮੌਤ ਵੀ ਬੀਤੇ ਦਿਨੀਂ ਸਵਾਈਨ ਫਲੂ ਦੇ ਕਾਰਨ ਹੋ ਚੁੱਕੀ ਹੈ। ਇਸ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਿਕ ਮਿਤੀ 8 ਫਰਵਰੀ, 2018 ਤੱਕ ਕੋਈ ਵੀ ਸਿਹਤ ਵਿਭਾਗ ਦਾ ਅਧਿਕਾਰੀ ਇਨ੍ਹਾਂ ਦੇ ਘਰ ਨਹੀਂ ਗਿਆ। ਸਿਰਫ ਸਿਵਲ ਸਰਜਨ, ਮਾਨਸਾ ਦੇ ਧਿਆਨ ਵਿੱਚ ਲਿਆਉਣ ਉਪਰੰਤ ਹੀ ਸਿਹਤ ਵਿਭਾਗ ਦੀ ਟੀਮ ਨੇ ਪਰਿਵਾਰ ਤੱਕ ਪਹੁੰਚ ਕੀਤੀ।

ਉਪਰੋਕਤ ਤੋਂ ਸਾਫ ਜ਼ਾਹਿਰ ਹੈ ਕਿ ਸਰਕਾਰ ਡੇਂਗੂ ਦੇ ਕੇਸਾਂ ਦੀ ਤਰ੍ਹਾਂ ਸਵਾਈਨ ਫਲੂ ਨੂੰ ਰੋਕਣ ਲਈ ਗੈਰ-ਜ਼ਿੰਮੇਵਾਰਾਨਾ ਅਤੇ ਬੇਰੁਖੀ ਵਾਲਾ ਵਤੀਰਾ ਅਪਣਾ ਰਹੀ ਹੈ ਜੋ ਕਿ ਜਨਤਾ ਦੀ ਸਿਹਤ ਲਈ ਗੰਭੀਰ ਖਤਰਾ ਬਣਿਆ ਹੋਇਆ ਹੈ। ਦੂਜੇ ਪਾਸੇ ਪੀੜਤਾਂ ਦੇ ਪਰਿਵਾਰਾਂ ਦੀ ਹੁੰਦੀ ਲੁੱਟ-ਖਸੁੱਟ ਉਨ੍ਹਾਂ ਦੇ ਜ਼ਖਮਾਂ ਤੇ ਲੂਣ ਛਿੜਕਣ ਵਾਲੀ ਗੱਲ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਸਵਾਈਨ ਫਲੂ ਦੇ ਪੀੜਤ ਮਰੀਜ਼ਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ। ਸਵਾਈਨ ਫਲੂ ਨਾਲ ਪੀੜਤ ਵਿਅਕਤੀਆਂ ਦਾ ਮੁਫਤ ਇਲਾਜ ਕੀਤਾ ਜਾਵੇ ਅਤੇ

ਮੌਤ ਦੇ ਮੂੰਹ ਵਿੱਚ ਜਾ ਚੁੱਕੇ ਵਿਅਕਤੀਆਂ ਦੇ ਵਾਰਸਾਂ ਨੂੰ ਇਲਾਜ ਦੇ ਹੋਏ ਖਰਚੇ ਦੇ ਨਾਲ-ਨਾਲ 5 ਲੱਖ ਰੁਪਏ ਸਹਾਇਤਾ ਰਾਸ਼ੀ ਵੀ ਦਿੱਤੀ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਇਸ ਬਾਰੇ ਮੈਂ ਕੁਝ ਪੁੱਛਣਾ ਚਾਹੁੰਦਾ ਹਾਂ ....

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ ਉਨ੍ਹਾਂ ਦੀ ਹੈ। ਇਸ ਵਿੱਚ ਤੁਸੀਂ ਸਪਲੀਮੈਂਟਰੀ ਨਹੀਂ ਕਰ ਸਕਦੇ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਸਰਦਾਰ ਸਿਮਰਜੀਤ ਸਿੰਘ ਜੀ, ਇਸ ਤਰ੍ਹਾਂ ਹੋ ਨਹੀਂ ਸਕਦਾ ਲਾਅ ਪਰਮਿਟ ਨਹੀਂ ਕਰਦਾ। ਸਰਦਾਰ ਸਿਮਰਜੀਤ ਸਿੰਘ ਜੀ, ਰਹਿਣ ਦਿਓ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ ਤਾਂ ਉਨ੍ਹਾਂ ਦਾ ਲੱਗਿਆ ਹੈ ...(ਵਿਘਨ)...ਸਰਦਾਰ ਸਿਮਰਜੀਤ ਸਿੰਘ ਜੀ, ਕਾਲ ਅਟੈਂਸ਼ਨ ਉਨ੍ਹਾਂ ਦੀ ਹੈ ...(ਵਿਘਨ)... ਨਹੀਂ, ਤੁਸੀਂ ਇਸ ਵਿੱਚ ਸਪਲੀਮੈਂਟਰੀ ਨਾ ਕਰੋ। ਸ਼੍ਰੀ ਬ੍ਰਹਮ ਮਹਿੰਦਰਾ ਜੀ ....(ਵਿਘਨ)... ਮੰਤਰੀ ਜੀ, ਜਵਾਬ ਦਿਉ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮਹਿੰਦਰਾ):** ਸਪੀਕਰ ਸਾਹਿਬ, ਇਹ ਦੋ ਕਾਲ ਅਟੈਂਨਸ਼ਨ ਸਿਮੀਲਰ ਨੇਚਰ ਦੀਆਂ ਸੀ, ਇਨ੍ਹਾਂ ਨੂੰ ਇਕੱਠਾ ਕਰ ਦਿੱਤਾ ਹੈ ....(ਵਿਘਨ).....

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਓ, ਬੈਠ ਜਾਓ ਜੀ...(ਵਿਘਨ)..... ਸਰਦਾਰ ਸਿਮਰਜੀਤ ਸਿੰਘ ਜੀ, ਸੁਣ ਲਵੋ ਜ਼ਰਾ, ਤੁਸੀਂ ਰੂਲ ਸੁਣ ਲਵੋ। ਸਰਦਾਰ ਸਿਮਰਜੀਤ ਸਿੰਘ ਜੀ, ....(ਵਿਘਨ)... ਤੁਸੀਂ ਰੂਲ ਸੁਣ ਲਵੋ ....(ਵਿਘਨ)... ਨਹੀਂ, ਨਹੀਂ ....(ਵਿਘਨ)... ਨਹੀਂ, ਨਹੀਂ। ਤੁਹਾਡੀ ਆਪਣੀ ਕਾਲ ਅਟੈਂਨਸ਼ਨ ਲੱਗੀ ਹੈ ...(ਵਿਘਨ).. ਤੁਹਾਡੀ ਆਪਣੀ ਲੱਗੀ ਹੈ

**** Not recorded as ordered by the Chair.

...(ਵਿਘਨ)... ਨਹੀਂ ਜੀ, ਨਹੀਂ। ਰੂਲ 66(3) ਵਿੱਚ ਹੇਠ ਅਨੁਸਾਰ ਲਿਖਿਆ ਹੋਇਆ ਹੈ:

> "There shall be no debate on such statement at the time it is made but each member in whose name the notice stands in the list of business may, with the permission of the Speaker, ask a question."

So, only he can ask a question. ਮੰਤਰੀ ਜੀ, ਜਵਾਬ ਦਿਓ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। ਤੁਸੀਂ ਤਾਂ ਗੱਲਾਂ ਗੱਲਾਂ ਵਿੱਚ ਆਪਣੀ ਗੱਲ ਕਹਿ ਗਏ ਹੋ....(ਵਿਘਨ)...

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਨੂੰ ਤੁਹਾਡੀ ਗੱਲ ਸਮਝ ਨਹੀਂ ਲੱਗੀ,ਤੁਸੀਂ ਪੰਜਾਬੀ ਵਿੱਚ ਬੋਲ ਕੇ ਦੱਸੋ ਜੀ।

**ਮਾਨਯੋਗ ਸਪੀਕਰ :** ਤੁਹਾਨੂੰ ਸਮਝ ਸਾਰੀ ਹੈ। ਧਿਆਨ ਦਿਵਾਊ ਮਤੇ ਸਬੰਧੀ ਰੂਲ ਹੈ ਕਿ ਕਾਲ ਅਟੈਂਨਸ਼ਨ ਦੇਣ ਵਾਲਾ ਇਸ 'ਤੇ ਇੱਕ ਸਵਾਲ ਪੁੱਛ ਸਕਦਾ ਹੈ। ਇਸ ਤੇ ਕਿਸੇ ਕਿਸਮ ਦੀ ਬਹਿਸ ਜਾਂ ਹੋਰ ਸਵਾਲ ਨਹੀਂ ਹੋ ਸਕਦਾ। ਇਹ ਇਸ ਦੀ ਪੰਜਾਬੀ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਮੰਤਰੀ ਜੀ, ਜਵਾਬ ਦਿਓ ਜੀ।

**ਮੰਤਰੀ :** ਸਰ, ਦੋ ਕਾਲ ਅਟੈਂਨਸ਼ਨਾਂ ਹਨ। ਇਨ੍ਹਾਂ ਦਾ ਕਲੱਬ ਕੀਤਾ ਹੋਇਆ ਜਵਾਬ ਮੈਂ ਪੜ੍ਹ ਦਿੰਦਾ ਹਾਂ, ਇਹ ਥੋੜ੍ਹਾ ਜਿਹਾ ਲੰਬਾ ਹੈ ਕਿਉਂਕਿ ਕਾਲ ਅਟੈਂਨਸ਼ਨਾਂ ਦੋ ਹਨ।

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਸਵਾਈਨ ਫਲੂ ਨੂੰ Influenza H1N1 ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ। ਇਹ ਬਿਮਾਰੀ ਵਾਇਰਸ ਰਾਹੀਂ ਫੈਲਣ ਵਾਲੀ

---

**** Not recorded as ordered by the Chair.

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਬਿਮਾਰੀ ਹੈ ਜੋ ਕਿ ਹਵਾ ਰਾਹੀਂ ਇੱਕ ਮਨੁੱਖ ਤੋਂ ਦੂਜੇ ਮਨੁੱਖ ਤੱਕ ਫੈਲਦੀ ਹੈ। ਇਹ ਪੀੜਤ ਮਰੀਜ਼ ਦੇ ਖਾਂਸੀਕਰਨ ਅਤੇ ਛਿੱਕ ਮਾਰਨ ਤੇ ਸੰਪਰਕ ਵਿੱਚ ਆਉਣ ਨਾਲ ਦੂਜੇ ਵਿਅਕਤੀ ਨੂੰ ਵੀ ਹੋ ਜਾਂਦੀ ਹੈ। ਇਸ ਧਿਆਨ ਦਿਵਾਊ ਮਤੇ ਵਿੱਚ ਜਿਹੜੇ ਮਰੀਜ਼ਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਬਾਰੇ ਦੱਸਿਆ ਜਾਂਦਾ ਹੈ, ਨੰਬਰ 1. ਜਸਬੀਰ ਕੌਰ, ਬੋਹਾ ਖੇਤਰ ਦੇ ਪਿੰਡ ਮਲਕੋਂ, ਜ਼ਿਲ੍ਹਾ ਮਾਨਸਾ ਦੀ ਔਰਤ, ਜਿਸ ਦਾ ਨਾਮ ਜਸਬੀਰ ਕੌਰ ਸੀ, ਪਹਿਲਾਂ ਪ੍ਰਾਈਵੇਟ ਹਸਪਤਾਲ ਤੋਂ ਇਲਾਜ ਕਰਵਾ ਰਹੀ ਸੀ, ਉਸ ਨੂੰ ਸਰਕਾਰੀ ਮੈਡੀਕਲ ਕਾਲਜ, ਫਰੀਦਕੋਟ ਵਿਖੇ ਭੇਜ ਦਿੱਤਾ ਗਿਆ ਅਤੇ ਮਰੀਜ਼ ਦੇ ਤੁਰੰਤ ਸਵਾਈਨ ਫਲੂ ਦੇ ਨਮੂਨੇ ਲਏ ਗਏ ਤੇ ਸਿਹਤ ਵਿਭਾਗ ਵੱਲੋਂ ਇਨ੍ਹਾਂ ਦੇ ਸਾਰੇ ਟੈਸਟ ਜਾਂਚ ਲਈ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਮੁਫਤ ਭੇਜੇ ਗਏ। ਸਿਹਤ ਵਿਭਾਗ ਵੱਲੋਂ ਮਰੀਜ਼ ਦੇ ਸੰਪਰਕ ਵਿੱਚ ਆਏ 11 ਵਿਅਕਤੀਆਂ ਨੂੰ ਵੀ ਦਵਾਈਆਂ ਮੁਫਤ ਮੁਹੱਈਆ ਕਰਵਾਈਆਂ ਗਈਆਂ। ਇਸ ਮਰੀਜ਼ ਨੂੰ ਟੀ.ਬੀ. ਦੀ ਪੁਰਾਣੀ ਬਿਮਾਰੀ ਸੀ ਜੋ ਕਿ ਮਰੀਜ਼ ਦੀ ਮੌਤ ਦਾ ਕਾਰਨ ਹੋ ਸਕਦੀ ਹੈ। ਨੰਬਰ-2. ਬਲਵੰਤ ਕੌਰ, ਪਿੰਡ ਧਨੇਰ, ਜ਼ਿਲ੍ਹਾ ਬਰਨਾਲਾ ਦੀ ਔਰਤ ਜਿਸ ਦਾ ਨਾਂ ਬਲਵੰਤ ਕੌਰ ਸੀ, ਜ਼ਿਲ੍ਹਾ ਹਸਪਤਾਲ ਵਿਖੇ ਦਾਖਲ ਹੋਣ ਤੋਂ ਪਹਿਲਾਂ ਹੋਰ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਵਾ ਰਹੀ ਸੀ, ਇਹ ਮਰੀਜ਼ ਮਿਤੀ 4.2.2019 ਨੂੰ ਜ਼ਿਲ੍ਹਾ ਹਸਪਤਾਲ ਵਿੱਚ ਇਲਾਜ ਲਈ ਦਾਖਲ ਹੋਈ, ਸਵਾਈਨ ਫਲੂ ਦੀ ਸ਼ੱਕੀ ਮਰੀਜ਼ ਦਾ ਤੁਰੰਤ ਇਲਾਜ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਮਰੀਜ਼ ਦੇ ਸੰਪਰਕ ਵਿੱਚ ਆਏ ਹੋਰ 15 ਵਿਅਕਤੀਆਂ ਨੂੰ ਵੀ ਮੁਫਤ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਇਲਾਜ ਦੇ ਦੌਰਾਨ ਰਾਜਿੰਦਰਾ ਹਸਪਤਾਲ ਵਿੱਚ ਮਿਤੀ 7.2.2019 ਨੂੰ ਮਰੀਜ਼ ਦੀ ਮੌਤ ਹੋ ਗਈ, ਮਰੀਜ਼ ਦੀ ਮੌਤ ਦਾ ਕਾਰਨ ਹੋਰ ਬਿਮਾਰੀਆਂ ਹੋ ਸਕਦੀਆਂ ਹਨ। ਨੰਬਰ-3. ਮਨਪ੍ਰੀਤ ਸਿੰਘ, ਇਹ ਮਾਨਸਾ ਦੇ ਪਿੰਡ ਸਹਾਰਨਾ ਦਾ ਸੀ, ਇਹ 21 ਸਾਲ ਦਾ ਨੌਜਵਾਨ ਜਿਸ ਦਾ ਨਾਂ ਸਰਦਾਰ ਮਨਪ੍ਰੀਤ ਸਿੰਘ ਜੋ ਕਿ ਮਾਨਸਾ ਦੇ ਪ੍ਰਾਈਵੇਟ ਹਸਪਤਾਲ ਤੋਂ ਬਠਿੰਡਾ ਜ਼ਿਲ੍ਹੇ ਦੇ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਲਈ ਦਾਖਲ ਹੋਇਆ, ਸਿਹਤ ਵਿਭਾਗ ਨੂੰ ਮਰੀਜ਼ ਦੀ ਰਿਪੋਰਟ ਮਿਲਣ ਤੇ ਤੁਰੰਤ ਮਰੀਜ਼ ਦੇ ਬਿਮਾਰੀ ਸਬੰਧੀ ਨਮੂਨੇ ਜਾਂਚ ਕਰਨ ਲਈ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਮੁਫਤ ਭੇਜੇ ਗਏ ਅਤੇ ਮਰੀਜ਼ ਨੂੰ ਮੁਫਤ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਮਰੀਜ਼ ਦੇ ਸੰਪਰਕ ਵਿੱਚ ਆਏ 7 ਹੋਰ ਵਿਅਕਤੀਆਂ ਨੂੰ ਵੀ ਦਵਾਈਆਂ ਮੁਫਤ ਮੁਹੱਈਆ ਕਰਵਾਈਆਂ ਗਈਆਂ। ਮਰੀਜ਼ ਨੂੰ ਬਹੁਤ ਮੋਟਾਪਾ

ਤੇ ਹੋਰ ਬਹੁਤ ਬਿਮਾਰੀਆਂ ਸਨ ਜੋ ਮਰੀਜ਼ ਦੀ ਮੌਤ ਦਾ ਕਾਰਨ ਹੋ ਸਕਦੀਆਂ ਹਨ। ਸਪੀਕਰ ਸਾਹਿਬ, ਇੱਥੇ ਇਹ ਜ਼ਾਹਿਰ ਹੈ ਕਿ ਜਿਨ੍ਹਾਂ ਮਰੀਜ਼ਾਂ ਦੀ ਮੌਤ ਹੋਈ ਹੈ, ਉਹ ਹੋਰ ਬਿਮਾਰੀਆਂ ਨਾਲ ਵੀ ਪੀੜਤ ਸਨ ਅਤੇ ਉਹ ਸਿਹਤ ਵਿਭਾਗ ਦੇ ਸੰਪਰਕ ਵਿੱਚ ਦੇਰ ਨਾਲ ਆਏ, ਸਿਹਤ ਵਿਭਾਗ ਵੱਲੋਂ ਮਰੀਜ਼ਾਂ ਦਾ ਇਲਾਜ ਤੁਰੰਤ ਹੀ ਸ਼ੁਰੂ ਕੀਤਾ ਗਿਆ ਅਤੇ ਮੁਫਤ ਕੀਤਾ ਗਿਆ । ਸਪੀਕਰ ਸਾਹਿਬ, ਸਵਾਈਨ ਫਲੂ ਦੇ ਕੇਸਾਂ ਵਿੱਚ ਜਨਵਰੀ, 2019 ਤੋਂ ਬਾਅਦ ਪੰਜਾਬ ਰਾਜ ਵਿੱਚ ਅਚਾਨਕ ਵਾਧਾ ਹੋਇਆ। ਰਾਜ ਵਿੱਚ 1 ਅਕਤੂਬਰ, 2018 ਤੋਂ 11 ਫਰਵਰੀ, 2019 ਤੱਕ ਸਵਾਈਨ ਫਲੂ ਦੇ 378 ਕੇਸ ਰਿਪੋਰਟ ਹੋਏ ਹਨ ਜਿਨ੍ਹਾਂ ਵਿਚੋਂ 31 ਮੌਤਾਂ ਰਿਪੋਰਟ ਹੋਈਆਂ ਹਨ। ਸਪੀਕਰ ਸਾਹਿਬ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਮਾਹਿਰਾਂ ਦੀ ਟੀਮ ਵੱਲੋਂ ਇਨ੍ਹਾਂ 31 ਮੌਤਾਂ ਦਾ ਅਲੰਕਣ ਕੀਤਾ ਗਿਆ ਹੈ। ਸਪੀਕਰ ਸਾਹਿਬ, 60% ਮੌਤਾਂ 50 ਸਾਲ ਤੋਂ ਜ਼ਿਆਦਾ ਉਮਰ ਵਰਗ ਵਿੱਚ ਪਾਈਆਂ ਗਈਆਂ ਅਤੇ 10% ਮੌਤਾਂ ਪੰਜ ਸਾਲ ਤੋਂ ਘੱਟ ਉਮਰ ਵਰਗ ਦੀਆਂ ਪਾਈਆਂ ਗਈਆਂ। ਜ਼ਿਆਦਾਤਰ ਮਰੀਜ਼ ਹੋਰ ਬਿਮਾਰੀਆਂ ਤੋਂ ਪੀੜਤ ਸਨ ਜਿਸ ਕਰਕੇ ਉਹ ਸਵਾਈਨ ਫਲੂ ਇੰਫੈਕਸ਼ਨ ਦੀ ਚਪੇਟ ਵਿੱਚ ਆ ਗਏ । ਸਾਲ 2019 ਵਿੱਚ ਦੇਸ਼ ਦੇ ਜ਼ਿਆਦਾਤਰ ਰਾਜਾਂ ਵਿੱਚ ਸਵਾਈਨ ਫਲੂ ਦੀ ਗਿਣਤੀ ਵਿੱਚ ਵਾਧਾ ਪਾਇਆ ਗਿਆ ਹੈ, ਮਿਤੀ 10.2.2019 ਤੱਕ ਭਾਰਤ ਵਿੱਚ 9367 ਕੇਸ ਅਤੇ 321 ਮੌਤਾਂ ਹੋਈਆਂ ਹਨ । ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਹੁਣ ਤੱਕ ਸਵਾਈਨ ਫਲੂ ਦੇ ਸਾਰੇ ਸ਼ੱਕੀ ਮਰੀਜ਼ਾਂ ਦੀ ਜਾਂਚ ਪੀ.ਜੀ.ਆਈ., ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੇ ਅੰਮ੍ਰਿਤਸਰ ਵਿੱਚ ਮੁਫਤ ਕੀਤੀ ਗਈ ਹੈ ਔਰ ਉਥੇ ਸਭ ਜਗ੍ਹਾ ਵਾਇਰਸ ਦੀ ਰੋਕਥਾਮ ਲਈ ਆਈਸੋਲੇਸ਼ਨ ਵਾਰਡ ਬਣਾਏ ਗਏ ਹਨ ਔਰ ਟੈਸਟ ਲੈਬਾਂ ਬਿਲਕੁਲ ਰੈਡੀ ਹਨ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਸਵਾਈਨ ਫਲੂ ਦੀ ਬਿਮਾਰੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ 3 ਸਰਕਾਰੀ ਮੈਡੀਕਲ ਕਾਲਜਾਂ, 22 ਜ਼ਿਲ੍ਹਾ ਹਸਪਤਾਲਾਂ, 41 ਸਬ-ਡਵੀਜ਼ਨਾਂ ਵਿਖੇ ਸਵਾਈਨ ਫਲੂ ਦੇ ਮਰੀਜ਼ਾਂ ਦੇ ਇਲਾਜ ਲਈ ਆਈਸੋਲੇਸ਼ਨ ਵਾਰਡ ਦਾ ਪ੍ਰਬੰਧ ਕੀਤਾ ਗਿਆ ਹੈ। ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਸਵਾਈਨ ਫਲੂ ਦੀ ਬਿਮਾਰੀ ਦੇ ਇਲਾਜ ਲਈ ਲੋੜੀਂਦੀਆਂ ਦਵਾਈਆਂ ਤੇ ਲੋਜਿਸਟਿਕ ਉਪਲਬਧ ਹਨ ਤੇ ਮੁਫਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਪਾਜ਼ੇਟਿਵ ਕੇਸਾਂ ਦੇ ਸੰਪਰਕ ਵਿੱਚ ਆਏ 2703 ਲੋਕਾਂ ਨੂੰ ਵੀ ਮੁਫਤ ਇਲਾਜ ਮੁਹੱਈਆ ਕਰਵਾਇਆ ਗਿਆ ਹੈ। ਉਪਰੋਕਤ ਤੋਂ ਇਲਾਵਾ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

4195 ਸ਼ੱਕੀ ਮਰੀਜ਼ ਜੋ ਕਿ ਕੈਟਾਗਰੀ 'ਬੀ' ਵਿੱਚ ਆਉਂਦੇ ਸਨ, ਉਨ੍ਹਾਂ ਨੂੰ ਵੀ ਮੁਫਤ ਇਲਾਜ ਮੁਹੱਈਆ ਕਰਵਾਇਆ ਗਿਆ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਕਾਫੀ ਉਪਰਾਲੇ ਕੀਤੇ ਜਾ ਰਹੇ ਹਨ, ਜਿਵੇਂ ਕਿ ਰਾਜ ਪੱਧਰ ਤੇ ਸਵਾਈਨ ਫਲੂ ਤੋਂ ਬਚਾਉਣ ਲਈ ਅਖਬਾਰਾਂ ਵਿੱਚ ਵਿਗਿਆਪਨ ਦਿੱਤੇ ਗਏ ਹਨ, ਜਾਗਰੂਕਤਾ ਵੈਨਾਂ ਵਿੱਚ ਇਨਫਲੂਐਂਜ਼ਾ ਐਚ-ਵੰਨ ਐਨ-ਵੰਨ (Influenza H1N1) ਤੋਂ ਬਚਾਉਣ ਲਈ ਆਡੀਓ ਵੀਡੀਓਜ਼ ਸਪਾਟ ਚਲਾਏ ਜਾ ਰਹੇ ਹਨ ਜਿਸ ਵਿੱਚ ਸਾਡੀਆਂ 70 ਵੈਨਜ਼ ਹਰ ਜ਼ਿਲ੍ਹੇ ਵਿੱਚ ਜਾ ਰਹੀਆਂ ਹਨ। ਜਾਗਰੂਕਤਾ ਵੈਨਾਂ ਵਿੱਚ ਸਕੂਲੀ ਬੱਚਿਆਂ ਨੂੰ ਬਿਮਾਰੀ ਤੋਂ ਬਚਾਉਣ ਲਈ ਅਵੇਅਰਨੈੱਸ ਦਿੱਤੀ ਜਾ ਰਹੀ ਹੈ, ਹਾਈ ਰਿਸਕ ਕਵਰ ਕੀਤੇ ਜਾ ਰਹੇ ਹਨ, ਸਵਾਈਨ ਫਲੂ ਦੀ ਬਿਮਾਰੀ ਨੂੰ ਐਪੀਡੈਮਿਕ ਡਿਸੀਜ਼ ਅਧੀਨ ਨੋਟੀਫਾਈ ਕੀਤਾ ਗਿਆ ਹੈ ਤਾਂ ਜੋ ਹਰ ਸਰਕਾਰੀ ਜਾਂ ਪ੍ਰਾਇਵੇਟ ਹਸਪਤਾਲ ਇਸ ਬਿਮਾਰੀ ਦੇ ਕੇਸਾਂ ਨੂੰ ਰਿਪੋਰਟ ਕਰਨ ਅਤੇ ਭਾਰਤ ਸਰਕਾਰ ਦੀਆਂ ਗਾਈਡ ਲਾਈਨਾਂ ਅਨੁਸਾਰ ਟੈਸਟ ਅਤੇ ਇਲਾਜ ਕਰੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਇਸ ਨੋਟੀਫਿਕੇਸ਼ਨ ਵਿੱਚ ਸਜ਼ਾ ਦਾ ਵੀ ਪ੍ਰਾਵਧਾਨ ਰੱਖਿਆ ਗਿਆ ਹੈ। ਰਾਜ ਇਸ ਸਥਿਤੀ ਨਾਲ ਨਿਪਟਣ ਲਈ ਪੂਰੀ ਤਰ੍ਹਾਂ ਤਿਆਰ ਹੈ ਜਿਸ ਨਾਲ ਸਿਹਤ ਸੇਵਾਵਾਂ ਵਿੱਚ ਮਰੀਜ਼ਾਂ ਨੂੰ ਕਿਸੇ ਬਿਮਾਰੀ ਸਬੰਧੀ ਜਾਂਚ ਤੇ ਇਲਾਜ ਮੁਹੱਈਆ ਕਰਵਾਇਆ ਜਾ ਸਕੇ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਧੰਨਵਾਦ ਹੈ ਕਿ ਜਿਹੜੀਆਂ deaths ਹੋਈਆਂ ਹਨ, ਇਨ੍ਹਾਂ ਨੇ ਉਨ੍ਹਾਂ ਬਾਰੇ ਦੱਸਿਆ ਹੈ। ਉਨ੍ਹਾਂ ਵਿੱਚੋਂ 5 deaths ਮੇਰੇ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਹੋਈਆਂ ਹਨ। ਇਹ ਚੰਗੀ ਗੱਲ ਹੈ ਕਿ ਸਰਕਾਰ ਉਨ੍ਹਾਂ ਲਈ ਹਰ ਉਪਰਾਲਾ ਕਰ ਰਹੀ ਹੈ। ਇਸ ਵਿੱਚ ਤਿੰਨ ਤਰ੍ਹਾਂ ਨਾਲ ਇਲਾਜ ਹੁੰਦਾ ਹੈ, ਇੱਕ ਜਿਹੜਾ ਕੇਸ ਹੋ ਗਿਆ, ਉਸ ਨੂੰ ਮੈਡੀਸਨ ਦਿੱਤੀ ਜਾਂਦੀ ਹੈ। ਦੂਜਾ, ਜਿਹੜਾ ਕੋਈ ਉਸ ਦੇ ਕਾਂਟੈਕਟ ਵਿੱਚ ਆਉਂਦਾ ਹੈ, ਉਸ ਨੂੰ ਮੈਡੀਸਨ ਦਿੰਦੇ ਹੋ। ਤੀਜੇ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ ਕਿ ਇਸ ਵਿਧਾਨ ਸਭਾ ਦੇ ਜਿਹੜੇ ਐਮ.ਐਲ.ਏਜ਼ ਹਨ, ਕੀ ਉਨ੍ਹਾਂ ਵਿੱਚੋਂ ਕਿਸੇ ਨੂੰ anti flu vaccine ਲੱਗੀ ਹੈ? ਇਸ ਵਿੱਚ ਦੱਸਿਆ ਹੈ ਕਿ ਜਿਹੜੀਆਂ deaths ਹੋਈਆਂ ਹਨ, ਉਹ ਛੋਟੇ ਬੱਚਿਆਂ ਦੀ ਹੋਈ ਹੈ ਜਾਂ elderly ਦੀ ਹੋਈ ਹੈ ਜਾਂ ਉਹ ਲੋਕ ਜਿਨ੍ਹਾਂ ਦੀ immunity compromised ਹੈ, ਉਨ੍ਹਾਂ ਦੀ death ਹੋਈ ਹੈ। ਮੈਂ ਇਹੀ ਜਾਣਨਾ ਚਾਹੁੰਦਾ ਹਾਂ ਕਿ ਇਸ ਵਿੱਚ ਜਿਹੜਾ ਮੌਤ ਦਾ ਵੱਡਾ ਕਾਰਨ ਹੁੰਦਾ ਹੈ, ਉਹ

acute respiratory distress syndrome ਕਾਰਨ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਜੇਕਰ ਅਸੀਂ ਹਸਪਤਾਲ ਵਿੱਚ isolation ward ਬਣਾ ਦੇਈਏ ਅਤੇ ਉਸ ਵਿੱਚ ਫੈਸਿਲਟੀ ਕੋਈ ਨਾ ਦੇਈਏ ਤਾਂ ਉਸ isolation ward ਦਾ ਕੋਈ ਫਾਇਦਾ ਨਹੀਂ। ਇਸ ਲਈ ਜ਼ਰੂਰੀ ਹੁੰਦਾ ਹੈ ਕਿ ਜਿਸ ਕਿਸੇ ਸਿਵਲ ਹਸਪਤਾਲ ਵਿੱਚ ਪੇਸ਼ੈਂਟ ਜਾਂਦਾ ਹੈ, ਜੇਕਰ ਉਸ ਨੂੰ ਆਕਸੀਜਨ ਦੀ ਘਾਟ ਹੋ ਰਹੀ ਹੈ ਜਾਂ ਨਿਮੋਨੀਆ ਹੋ ਰਿਹਾ ਹੈ ਤਾਂ ਉਸ ਨੂੰ ICU ਵਿੱਚ ਰੱਖਿਆ ਜਾਵੇ ਅਤੇ ICU ਵਿੱਚ ਜ਼ਰੂਰੀ ਹੈ ਕਿ ਉਥੇ ਟ੍ਰੇਂਡ ਡਾਕਟਰ ਹੋਵੇ। ਜਿਸ ਵੇਲੇ acute respiratory distress syndrome ਹੋ ਜਾਂਦਾ ਹੈ ਤਾਂ ਉਸ ਲਈ ਵੈਂਟੀਲੇਟਰ ਦੀ ਜ਼ਰੂਰਤ ਪੈਂਦੀ ਹੈ।

**ਮੰਤਰੀ :** ਸਪੀਕਰ ਸਾਹਿਬ, he should ask specific question. ਮੈਂਬਰ ਸਾਹਿਬ, ਕੀ ਡਿਬੇਟ ਵਿੱਚ ਭਾਸ਼ਣ ਚੱਲ ਰਿਹਾ ਹੈ? ਇਸ ਤਰ੍ਹਾਂ ਗੱਲ ਨਹੀਂ ਚਲਦੀ।

**ਡਾਕਟਰ ਸੁਖਵਿੰਦਰ ਕੁਮਾਰ :** ਮੈਂ ਸਪੈਸਿਫਿਕ ਸਵਾਲ ਹੀ ਪੁੱਛਣ ਲੱਗਿਆ ਹਾਂ ਕਿ ਕੀ ਸਾਡੇ ਪੰਜਾਬ ਦੇ ਕਿਸੇ ਸਿਵਲ ਹਸਪਤਾਲ ਕੋਲ ICU ਹੈ? ਕਿਸੇ ਵੀ ਸਿਵਲ ਹਸਪਤਾਲ ਵਿੱਚ ਵੈਂਟੀਲੇਟਰ ਹੈ? ਮੈਨੂੰ ਇੰਨਾ ਹੀ ਦੱਸ ਦਿਓ। ਬਾਕੀ ਗੱਲਾਂ ਬਾਅਦ ਦੀਆਂ ਹਨ।

**ਮੰਤਰੀ :** ਸਪੀਕਰ ਸਾਹਿਬ, ਵੈਂਟੀਲੇਟਰ ਸਭ ਜਗ੍ਹਾ ਹਨ। ਸਵਾਈਨ ਫਲੂ ਦਾ ਜੋ best treatment ਅਸੀਂ ਦੇ ਸਕਦੇ ਹਾਂ, ਉਹ ਸਾਰਾ ਕੁਝ ਦਿੱਤਾ ਜਾ ਰਿਹਾ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਇਹ ਗੱਲ ਰਿਕਾਰਡ ਵਿੱਚ ਆਈ ਹੈ.....(ਵਿਘਨ...ਸ਼ੋਰ) ਇੱਕ ਮਿੰਟ ਪਲੀਜ਼।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ, ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮੰਤਰੀ :** ਸਪੀਕਰ ਸਾਹਿਬ, ਕਿਤੇ ਕਮੀਆਂ ਜ਼ਰੂਰ ਹੋ ਸਕਦੀਆਂ ਹਨ, ਜੇਕਰ ਗੱਲ ਰਿਕਾਰਡ ਤੇ ਆਈ ਹੈ। ਵੈਂਟੀਲੇਟਰ ਇੱਕ ਅਜਿਹੀ ਚੀਜ਼ ਹੈ, ਜਿਸ ਨੂੰ ਓਪਰੇਟ ਕਰਨ ਲਈ ਸਾਨੂੰ MO's ਚਾਹੀਦੇ ਹਨ। ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ ਕਿ ਪਿਛਲੀ ਸਰਕਾਰ ਵੇਲੇ ਭਰਤੀ ਨਹੀਂ ਕੀਤੇ ਗਏ ਅਤੇ ਹੁਣ ਅਸੀਂ ਆਪ ਭਰਤੀ ਕਰਾਂਗੇ ਕਿਉਂਕਿ MO's ਮੁਤਾਬਿਕ ਹੀ ਵੈਂਟੀਲੇਟਰ ਹੋਣਗੇ। ਅਸੀਂ ਹੁਣ ਵੈਂਟੀਲੇਟਰ ਖਰੀਦ ਕੇ ਰੱਖ ਲਈਏ ਅਤੇ ਉਸ ਨੂੰ ਓਪਰੇਟ ਕਰਨ ਵਾਲਾ ਨਾ ਹੋਵੇ....

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਹਰ ਗੱਲ ਸਿਆਸਤ ਨਾਲ ਕਿਉਂ ਜੋੜ ਦਿੱਤੀ ਜਾਂਦੀ ਹੈ?

**ਮਾਨਯੋਗ ਸਪੀਕਰ :** ਸਰਦਾਰ ਸਿਮਰਜੀਤ ਸਿੰਘ ਬੈਂਸ, ਤੁਸੀਂ ਬੋਲੋ।

**Sardar Simarjeet Singh Bains :** Thank you. ** ** ਪਹਿਲਾਂ ਧਿਆਨ ਦਿਵਾਊ ਪ੍ਰਸਤਾਵ ਵਾਸਤੇ ਨਿਯਮ ਪੜ੍ਹਦੇ ਸੀ ਕਿ ਤੈਨੂੰ ਟਾਈਮ ਨਹੀਂ ਮਿਲਣਾ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਂ ਸਵਾਲ ਪੁੱਛਣ ਲੱਗਿਆ ਹਾਂ। ਜਿਹੜਾ ਸਵਾਈਨ ਫਲੂ ਦਾ ਅੰਕੜਾ ਹੈ, ਇਹ ਇੱਕ ਮਹੀਨੇ ਦਾ ਹੈ, ਜੋ ਕਿ 13 ਜਨਵਰੀ ਤੋਂ ਲੈ ਕੇ 13 ਫਰਵਰੀ ਤੱਕ 55 ਮੌਤਾਂ ਦਾ ਹੈ ਪਰ ਗੈਰ ਸਰਕਾਰੀ ਸੰਗਠਨਾਂ ਦਾ ਅੰਕੜਾ 565 ਮੌਤਾਂ ਦਾ ਹੈ। ਇਸ ਬਿਮਾਰੀ ਕਾਰਨ ਪੂਰਾ ਦਹਿਸ਼ਤ ਦਾ ਮਾਹੌਲ ਹੈ ਅਤੇ ਸਾਡੇ ਕੋਲ ਪ੍ਰਬੰਧ ਕਿਹੋ ਜਿਹੇ ਹਨ? ਸਵਾਈਨ ਫਲੂ ਦਾ ਪੇਸ਼ੈਂਟ ਆ ਜਾਵੇ, ਇਨ੍ਹਾਂ ਨੇ ਇਸ ਵਾਸਤੇ ਤਿੰਨ ਜਗ੍ਹਾ- ਪਹਿਲਾ ਪੀ.ਜੀ.ਆਈ. ਚੰਡੀਗੜ੍ਹ ਵਿੱਚ, ਦੂਜਾ ਪਟਿਆਲਾ ਵਿੱਚ ਰਾਜਿੰਦਰਾ ਹਸਪਤਾਲ ਅਤੇ ਤੀਜਾ, ਅੰਮ੍ਰਿਤਸਰ ਵਿੱਚ ਸਰਕਾਰੀ ਹਸਪਤਾਲ ਰੱਖੇ ਹਨ। ਅਫਸੋਸ ਇਸ ਗੱਲ ਦਾ ਹੈ ਕਿ ਸਵਾਈਨ ਫਲੂ ਹੈ ਜਾਂ ਨਹੀਂ, ਇਹ ਟੈਸਟ ਕਰਵਾਉਣ ਵਾਸਤੇ ਪੰਜਾਬ ਅੰਦਰ ਸਿਰਫ ਦੋ ਜਗ੍ਹਾ ਅਤੇ ਤੀਜਾ ਚੰਡੀਗੜ੍ਹ ਤੋਂ ਇਲਾਵਾ ਹੋਰ ਕਿਤੇ ਕੋਈ ਇੰਤਜ਼ਾਮ ਨਹੀਂ ਹੈ। ਸਤਿਕਾਰਯੋਗ ਸਿਹਤ ਮੰਤਰੀ ਸਾਹਿਬ, ਦੂਜੇ ਸਵਾਲ ਦਾ ਜਵਾਬ ਦੇ ਕੇ ਗਏ ਹਨ ਕਿ ਸਾਡੇ ਕੋਲ ਵੈਂਟੀਲੇਟਰ ਹਨ। ਲੁਧਿਆਣਾ ਜੋ ਕਿ ਪਾਪੂਲੇਸ਼ਨ ਪੱਖੋਂ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ, ਉਥੇ ਕੋਈ ਵੈਂਟੀਲੇਟਰ ਨਹੀਂ ਹੈ। ਮੇਰੀ ਸਿਹਤ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ** ** ਇਹ ਵੈਂਟੀਲੇਟਰ ਤਾਂ ਤੁਹਾਡੇ ਵਾਸਤੇ ਕੋਈ ਵੱਡੀ ਗੱਲ ਨਹੀਂ ਹੈ।

**ਮਾਨਯੋਗ ਸਪੀਕਰ :** ਇਹ ਨਾ ਕਰੋ।

**Minister :** Speaker Sahib, I object to this. I strongly object to this.

**ਮਾਨਯੋਗ ਸਪੀਕਰ :** ਇਹ ਐਕਸਪੰਜ ਕੀਤਾ ਜਾਂਦਾ ਹੈ।

**ਮੰਤਰੀ :** ਮੈਂ ਇਨ੍ਹਾਂ ਖਿਲਾਫ ਕੋਰਟ ਵਿੱਚ ਇਸੇ ਇਸ਼ੂ ਤੇ ਮਾਣਹਾਨੀ ਦਾ ਦਾਅਵਾ ਕੀਤਾ ਹੋਇਆ ਹੈ। ਇਹ acceptable ਨਹੀਂ ਹੈ।

---

**** Expunged as ordered by the Chair.

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਬੈਠੋ ਜੀ । ਮਾਨਸ਼ਾਹੀਆ ਜੀ, ਤੁਸੀਂ ਆਪਣੀ ਕਾਲ ਅਟੈਂਸ਼ਨ ਨੰ: 21 ਬਾਰੇ ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਸਪੀਕਰ ਸਾਹਿਬ, ਕਾਲ ਅਟੈਂਨਸ਼ਨ ਵਿੱਚ ਜੋ ਨਾਂ ਮੈਂਨਸ਼ਨ ਕੀਤੇ ਸੀ, ਮਾਨਯੋਗ ਮੰਤਰੀ ਜੀ ਨੇ ਉਹ ਨਾਂ ਹੀ ਪੜ੍ਹੇ ਹਨ। ਹੋਰ ਮਰੀਜ਼ ਵੀ ਮਰੇ ਹਨ, ਉਨ੍ਹਾਂ ਬਾਰੇ ਮੈਨਸ਼ਨ ਨਹੀਂ ਕੀਤਾ ਕਿ ਉਹ ਕਿਹੜੀਆਂ ਕੰਡੀਸ਼ਨਾਂ ਵਿੱਚ ਮਰੇ ਹਨ। ਇੱਕ ਰਿਸਪਾਂਸੀਬਲ ਵਿਅਕਤੀ ਲਈ ਇਹ ਕਹਿਣਾ ਕਿੰਨੀ ਇਰਰਿਸਪਾਂਸੀਬਲ ਗੱਲ ਹੈ ਕਿ ਉਹ ਮਰੀਜ਼ ਹੋਰ ਬਿਮਾਰੀਆਂ ਦੇ ਕਾਰਨ ਮਰ ਗਏ ਹੋਣਗੇ। ਜੇਕਰ ਮਰੀਜ਼ ਹਸਪਤਾਲ ਵਿੱਚ ਆ ਗਏ ਹਨ ਤਾਂ ਘੱਟੋ-ਘੱਟ ਇਹ ਮੈਨਸ਼ਨ ਕਰਨਾ ਬਣਦਾ ਸੀ ਕਿ ਮੌਤ ਦਾ ਕਾਰਨ ਬਣਨ ਵਾਲੀਆਂ ਉਹ ਹੋਰ ਬਿਮਾਰੀਆਂ ਕਿਹੜੀਆਂ ਸਨ। ਜਿੱਥੋਂ ਤੱਕ ਮਾਨਯੋਗ ਮੰਤਰੀ ਜੀ ਨੇ ਇਹ ਬਿਆਨ ਦਿੱਤਾ ਹੈ ਕਿ ਅਸੀਂ ਸਾਰੇ ਹਸਪਤਾਲਾਂ ਵਿੱਚ ਸਵਾਈਨ ਫਲੂ ਦੇ ਮਰੀਜ਼ਾਂ ਲਈ ਆਈਸੋਲੇਟਿਡ ਵਾਰਡਜ਼ ਬਣਾਏ ਹਨ। ਮੈਂ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਰਾਜਿੰਦਰਾ ਹਸਪਤਾਲ, ਪਟਿਆਲੇ ਵਿੱਚ ਹੈ, ਜਿੱਥੋਂ ਦੇ ਮੰਤਰੀ ਜੀ ਖੁਦ ਹਨ, ਇਹ ਮੁੱਖ ਮੰਤਰੀ ਜੀ ਦਾ ਵੀ ਸ਼ਹਿਰ ਹੈ। ਸਪੀਕਰ ਸਾਹਿਬ, ਜੇਕਰ ਰਾਜਿੰਦਰਾ ਹਸਪਤਾਲ ਵਿੱਚ ਜਾ ਕੇ ਮਰੀਜ਼ਾਂ ਦੀ ਹਾਲਤ ਦੇਖਣੀ ਹੈ ਤਾਂ ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਨਾਲ ਹੁਣੇ ਹੀ ਦੋ ਮੈਂਬਰ ਦੋਵੇਂ ਪਾਰਟੀਆਂ ਤੋਂ ਭੇਜੇ ਜਾਣ ਅਤੇ ਉਥੇ ਜੋ ਹਾਲਾਤ ਹਨ, ਉਹ ਇਨ੍ਹਾਂ ਦੇ ਸਾਹਮਣੇ ਆ ਜਾਣਗੇ, ਨੰਗਾ ਚਿੱਠਾ ਖੁਲ੍ਹ ਜਾਵੇਗਾ। (ਆਪੋਜ਼ੀਸ਼ਨ ਬੈਂਚਿਜ਼ ਵਲੋਂ ਥੰਪਿੰਗ) ਪੰਜਾਬ ਦੇ ਲੋਕਾਂ ਦੀ ਹੈਲਥ ਵੇਖਣ ਵਾਸਤੇ ਜੇ ਮੰਤਰੀ ਜੀ ਖੁਦ ਜਾਣਾ ਚਾਹੁੰਦੇ ਹਨ ਤਾਂ ਹੁਣੇ ਜਾ ਕੇ ਉਥੇ ਦੌਰਾ ਕਰਨ ਅਤੇ ਸਾਨੂੰ ਨਾਲ ਲੈ ਲੈਣ....

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਮੇਰੀ ਕਾਲ ਅਟੈਂਨਸ਼ਨ ਮੋਸ਼ਨ ਵਿੱਚ ਇਹ ਕੰਟੈਂਟਸ ਹਨ ਜੀ। ਮੈਂ ਉਹ ਤਾਂ ਪੜ੍ਹ ਲਵਾਂ ਜੀ।

**ਮਾਨਯੋਗ ਸਪੀਕਰ:** ਤੁਸੀਂ ਇਸ ਤਰ੍ਹਾਂ ਨਾ ਕਰੋ। ਚਲੋ, ਫਿਰ ਉਹ ਹੀ ਪੜ੍ਹੋ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੀ ਕਾਲ ਅਟੈਂਨਸ਼ਨ ਦਾ ਜਵਾਬ ਪਹਿਲਾਂ ਦੇ ਦਿੱਤਾ, but naturally I must react on that. ਸਪੀਕਰ ਸਾਹਿਬ, ਦੂਜਾ ਇਹ ਹੈ ਕਿ ਇੱਕ ਪੇਸ਼ੈਂਟ ਦੀ ਡੈੱਥ Saturday ਨੂੰ ਹੋਈ, ਉਹ ਵਕੀਲ ਸਿੰਘ ਨਾਂ ਦਾ ਮਰੀਜ਼ ਪਿੰਡ ਹੀਰੋ ਕਲਾਂ ਦਾ

[ਸਰਦਾਰ ਨਾਜਰ ਸਿੰਘ ਮਾਨਸ਼ਾਹੀਆ]

ਸੀ, ਉਹ ਮੇਰੇ ਹਲਕੇ ਦਾ ਸੀ। ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਮਨਪ੍ਰੀਤ ਸਿੰਘ, ਪਿੰਡ ਸਹਾਰਨਾ ਦੇ ਮਰੀਜ਼ ਬਾਰੇ ਮੈਨਸ਼ਨ ਕੀਤਾ ਹੈ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਥੇ ਜਦੋਂ ਮੈਂ ਅਫਸੋਸ ਕਰਨ ਗਿਆ ਤਾਂ ਪੁੱਛਿਆ ਕਿ ਕੀ ਇੱਥੇ ਕੋਈ ਮੈਡੀਕਲ ਟੀਮ ਆਈ ਸੀ। ਉਹ ਕਹਿੰਦੇ ਕਿ ਇੱਥੇ ਕੋਈ ਨਹੀਂ ਆਇਆ ਸੀ, ਇੱਕ ਬੰਦੇ ਨੂੰ ਫੋਨ ਆਇਆ ਸੀ ਕਿ ਆ ਕੇ ਦਵਾਈ ਲੈ ਜਾਵੋ। ਮੰਤਰੀ ਜੀ, ਇਹ ਆਪਣੇ ਮਹਿਕਮੇ ਦੇ ਹਾਲਾਤ ਹਨ? ਜਿਸ ਦੇ ਤੁਸੀਂ ਖੁਦ ਮੰਤਰੀ ਹੋ। ਜਦੋਂ ਹੀਰੋ ਕਲਾਂ ਵਾਲਿਆਂ ਨਾਲ ਗੱਲ ਕੀਤੀ ਤਾਂ ਉਹ ਕਹਿੰਦੇ ਕਿ ਅਸੀਂ ਮਰੀਜ਼ ਨੂੰ ਪਟਿਆਲੇ ਲੈ ਗਏ ਸੀ। ਮੈਨੂੰ Saturday ਨੂੰ ਫੋਨ ਆਇਆ ਕਿ ਉਸ ਦੀ ਡੈੱਥ ਹੋ ਚੁੱਕੀ ਹੈ। ਜਦੋਂ ਮੈਂ ਐਤਵਾਰ ਨੂੰ ਉਨ੍ਹਾਂ ਦਾ ਸਭ ਕੁਝ ਪਤਾ ਕਰਕੇ ਆਇਆ ਕਿ ਕਿਨ੍ਹਾਂ ਹਾਲਾਤਾਂ ਵਿੱਚ ਉਸਦੀ ਮੌਤ ਹੋਈ ਹੈ, ਜੋ ਉਨ੍ਹਾਂ ਨੇ ਤੱਥ ਬਿਆਨ ਕੀਤੇ, ਉਹ ਦਿਲ ਕੰਬਾਊ ਹਨ ਜੀ। ਉਸ ਤੋਂ ਇਹੀ ਲਗਦਾ ਹੈ ਕਿ ਜੇ ਕਿਸੇ ਗਰੀਬ ਬੰਦੇ ਨੂੰ ਸਵਾਈਨ ਫਲੂ ਹੋ ਗਿਆ ਤਾਂ ਉਹ ਮਰੇਗਾ ਹੀ, ਉਸ ਦਾ ਇਲਾਜ ਕੋਈ ਨਹੀਂ ਹੈ। ਇਹ ਕਹਿੰਦੇ ਹਨ ਕਿ ਦਵਾਈ ਫਰੀ ਦਿੱਤੀ ਜਾਂਦੀ ਹੈ ਜੀ ਪ੍ਰੰਤੂ ਉਹ ਲੋਕ ਕਹਿੰਦੇ ਕਿ ਡਾਕਟਰ 7000/- ਰੁਪਏ ਦੀ ਦਵਾਈ ਲਿਖਦੇ ਹਨ, ਜਦੋਂ ਉਸ ਦਾ ਯੂਜ਼ ਨਹੀਂ ਹੁੰਦਾ, ਭਾਵ ਜੇ ਮਰੀਜ਼ ਪਹਿਲਾਂ ਮਰ ਜਾਵੇ, ਉਹ ਕੈਮਿਸਟ ਸ਼ਾਪ ਵਾਲੇ ਨੂੰ ਜਦੋਂ ਦਵਾਈ ਵਾਪਸ ਕਰਦੇ ਹਨ ਤਾਂ ਸ਼ਾਪ ਵਾਲਾ ਸਿਰਫ 1500/- ਰੁਪਿਆ ਵਾਪਸ ਕਰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਉਥੇ ਚਾਰ ਘੰਟੇ ਮਰੀਜ਼ ਦੀ ਡੈੱਥ ਹੋਣ ਤੋਂ ਬਾਅਦ ਬਾੱਡੀ ਬੈਗ ਲੈਣ ਲਈ ਵੀ ਲੱਗੇ ਹਨ। ਤੁਸੀਂ ਅੰਦਾਜ਼ਾ ਲਗਾਉ ਕਿ ਜਿਸ ਪਰਿਵਾਰ ਦਾ 35 ਸਾਲ ਦਾ ਇੱਕ ਕਮਾਊ ਮੁੰਡਾ ਇਸ ਦੁਨੀਆਂ ਤੋਂ ਚਲਿਆ ਜਾਵੇ ਤਾਂ ਉਹ ਬਾੱਡੀ ਬੈਗ ਲੈਣ ਵਾਸਤੇ ਕਿਵੇਂ ਧੱਕੇ ਖਾਵੇਗਾ, ਫਿਰ ਉਨ੍ਹਾਂ ਨੂੰ ਅਲੱਗ-ਅਲੱਗ ਫਲੋਰਜ਼ ਤੇ ਘੁਮਾਇਆ ਤੇ ਭਜਾਇਆ ਜਾਂਦਾ ਹੈ, ਜਦੋਂ ਕਿ ਉਸ ਵਕਤ ਉਨ੍ਹਾਂ ਦੀ ਹਾਲਤ ਤੁਰਨ ਜੋਗੀ ਵੀ ਨਹੀਂ ਹੁੰਦੀ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇੱਕ ਵਾਰੀ ਫਿਰ ਤੁਹਾਡੇ ਰਾਹੀਂ ਇਹੀ ਬੇਨਤੀ ਕਰਦਾ ਹਾਂ ਕਿ ਪਲੀਜ਼ ਇੱਕ ਟੀਮ ਬਣਾਉ ਅਤੇ ਆਪਾਂ ਹੁਣੇ ਹੀ ਰਾਜਿੰਦਰਾ ਹਸਪਤਾਲ ਜਾ ਕੇ ਚੈੱਕ ਕਰ ਲਈਏ ਕਿਉਂਕਿ ਉਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ ਉਸ ਦਿਨ ਸਵੇਰੇ ਚਾਰ ਵਜੇ ਤੋਂ ਲੈ ਕੇ ਪੰਜਵੀਂ ਡੈੱਥ ਉਸ ਮਰੀਜ਼ ਦੀ ਹੋਈ ਸੀ ਅਤੇ ਰਾਜਿੰਦਰਾ ਹਸਪਤਾਲ ਵਿੱਚ ਘੱਟੋ-ਘੱਟ 90 ਮਰੀਜ਼ ਦਾਖਲ ਸਨ....

**ਮਾਨਯੋਗ ਸਪੀਕਰ:** ਤੁਸੀਂ ਕਹਿਣਾ ਕੀ ਚਾਹੁੰਦੇ ਹੋ?

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਹਾਲਤ ਸੁਧਾਰਨ ਵਾਸਤੇ ਤੁਸੀਂ ਹੁਣ ਕੀ ਸਟੈੱਪਸ ਲੈ ਰਹੇ ਹੋ?

**ਮੰਤਰੀ:** ਸਰ, ਜਿੱਥੋਂ ਤੱਕ ਡੈੱਥ ਦੀ ਗੱਲ ਹੈ, ਮੈਨੂੰ ਵੀ ਇਸ ਗੱਲ ਦਾ ਅਫਸੋਸ ਹੈ ਪਰ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ, ਮੈਂ ਉਸ ਦੀ ਇਨਕੁਆਰੀ ਕਰਵਾ ਲੈਂਦਾ ਹਾਂ ਜੀ।

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਜੀ ਕਿ ਮੰਤਰੀ ਜੀ ਹੁਣੇ ਚੱਲਣ।

**ਮਾਨਯੋਗ ਸਪੀਕਰ:** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਮੈਂ ਇਨਕੁਆਰੀ ਕਰਵਾ ਲੈਂਦਾ ਹਾਂ।

**ਮੰਤਰੀ:** ਬਿਲਕੁਲ ਜੀ। ਸਰਕਾਰ ਇਸ ਗੱਲ ਤੋਂ ਚਿੰਤਤ ਹੈ, ਪਟਿਆਲਾ ਸੀ.ਐਮ.. ਸਾਹਿਬ ਦਾ ਸ਼ਹਿਰ ਹੈ ਅਤੇ ਮੇਰਾ ਵੀ ਸ਼ਹਿਰ ਹੈ। ਅਸੀਂ ਪੂਰੇ ਬੰਦੋਬਸਤ ਕੀਤੇ ਹੋਏ ਹਨ ਪਰ ਜਿਹੜੀ ਤੁਸੀਂ ਗੱਲ ਕਹੀ ਹੈ, ਉਸ ਦੀ ਇਨਕੁਆਰੀ ਕਰਵਾ ਲੈਂਦੇ ਹਾਂ। ਮਾਨਸ਼ਾਹੀਆ ਜੀ, ਤੁਸੀਂ ਜੋ ਹੁਣ ਹੋਰ ਵੀ ਗੱਲਾਂ ਦੱਸੀਆਂ ਹਨ, ਇਹ ਤੁਹਾਡੀ ਕਾਲ ਅਟੈਂਨਸ਼ਨ ਦਾ ਹਿੱਸਾ ਨਹੀਂ ਸੀ, ਨਹੀਂ ਤਾਂ ਮੈਂ ਉਸ ਦਾ ਜਵਾਬ ਵੀ ਤਿਆਰ ਕਰਕੇ ਲਿਆਉਂਦਾ।

---------------

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ:** ਅਗਲੀ ਆਈਟਮ, ਰਿਪੋਰਟਾਂ ਪੇਸ਼ ਕਰਨਾ। ਹਾਂ ਜੀ, ਸਰਦਾਰ ਕੰਵਰ ਸੰਧੂ ਜੀ, ਤੁਸੀਂ ਪੀ.ਏ.ਸੀ. ਦੀ ਰਿਪੋਰਟ ਪੇਸ਼ ਕਰਨੀ ਹੈ। ਤੁਸੀਂ ਰਿਪੋਰਟ ਪੇਸ਼ ਕਰੋ ਜੀ।

1. **ਸਭਾਪਤੀ, ਲੋਕ ਲੇਖਾ ਕਮੇਟੀ (ਸ਼੍ਰੀ ਕੰਵਰ ਸੰਧੂ):** ਸ਼੍ਰੀਮਾਨ ਜੀ, ਮੈਂ ਲੋਕ ਲੇਖਾ ਕਮੇਟੀ ਦੀਆਂ ਨਿਮਨਲਿਖਤ ਰਿਪੋਰਟਾਂ;

   (i) ਜਲ ਸਰੋਤ ਵਿਭਾਗ ਨਾਲ ਸਬੰਧਿਤ ਸਾਲ 2012-13 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2012-13 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 203ਵੀਂ ਰਿਪੋਰਟ;

   (ii) ਟਰਾਂਸਪੋਰਟ ਵਿਭਾਗ ਨਾਲ ਸਬੰਧਿਤ ਸਾਲ 2013-14 ਲਈ

ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ) ਤੇ ਲੋਕ ਲੇਖਾ ਕਮੇਟੀ ਦੀ 204ਵੀਂ ਰਿਪੋਰਟ;

(iii) ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਨਾਲ ਸਬੰਧਿਤ ਸਾਲ 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 205ਵੀਂ ਰਿਪੋਰਟ;

(iv) ਸਾਲ 2018-19 ਦੌਰਾਨ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ ਅਤੇ ਮਾਲੀਆ ਪ੍ਰਾਪਤੀਆਂ) ਵਿੱਚ ਦਰਜ ਆਡਿਟ ਪੈਰ੍ਹਿਆਂ ਦੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਉੱਤਰਾਂ ਦੀ ਜਾਂਚ-ਪੜਤਾਲ ਨਾਲ ਸਬੰਧਿਤ ਲੋਕ ਲੇਖਾ ਕਮੇਟੀ ਦੁਆਰਾ ਕੀਤੇ ਗਏ ਕੰਮ-ਕਾਰ ਤੇ "ਸੰਖੇਪ ਰਿਪੋਰਟ"; ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ Rules of Procedure and Conduct of Business in The Punjab Vidhan Sabha ਦੇ ਰੂਲ 202 (Presentation of Reports) ਤਹਿਤ ਥੋੜ੍ਹੀ ਜਿਹੀ ਆਬਜ਼ਰਵੇਸ਼ਨ ਦੇਣਾ ਚਾਹੁੰਦਾ ਹਾਂ। ਇਹ ਬਜਟ ਸੈਸ਼ਨ ਹੈ ਅਤੇ ਪੰਜਾਬ ਦੇ ਵਿੱਤੀ ਹਾਲਾਤਾਂ ਤੇ ਵੀ ਬਹਿਸ ਹੋਣੀ ਹੈ। Unfortunately, Finance Minister Sahib ਇੱਥੇ ਬੈਠੇ ਨਹੀਂ ਹਨ। ਮੇਰੀਆਂ ਤਿੰਨ-ਚਾਰ ਆਬਜ਼ਰਵੇਸ਼ਨਾਂ ਹਨ ਜੋ ਕਿ ਅਸੀਂ ਕਮੇਟੀ ਦੀਆਂ ਮੀਟਿੰਗਜ਼ ਦੇ ਵਿੱਚ ਨੋਟਿਸ ਕੀਤੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 8 ਸਾਲਾਂ ਭਾਵ 2010 ਤੋਂ ਲੈ ਕੇ ਸਾਲ 2018 ਤੱਕ ਜਿਹੜੀਆਂ ਸੀ.ਏ.ਜੀ. ਮਹਿਕਮੇ ਨੇ ਟੈਸਟ ਰਿਪੋਰਟਸ ਕੀਤੀਆਂ ਹਨ, ਉਸ ਦੇ ਤਹਿਤ ਇਹ ਨੋਟਿਸ ਕੀਤਾ ਗਿਆ ਹੈ ਕਿ ਤਕਰੀਬਨ 2800 ਕਰੋੜ ਰੁਪਿਆ ਕੇਂਦਰ ਸਰਕਾਰ ਨੂੰ ਪੰਜਾਬ ਤੋਂ ਵਾਪਸ ਚਲਾ ਗਿਆ। ਸੀ.ਐਮ. ਸਾਹਿਬ, ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਵਿੱਤ ਮੰਤਰੀ ਸਾਹਿਬ ਇੱਥੇ ਬੈਠੇ ਨਹੀਂ ਹਨ। This is a very serious issue, ਇਹ ਪੰਜਾਬ ਦੇ finances ਨਾਲ ਸਬੰਧਿਤ ਹੈ। ਪੰਜਾਬ ਦਾ 2800 ਕਰੋੜ ਰੁਪਿਆ ਵਾਪਸ ਚਲਾ ਗਿਆ ਹੈ। ਮੈਂ ਸਿਰਫ ਹਾਲੇ ਟੈਸਟ ਰਿਪੋਰਟਾਂ ਦਾ ਜ਼ਿਕਰ ਕਰ ਰਿਹਾ ਹਾਂ। ਸਾਰੇ ਪੰਜਾਬ ਦੇ ਜਿਹੜੇ financial departments ਹਨ, ਉਨ੍ਹਾਂ ਦਾ ਇਹ ਸਿਰਫ 5-7% ਹਿੱਸਾ ਹੋਣਾ ਹੈ। ਹਾਲੇ ਇਹ ਸਿਰਫ 10-11 ਪੈਰ੍ਹੇ ਹੀ ਹਨ ਜਿਨ੍ਹਾਂ ਤੇ ਅਸੀਂ ਨਿਗ੍ਹਾ ਮਾਰੀ

ਹੈ। ਜੇਕਰ ਆਪਾਂ ਟੋਟਲ 10 ਸਾਲਾਂ ਦਾ ਦੇਖੀਏ, ਪਿਛਲੀ ਸਰਕਾਰ ਅਤੇ ਇਸ ਸਰਕਾਰ ਦੇ ਵੇਲੇ ਦਾ ਤਾਂ ਮੇਰਾ ਖਿਆਲ ਹੈ ਕਿ ਘੱਟੋ-ਘੱਟ 10-12 ਹਜ਼ਾਰ ਕਰੋੜ ਰੁਪਿਆ ਕੇਂਦਰ ਸਰਕਾਰ ਨੂੰ ਵਾਪਸ ਚਲਾ ਗਿਆ ਹੈ ਕਿਉਂਕਿ ਆਪਾਂ ਇਸ ਦਾ ਸਹੀ ਇਸਤੇਮਾਲ ਨਹੀਂ ਕਰ ਸਕੇ। ਕੰਡੀ ਏਰੀਆ, ਸਾਡਾ ਆਪਣਾ ਏਰੀਆ ਹੈ, ਮੈਂ example ਦੇਣੀ ਚਾਹੁੰਦਾ ਹਾਂ ਕਿ ਇਸ ਵਾਸਤੇ ਸਾਲ 2014-15 ਵਿੱਚ ਸਿੱਖਿਆ ਵਿਭਾਗ ਲਈ ਅਤੇ ਸੜਕਾਂ ਤੇ ਪੁਲ ਬਣਾਉਣ ਵਾਸਤੇ 3500/- ਕਰੋੜ ਰੁਪਿਆ ਫਾਈਨਾਂਸ ਕਮਿਸ਼ਨ ਨੇ ਦਿੱਤਾ ਸੀ। ਉਸ ਦੇ ਵਿੱਚ ਤੁਸੀਂ ਹੈਰਾਨ ਹੋਵੋਗੇ ਕਿ 720/- ਕਰੋੜ ਰੁਪਿਆ ਵਾਪਸ ਚਲਾ ਗਿਆ । ਕਾਰਨ ਸਿਰਫ ਇਹ ਹੈ ਕਿ ਆਪਾਂ Utilization Certificate ਟਾਈਮ ਸਿਰ ਨਹੀਂ ਦੇ ਸਕੇ। ਇਸੇ ਤਰ੍ਹਾਂ ਸਾਲ 2015-16 ਤੋਂ ਲੈ ਸਾਲ 2017-18 ਤੱਕ, ਇਸ ਦੇ ਵਿੱਚ ਦੋਨੋਂ ਗੌਰਮਿੰਟਾਂ ਸ਼ਾਮਲ ਹਨ, ਪਿਛਲੀ ਸਰਕਾਰ ਦੇ ਵੇਲੇ ਅਤੇ ਇਸ ਸਰਕਾਰ ਦੇ ਵੇਲੇ ਵੀ, 14ਵੇਂ ਫਾਈਨਾਂਸ ਕਮਿਸ਼ਨ ਨੇ 3100/- ਕਰੋੜ ਰੁਪਿਆ ਪੰਚਾਇਤਾਂ ਅਤੇ ਮਿਊਂਸੀਪੈਲਿਟੀਆਂ ਵਾਸਤੇ ਦਿੱਤਾ ਸੀ ਪਰ ਇਸ ਦੇ ਵਿੱਚੋਂ 1600/- ਕਰੋੜ ਰੁਪਿਆ, ਤਕਰੀਬਨ ਅੱਧੇ ਤੋਂ ਜ਼ਿਆਦਾ ਪੈਸਾ ਵਾਪਸ ਚਲਾ ਗਿਆ। ਕਾਰਨ ਸਿਰਫ ਇਹ ਹੈ ਕਿ ਸਟਾਫ ਨਹੀਂ ਸੀ, ਲੋਕਲ ਫੰਡ ਅਕਾਊਂਟ ਦਾ ਜਿਹੜਾ ਐਗਜ਼ਾਮੀਨਰ ਸੀ, ਉਹ accounts certify ਨਹੀਂ ਕਰ ਸਕਿਆ ਅਤੇ ਪੈਸਾ ਯੂਟੀਲਾਈਜ਼ ਨਹੀਂ ਹੋ ਸਕਿਆ। ਇਸ ਤਰ੍ਹਾਂ ਦੀਆਂ ਕਰੀਬ 8-10 ਹੋਰ ਉਦਾਹਰਨਾਂ ਹਨ, ਮੈਂ ਉਨ੍ਹਾਂ ਦੇ ਵਿੱਚ ਨਹੀਂ ਜਾਣਾ ਚਾਹੁੰਦਾ ਹਾਂ। ਮੇਰੀ ਗੁਜ਼ਾਰਿਸ਼ ਹੈ ਕਿ ਪੰਜਾਬ ਦੀ ਵਿੱਤੀ ਹਾਲਤ ਹਾਲੇ ਵੀ ਬਹੁਤ ਖਰਾਬ ਹੈ। ਇਸ ਦੇ ਵਿੱਚ proper monitoring ਦੀ ਲੋੜ ਹੈ। ਅਸੀਂ Finance Department ਦੇ ਅਫਸਰਾਂ ਨਾਲ ਗੱਲ ਕੀਤੀ ਹੈ, ਉਹ ਕਹਿੰਦੇ ਹਨ ਕਿ ਹੁਣ ਇੱਕ ਨਵਾਂ ਸਿਸਟਮ ਆ ਗਿਆ ਹੈ ਪਰ ਸਿਸਟਮ ਨੂੰ ਚਲਾਉਣ ਵਾਸਤੇ ਜਿੰਨਾ ਚਿਰ ਸਟਾਫ ਨਹੀਂ ਮੁਹੱਈਆ ਕਰਵਾਵਾਂਗੇ ਅਤੇ ਇੱਕ ਨੀਤੀ ਨਿਯਤ ਨਹੀਂ ਹੋਵੇਗੀ, ਉਨੇ ਚਿਰ ਤੱਕ ਇਸ ਪੈਸੇ ਦਾ ਸਹੀ ਇਸਤੇਮਾਲ ਨਹੀਂ ਹੋ ਸਕਣਾ। ਬਹੁਤ ਸਾਰੇ ਕੇਸਿਜ਼ ਦੇ ਵਿੱਚ ਫਾਈਨਾਂਸ ਡਿਪਾਰਟਮੈਂਟ ਨੇ ਬਿਲ ਪਾਸ ਨਹੀਂ ਕੀਤੇ। ਇਸੇ ਕਰਕੇ U.C. ਨਹੀਂ ਦਿੱਤੇ ਗਏ। ਇਸੇ ਕਾਰਨ Government of India ਨੇ ਫਿਰ second installment ਨਹੀਂ ਦਿੱਤੀ। ਸਪੀਕਰ ਸਾਹਿਬ, ਮੇਰਾ ਆਪਣਾ ਖਿਆਲ ਹੈ ਕਿ ਜੇਕਰ ਆਪਾਂ ਆਪਣੇ finances ਨੂੰ ਕੰਟ੍ਰੋਲ ਕਰੀਏ, tightening, proper monitoring and mechanism ਰੱਖੀਏ ਤਾਂ ਹਰ ਸਾਲ ਘੱਟੋ-ਘੱਟ ਤਿੰਨ ਤੋਂ ਚਾਰ ਹਜ਼ਾਰ ਕਰੋੜ ਰੁਪਏ ਦੀ ਸਾਨੂੰ ਬੱਚਤ ਹੋ ਸਕਦੀ ਹੈ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਹੁਣ ਸਰਦਾਰ ਹਰਦਿਆਲ ਸਿੰਘ ਕੰਬੋਜ ਜੀ, ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**2. ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਹਰਦਿਆਲ ਸਿੰਘ ਕੰਬੋਜ):** ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਸਥਾਨਕ ਸਰਕਾਰ ਵਿਭਾਗ, ਪੰਜਾਬ ਨਾਲ ਸਬੰਧਿਤ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਦੇ ਨਾਲ 2 ਮਿੰਟ ਬੋਲਣ ਲਈ ਲੈਣੇ ਹਨ। ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤੇ ਸੀ.ਐਮ. ਸਾਹਿਬ ਦਾ ਕੋਟਾਨਿ-ਕੋਟ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਕਮੇਟੀ ਦਾ ਚੇਅਰਮੈਨ ਲਗਾਇਆ। ਸਾਡੇ ਜਿਹੜੇ ਬਹੁਤ ਵੱਡੇ ਕਈ ਮਸਲੇ ਸਨ, ਉਨ੍ਹਾਂ ਨੂੰ ਅਸੀਂ ਅਨੁਮਾਨ ਕਮੇਟੀ ਦੇ ਰਾਹੀਂ ਹੱਲ ਕਰਵਾਇਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਬਨੂੜ ਕੈਨਾਲ ਦਾ ਮਸਲਾ ਸੀ। ਲਗਭਗ 50-60 ਹਜ਼ਾਰ ਏਕੜ ਨੂੰ ਬਨੂੜ ਕੈਨਾਲ ਦਾ ਪਾਣੀ ਲੱਗਣਾ ਸੀ, ਕੈਪਟਨ ਅਮਰਿੰਦਰ ਸਿੰਘ ਜੀ ਨੇ 10-12 ਸਾਲ ਪਹਿਲਾਂ ਬਨੂੜ ਕੈਨਾਲ ਦਾ ਕੰਮ ਸ਼ੁਰੂ ਕਰਵਾਇਆ ਸੀ ਤੇ ਬਾਅਦ ਵਿੱਚ ਉੱਥੇ ਬਹੁਤ ਵੱਡੀ ਰੁਕਾਵਟ ਆਈ। ਸਪੀਕਰ ਸਾਹਿਬ, ਹਾਊਸ ਵਿੱਚ ਮੈਂ ਸਿਰਫ ਅਤੇ ਸਿਰਫ ਤੁਹਾਡਾ ਅਤੇ ਤੁਹਾਡੇ ਰਾਹੀਂ ਮਾਨਯੋਗ ਸੀ.ਐਮ. ਸਾਹਿਬ ਤੇ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਸ ਦੀ ਲਾਸਟ ਰਾਸ਼ੀ ਜਿਸ ਨਾਲ ਉਹ ਕੈਨਾਲ ਦਾ ਕੰਮ ਪੂਰਾ ਹੋਣਾ ਸੀ, ਉਹ ਰਿਲੀਜ਼ ਕਰ ਦਿੱਤੀ ਹੈ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਹੁਣ ਸ਼੍ਰੀ ਨੱਥੂ ਰਾਮ ਜੀ, ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**3. ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਸ਼੍ਰੀ ਨੱਥੂ ਰਾਮ):** ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੁਆਰਾ ਇਹ ਅਧਿਕਾਰ ਦਿੱਤੇ ਜਾਣ ਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਚਲਾਈਆਂ ਜਾ ਰਹੀਆਂ ਕੇਂਦਰੀ ਅਤੇ ਸਟੇਟ ਪ੍ਰਾਯੋਜਿਤ ਭਲਾਈ ਸਕੀਮਾਂ ਦੇ ਲਾਭ ਦਿਵਾਉਣ ਲਈ ਕਮੇਟੀ ਦੀ 44ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਧੰਨਵਾਦ। ਹੁਣ ਸ਼੍ਰੀ ਰਾਜ ਕੁਮਾਰ ਵੇਰਕਾ, ਸਭਾਪਤੀ, ਅਧੀਨ ਵਿਧਾਨ ਕਮੇਟੀ, ਰਿਪੋਰਟ ਪੇਸ਼ ਕਰਨਗੇ।

**4. ਸਭਾਪਤੀ, ਅਧੀਨ ਵਿਧਾਨ ਕਮੇਟੀ (ਡਾਕਟਰ ਰਾਜ ਕੁਮਾਰ ਵੇਰਕਾ):** ਸ਼੍ਰੀਮਾਨ ਜੀ, ਮੈਂ ਸਾਲ 2018-19 ਲਈ ਅਧੀਨ ਵਿਧਾਨ ਕਮੇਟੀ ਦੀ 42ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਕਿਉਂਕਿ ਇਹ ਬਹੁਤ ਇੰਪਾਰਟੈਂਟ ਕਮੇਟੀ ਹੈ ਔਰ ਇਸ ਸਬੰਧ ਵਿੱਚ ਮੈਂ ਸਿਰਫ ਦੋ ਲਾਈਨਾਂ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਕਮੇਟੀ ਵੱਲੋਂ ਬਹੁਤ ਸਾਰੇ ਮਹਿਕਮਿਆਂ ਨੂੰ ਰਿਵਿਊ ਕੀਤਾ ਗਿਆ ਜਿਸ ਤਹਿਤ ਬਹੁਤ ਸਾਰੇ ਵਿਭਾਗਾਂ ਨੂੰ ਦੇਖਿਆ ਗਿਆ ਕਿ ਪਿਛਲੇ 20 ਸਾਲ, 25 ਸਾਲ, 30 ਸਾਲ ਤੋਂ ਉਨ੍ਹਾਂ ਵਾਸਤੇ ਐਕਟ ਤਾਂ ਬਣੇ ਲੇਕਿਨ ਰੂਲਜ਼ ਨਹੀਂ ਬਣੇ। ਜਿਸ ਤਰ੍ਹਾਂ ਐਸ.ਸੀ.ਐਸ.ਟੀ. ਐਕਟ ਹੈ, ਉਹ ਸਾਲ 2006 ਵਿੱਚ ਆਇਆ ਲੇਕਿਨ ਉਸ ਤਹਿਤ ਥੱਲੇ ਰੂਲਜ਼ ਨਹੀਂ ਬਣੇ। ਕਮੇਟੀ ਵੱਲੋਂ ਬਹੁਤ ਸਾਰੇ ਮਹਿਕਮਿਆਂ ਨੂੰ ਚੈੱਕ ਕੀਤਾ ਗਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਿਰਫ ਸਰਕਾਰੀ ਡੀ.ਓ. ਤੇ ਹੀ, ਸਰਕਾਰੀ ਸਰਕੂਲਰ ਤੇ ਹੀ ਡਿਪਾਰਟਮੈਂਟ ਚੱਲ ਰਹੇ ਹਨ। ਕਰੀਬ 30 ਤੋਂ ਵੱਧ ਵਿਭਾਗਾਂ ਦੇ ਐਕਟਾਂ ਦੇ ਰੂਲ ਨਹੀਂ ਬਣੇ ਸਨ। ਮੀਟਿੰਗਾਂ ਵਿੱਚ ਸਾਡੇ ਸਾਰੇ ਸਾਥੀਆਂ ਨੇ, ਮੈਂਬਰ ਸਾਹਿਬਾਨਾਂ ਨੇ ਬੈਠ ਕੇ ਬਹੁਤ ਸਾਰੇ ਵੱਖ-ਵੱਖ ਮਹਿਕਮਿਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਬੁਲਾ ਕੇ ਕਈ ਰੂਲ ਬਣਵਾ ਲਏ ਹਨ। ਮੈਂ ਉਮੀਦ ਕਰਦਾ ਹਾਂ ਕਿ ਸਾਡੀ ਸਰਕਾਰ ਦੇ ਮੰਤਰੀ ਸਾਹਿਬਾਨ ਅਤੇ ਅਧਿਕਾਰੀ ਸਾਹਿਬਾਨ ਆਪਣੇ ਮਹਿਕਮਿਆਂ ਦੇ ਵਿੱਚ ਇਨ੍ਹਾਂ ਚੀਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜਿੱਥੇ ਕਮੀਆਂ ਹਨ, ਉਹ ਦੂਰ ਕਰਨਗੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ:** ਹੁਣ ਸਰਦਾਰ ਪਰਮਿੰਦਰ ਸਿੰਘ ਪਿੰਕੀ, ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**5. ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਪਰਮਿੰਦਰ ਸਿੰਘ ਪਿੰਕੀ):** ਸ਼੍ਰੀਮਾਨ ਜੀ, ਮੈਂ ਸਦਨ ਵਿੱਚ ਮੰਤਰੀਆਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਗਏ ਵਚਨਾਂ ਅਤੇ ਵਿਸ਼ਵਾਸਾਂ ਆਦਿ ਦੀ ਪੜਤਾਲ ਕਰਨ ਲਈ ਸਾਲ 2018-19 ਲਈ ਗਠਿਤ ਕੀਤੀ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 48ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

-------------

## PAPERS RE-LAID/LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ। ਸ਼੍ਰੀ ਬ੍ਰਹਮ ਮਹਿੰਦਰਾ ਜੀ, ਸੰਸਦੀ ਮਾਮਲੇ ਮੰਤਰੀ ਸਦਨ ਦੀ ਮੇਜ਼ ਤੇ ਮੁੜ ਰੱਖੇ ਜਾਣ ਵਾਲੇ/ਰੱਖੇ ਜਾਣ ਵਾਲੇ ਕਾਗਜ਼ ਕਾਗਜ਼ ਪੱਤਰ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰਬਰ IV ਅਧੀਨ ਦਰਸਾਏ ਗਏ ਲੜੀ ਨੰਬਰ 1 ਤੋਂ 10 ਤੱਕ ਦੇ ਮੁੜ ਰੱਖੇ ਜਾਣ ਵਾਲੇ/ਰੱਖੇ ਜਾਣ ਵਾਲੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦੇ ਹਨ:-

1. ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਨਿਯਮਾਂ 2017, ਜਿਵੇਂ ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 166 ਅਧੀਨ ;
2. ਸਾਲ 2017-18 ਲਈ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਲਿਮਟਿਡ ਦੀ 35ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ;
3. ਸਾਲ 2014-15 ਲਈ ਪੰਜਾਬ ਰਾਜ ਬੀਜ ਨਿਗਮ ਲਿਮਟਿਡ ਦੀ 39ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ;
4. ਸਾਲ 2016-17 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਮਨੁੱਖੀ ਅਧਿਕਾਰ ਐਕਟ, 1993 ਦੀ ਧਾਰਾ 28 ਅਧੀਨ ;
5. ਸਾਲ 2015-16 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੇ ਲੇਖਿਆਂ ਦੇ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 53(5) ਅਧੀਨ ;
6. ਸਾਲ 2016-17 ਲਈ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ

ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ;

7. ਸਾਲਾਂ 2014-15 ਅਤੇ 2015-16 ਲਈ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ ਦੀ 41ਵੀਂ ਅਤੇ 42ਵੀਂ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619(ੳ) ਅਧੀਨ ;

8. ਸਾਲ 2015-16 ਲਈ ਪੰਜਾਬ ਸ਼ਹਿਰੀ ਯੋਜਨਾ ਅਤੇ ਵਿਕਾਸ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ;

9. ਸਾਲ 2014-15 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 12ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619(ੳ) ਅਧੀਨ, ਅਤੇ

10. ਸਾਲ 2015-16 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ।

--------------

## OFFICIAL RESOLUTION REG. RECOMMENDATION TO THE STATE GOVERNMENT TO TAKE UP THE MATTER WITH THE GOVERNMENT OF INDIA TO IMPRESS UPON THE BRITISH GOVERNMENT TO OFFICIALLY APOLOGISE FOR THE TRAGIC MASSACRE OF THE INNOCENT PEOPLE AT JALLIANWALA BAGH, AMRITSAR ON THE 13TH OF APRIL, 1919

**ਮਾਨਯੋਗ ਸਪੀਕਰ :** ਅਗਲੀ ਆਈਟਮ, ਸਰਕਾਰੀ ਮਤਾ। ਸ੍ਰੀ ਬ੍ਰਹਮ

[ਮਾਨਯੋਗ ਸਪੀਕਰ]

ਮਹਿੰਦਰਾ ਜੀ ਮਤਾ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> "ਕਿ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦਾ ਦੁੱਖਦਾਈ ਹੱਤਿਆਕਾਂਡ ਭਾਰਤੀ ਇਤਿਹਾਸ ਵਿੱਚ ਅੰਗਰੇਜ਼ੀ ਹਕੂਮਤ ਵੱਲੋਂ ਕੀਤੇ ਗਏ ਜ਼ੁਲਮਾਂ ਦੀਆਂ ਯਾਦਾਂ ਵਿੱਚੋਂ ਸਭ ਤੋਂ ਵੱਧ ਭਿਆਨਕ ਯਾਦ ਹੈ।
>
> ਰੋਲਟ ਐਕਟ ਦੇ ਵਿਰੋਧ ਵਿੱਚ ਸਥਾਨਕ ਪ੍ਰਦਰਸ਼ਨਕਾਰੀਆਂ ਵੱਲੋਂ ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਪ੍ਰਦਰਸ਼ਨ ਨੂੰ ਦਬਾਉਣ ਖਾਤਰ ਜੋ ਇਹ ਸ਼ਰਮਨਾਕ ਫੌਜਕਾਰੀ ਕਾਰਵਾਈ ਕੀਤੀ ਗਈ ਸੀ, ਉਸ ਦੀ ਦੁਨੀਆਂ ਭਰ ਵਿੱਚ ਨਿਖੇਧੀ ਕੀਤੀ ਗਈ। ਫਿਰ ਵੀ, ਇਹ ਵਾਜਬ ਹੋਵੇਗਾ ਜੇਕਰ ਬ੍ਰਿਟਿਸ਼ ਸਰਕਾਰ ਵੱਲੋਂ ਇਸ ਕਾਂਡ ਲਈ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ ਤੇ ਮੁਆਫ਼ੀ ਮੰਗੀ ਜਾਵੇ, ਖਾਸ ਕਰਕੇ ਉਦੋਂ ਜਦੋਂ ਅਸੀਂ ਇਸ ਦੁਖਾਂਤ ਦੇ ਸ਼ਤਾਬਦੀ ਵਰ੍ਹੇ ਵਿੱਚ ਹਾਂ।
>
> ਇਹ ਅਜ਼ੀਮ ਸਦਨ ਸਰਬਸੰਮਤੀ ਨਾਲ ਇਹ ਫੈਸਲਾ ਕਰਦਾ ਹੈ ਕਿ ਰਾਜ ਸਰਕਾਰ ਇਸ ਸਬੰਧੀ ਭਾਰਤ ਸਰਕਾਰ ਨਾਲ ਮਾਮਲਾ ਉਠਾਵੇ ਕਿ ਉਹ ਬ੍ਰਿਟਿਸ਼ ਸਰਕਾਰ ਤੇ, ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦੇ ਹੱਤਿਆਕਾਂਡ ਲਈ, ਜਨਤਕ ਤੌਰ ਤੇ ਮੁਆਫ਼ੀ ਮੰਗਣ ਲਈ ਦਬਾਅ ਪਾਉਣ।"

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ, ਮੈਨੂੰ ਇੱਕ ਮਿੰਟ ਦੇ ਦਿਉ.....

**ਮਾਨਯੋਗ ਸਪੀਕਰ :** ਮੈਨੂੰ ਪ੍ਰਸਤਾਵ ਪੇਸ਼ ਕਰ ਲੈਣ ਦਿਉ। ਪ੍ਰਸਤਾਵ ਪੇਸ਼ ਕਰਨ ਤੋਂ ਬਾਅਦ ਬੋਲਣਾ ਹੁੰਦਾ ਹੈ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> "ਕਿ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦਾ ਦੁੱਖਦਾਈ ਹੱਤਿਆਕਾਂਡ ਭਾਰਤੀ ਇਤਿਹਾਸ ਵਿੱਚ ਅੰਗਰੇਜ਼ੀ ਹਕੂਮਤ ਵੱਲੋਂ ਕੀਤੇ ਗਏ ਜ਼ੁਲਮਾਂ ਦੀਆਂ

ਯਾਦਾਂ ਵਿੱਚੋਂ ਸਭ ਤੋਂ ਵੱਧ ਭਿਆਨਕ ਯਾਦ ਹੈ।

ਰੋਲਟ ਐਕਟ ਦੇ ਵਿਰੋਧ ਵਿੱਚ ਸਥਾਨਕ ਪ੍ਰਦਰਸ਼ਨਕਾਰੀਆਂ ਵੱਲੋਂ ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਪ੍ਰਦਰਸ਼ਨ ਨੂੰ ਦਬਾਉਣ ਖਾਤਰ ਜੋ ਇਹ ਸ਼ਰਮਨਾਕ ਫੌਜਕਾਰੀ ਕਾਰਵਾਈ ਕੀਤੀ ਗਈ ਸੀ, ਉਸ ਦੀ ਦੁਨੀਆਂ ਭਰ ਵਿੱਚ ਨਿਖੇਧੀ ਕੀਤੀ ਗਈ। ਫਿਰ ਵੀ, ਇਹ ਵਾਜਬ ਹੋਵੇਗਾ ਜੇਕਰ ਬ੍ਰਿਟਿਸ਼ ਸਰਕਾਰ ਵੱਲੋਂ ਇਸ ਕਾਂਡ ਲਈ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ ਤੇ ਮੁਆਫ਼ੀ ਮੰਗੀ ਜਾਵੇ, ਖਾਸ ਕਰਕੇ ਉਦੋਂ ਜਦੋਂ ਅਸੀਂ ਇਸ ਦੁਖਾਂਤ ਦੇ ਸ਼ਤਾਬਦੀ ਵਰ੍ਹੇ ਵਿੱਚ ਹਾਂ।

ਇਹ ਅਜੀਮ ਸਦਨ ਸਰਬਸੰਮਤੀ ਨਾਲ ਇਹ ਫੈਸਲਾ ਕਰਦਾ ਹੈ ਕਿ ਰਾਜ ਸਰਕਾਰ ਇਸ ਸਬੰਧੀ ਭਾਰਤ ਸਰਕਾਰ ਨਾਲ ਮਾਮਲਾ ਉਠਾਵੇ ਕਿ ਉਹ ਬ੍ਰਿਟਿਸ਼ ਸਰਕਾਰ ਤੇ, ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦੇ ਹੱਤਿਆਕਾਂਡ ਲਈ, ਜਨਤਕ ਤੌਰ ਤੇ ਮੁਆਫ਼ੀ ਮੰਗਣ ਲਈ ਦਬਾਅ ਪਾਉਣ।"

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਰ, ਮਿਤੀ 12.04.1919 ਨੂੰ ਅੰਮ੍ਰਿਤਸਰ ਜਿਸ ਵੇਲੇ ਮਾਰਸ਼ਲ ਲਾਅ ਲੱਗਿਆ ਹੋਇਆ ਸੀ, ਉਸ ਵੇਲੇ ਰੋਲਟ ਐਕਟ ਦੇ ਖਿਲਾਫ ਪ੍ਰਦਰਸ਼ਨ ਹੋ ਰਿਹਾ ਸੀ, ਮੀਟਿੰਗਾਂ ਹੋ ਰਹੀਆਂ ਸੀ ਔਰ 12 ਤਾਰੀਖ ਨੂੰ ਇਹ ਸ਼ੁਰੂ ਹੋਇਆ ਸੀ ਅਤੇ 13 ਅਪ੍ਰੈਲ ਨੂੰ ਵਿਸਾਖੀ ਫੈਸਟੀਵਲ ਸੀ, ਉਦੋਂ ਵੱਡੀ ਗਿਣਤੀ ਵਿੱਚ ਉੱਥੇ ਪੰਜਾਬੀ ਇਕੱਠੇ ਹੋ ਚੁੱਕੇ ਸੀ। ਸਰ, ਸਾਢੇ ਚਾਰ ਵਜੇ ਜਨਰਲ ਡਾਇਰ ਆਪਣੇ 50 ਰਾਈਫਲ ਮੈਨਾਂ ਨਾਲ ਉੱਥੇ ਆਉਂਦਾ ਹੈ ਅਤੇ ਉੱਥੇ ਆ ਕੇ ਫਾਇਰਿੰਗ ਦੇ ਆਰਡਰ ਕਰ ਗਿਆ, ਵੀਹ ਮਿੰਟ ਬੜੇ ਜ਼ਾਲਿਮਾਨਾ ਤਰੀਕੇ ਨਾਲ ਫਾਇਰਿੰਗ ਚਲਦੀ ਰਹੀ ਜਿਸ ਵਿੱਚ 1650 ਰਾਊਂਡ .303 ਇੰਚ ਦੇ ਰਾਈਫਲ ਵਿੱਚੋਂ ਕੱਢੇ ਗਏ ਔਰ ਉਸ ਨਾਲ 379 ਬੰਦੇ ਉੱਥੇ ਮਰੇ ਅਤੇ 1200 ਬੰਦੇ ਉਸ ਵੇਲੇ ਘਾਇਲ ਹੋਏ। ਉਸ ਤੋਂ ਬਾਅਦ ਉਸ ਦਾ ਰਿਐਕਸ਼ਨ ਕੀ ਹੁੰਦਾ ਹੈ ਕਿ The British Government set up an Enquiry Committee known as Hunter Committee which held General Dyer guilty. He was leader of command and

[ਸੰਸਦੀ ਮਾਮਲੇ ਮੰਤਰੀ]

prematurely retired from the Army. ਸਰ, ਇੱਥੋਂ ਹੀ ਇਸ ਗੱਲ ਤੋਂ ਸਾਬਿਤ ਹੁੰਦਾ ਹੈ ਕਿ ਜਨਰਲ ਡਾਇਰ ਉਸ ਵੇਲੇ ਬੜੀ ਜ਼ਾਲਿਮਾਨਾ ਤਰੀਕੇ ਨਾਲ ਗੋਲੀਆਂ ਚਲਵਾ ਰਿਹਾ ਸੀ ਔਰ further ਉਸ ਦਾ ਰਿਐਕਸ਼ਨ ਕੀ ਹੁੰਦਾ ਹੈ ਕਿ ਸਾਡੇ ਰਾਸ਼ਟਰੀ ਗੀਤ ਲਿਖਣ ਵਾਲੇ ਸ਼੍ਰੀ ਰਾਬਿੰਦਰਨਾਥ ਟੈਗੋਰ ਜੀ ਨੇ ਆਪਣਾ British Knighthood ਵਾਪਸ ਕੀਤਾ। ਫਿਰ ਉਸ ਤੋਂ ਬਾਅਦ ਕੁਝ ਨੌਜਵਾਨਾਂ ਤੋਂ ਟੋਲਰੇਟ ਨਹੀਂ ਹੋਇਆ ਕਿਉਂਕਿ ਇਹ ਇੰਨਾ ਜ਼ਿਆਦਾ ਜ਼ਾਲਿਮਾਨਾ ਕੰਮ ਹੋਇਆ ਸੀ ਜੋ ਕਿ ਬਰਦਾਸ਼ਤ ਨਹੀਂ ਹੋਇਆ, at that time Sardar Udham Singh saw the happening with his own eyes avenged the killing of his countrymen by killing him in London on 31st July, 1940. Sardar Udham Singh was jailed and hanged in London. ਸੋ, ਸਰ ਇਹ ਸਾਡੇ ਇਤਿਹਾਸ ਵਿੱਚ ਬੜਾ ਜ਼ਰੂਰੀ ਹੋ ਜਾਂਦਾ ਹੈ ਕਿ ਇੰਨੀ ਜ਼ਾਲਿਮਾਨਾ ਘਟਨਾ ਵਾਪਰੀ ਹੋਵੇ ਔਰ ਅੱਜ ਦਾ ਨੌਜਵਾਨ ਜਦੋਂ ਪਿਛਲੇ ਇਤਿਹਾਸ ਨੂੰ ਦੇਖਦਾ ਹੈ ਤਾਂ ਅਜੇ ਵੀ ਖੂਨ ਉਬਾਲ ਖਾ ਜਾਂਦਾ ਹੈ। ਸੋ, ਮੈਂ ਚਾਹੁੰਦਾ ਹਾਂ ਕਿ ਸਦਨ ਇਸ ਨੂੰ ਯੂਨਾਨੀਮਸਲੀ ਪਾਸ ਕਰੇ।

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਸਾਹਿਬ ਬੋਲੋ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਸਰ, ਜਿਹੜਾ ਲਾਸਟ ਸੈਸ਼ਨ ਸੀ, ਉਸ ਵਿੱਚ ਇਹ ਮਤਾ ਪ੍ਰੋਫੈਸਰ ਬਲਜਿੰਦਰ ਕੌਰ ਵੱਲੋਂ ਵੀ ਉਠਾਇਆ ਗਿਆ ਸੀ, ਉਦੋਂ ਤੁਸੀਂ ਰਿਜੈਕਟ ਕੀਤਾ ਸੀ ਔਰ ਮੇਰੇ ਵੱਲੋਂ ਵੀ ਇਹ ਮਤਾ ਇਸ ਸੈਸ਼ਨ ਲਈ ਦਿੱਤਾ ਗਿਆ ਸੀ, ਉਹ ਵੀ ਤੁਸੀਂ ਰਿਜੈਕਟ ਕੀਤਾ ਹੈ ਪਰ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਇਹ ਬਹੁਤ ਵਧੀਆ ਮਤਾ ਲਿਆਂਦਾ ਹੈ, ਅਸੀਂ ਇਸ ਨੂੰ ਸਪੋਰਟ ਕਰਦੇ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਜਿਹੜੀ ਕੈਨੇਡਾ ਵਿੱਚ ਕੰਮ ਕਰ ਰਹੀ ਹੈ, ਉਨ੍ਹਾਂ ਵੱਲੋਂ ਪਹਿਲਾਂ ਹੀ ਇਸ ਸਬੰਧ ਵਿੱਚ ਯਤਨ ਕੀਤੇ ਜਾ ਰਹੇ ਸੀ, ਪਹਿਲਾਂ ਬਹੁਤ ਸਾਰੇ ਯਤਨ ਹੋਏ ਹਨ, ਜਿਵੇਂ ਕਾਮਾਗਾਟਾਮਾਰੂ ਦੀ ਘਟਨਾ ਹੋਈ ਸੀ, ਉਸ ਤੇ ਕੈਨੇਡਾ ਸਰਕਾਰ ਨੇ ਮੁਆਫੀ ਮੰਗੀ ਹੈ। ਸਰ, ਉਸ ਲਈ ਸਾਹਿਬ ਸਿੰਘ ਥਿੰਦ ਜੋ ਕਿ ਫਾਊਂਡੇਸ਼ਨ ਦੇ ਚੇਅਰਮੈਨ ਹਨ, ਪ੍ਰਧਾਨ ਹਨ ਅਤੇ ਉਹ ਲਗਾਤਾਰ ਕੰਮ ਕਰ ਰਹੇ ਹਨ। ਤੁਹਾਨੂੰ ਵੀ ਉਹ ਮਤਾ ਦੇ ਕੇ ਗਏ ਸੀ, ਮੈਨੂੰ ਵੀ ਦੇ ਕੇ ਗਏ ਸੀ ਅਤੇ ਸ਼ਾਇਦ ਸਰਕਾਰ ਨੂੰ ਵੀ ਦੇ ਕੇ ਗਏ ਸੀ। ਸੋ, ਮੇਰੇ ਵੱਲੋਂ ਬਹੁਤ-ਬਹੁਤ ਧੰਨਵਾਦ ਔਰ ਡਾਕਟਰ ਸਾਹਿਬ ਸਿੰਘ ਥਿੰਦ ਦਾ ਸਪੈਸ਼ਲ ਧੰਨਵਾਦ ਹੈ ਜੀ ।

**ਮਾਨਯੋਗ ਸਪੀਕਰ:** ਹਾਂ ਜੀ, ਬੈਂਸ ਸਾਹਿਬ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਲਈ ਸਮਾਂ ਦਿੱਤਾ।

**ਮਾਨਯੋਗ ਸਪੀਕਰ:** ਇੱਕ ਸੈਕਿੰਡ, ਬੈਂਸ ਸਾਹਿਬ। ਚੀਮਾ ਸਾਹਿਬ, ਤੁਹਾਡਾ ਮਤਾ ਰਿਜੈਕਟ ਨਹੀਂ ਹੋਇਆ ਸੀ, ਉਹ ਅੰਡਰ ਰੂਲ ਨਹੀਂ ਸੀ। ਹਾਂ ਜੀ, ਬੈਂਸ ਸਾਹਿਬ ਤੁਸੀਂ ਬੋਲੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਹੈ। ਸਪੀਕਰ ਸਾਹਿਬ, ਜਿੱਥੇ ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ, ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਤਾਂ ਸਾਡੇ ਦੇਖਣ ਤੋਂ ਪਹਿਲਾਂ ਦੀ ਵਾਪਰੀ ਹੋਈ ਘਟਨਾ ਹੈ ਪਰ ਫਿਰ ਵੀ ਸਾਡਾ ਖੂਨ ਖੌਲਦਾ ਹੈ ਪਰ ਸਾਡੇ ਦੇਖਦਿਆਂ-ਦੇ ਖਦਿਆਂ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਵੀ ਘਟਨਾਵਾਂ ਵਾਪਰੀਆਂ ਹਨ। ਮੈਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੋਣ ਦੇ ਨਾਤੇ ਹਾਊਸ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਉੱਥੇ ਉਨ੍ਹਾਂ ਨਿਹੱਥੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਵਾਲੇ ਸਿੰਘ-ਸਿੰਘਣੀਆਂ ਤੇ ਬੱਚਿਆਂ ਤੇ ਗੋਲੀਆਂ ਦੀ ਬੁਛਾਰ ਕੀਤੀ ਗਈ ਔਰ ਉਸ ਦੀ ਮੁਆਫੀ ਕਿਹੜੀ ਸਰਕਾਰ ਮੰਗੇਗੀ? ਮੈਂ ਕੈਪਟਨ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਉਹ ਸਰਕਾਰ ਸਿਆਣੀ ਹੁੰਦੀ ਹੈ, ਜਿਹੜੀ ਆਪਣੇ ਲੋਕਾਂ ਦੀ ਨਬਜ਼ ਨੂੰ ਦੇ ਖ ਕੇ ਉਸ ਦੀ ਮੁਆਫੀ ਮੰਗ ਲਵੇ। ਮੈਂ ਪੰਜਾਬ ਸਰਕਾਰ ਨੂੰ ਵੀ ਬੇਨਤੀ ਕਰਦਾ ਹਾਂ ਕਿ ਭਾਵੇਂ ਪਿਛਲੀ ਸਰਕਾਰ ਨੇ ਇਹ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਹੁਕਮ ਕੀਤੇ ਸੀ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ.......

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਤੁਸੀਂ ਇਸ ਮਤੇ ਤੇ ਗੱਲ ਕਰ ਲਵੋ। ਤੁਸੀਂ ਅੱਗੇ ਵੀ ਬੋਲਣਾ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਇਹ ਵੀ ਉਸ ਦੇ ਨਾਲ ਦਾ ਹੀ ਹੈ ਜੀ।

**ਮਾਨਯੋਗ ਸਪੀਕਰ:** ਨਹੀਂ, ਤੁਸੀਂ ਅਜੇ ਬੋਲਣਾ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਕੀ ਆਪਾਂ ਸੌ ਸਾਲ ਬਾਅਦ ਹੀ ਮੁਆਫੀ ਮੰਗਣੀ ਹੈ?

**ਮਾਨਯੋਗ ਸਪੀਕਰ:** ਤੁਹਾਨੂੰ ਮੌਕਾ ਮਿਲੇਗਾ, ਜੇ ਅੱਗੇ ਹੋਰ ਮਸਲਿਆਂ ਤੇ ਬੋਲਣਾ ਹੋਵੇ ਤਾਂ ਬੋਲ ਲੈਣਾ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਤਾਂ ਇਹ ਹੀ ਬੇਨਤੀ ਕਰਦਾ ਹਾਂ ਕਿ ਇਸ ਦੇ ਵਿੱਚ ਦੋ ਲਾਈਨਾਂ ਪਾ ਕੇ ਪੰਜਾਬ ਸਰਕਾਰ ਵੀ ਮੁਆਫੀ ਮੰਗ ਲਵੇ। ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਕੀਤਾ ਹੈ, ਮੈਂ ਤਾਂ ਨਾਂ ਲੈ ਕੇ ਕਹਿ ਰਿਹਾ ਹਾਂ। ਸੀ.ਐਮ. ਸਾਹਿਬ, ਇਨ੍ਹਾਂ ਨੇ ਗਲਤੀ ਕੀਤੀ ਹੈ।

**ਮਾਨਯੋਗ ਸਪੀਕਰ:** ਚਲੋ ਬੈਠੋ, ਬੈਠੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਇਨ੍ਹਾਂ ਨੇ ਗਲਤੀ ਕੀਤੀ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਢੀਂਡਸਾ ਸਾਹਿਬ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ) :** ਸਪੀਕਰ ਸਾਹਿਬ, ਇਹ ਜੋ ਮਤਾ ਮਾਨਯੋਗ ਮੰਤਰੀ ਸ਼੍ਰੀ ਬ੍ਰਹਮ ਮਹਿੰਦਰਾ ਜੀ ਲੈ ਕੇ ਆਏ ਹਨ, ਬੜਾ ਵਧੀਆ ਮਤਾ ਹੈ। ਅਸੀਂ ਇਸ ਦੀ ਹਮਾਇਤ ਕਰਦੇ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹੀ ਮਤਾ ਸਾਡੀ ਪਾਰਟੀ ਵੱਲੋਂ ਲੋਕ ਸਭਾ ਦੇ ਵਿੱਚ ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ ਜੀ ਵੱਲੋਂ ਵੀ ਮੂਵ ਕੀਤਾ ਗਿਆ ਪਰ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਕੁਝ ਐਮ.ਪੀ. ਹਾਜ਼ਰ ਨਾ ਹੋਣ ਕਰਕੇ, ਬਹੁਤਾ ਸਮਰਥਨ ਨਹੀਂ ਮਿਲਿਆ ਪਰ ਚਲੋ, ਮੈਂ ਉਸ ਵਿੱਚ ਨਹੀਂ ਪੈਣਾ ਚਾਹੁੰਦਾ। ਸਪੀਕਰ ਸਾਹਿਬ, ਅਸੀਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰਦੇ ਹਾਂ ਪਰ ਮੇਰੀ ਤੁਹਾਨੂੰ ਇੱਕ ਬੇਨਤੀ ਹੈ ਕਿ ਕੀ ਇਹ ਜਿਹੜਾ ਹਾਊਸ ਹੈ, ਇਹ ਸਰਕਾਰ ਦੇ ਮਤੇ ਪਾਸ ਕਰਨ ਵਾਸਤੇ ਹੈ ਜਾਂ ਆਪੋਜ਼ੀਸ਼ਨ ਦਾ ਮਤਾ ਵੀ ਪਾਸ ਹੋ ਸਕਦਾ ਹੈ? ਆਪੋਜ਼ੀਸ਼ਨ ਕੋਈ ਮਤਾ ਲਿਆ ਸਕਦੀ ਹੈ ਜਾਂ ਨਹੀਂ ਲਿਆ ਸਕਦੀ?

**ਮਾਨਯੋਗ ਸਪੀਕਰ:** ਤੁਸੀਂ as per Rules ਦਿਉ, ਜ਼ਰੂਰ ਮੰਨਾਂਗੇ। ਤੁਸੀਂ as per rule ਦਿਉ, ਜ਼ਰੂਰ ਮੰਨਾਂਗੇ । ਹਾਂ ਜੀ ਸ਼੍ਰੀ ਅਮਨ ਅਰੋੜਾ ਜੀ.....

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ, ਸਾਡੇ ਸਾਰੇ ਮਤੇ ਰਿਜੈਕਟ ਕਰ ਦਿੱਤੇ, ਜਿੰਨੇ ਵੀ ਅਸੀਂ ਮਤੇ ਲੈ ਕੇ ਆਏ ਹਾਂ, ਉਹ ਕਿਸੇ ਨਾ ਕਿਸੇ ਗਰਾਊਂਡ ਤੇ ਤੁਸੀਂ ਰਿਜੈਕਟ ਕਰ ਦਿੱਤੇ।

**ਮਾਨਯੋਗ ਸਪੀਕਰ:** ਤੁਸੀਂ ਰੂਲ ਦੇ ਵਾਕਿਫ ਹੋ, ਰੂਲ ਮੁਤਾਬਿਕ ਦਿਆ ਕਰੋ। ਹਾਂ ਜੀ ਸ਼੍ਰੀ ਅਮਨ ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਮੈਂ ਸਮਝਦਾ ਹਾਂ ਕਿ ਇਹ ਬਹੁਤ ਚੰਗੀ ਗੱਲ ਹੈ ਕਿਉਂਕਿ ਯੂਨੈਨੀਮਸਲੀ ਹੈ, ਐਲ.ਓ.ਪੀ. ਜੀ ਨੇ ਵੀ ਮਤਾ ਦਿੱਤਾ ਸੀ ਅਤੇ ਸਰਕਾਰ ਮਤਾ ਲੈ ਕੇ ਆਈ ਹੈ। I Appreciate that ਔਰ ਮੈਨੂੰ ਇਸ ਗੱਲ ਦਾ ਮਾਣ ਹੈ । ਅਸੀਂ ਜਲ੍ਹਿਆਂਵਾਲਾ ਬਾਗ ਦਾ ਸ਼ਤਾਬਦੀ ਵਰ੍ਹਾ ਮਨਾ ਰਹੇ ਹਾਂ, ਪਿਛਲੇ ਦਿਨੀਂ ਆਨਰੇਬਲ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨੇ ਸ਼ਹੀਦ-ਏ-ਆਜ਼ਮ, ਸਰਦਾਰ ਊਧਮ ਸਿੰਘ ਜੀ ਸੁਨਾਮ ਦੀ ਗੱਲ ਕੀਤੀ ਹੈ ਔਰ ਮੈਨੂੰ ਮਾਣ ਹੈ, ਗਰਵ ਹੈ ਕਿ ਮੈਂ ਉਸ ਪਵਿੱਤਰ ਧਰਤੀ ਤੋਂ ਆਉਂਦਾ ਹਾਂ ਅਤੇ ਸੁਨਾਮ ਨੂੰ ਰਿਪ੍ਰੈਜ਼ੈਂਟ ਕਰਦਾ ਹਾਂ। ਸਰ, ਮੇਰੀ ਸਿਰਫ ਤੇ ਸਿਰਫ ਇੰਨੀ ਰਿਕੁਐਸਟ ਹੈ, ਮੈਂ ਇੱਕ ਜਨਾਬ ਕੋਲ ਪਹਿਲਾਂ ਵੀ ਰਿਕੁਐਸਟ ਕੀਤੀ ਸੀ ਅਤੇ ਸ਼ਹੀਦ ਸਰਦਾਰ ਊਧਮ ਸਿੰਘ ਅਤੇ ਸਰਦਾਰ ਭਗਤ ਸਿੰਘ ਜੀ ਨੂੰ ਕੌਮੀ ਸ਼ਹੀਦ ਦਾ ਦਰਜਾ ਦੇਣ ਵਾਸਤੇ ਰੈਜ਼ੋਲਿਊਸ਼ਨ ਦਿੱਤਾ ਸੀ, ਉਹ ਰਿਜੈਕਟ ਹੋ ਗਿਆ ਸੀ। ਮੇਰੀ ਤੁਹਾਨੂੰ ਵੀ ਔਰ ਸਰਕਾਰ ਨੂੰ ਬੇਨਤੀ ਹੈ, I understand ਕਿ ਉਹ ਆਪਣਾ ਪ੍ਰੈਰੋਗੇਟਿਵ ਨਹੀਂ ਹੈ, ਕੌਮੀ ਸ਼ਹੀਦ ਦਾ ਦਰਜਾ ਸੈਂਟਰ ਗੌਰਮਿੰਟ ਨੇ ਗਰਾਂਟ ਕਰਨਾ ਹੈ ਪਰ ਮੇਰੀ ਰਿਕੁਐਸਟ ਹੈ ਕਿ ਜਿਨ੍ਹਾਂ ਦੀ ਵਜ੍ਹਾ ਕਰਕੇ ਆਪਾਂ ਇੱਥੇ ਬੈਠੇ ਹਾਂ, ਇੱਕ ਖੁੱਲ੍ਹੀ ਆਜ਼ਾਦ ਹਵਾ ਦੇ ਵਿੱਚ ਅਸੀਂ ਸਾਹ ਲੈ ਰਹੇ ਹਾਂ, ਆਪਾਂ ਤਾਂ ਆਪਣੇ ਵੱਲੋਂ ਰੈਜ਼ੋਲਿਊਸ਼ਨ ਮੂਵ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜ ਦੇਈਏ, ਉਹ ਕਰਨ ਜਾਂ ਨਾ ਕਰਨ।

**ਮਾਨਯੋਗ ਸਪੀਕਰ:** ਤੁਸੀਂ ਇਸ ਅੱਜ ਵਾਲੇ ਮਤੇ ਤੇ ਕੁਝ ਹੋਰ ਕਹਿਣਾ ਹੈ?

**ਸ਼੍ਰੀ ਅਮਨ ਅਰੋੜਾ:** ਸਰ, ਮੈਂ ਐਪਰੀਸ਼ੀਏਟ ਕਰਦਾ ਹਾਂ, ਆਮ ਆਦਮੀ ਪਾਰਟੀ ਇਸ ਦੀ ਸਪੋਰਟ ਕਰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵਧੀਆ ਮਤਾ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਦਾ ਬੜਾ ਮਸ਼ਕੂਰ ਹਾਂ, ਜਿਹੜਾ ਇਹ ਮਤਾ ਲੈ ਕੇ ਆਏ ਹਾਂ, ਇਹ ਮਤਾ ਲਿਆਉਣ ਦੀ ਮੰਗ ਸਾਰਿਆਂ ਦੀ ਸੀ। ਇਸ ਦੇ ਨਾਲ ਹੀ ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ ਇਸ ਵਿੱਚ ਇੱਕ ਲਾਈਨ ਐਡ ਕਰ ਦਿੱਤੀ ਜਾਵੇ ਕਿ ** ** ਬਾਕੀ ਗੱਲ ਮੈਂ ਇੱਕ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਹਿਸਟਰੀ

** Expunged as ordered by the Hon'ble Speaker.

[ਸਰਦਾਰ ਕੁਲਤਾਰ ਸਿੰਘ ਸੰਧਵਾਂ]

ਹੁੰਦੀ ਹੈ, ਇਹ ਸਾਡੇ ਲਈ ਸਿੱਖਿਆ ਲੈਣ ਵਾਸਤੇ ਹੁੰਦੀ ਹੈ ਕਿ ਅਸੀਂ ਫਿਊਚਰ ਵਿੱਚ ਕੀ ਕਰਨਾ ਹੈ? ਸਾਡੇ ਕੋਲੋਂ ਵੀ ਗਲਤੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਗੋਰਿਆਂ ਨੇ ਬਹੁਤ ਵੱਡਾ ਕਾਰਾ ਕੀਤਾ ਸੀ ਜਿਸ ਕਾਰਨ ਉਨ੍ਹਾਂ ਦੀ ਇੱਥੋਂ ਜੜ੍ਹ ਪੁੱਟੀ ਗਈ। ਅਸੀਂ ਵੀ ਗਲਤੀਆਂ ਕੀਤੀਆਂ ਹਨ, ਸਰਕਾਰ ਕੋਟਕਪੂਰਾ ਕਾਂਡ ਵਾਸਤੇ ਵੀ ਮੁਆਫੀ ਮੰਗੇ, ਕਿਉਂਕਿ ਇਹ ਪੰਜਾਬ ਸਰਕਾਰ ਕੋਲੋਂ ਹੋਇਆ ਹੈ। ਸਰਕਾਰ ਨੇ ਇੱਕ ਨਕੋਦਰ ਕਾਂਡ ਦੀ ਰਿਪੋਰਟ ਜਿਹੜੀ ਤੁਸੀਂ ਕਹੀ ਸੀ, ਪੇਸ਼ ਕਰ ਦਿੱਤੀ ਸੀ, **** ਉਹ ਪਾਰਟ-2, ਜਸਟਿਸ ਗੁਰਨਾਮ ਸਿੰਘ ਕਮਿਸ਼ਨ ਸੀ। ਜਿਹੜੀ ਨਕੋਦਰ ਕਾਂਡ ਵਾਲੀ ਰਿਪੋਰਟ ਹੈ,** **

**ਮਾਨਯੋਗ ਸਪੀਕਰ:** ਦੋਨੋਂ ਰਿਪੋਰਟਾਂ ਪੇਸ਼ ਹੋਈਆਂ ਸਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ****

**ਮਾਨਯੋਗ ਸਪੀਕਰ:** ਚਲੋ, ਇਹ ਬਹਿਸ ਦਾ ਮਸਲਾ ਨਹੀਂ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਅਸੀਂ ਬਹਿਸ ਵਿੱਚ ਨਹੀਂ ਪੈ ਰਹੇ। ਉਸ ਦੇ ਲਈ ਵੀ ਸਰਕਾਰ ਮੁਆਫੀ ਮੰਗੇ। ਉਸ ਦੇ ਪਰਿਵਾਰ ਨੂੰ ਸਰਕਾਰ ਵੱਲੋਂ ਕੋਈ ਕੰਪਨਸੇਸ਼ਨ ਦਿੱਤੀ ਜਾਵੇ। ਇੱਕ ਬੀ.ਪੀ. ਤਿਵਾੜੀ ਇਨਕੁਆਰੀ ਕਮਿਸ਼ਨ ਸੀ....

**ਮਾਨਯੋਗ ਸਪੀਕਰ:** ਤੁਸੀਂ ਮੇਰੀ ਇੱਕ ਗੱਲ ਸੁਣ ਲਓ। ਜਲ੍ਹਿਆਂਵਾਲੇ ਬਾਗ ਦੇ ਇਸ਼ੂ ਨੂੰ ਛੋਟਾ ਨਾ ਕਰੋ। ਇਸ ਇਸ਼ੂ ਨੂੰ ਹੋਰ ਬਹੁਤ ਸਾਰੀਆਂ ਚੀਜ਼ਾਂ ਨਾਲ ਜੋੜ ਸਕਦੇ ਹੋ। ਤੁਸੀਂ ਰੋਜ਼ ਬੋਲਣਾ ਹੈ। ਤੁਸੀਂ ਗਵਰਨਰ ਐਡਰੈਸ ਤੇ ਬੋਲਣਾ ਹੈ। ਤੁਸੀਂ ਬਜਟ ਤੇ ਬੋਲਣਾ ਹੈ। ਤੁਸੀਂ ਰੋਜ਼ ਹਾਊਸ ਵਿੱਚ ਬੋਲਣਾ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਸਿਰਫ ਬੋਲਣ ਵਾਸਤੇ ਨਹੀਂ ਬੋਲ ਰਿਹਾ ਹਾਂ। ਮੈਂ ਤੁਹਾਨੂੰ ਇਹ ਗੱਲ ਕਹਿ ਰਿਹਾ ਹਾਂ ਕਿ ਕਿਉਂਕਿ ਹਿਸਟਰੀ ਸਾਨੂੰ ਕੁਝ ਸਿਖਾਉਂਦੀ ਹੈ। ਇੱਕ ਬੀ.ਪੀ. ਤਿਵਾੜੀ ਇਨਕੁਆਰੀ ਕਮਿਸ਼ਨ ਸੀ ਜਿਹੜਾ ਕਿ ਸੰਵਿਧਾਨਕ ਕਮਿਸ਼ਨ ਬਣਿਆ ਸੀ। ਜਿਹੜਾ ਜੂਨ, 05, 1998 ਨੂੰ ਬਣਿਆ ਸੀ। ਉਸ ਦੀ ਰਿਪੋਰਟ ਸਾਲ 1999 ਵਿੱਚ ਆਈ ਸੀ, ਉਹ ਰਿਪੋਰਟ ਵੀ ਜਨਤਕ ਹੋਵੇ ਤਾਂ ਕਿ ਅੱਗੇ ਤੋਂ ਅਜਿਹੀ ਘਿਨੌਣੀ ਕਾਰਵਾਈ ਨਾ ਕੀਤੀ ਜਾਵੇ। ਇਕੱਲੀ ਮੁਆਫੀ ਮੰਗਣ ਨਾਲ ਸਾਨੂੰ ਕੁਝ ਨਹੀਂ ਮਿਲਣਾ। ਲੇਕਿਨ ਸਰਕਾਰਾਂ ਅਵੇਅਰ ਹੋਣ ਕਿ ਅੱਗੇ ਤੋਂ ਅਸੀਂ ਆਪਣੇ ਲੋਕਾਂ ਦੇ ਖਿਲਾਫ ਧੱਕੇਸ਼ਾਹੀ ਨਹੀਂ ਕਰਨੀ। ਇਹ ਮੇਰੀ ਬੇਨਤੀ ਹੈ ਜੀ। ਬਹੁਤ-ਬਹੁਤ ਧੰਨਵਾਦ।

---

**** Expunged as ordered by the Hon'ble Speaker.

**ਡਾਕਟਰ ਰਾਜ ਕੁਮਾਰ ਵੇਰਕਾ:** ਸਪੀਕਰ ਸਾਹਿਬ, ਮੈਂ ਵੀ ਮਤੇ ਸਬੰਧੀ ਕੁਝ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਚਲੋ, ਕਹਿ ਲਓ। ਵੇਰਕਾ ਜੀ, ਤੁਸੀਂ ਵੀ ਕੁਝ ਕਹਿ ਲਓ।

**ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ.ਸੀ.) :** ਸਪੀਕਰ ਸਾਹਿਬ, ਜਲ੍ਹਿਆਂਵਾਲੇ ਬਾਗ ਸਾਕੇ ਦੌਰਾਨ ਜਿਨ੍ਹਾਂ ਨੇ ਸ਼ਹਾਦਤ ਦਿੱਤੀ ਹੈ, ਉਸ ਸਬੰਧ ਵਿੱਚ ਬੋਲਣ ਲਈ ਸਮਾਂ ਦੇਣ ਵਾਸਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਮੈਂ ਇਸ ਮਤੇ ਦੀ ਤਾਰੀਫ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਜਿੱਥੇ ਇਸ ਮਤੇ ਦੀ ਪ੍ਰਸੰਸਾ ਕਰਦਾ ਹਾਂ, ਉਥੇ ਇੱਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਮੈਂ ਜਲ੍ਹਿਆਂਵਾਲੇ ਬਾਗ ਵਾਲੇ ਸ਼ਹਿਰ ਤੋਂ ਜਨਮ ਲਿਆ, ਉਸ ਧਰਤੀ ਤੋਂ ਆਇਆ ਹਾਂ। ਸਪੀਕਰ ਸਾਹਿਬ, ਮੈਂ ਇਸ ਵਾਸਤੇ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦ ਹਨ, ਉਨ੍ਹਾਂ ਦੇ ਬਹੁਤ ਸਾਰੇ ਮਸਲੇ ਹਾਲੇ ਵੀ ਲਟਕੇ ਪਏ ਹਨ। ਉਨ੍ਹਾਂ ਨੂੰ ਅਜੇ ਤੱਕ ਨਾ ਤਾਂ ਸਨਮਾਨਿਤ ਕੀਤਾ ਗਿਆ ਹੈ, ਨਾ ਹੀ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਪੈਨਸ਼ਨ ਲੱਗੀ ਹੈ। ਇਹ ਉਨ੍ਹਾਂ ਦੇ ਮਸਲੇ ਹਨ। ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਇਸ ਵੇਲੇ ਹਾਊਸ ਦੇ ਵਿੱਚ ਮੌਜੂਦ ਹਨ, ਜੇਕਰ ਤੁਸੀਂ ਉਨ੍ਹਾਂ ਨੂੰ ਸਚਮੁੱਚ ਸ਼ਰਧਾਂਜਲੀ ਦੇਣ ਲੱਗੇ ਹੋ ਤਾਂ ਮੈਂ ਇਹ ਗੱਲ ਕਹਿਣੀ ਚਾਹਾਂਗਾ ਕਿ ਮੁੱਖ ਮੰਤਰੀ ਜੀ ਹਾਊਸ ਵਿੱਚ ਇਸ ਗੱਲ ਨੂੰ ਐਨਸ਼ਿਉਰ ਕਰ ਦੇਣ ਕਿ ਜਿਹੜੇ ਲੋਕਾਂ ਨੇ ਉਥੇ ਸ਼ਹਾਦਤ ਦਿੱਤੀ ਹੈ, ਉਨ੍ਹਾਂ ਦੇ ਮਸਲਿਆਂ ਨੂੰ ਵੀ ਉਹ ਹੱਲ ਕਰਨਗੇ। ਧੰਨਵਾਦ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

> "ਕਿ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦਾ ਦੁੱਖਦਾਈ ਹੱਤਿਆਕਾਂਡ ਭਾਰਤੀ ਇਤਿਹਾਸ ਵਿੱਚ ਅੰਗਰੇਜ਼ੀ ਹਕੂਮਤ ਵੱਲੋਂ ਕੀਤੇ ਗਏ ਜ਼ੁਲਮਾਂ ਦੀਆਂ ਯਾਦਾਂ ਵਿੱਚੋਂ ਸਭ ਤੋਂ ਵੱਧ ਭਿਆਨਕ ਯਾਦ ਹੈ।
>
> ਰੋਲਟ ਐਕਟ ਦੇ ਵਿਰੋਧ ਵਿੱਚ ਸਥਾਨਕ ਪ੍ਰਦਰਸ਼ਨਕਾਰੀਆਂ ਵੱਲੋਂ ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਪ੍ਰਦਰਸ਼ਨ ਨੂੰ ਦਬਾਉਣ ਖਾਤਰ

[ਮਾਨਯੋਗ ਸਪੀਕਰ]

ਜੋ ਇਹ ਸ਼ਰਮਨਾਕ ਫੌਜਕਾਰੀ ਕਾਰਵਾਈ ਕੀਤੀ ਗਈ ਸੀ, ਉਸ ਦੀ ਦੁਨੀਆਂ ਭਰ ਵਿੱਚ ਨਿਖੇਧੀ ਕੀਤੀ ਗਈ। ਫਿਰ ਵੀ, ਇਹ ਵਾਜਬ ਹੋਵੇਗਾ ਜੇਕਰ ਬ੍ਰਿਟਿਸ਼ ਸਰਕਾਰ ਵੱਲੋਂ ਇਸ ਕਾਂਡ ਲਈ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ ਤੇ ਮੁਆਫੀ ਮੰਗੀ ਜਾਵੇ, ਖਾਸ ਕਰਕੇ ਉਦੋਂ ਜਦੋਂ ਅਸੀਂ ਇਸ ਦੁਖਾਂਤ ਦੇ ਸ਼ਤਾਬਦੀ ਵਰ੍ਹੇ ਵਿੱਚ ਹਾਂ।

ਇਹ ਅਜੀਮ ਸਦਨ ਸਰਬਸੰਮਤੀ ਨਾਲ ਇਹ ਫੈਸਲਾ ਕਰਦਾ ਹੈ ਕਿ ਰਾਜ ਸਰਕਾਰ ਇਸ ਸਬੰਧੀ ਭਾਰਤ ਸਰਕਾਰ ਨਾਲ ਮਾਮਲਾ ਉਠਾਵੇ ਕਿ ਉਹ ਬ੍ਰਿਟਿਸ਼ ਸਰਕਾਰ 'ਤੇ, ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਵਿਖੇ ਨਿਰਦੋਸ਼ ਪ੍ਰਦਰਸ਼ਨਕਾਰੀਆਂ ਦੇ ਹੱਤਿਆਕਾਂਡ ਲਈ, ਜਨਤਕ ਤੌਰ ਤੇ ਮੁਆਫੀ ਮੰਗਣ ਲਈ ਦਬਾਅ ਪਾਉਣ।"

***ਪ੍ਰਸਤਾਵ ਸਰਬਸੰਮਤੀ ਨਾਲ ਪਾਸ ਹੋਇਆ।***

--------------

## RESUMPTION OF DISCUSSION ON GOVERNER 'S ADDRESS AND VOTE ON THE MOTION OF THANKS

**ਮਾਨਯੋਗ ਸਪੀਕਰ:** ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ ਮੁੜ ਆਰੰਭ ਕਰਨਾ।

ਮੈਨੂੰ ਰਾਜਪਾਲ ਦੇ ਭਾਸ਼ਣ ਲਈ ਧੰਨਵਾਦ ਪ੍ਰਸਤਾਵ ਵਿੱਚ ਅੱਠ ਸੋਧਨਾਵਾਂ ਕਰਨ ਲਈ ਸਰਵ ਸ਼੍ਰੀ ਜੈ ਕ੍ਰਿਸ਼ਨ ਸਿੰਘ, ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਨਾਜਰ ਸਿੰਘ ਮਾਨਸ਼ਾਹੀਆ ਅਤੇ ਕੁਲਤਾਰ ਸਿੰਘ ਸੰਧਵਾਂ, ਸਾਰੇ ਐਮ.ਐਲ.ਏ. ਸਾਹਿਬਾਨ ਵੱਲੋਂ ਨੋਟਿਸਜ਼ ਪ੍ਰਾਪਤ ਹੋਏ ਹਨ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਨੂੰ ਪੜ੍ਹਿਆ ਅਤੇ ਪ੍ਰਸਤਾਵ ਕੀਤਾ ਗਿਆ ਸਮਝਿਆ ਜਾਵੇ?

(**ਆਵਾਜਾਂ :** ਹਾਂ ਜੀ, ਹਾਂ ਜੀ।)

## ਸੋਧਨਾ ਨੋਟਿਸ ਨੰ: 1

**ਸਰਦਾਰ ਜੈ ਕ੍ਰਿਸ਼ਨ ਸਿੰਘ ਐਮ.ਐਲ.ਏ.** ਨੇ ਪ੍ਰਸਤਾਵ ਕੀਤਾ ਹੈ ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ:-

> "ਐਪਰ ਅਫਸੋਸ ਹੈ ਕਿ ਇਸ ਵਿੱਚ ਪੰਜਾਬੀ ਬੋਲਦੇ ਇਲਾਕੇ ਜੋ ਪੰਜਾਬ ਤੋਂ ਬਾਹਰ ਰਹਿ ਗਏ ਹਨ ਅਤੇ ਚੰਡੀਗੜ੍ਹ ਦਾ ਕੋਈ ਜ਼ਿਕਰ ਨਹੀਂ ਹੈ।"

------------

## ਸੋਧਨਾ ਨੋਟਿਸ ਨੰ: 2

**ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ. ਅਤੇ ਵਿਰੋਧੀ ਧਿਰ ਦੇ ਨੇਤਾ** ਨੇ ਪ੍ਰਸਤਾਵ ਕੀਤਾ ਹੈ ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ:-

> "ਐਪਰ ਅਫਸੋਸ ਹੈ ਕਿ ਇਸ ਵਿੱਚ ਐਸ.ਸੀ./ਬੀ.ਸੀ. ਅਤੇ ਗਰੀਬ ਵਿਦਿਆਰਥੀਆਂ ਨੂੰ ਵਰਦੀਆਂ ਦੇਣ ਬਾਰੇ ਅਤੇ ਸਕਾਲਰਸ਼ਿਪ ਦੇਣ ਬਾਰੇ ਕੋਈ ਜ਼ਿਕਰ ਨਹੀਂ ਹੈ।"

-----------

## ਸੋਧਨਾ ਨੋਟਿਸ ਨੰ: 3,4,5

**ਸ਼੍ਰੀ ਅਮਨ ਅਰੋੜਾ, ਐਮ.ਐਲ.ਏ.** ਨੇ ਪ੍ਰਸਤਾਵ ਕੀਤਾ ਹੈ ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ:-

1. "ਐਪਰ ਅਫਸੋਸ ਹੈ ਕਿ ਫੂਡ ਅਡਲਟ੍ਰੇਸ਼ਨ ਨਾਲ ਫੈਲਦੀਆਂ ਬੀਮਾਰੀਆਂ ਦੀ ਰੋਕਥਾਮ ਦਾ ਕੋਈ ਜ਼ਿਕਰ ਨਹੀਂ ਹੈ।"
2. "ਐਪਰ ਅਫਸੋਸ ਹੈ ਕਿ ਅੰਡਰ ਗਰਾਊਂਡ ਵਾਟਰ ਦੀ ਮੈਨੇਜਮੈਂਟ ਅਤੇ ਵਾਟਰ ਪਾਲਿਸੀ ਦਾ ਜ਼ਿਕਰ ਸੱਚਾਈ ਅਤੇ ਤੱਥਾਂ ਤੋਂ ਕੋਹਾਂ ਪਰ੍ਹੇ ਹੈ।"
3. "ਐਪਰ ਅਫਸੋਸ ਹੈ ਕਿ ਇਸ ਵਿੱਚ ਜੋ ਜੌਬ ਫੇਅਰ ਦਾ ਜ਼ਿਕਰ ਕੀਤਾ ਗਿਆ ਹੈ, ਉਹ ਸੱਚਾਈ ਤੋਂ ਕੋਹਾਂ ਦੂਰ ਹੈ।"

--------------

## ਸੋਧਨਾ ਨੋਟਿਸ ਨੰ: 6

**ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.** ਨੇ ਪ੍ਰਸਤਾਵ ਕੀਤਾ ਹੈ ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ:-

> "ਐਪਰ ਅਫਸੋਸ ਹੈ ਕਿ ਇਸ ਵਿੱਚ ਚੱਢਾ ਸ਼ੂਗਰ ਅਤੇ ਡਿਸਟਿਲਰੀ ਵੱਲੋਂ ਬਿਆਸ ਦਰਿਆ ਵਿੱਚ ਛੱਡੇ ਗਏ ਸ਼ੀਰੇ ਨਾਲ ਲੱਖਾਂ / ਕਰੋੜਾਂ ਜੀਵ ਜੰਤੂਆਂ ਦਾ ਖਾਤਮਾ ਹੋ ਗਿਆ, ਉਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

-------------

## ਸੋਧਨਾ ਨੋਟਿਸ ਨੰ: 7 ਅਤੇ 8

**ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.** ਨੇ ਪ੍ਰਸਤਾਵ ਕੀਤਾ ਹੈ ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ:-

1. "ਐਪਰ ਅਫਸੋਸ ਹੈ ਕਿ ਇਸ ਵਿੱਚ ਐਸ.ਵਾਈ.ਐਲ. ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਦਕਿ ਸਾਡੇ ਕੋਲ ਦੇਣ ਲਈ ਪਾਣੀ ਦੀ ਇੱਕ ਬੂੰਦ ਵੀ ਵਾਧੂ ਨਹੀਂ ਹੈ।"
2. "ਐਪਰ ਅਫਸੋਸ ਹੈ ਕਿ ਪੰਜਾਬੀ ਜੋ ਕਿ ਪੰਜਾਬ ਦੀ ਮਾਤ ਭਾਸ਼ਾ ਹੈ, ਉਸ ਨੂੰ ਬਣਦਾ ਸਤਿਕਾਰ ਦੇਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

------------

## RESOLUTION REG. HOUSE AUTHORISING THE SPEAKER FOR THE NOMINATION OF THREE MEMBERS ON THE STATE ADVISORY BOARD ON DISABILITY

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਰ, ਮੈਂ ਕੁਝ ਕਹਿਣਾ ਚਾਹੁੰਦਾ ਹਾਂ ਜੀ। ਸਪੀਕਰ ਸਾਹਿਬ, ਮੈਂ ਮਤਾ ਮੂਵ ਕਰਨਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਹਾਂ ਜੀ, ਕਹਿ ਲਓ। ਕਰੋ ਜੀ।

**Health and Family Welfare Minister (Shri Brahm Mohindra):** Sir, I beg to move-

"That whereas three Members are to be elected from the Punjab Vidhan Sabha in the State Advisory Board on Disability, and;

Whereas the time left at the disposal of the House is extremely short and it is not possible to conduct in the normal course the entire election process;

Now, therefore, this House authorizes the Speaker, Punjab Vidhan Sabha, to nominate three Members of Punjab Vidhan Sabha for the State Advisory Board on Disability, keeping in view the proportionate strength of various parties in the House."

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਇਹ ਪੰਜਾਬੀ ਵਿੱਚ ਪੜ੍ਹਨ ਜੀ।

**ਮਾਨਯੋਗ ਸਪੀਕਰ:** ਰੂਲ ਦੇ ਮੁਤਾਬਿਕ ਅੰਗਰੇਜ਼ੀ ਵਿੱਚ ਵੀ ਪੜ੍ਹਿਆ ਜਾ ਸਕਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਮੈਨੂੰ ਸਮਝ ਨਹੀਂ ਲੱਗੀ ਜੀ।

**ਮਾਨਯੋਗ ਸਪੀਕਰ:** ਨਹੀਂ ਜੀ, ਸਮਝ ਸਾਰੀ ਲੱਗਦੀ ਹੈ। ਕੋਈ ਇਸ ਤਰ੍ਹਾਂ ਦੀ ਗੱਲ ਨਹੀਂ। (ਹਾਸਾ)

**Mr. Speaker :** Motion moved-

> "That whereas three Members are to be elected from the Punjab Vidhan Sabha in the State Advisory Board on Disability, and;
>
> Whereas the time left at the disposal of the House is extremely short and it is not possible to conduct in the normal course the entire election process;

[Mr.Speaker]

Now, therefore, this House authorizes the Speaker, Punjab Vidhan Sabha, to nominate three Members of Punjab Vidhan Sabha for the State Advisory Board on Disability, keeping in view the proportionate strength of various parties in the House."

**Mr. Speaker:** Question is-

"That whereas three Members are to be elected from the Punjab Vidhan Sabha in the State Advisory Board on Disability, and;

Whereas the time left at the disposal of the House is extremely short and it is not possible to conduct in the normal course the entire election process;

Now, therefore, this House authorizes the Speaker, Punjab Vidhan Sabha, to nominate three Members of Punjab Vidhan Sabha for the State Advisory Board on Disability, keeping in view the proportionate strength of various parties in the House."

***The Motion was carried Unanimously.***

------------

## RESUMPTION OF DISCUSSION ON GOVERNER 'S ADDRESS AND VOTE ON THE MOTION OF THANKS

***(Resumption)***

**ਮਾਨਯੋਗ ਸਪੀਕਰ :** ਹੁਣ 13 ਫਰਵਰੀ, 2019 ਨੂੰ ਡਾਕਟਰ ਰਾਜ ਕੁਮਾਰ ਵੇਰਕਾ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ. ਦੁਆਰਾ ਪ੍ਰੋੜ੍ਹਤਾ ਕੀਤੇ ਗਏ ਨਿਮਨਲਿਖਤ ਪ੍ਰਸਤਾਵ ਤੇ ਮੁੜ ਬਹਿਸ ਆਰੰਭ ਹੋਵੇਗੀ :-

"ਕਿ ਰਾਜਪਾਲ ਜੀ ਨੂੰ ਨਿਮਨਲਿਖਤ ਸ਼ਬਦਾਂ ਵਿੱਚ ਮਾਣ ਪੱਤਰ ਪੇਸ਼ ਕੀਤਾ ਜਾਵੇ:-

ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 12 ਫਰਵਰੀ, 2019 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

ਮਿਤੀ 18.02.2019 ਨੂੰ ਜਦੋਂ ਸਦਨ ਸਥਗਿਤ ਕੀਤਾ ਗਿਆ ਸੀ, ਉਦੋਂ ਸ਼੍ਰੀ ਅਮਨ ਅਰੋੜਾ ਜੀ, ਐਮ.ਐਲ.ਏ. ਰਾਜਪਾਲ ਜੀ ਦੇ ਭਾਸ਼ਣ ਤੇ ਬੋਲ ਰਹੇ ਸਨ। ਹਾਂ ਜੀ, ਅਮਨ ਅਰੋੜਾ ਜੀ, ਹੁਣ ਤੁਸੀਂ ਵਾਈਂਡ-ਅੱਪ ਹੀ ਕਰਨਾ ਹੈ, ਤੁਸੀਂ ਉਸ ਦਿਨ ਬੋਲ ਲਏ ਸੀ। ਸਿਰਫ ਤੁਸੀਂ ਕਨਕਲੂਡ ਕਰਨਾ ਹੈ, ਕਨਕਲੂਡ ਕਰੋ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈੱਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਗਵਰਨਰ ਐੱਡਰੈੱਸ ਦੇ ਵਿੱਚ ਜੇ ਆਪਾਂ ਪੁਆਇੰਟ ਨੰ: 6 ਤੋਂ ਲੈ ਕੇ 13 ਤੱਕ ਗੱਲ ਕਰਦੇ ਹਾਂ ਤਾਂ ਇਸ ਵਿੱਚ ਵਾਟਰ ਦੀ, ਪੰਜਾਬ ਦੇ ਪਾਣੀਆਂ ਦੀ ਬਹੁਤ ਲੰਬੇ-ਚੌੜੇ ਤਰੀਕੇ ਨਾਲ ਗੱਲ ਕੀਤੀ ਗਈ ਹੈ, ਕਈ ਕਲੇਮਜ਼ ਵੀ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਜੇ ਪੰਜਾਬ ਕੋਲ ਇੱਕੋ ਇੱਕ ਜੇ ਕੋਈ ਨੈਚੂਰਲ ਰਿਸੋਰਸ ਹੈ ਤਾਂ ਉਹ ਵਾਟਰ ਹੀ ਹੈ। ਪੰਜਾਬ ਦੇ ਪਾਣੀਆਂ ਸਬੰਧੀ ਜਿਹੜਾ ਕਦਮ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਾਲ 2004 ਦੇ ਵਿੱਚ ਚੁੱਕਿਆ ਸੀ, ਉਹ ਦਲੇਰਾਨਾ ਕਦਮ ਸੀ, ਅਸੀਂ ਇਸ ਦੇ ਲਈ ਸੀ.ਐਮ. ਸਾਹਿਬ ਦਾ ਐਪਰੀਸ਼ੇਟ ਕਰਦੇ ਹਾਂ ਪਰ ਇਸ ਵਿੱਚ Unfortunate ਇਹ ਹੈ ਕਿ ਅੱਜ ਵੀ being Natural resource ਪੰਜਾਬ ਦੇ ਕੋਲ ਪਾਣੀ ਲਈ ਕੋਈ ਵਾਟਰ ਪਾਲਿਸੀ ਵੀ ਨਹੀਂ ਹੈ। ਸਾਲ 1970 ਦੇ ਵਿੱਚ ਪੰਜਾਬ ਵਿੱਚ 2 ਲੱਖ ਟਿਊਬਵੈੱਲ ਸਨ ਅਤੇ ਅੱਜ 14 ਲੱਖ ਟਿਊਬਵੈੱਲ ਹੋ ਚੁੱਕੇ ਹਨ। ਐਸ.ਵਾਈ.ਐਲ. ਇਸ਼ੂ 'ਤੇ ਬੜੇ ਲੰਬੇ ਸਮੇਂ ਤੋਂ ਰਾਜਨੀਤੀ ਚੱਲ ਰਹੀ ਹੈ ਅਤੇ ਵੋਟਾਂ ਲੈਣ ਦਾ ਮੌਕਾ ਕੋਈ ਪਾਰਟੀ ਨਹੀਂ ਖੁੰਝਾਉਂਦੀ। ਮੇਰੇ ਕੋਲ ਸਾਲ 1981 ਦਾ ਐਗਰੀਮੈਂਟ ਹੈ, ਇਸ ਐਕਟ ਦੇ ਮੁਤਾਬਕ ਅੱਜ ਆਪਣਾ ਸਤਲੁਜ ਦੇ ਵਿੱਚ ਸ਼ੇਅਰ ਬਣਦਾ ਹੈ, ਇਸ ਤੇ ਮੇਰੀ ਪੂਰੀ ਰਿਸਰਚ ਕੀਤੀ ਹੋਈ ਹੈ। ਇਸ ਐਕਟ ਦੇ ਮੁਤਾਬਕ ਆਪਾਂ ਅਲਾਟਿਡ ਸ਼ੇਅਰ ਦੇ ਵਿੱਚੋਂ 8% ਪਾਣੀ ਘੱਟ ਡਰਾਅ ਕਰ ਰਹੇ ਹਾਂ। ਸੋ, ਇਸ ਅਲਾਟਿਡ ਸ਼ੇਅਰ ਦੇ ਵਿੱਚੋਂ 8% ਵੱਧ ਪਾਣੀ ਹਰਿਆਣੇ ਨੂੰ ਜਾ ਰਿਹਾ ਹੈ। ਸਰ, ਅੱਜ 140

[ਸ਼੍ਰੀ ਅਮਨ ਅਰੋੜਾ]

ਬਲਾਕਾਂ ਦੇ ਵਿੱਚੋਂ ਤਕਰੀਬਨ 56 ਜ਼ੋਨ ਡਾਰਕ ਜ਼ੋਨ ਡਿਕਲੇਅਰ ਹੋ ਚੁੱਕੇ ਹਨ ਅਤੇ 110 ਓਵਰ ਡਾਰਕ ਜ਼ੋਨ ਡਿਕਲੇਅਰ ਹੋ ਚੁੱਕੇ ਹਨ। ਇਨ੍ਹਾਂ ਵਿੱਚੋਂ ਜਿਹੜੇ ਸੇਫ ਬਚਦੇ ਹਨ, ਉਹ ਸਿਰਫ 22 ਜ਼ੋਨ ਬਚਦੇ ਹਨ। ਸਰ, ਮੇਰੇ ਕੋਲ ਇੱਕ ਫਲੋਅ ਚਾਰਟ ਹੈ ਜਿਸ ਤੋਂ ਪਤਾ ਲੱਗ ਜਾਵੇਗਾ ਕਿ ਆਪਾਂ ਕਿਹੜੀ ਦਿਸ਼ਾ ਵੱਲ ਨੂੰ ਵਧ ਰਹੇ ਹਾਂ। ਸਰ, ਇਹ ਅਸੈੱਸਮੈਂਟ ਆਫ ਡਾਇਨਾਮਿਕ ਗਰਾਊਂਡ ਵਾਟਰ ਰਿਸੋਰਸਿਜ਼ ਦਾ ਫਲੋਅ ਚਾਰਟ ਹੈ ਜਿਸ ਤਹਿਤ ਆਪਣੇ ਕੋਲ ਪੰਜਾਬ ਦੀ ਧਰਤੀ ਦੇ ਹੇਠਾਂ ਸਲਾਨਾ ਯੂਜ਼ ਕਰਨ ਲਈ ਜੋ ਉਪਲਬਧ ਪਾਣੀ ਦੀ ਮਾਤਰਾ ਬਣਦੀ ਹੈ, ਉਹ 17.54 ਐਮ.ਏ.ਐਫ ਹੈ। ਜਦੋਂ ਕਿ ਆਪਾਂ ਇਸ ਗਰਾਊਂਡ ਵਾਟਰ ਵਿੱਚੋਂ ਇਰੀਗੇਸ਼ਨ ਦੇ ਪਰਪਜ਼ ਲਈ 28.02 ਐਮ.ਏ.ਐਫ ਯੂਜ਼ ਕਰ ਲੈਂਦੇ ਹਾਂ ਅਤੇ ਡੋਮੈਸਟਿਕ ਅਤੇ ਇੰਡਸਟਰੀਅਲ ਪਰਪਜ਼ ਲਈ 0.99 ਐਮ.ਏ.ਐਫ ਪਾਣੀ ਡਰਾਅ ਕਰ ਲੈਂਦੇ ਹਾਂ। ਸੋ, ਆਪਾਂ 29.01 ਐਮ.ਏ.ਐਫ. ਪਾਣੀ ਹਰ ਸਾਲ ਕੱਢ ਲੈਂਦੇ ਹਾਂ। ਅਵੇਲੇਬਲ ਵਾਟਰ ਸਿਰਫ 17.54 ਐਮ.ਏ.ਐੱਫ. ਹੈ। ਇਸ ਤਰ੍ਹਾਂ 11.47 ਐਮ.ਏ.ਐਫ., ਮਤਲਬ ਰਫਲੀ 12 ਐਮ.ਏ.ਐਫ ਪਾਣੀ ਪੰਜਾਬ ਦੀ ਧਰਤੀ ਵਿੱਚੋਂ ਹਰ ਸਾਲ ਬਣਦੀ ਮਾਤਰਾ ਨਾਲੋਂ ਵੱਧ ਕੱਢ ਲੈਂਦੇ ਹਾਂ। ਇਹ ਪਾਣੀ ਆਪਾਂ 14 ਲੱਖ ਟਿਊਬਵੈੱਲਾਂ ਰਾਹੀਂ ਕੱਢ ਲੈਂਦੇ ਹਾਂ ਜਿਸ ਦੀ ਵਜ੍ਹਾ ਕਰਕੇ 40 ਐਮ.ਐਮ. ਪਾਣੀ, ਸਵਾ ਫੁੱਟ ਪਾਣੀ ਹਰ ਸਾਲ ਨੀਚੇ ਜਾ ਰਿਹਾ ਹੈ। ਨੈੱਟ ਐਨੂਅਲ ਗਰਾਊਂਡ ਵਾਟਰ ਅਵੇਲਿਬਿਲਟੀ ਫਾਰ ਫਿਊਚਰ ਇਰੀਗੇਸ਼ਨ 11.47 ਐਮ.ਏ.ਐੱਫ. ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅੰਡਰ ਗਰਾਊਂਡ ਵਾਟਰ ਨੂੰ ਰਿਚਾਰਜ ਕਰਨ ਦਾ ਕੋਈ ਵੀ ਸਿਸਟਮ ਆਪਾਂ ਹਾਲੇ ਤੱਕ ਨਹੀਂ ਬਣਾਇਆ ਹੋਇਆ। ਮੈਨੂੰ ਉਸ ਦਿਨ ਗਵਰਨਰ ਐਡਰੈੱਸ ਪੜ੍ਹ ਕੇ ਹੈਰਾਨੀ ਵੀ ਹੋ ਰਹੀ ਸੀ ਅਤੇ ਦੁੱਖ ਵੀ ਹੋ ਰਿਹਾ ਸੀ ਕਿ ਪਾਣੀ ਦੇ ਉਪਰ ਰਾਜਨੀਤੀ ਤਾਂ ਬਹੁਤ ਲੰਬੇ ਸਮੇਂ ਤੋਂ ਹੁੰਦੀ ਆ ਰਹੀ ਹੈ ਪਰ we are heading towards being a desert. ਆਪਾਂ ਰੇਗਿਸਤਾਨ ਬਣਨ ਵੱਲ ਵਧ ਰਹੇ ਹਾਂ। ਮੇਰੇ ਕੋਲ ਗੌਰਮਿੰਟ ਦੇ ਕੁਝ ਪੇਪਰ ਹਨ, ਜਿਸ ਦੇ ਬਾਰੇ ਇੱਕ ਖਬਰ ਲੱਗੀ ਸੀ। 'ਟ੍ਰਿਬਿਊਨ' ਅਖਬਾਰ ਦੀ 8 ਦਸੰਬਰ ਦੀ ਇਸ ਖਬਰ ਦਾ ਹੈਡਿੰਗ ਹੈ, "Agriculture sector outside ambit of proposed water regulation authority." ਮੈਂ ਇਹ ਮੰਨ ਕੇ ਚਲਦਾ ਹਾਂ ਕਿ ਇਹ ਠੀਕ ਹੈ ਕਿ ਅੱਜ ਸਾਡੇ ਕਿਸਾਨ ਭਰਾਵਾਂ ਨੂੰ, ਜਿਹੜੇ ਕਿ ਕਿਸੇ ਸਮੇਂ ਸਾਰੇ ਮੁਲਕ ਦੇ ਅੰਨ ਦਾਤਾ ਸੀ, ਉਨ੍ਹਾਂ ਨੂੰ ਅੱਜ ਬਿਜਲੀ ਵੀ ਚਾਹੀਦੀ ਹੈ, ਪਾਣੀ ਵੀ ਚਾਹੀਦਾ ਹੈ ਤਾਂ ਹੀ ਉਨ੍ਹਾਂ ਦਾ ਗੁਜ਼ਾਰਾ ਹੋ ਸਕੇਗਾ ਪਰ ਜੋ ਆਪਾਂ ਰੈਗੂਲੇਟਰੀ ਅਥਾਰਿਟੀ ਬਣਾ ਰਹੇ ਹਾਂ, ਇਸ ਵਿੱਚ ਜਿੰਨਾ ਮੈਨੂੰ ਸਮਝ ਆਇਆ ਹੈ, ਇਹ

ਰੈਗੂਲੇਟਰੀ ਅਥਾਰਿਟੀ ਸਿਰਫ ਅਤੇ ਸਿਰਫ ਇੰਡਸਟਰੀਅਲ ਅਤੇ ਡੋਮੈਸਟਿਕ ਸੈਕਟਰਾਂ 'ਤੇ ਚਾਰਜਿਜ਼ ਲਗਾਉਣ ਲਈ ਬਣ ਰਹੀ ਹੈ। ਸਰ, ਸਵਾਲ ਇਹ ਹੈ ਕਿ ਆਪਾਂ 200, 400, 500, 700 ਜਾਂ 1000 ਕਰੋੜ ਰੁਪਿਆ ਤਾਂ ਇਕੱਠਾ ਕਰ ਲਵਾਂਗੇ, ਜੇ ਆਪਾਂ ਚਾਰਜਿਜ਼ ਲਗਾ ਦੇਵਾਂਗੇ, ਉਸ ਨਾਲ ਰੈਵੇਨਿਊ ਤਾਂ ਆ ਜਾਵੇਗਾ ਪਰ ਜਿਹੜਾ ਪਾਣੀ ਹਰ ਸਾਲ ਸਵਾ ਫੁੱਟ ਥੱਲੇ ਜਾ ਰਿਹਾ ਹੈ, ਇਸ ਹਾਲਤ ਵਿੱਚ ਆਪਾਂ ਪੰਜਾਬ ਨੂੰ ਰੇਗਿਸਤਾਨ ਬਣਨੋਂ ਕਿਵੇਂ ਬਚਾਵਾਂਗੇ ਜੀ? ਆਪਾਂ ਕਿਵੇਂ ਬਚਾਂਗੇ? ਇਸ ਵਿੱਚ ਮੈਨੂੰ ਕਿਤੇ ਨਜ਼ਰ ਨਹੀਂ ਆਇਆ ਕਿ ਇਸ ਪ੍ਰਪੋਜ਼ਡ ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਿਟੀ ਦੇ ਕਾਰਨ ਆਪਾਂ ਰੇਗਿਸਤਾਨ ਬਣਨੋਂ ਕਿਵੇਂ ਬਚ ਜਾਵਾਂਗੇ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਹ ਜਿਹੜੀ ਪ੍ਰਪੋਜ਼ਡ ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਿਟੀ ਹੈ, ਉਹ ਵਾਟਰ ਵੇਸਟੇਜ਼ ਸਬੰਧੀ ਵੀ ਅਵੇਅਰ ਕਰਿਆ ਕਰੇ। ਮੈਂ ਨਹੀਂ ਕਹਿੰਦਾ ਕਿ ਇਹ ਵਾਜਬ ਹੈ ਕਿ ਆਪਾਂ ਇਰੀਗੇਸ਼ਨ ਸੈਕਟਰ ਨੂੰ, ਐਗਰੀਕਲਚਰ ਸੈਕਟਰ ਨੂੰ ਕਿਸੇ ਤਰੀਕੇ ਦੇ ਚਾਰਜਿਜ਼ ਲਗਾਈਏ। ਮੈਂ ਕਹਿੰਦਾ ਹਾਂ ਕਿ ਇਸ ਸੈਕਟਰ ਨੂੰ ਚਾਰਜਿਜ਼ ਬਿਲਕੁਲ ਨਹੀਂ ਲਗਾਉਣੇ ਚਾਹੀਦੇ ਪਰ ਐਟਲੀਸਟ ਉਨ੍ਹਾਂ ਸਾਡੇ ਜ਼ਿਮੀਂਦਾਰ ਭਰਾਵਾਂ ਕੋਲ ਜਾ ਕੇ, ਉਨ੍ਹਾਂ ਨੂੰ ਉਨਾ ਕੁ ਅਵੇਅਰ ਕਰਨ ਦੀ ਲੋੜ ਹੈ, ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਜਿਸ ਤਰੀਕੇ ਨਾਲ ਆਪਾਂ 14 ਲੱਖ ਟਿਊਬਵੈਲਾਂ ਦੇ ਨਾਲ ਧਰਤੀ ਹੇਠਲਾ ਪਾਣੀ ਕੱਢ ਰਹੇ ਹਾਂ, ਆਪਾਂ ਆਪਣੀ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਹਨੇਰੇ ਦੇ ਵਿੱਚ ਪਾ ਰਹੇ ਹਾਂ। ਸੀ.ਐਮ. ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਸ ਰੈਗੂਲੇਟਰੀ ਅਥਾਰਿਟੀ ਦੇ ਵਿੱਚ ਇੱਕ ਸਪੈਸਿਫਿਕ ਸਪੈਸ਼ਲ ਐਂਫਾਸਿਸ ਪ੍ਰੋਗਰਾਮ ਦਿੱਤਾ ਜਾਵੇ ਤਾਂ ਕਿ ਪਿੰਡਾਂ ਦੇ ਵਿੱਚ ਸਾਡੇ ਜ਼ਿਮੀਂਦਾਰ ਭਰਾਵਾਂ ਨੂੰ ਆਪਾਂ ਜਾ ਕੇ ਸਮਝਾ ਸਕੀਏ।

**Mr. Speaker:** Aman Ji, thank you

**ਸ਼੍ਰੀ ਅਮਨ ਅਰੋੜਾ :** ਬਹੁਤ-ਬਹੁਤ ਧੰਨਵਾਦ ਜੀ, thank you very much.

**ਮਾਨਯੋਗ ਸਪੀਕਰ :** ਕੁਲਜੀਤ ਸਿੰਘ ਨਾਗਰਾ। ਸਰਦਾਰ ਕੁਲਜੀਤ ਸਿੰਘ ਜੀ, ਪੰਜ ਮਿੰਟ ਦਾ ਸਮਾਂ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਟਾਈਮ ਜ਼ਿਆਦਾ ਹੈ ਜੀ?

**ਮਾਨਯੋਗ ਸਪੀਕਰ :** ਹੋਰ ਘਟਾ ਲਉ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਨਹੀਂ, ਮੇਰਾ ਟਾਈਮ ਜ਼ਿਆਦਾ ਬਣਦਾ ਹੈ ਜੀ।

**ਮਾਨਯੋਗ ਸਪੀਕਰ :** ਮੈਂ ਕਿਹਾ ਘਟਾ ਲਉ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਜਿਹੜਾ ਮੇਰੀ ਪਾਰਟੀ ਨੇ ਦਿੱਤਾ ਹੈ, ਉਹ ਟਾਈਮ ਜ਼ਿਆਦਾ ਦਿੱਤਾ ਹੈ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਅੱਜ ਅਸੀਂ ਸੀ.ਐਮ. ਸਾਹਿਬ ਦਾ ਟਾਈਮ ਦੇਖਣਾ ਹੈ, ਸੀ.ਐਮ. ਸਾਹਿਬ ਨੇ ਬੋਲਣਾ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਨੂੰ ਕਿਹਾ ਗਿਆ ਹੈ ਕਿ 10 ਮਿੰਟ ਬੋਲਣਾ ਹੈ ਜੀ।

**ਮਾਨਯੋਗ ਸਪੀਕਰ :** ਬੋਲੋ ਜੀ, ਬੋਲੋ।

**ਸਰਦਾਰ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) :** ਸਪੀਕਰ ਸਾਹਿਬ, ਕਿਉਂਕਿ ਮੈਨੂੰ ਤੁਹਾਡੇ ਤੋਂ ਡਰ ਲਗਦਾ ਹੈ ਜੀ, ਇਸ ਕਰਕੇ ਮੈਂ ਪਹਿਲਾਂ ਹੀ ਤੁਹਾਡੇ ਨਾਲ ਹਿਸਾਬ-ਕਿਤਾਬ ਕਰ ਲੈਂਦਾ ਹਾਂ। ...(ਹਾਸਾ).... ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਦੇ ਉਤੇ ਬਹਿਸ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ ਹੈ। ਟਾਈਮ ਵਾਲੀ ਸੂਈ ਤੁਸੀਂ ਪਹਿਲਾਂ ਹੀ ਮੈਨੂੰ ਦੱਸ ਦਿੱਤੀ ਹੈ।

**ਮਾਨਯੋਗ ਸਪੀਕਰ :** ਅੱਜ ਸੀ.ਐਮ. ਸਾਹਿਬ ਨੇ ਬੋਲਣਾ ਹੈ, ਇਸ ਕਰਕੇ ਕਿਹਾ ਹੈ, ਮੇਰਾ ਕੋਈ ਹੋਰ ਨਿੱਜੀ ਮਕਸਦ ਨਹੀਂ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸੀ.ਐਮ. ਸਾਹਿਬ ਲਈ ਸਾਰਾ ਕੁਝ ਛੱਡ ਦੇਵਾਂਗੇ ਜੀ।

**ਮਾਨਯੋਗ ਸਪੀਕਰ :** ਕੋਈ ਗੱਲ ਨਹੀਂ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ ਵੱਲੋਂ ਪਿਛਲੇ ਦੋ ਸਾਲਾਂ ਦੇ ਵਿੱਚ, 21 ਮਹੀਨਿਆਂ ਦੇ ਵਿੱਚ ਜੋ ਜ਼ਿੰਮੇਵਾਰੀ ਪੰਜਾਬ ਦੇ ਲੋਕਾਂ ਨੇ ਦਿੱਤੀ ਹੈ, ਉਸ ਦੇ ਉਤੇ ਇਸ ਸੀਮਿਤ ਸਮੇਂ ਦੇ ਵਿੱਚ ਜੇਕਰ ਗੱਲ ਕਰਨੀ ਹੋਵੇ, ਕਿਉਂਕਿ ਸਮਾਂ ਸੀਮਿਤ ਹੈ ਤਾਂ ਇੰਨਾ ਹੀ ਕਹਿ ਸਕਦੇ ਹਾਂ ਕਿ ਪੰਜਾਬ ਦੀ ਜਿਹੜੀ ਕਾਨੂੰਨ ਵਿਵਸਥਾ ਸੀ, ਉਸ ਵਿੱਚ ਸਾਨੂੰ ਵਿਰਾਸਤ ਦੇ ਵਿੱਚ ਗੈਂਗਸਟਰ ਮਿਲੇ ਸੀ, ਪਿਛੋਕੜ ਵਿੱਚ ਸਾਡੇ ਇਸ ਪੰਜਾਬ ਦੇ ਵਿੱਚ ਜਿਸ ਤਰੀਕੇ

ਨਾਲ ਇੱਕ ਮਾਫੀਆ ਨੇ ਰਾਜ ਕੀਤਾ ਅਤੇ ਉਸ ਮਾਫੀਆ ਦੇ ਰਾਜ ਨੂੰ ਚਲਾਉਣ ਵਾਲੇ ਜਿਹੜੇ ਸਾਡੇ ਮਾਫੀਆ ਵਾਲੇ ਬੰਦੇ ਸੀ, ਉਨ੍ਹਾਂ ਨੇ ਆਪਣੇ ਗੁਰਗੇ ਪਾਲੇ ਹੋਏ ਸੀ। ਸਪੀਕਰ ਸਾਹਿਬ, ਉਹ ਜਿਹੜੇ ਗੁਰਗੇ ਸਨ, ਸਭ ਤੋਂ ਪਹਿਲਾਂ ਤਾਂ ਜਦੋਂ ਉਨ੍ਹਾਂ ਦੇ ਉਤੇ ਨੱਥ ਪਾਈ ਹੈ, ਉਸ ਦੇ ਵਾਸਤੇ ਮੈਂ ਪੰਜਾਬ ਦੀ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਔਰ ਪੰਜਾਬ ਦੇ ਲੋਕ ਉਸ ਵਾਸਤੇ ਪੰਜਾਬ ਦੀ ਸਰਕਾਰ ਦੀ ਵਾਹ-ਵਾਹ ਕਰਦੇ ਹਨ ਔਰ ਖੁਸ਼ ਹਨ। ਜਿਹੜੇ ਪਹਿਲਾਂ ਫੇਸ ਬੁੱਕ ਦੇ ਉਤੇ ਪੁਲਿਸ ਨੂੰ ਵੰਗਾਰਦੇ ਹੁੰਦੇ ਸੀ, ਐਸ.ਐਸ.ਪੀ. ਨੂੰ ਜੇ ਕੋਈ ਫੇਸ ਬੁੱਕ ਦੇ ਉਤੇ ਵੰਗਾਰੇ ਕਿ ਤੈਨੂੰ ਪੰਜਾਬ ਦੇ ਹਮਾਇਤੀ ਨੂੰ ਦੇਖ ਲਵਾਂਗੇ, ਇਸ ਤੋਂ ਵੱਡੀ ਸ਼ਰਮ ਦੀ ਗੱਲ ਕੋਈ ਨਹੀਂ ਸੀ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਉਹ ਕਿਤੇ ਨਜ਼ਰ ਨਹੀਂ ਆਉਂਦੇ ।

ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਲ 2008-09 ਦੇ ਵਿੱਚ ਪ੍ਰਤੀ ਜੀਅ ਆਮਦਨ ਜਿਹੜੀ ਸੀ, ਉਸ ਵਿੱਚ ਸਾਡਾ ਸੂਬਾ ਤੀਸਰੇ ਸਥਾਨ ਉਤੇ ਸੀ। ਫਿਰ ਸਾਲ 2016-17 ਦੇ ਵਿੱਚ ਸਾਡਾ ਸੂਬਾ ਦਸਵੇਂ ਸਥਾਨ ਉਤੇ ਚਲਿਆ ਗਿਆ ਸੀ। ਇਸ ਗੱਲ ਦਾ ਆਪਾਂ ਆਪ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਦਸ ਸਾਲਾਂ ਦੀ ਜਿਹੜੀ ਸਰਕਾਰ ਸੀ, ਉਹ ਪਿਛਲੀ ਸਰਕਾਰ ਰਹੀ ਹੈ, ਉਸ ਦੀ ਕਾਰਗੁਜ਼ਾਰੀ ਕੀ ਰਹੀ ਹੋਵੇਗੀ?

ਸਪੀਕਰ ਸਾਹਿਬ, ਮੈਂ ਇਹ ਤੁਹਾਨੂੰ ਸ਼ਾਰਟ ਦੇ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਵੱਲੋਂ ਇੰਡਸਟਰੀ ਦੇ ਮਾਮਲੇ ਵਿੱਚ ਜੋ ਭਰਪੂਰ ਯਤਨ ਕੀਤੇ ਗਏ, ਉਨ੍ਹਾਂ ਯਤਨਾਂ ਦੇ ਸਦਕਾ ਮੈਂ ਵਧਾਈ ਦੇਣੀ ਚਾਹੁੰਦਾ ਹਾਂ। ਮੈਂ ਜਿਸ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਵਿੱਚੋਂ ਆਉਂਦਾ ਹਾਂ, ਉਸ ਧਰਤੀ ਉਤੇ ਗੋਬਿੰਦਗੜ੍ਹ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਉਥੇ ਇੱਕ ਬਹੁਤ ਵੱਡੀ ਇੰਡਸਟਰੀ ਸੀ ਜਿਸ ਸੰਬੰਧੀ ਸਾਡੇ ਉਥੇ ਇੱਕ ਕਹਾਵਤ ਬਣ ਗਈ ਸੀ, ਇਹ ਸੁਣਿਆ ਗਿਆ ਕਿ ਜਿਹੜੇ ਸਾਡੇ ਪਿਛਲੇ ਡਿਪਟੀ ਮੁੱਖ ਮੰਤਰੀ ਸਾਹਿਬ ਸੀ, ਉਨ੍ਹਾਂ ਨੇ ਕਹਿ ਦਿੱਤਾ ਕਿ ਜਿਹੜੀ ਅਮਲੋਹ ਸੀਟ ਹੈ, ਇਹ ਕਾਂਗਰਸ ਜਿੱਤਦੀ ਰਹਿੰਦੀ ਹੈ ਜਿਸ ਵਿੱਚ ਗੋਬਿੰਦਗੜ੍ਹ ਵੀ ਆਉਂਦਾ ਹੈ, ਇੱਥੋਂ ਅਕਾਲੀ ਦਲ ਕਦੇ ਜਿੱਤਦਾ ਨਹੀਂ। ਇੱਥੇ ਤਾਂ ਮੈਂ ਇੰਡਸਟਰੀਜ਼ ਉਜਾੜ ਕੇ ਝੋਨਾ ਲਗਵਾ ਦਿਆਂਗਾ। ਸਪੀਕਰ ਸਾਹਿਬ, ਵੇਖੋ ਕਿੰਨੀ ਮਾੜੀ ਸੋਚ ਹੈ ਔਰ ਵਾਕਿਆ ਹੀ ਉਥੇ ਝੋਨਾ ਉਗਿਆ, ਉਥੇ ਝੋਨਾ ਉਗਾ ਦਿੱਤਾ...

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ।

**ਮਾਨਯੋਗ ਸਪੀਕਰ:** ਜਦੋਂ ਤੁਸੀਂ ਬੋਲਣਾ ਹੈ, ਉਦੋਂ ਜਵਾਬ ਦੇ ਲੈਣਾ। (ਵਿਘਨ) ਢੀਂਡਸਾ ਸਾਹਿਬ, ਤੁਸੀਂ ਅਜੇ ਬੋਲਣਾ ਹੈ, ਜਦੋਂ ਤੁਸੀਂ ਬੋਲਣਾ ਹੈ ਤਾਂ ਤੁਸੀਂ ਸਾਰੇ ਚਾਰਜ਼ਿਜ਼ ਨੂੰ ਰਿਫਿਊਟ ਕਰ ਸਕਦੇ ਹੋ। ਢੀਂਡਸਾ ਸਾਹਿਬ, ਪਲੀਜ਼, ਹੁਣ ਉਨ੍ਹਾਂ ਨੂੰ ਬੋਲਣ ਦਿਉ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸ਼੍ਰੀ ਪਵਨ ਕੁਮਾਰ ਟੀਨੂ, ਸ਼੍ਰੀ ਐਨ.ਕੇ.ਸ਼ਰਮਾ ਅਤੇ ਸਰਦਾਰ ਕੰਵਰਜੀਤ ਸਿੰਘ ਬਿਨਾਂ ਇਜਾਜ਼ਤ ਤੋਂ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਤੇ ਸਦਨ ਵਿੱਚ ਬਹੋਤ ਸ਼ੋਰ ਸੀ।)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਢੀਂਡਸਾ ਸਾਹਿਬ, ਫਿਰ ਮੈਂ ਇੱਕ ਨੂੰ ਵੀ ਨਹੀਂ ਬੋਲਣ ਦਿਆਂਗਾ। (ਵਿਘਨ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਇਹ ਗਲਤ ਗੱਲਾਂ ਕਰ ਰਹੇ ਹਨ।(ਵਿਘਨ)

**ਮਾਨਯੋਗ ਸਪੀਕਰ:** ਪਲੀਜ਼, ਉਨ੍ਹਾਂ ਨੂੰ ਬੋਲਣ ਦਿਉ। ਪਲੀਜ਼ ਬੈਠੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਮੈਂ ਇੱਕ ਨੂੰ ਵੀ ਨਹੀਂ ਬੋਲਣ ਦਿਆਂਗਾ। ਮੈਂ ਇੱਕ ਨੂੰ ਵੀ ਨਹੀਂ ਬੋਲਣ ਦਿਆਂਗਾ, ਵੇਖ ਲਵੋ, ਜਿਵੇਂ ਦਾ ਤੁਸੀਂ ਕਰਨਾ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਸੀਟਾਂ ਤੇ ਖੜ੍ਹੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ।) (ਵਿਘਨ)

**ਮਾਨਯੋਗ ਸਪੀਕਰ:** (ਸ਼੍ਰੋਮਣੀ ਅਕਾਲੀ ਦਲ ਦੇ ਸੀਟਾਂ ਤੇ ਖੜ੍ਹੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ।) ਪਲੀਜ਼ ਬੈਠੋ। ਪਲੀਜ਼ ਬੈਠੋ। ਨਾਗਰਾ ਜੀ, ਚੇਅਰ ਨੂੰ ਐਡਰੈਸ ਕਰੋ।(ਵਿਘਨ)(ਸ਼ੋਰ) ਚੇਅਰ ਨੂੰ ਐਡਰੈਸ ਕਰੋ ਜੀ। ਢੀਂਡਸਾ ਜੀ, ਤੁਸੀਂ ਜਦੋਂ ਜਵਾਬ ਦੇਣਾ ਹੈ, ਉਦੋਂ ਇਸ ਗੱਲ ਦਾ ਵੀ ਜਵਾਬ ਦੇ ਦੇਣਾ ।(ਵਿਘਨ) ਪਲੀਜ਼ ਹੁਣ ਬੈਠ ਜਾਵੋ। ਟੀਨੂ ਜੀ, ਬੈਠ ਜਾਉ। ਟੀਨੂ ਜੀ, ਬੈਠੋ ਤਾਂ ਸਹੀ। ਨਾਗਰਾ ਜੀ, ਪਲੀਜ਼, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਂ ਤੱਥਾਂ ਨਾਲ ਗੱਲ ਕਰ ਰਿਹਾ ਹਾਂ, ਇਨ੍ਹਾਂ ਦੇ ਜਵਾਬ ਦੇਣ ਲਈ ਮੇਰੇ ਕੋਲ ਤੱਥ ਹਨ। ਗੋਬਿੰਦਗੜ੍ਹ ਦੀ ਇੰਡਸਟਰੀ ਦਾ ਧੂੰਆਂ ਬੰਦ ਹੋ ਗਿਆ ਸੀ, ਸਾਰੀ ਇੰਡਸਟਰੀ ਜਿਹੜੀ ਹੈ,

ਉਹ ਜਾਂ ਤਾਂ ਇੱਥੋਂ ਉਠ ਕੇ ਬਾਹਰ ਚਲੀ ਗਈ ਔਰ ਜਿਹੜੇ ਵੱਡੇ-ਵੱਡੇ ਇੰਡਸਟਰੀ ਦੇ ਪਲਾਟ ਸੀ, ਉਨ੍ਹਾਂ ਉਤੇ ਲੋਕਾਂ ਨੇ ਜਾਂ ਤਾਂ ਝੋਨਾ ਲਗਾ ਲਿਆ ਜਾਂ ਉਨ੍ਹਾਂ ਦੇ ਪਲਾਟ ਕੱਟ ਦਿੱਤੇ । ਮੈਂ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਦੀ ਸੁਚੱਜੀ ਸੋਚ ਦੇ ਸਦਕਾ ਅੱਜ ਦੁਬਾਰਾ ਫਿਰ ਗੋਬਿੰਦਗੜ੍ਹ ਦੀ ਇੰਡਸਟਰੀ ਰਿਵਾਈਵ ਹੋਈ ਹੈ ਔਰ ਸਿਰਫ ਰਿਵਾਈਵ ਹੀ ਨਹੀਂ ਹੋਈ (ਥੰਪਿੰਗ) ਸਪੀਕਰ ਸਾਹਿਬ, ਬਲਕਿ ਅੱਜ ਉਥੇ ਇੰਡਸਟਰੀ ਲਗਾਉਣ ਨੂੰ ਥਾਂ ਨਹੀਂ ਮਿਲਦੀ, ਨਤੀਜੇ ਵਜੋਂ ਗੋਬਿੰਦਗੜ੍ਹ ਤੋਂ ਬਾਹਰ ਆ ਕੇ ਅੱਜ ਇੰਡਸਟਰੀ ਜਿਹੜੀ ਹੈ, ਉਹ ਫਤਹਿਗੜ੍ਹ ਸਾਹਿਬ ਹਲਕੇ ਵਿੱਚ ਆ ਗਈ ਹੈ ਔਰ ਅੱਜ ਉਥੇ ਮੇਰੇ ਹਲਕੇ ਵਿੱਚ 12 ਨਵੇਂ ਯੂਨਿਟ ਲੱਗੇ ਹਨ। ਸਪੀਕਰ ਸਾਹਿਬ, ਇਕੱਲੇ ਉਸ ਨਾਲ ਇਹ ਨਹੀਂ ਹੋਇਆ ਕਿ ਯੂਨਿਟ ਲੱਗੇ ਹਨ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਮੁਨੀਮ ਕਦੇ 30-30, 35-35 ਹਜ਼ਾਰ ਰੁਪਿਆ ਤਨਖਾਹ ਲੈਂਦਾ ਸੀ, ਕਿਉਂਕਿ ਸਰਹਿੰਦ ਵਿੱਚ ਮੁਨੀਮੀ ਸਕੂਲ ਹੈ, ਉਥੋਂ ਮੁਨੀਮ ਤਿਆਰ ਕੀਤੇ ਜਾਂਦੇ ਹਨ, ਪਹਿਲਾਂ ਉਹ ਮੁਨੀਮ ਇੱਕ-ਇੱਕ ਫੈਕਟਰੀ ਤੋਂ 30-30, 35-35 ਹਜ਼ਾਰ ਰੁਪਿਆ ਤਨਖਾਹ ਲੈਂਦਾ ਸੀ ਪਰ ਪਿਛਲੇ ਸਮੇਂ ਦੌਰਾਨ ਉਸ ਨੂੰ ਪੰਜ ਹਜ਼ਾਰ ਉਤੇ ਵੀ ਰੱਖਣ ਨੂੰ ਕੋਈ ਤਿਆਰ ਨਹੀਂ ਸੀ। ਅੱਜ ਦੁਬਾਰਾ ਤੋਂ ਲੋਕਾਂ ਦੇ ਘਰਾਂ ਵਿਚ ਫਿਰ ਦੀਵੇ ਜਗੇ ਹਨ। ਸੋ, ਸਪੀਕਰ ਸਾਹਿਬ, ਇਹ ਦੋ ਸਾਲਾਂ ਤੋਂ ਘੱਟ ਸਮੇਂ ਵਿੱਚ ਸਾਰਾ ਕੁਝ ਹੋ ਗਿਆ, ਇਹ ਇੱਕ ਚੰਗੀ ਸੋਚ ਦੇ ਤਹਿਤ ਸੀ। ਸਪੀਕਰ ਸਾਹਿਬ, ਇਸੇ ਤਰੀਕੇ ਦੇ ਨਾਲ ਸਾਡੇ 5 ਲੱਖ 83 ਹਜ਼ਾਰ ਕਿਸਾਨਾਂ ਦਾ 4726 ਕਰੋੜ ਰੁਪਿਆ ਕਰਜ਼ਾ ਮੁਆਫ ਕੀਤਾ ਗਿਆ ਹੈ। ਸਪੀਕਰ ਸਾਹਿਬ, ਦੱਸਣ ਲਈ ਤਾਂ ਬਹੁਤ ਕੁਝ ਹੈ, ਜੇ ਸੜਕਾਂ ਨੂੰ ਲੈ ਕੇ, ਸਕੂਲਾਂ ਨੂੰ ਲੈ ਕੇ, ਸਮਾਰਟ ਸਕੂਲਾਂ ਨੂੰ ਲੈ ਕੇ, ਜਿਹੜੀ ਬੀਮਾ ਯੋਜਨਾ ਨਵੀਂ ਤਿਆਰ ਕੀਤੀ ਹੈ, ਉਸ ਨੂੰ ਲੈ ਕੇ ਜੇ ਮੈਂ ਗਿਣਾਉਣ ਲੱਗਾਂਗਾ ਤਾਂ ਟਾਈਮ ਬਹੁਤ ਲੱਗ ਜਾਵੇਗਾ।

ਸਪੀਕਰ ਸਾਹਿਬ, ਪਰ ਮੈਂ ਅੱਜ ਇਸ ਸਮੇਂ ਤੁਹਾਡੇ ਦੁਆਰਾ ਸਦਨ ਨੂੰ ਜਿਹੜੇ ਸਾਡੇ ਅੱਜ ਦੇ ਹਾਲਾਤ ਹਨ, ਉਨ੍ਹਾਂ ਹਾਲਾਤਾਂ ਬਾਰੇ ਦੱਸਣਾ ਚਾਹੁੰਦਾ ਹਾਂ। ਮੈਂ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਜੀ ਨੂੰ ਤੁਹਾਡੇ ਦੁਆਰਾ ਕਹਿਣਾ ਚਾਹੁੰਦਾ ਹਾਂ, ਇਸ ਸਦਨ ਦੇ ਦੁਆਰਾ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਮੁੰਬਈ ਵਿਖੇ ਅਟੈਕ ਹੋਇਆ ਸੀ ਤਾਂ ਉਨ੍ਹਾਂ ਨੇ ਉਸ 'ਤੇ ਇੱਕ ਵਾਰ ਭਾਸ਼ਣ ਦਿੱਤਾ ਸੀ ਅਤੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜੀ ਨੂੰ ਪੰਜ ਸਵਾਲ ਕੀਤੇ ਸੀ। ਉਨ੍ਹਾਂ ਨੇ ਜੋ ਕਿਹਾ ਸੀ, ਉਹ ਵੀਡੀਓ ਅੱਜ ਕੱਲ੍ਹ ਇੰਟਰਨੈੱਟ ਤੇ ਚੱਲ ਰਹੀ

[ਸਰਦਾਰ ਕੁਲਜੀਤ ਸਿੰਘ ਨਾਗਰਾ]

ਹੈ। ਉਨ੍ਹਾਂ ਨੇ ਕਿਹਾ ਸੀ, मैं पूछना चाहता हूं प्रधान मंत्री जी से कि आतंकवादीयों के पास शष्त्र और बारूद कहां से आता है ? सुरक्षा बल आप के पास है तो ये बारूद और कैसे आ जाते है ? ਸਪੀਕਰ ਸਾਹਿਬ, ਉਨ੍ਹਾਂ ਨੇ ਦੂਸਰਾ ਸਵਾਲ ਕੀਤਾ ਸੀ, आतंकवादीयों के पास जो, विदेशों से धन आता है, वो कहां से आता है? आर. बी.आई आप के पास है, बैंक और सारा नेटवर्क आप के पास है तो वो कहां से आता है? ਸਪੀਕਰ ਸਾਹਿਬ, ਸਾਡੇ ਪ੍ਰਧਾਨ ਮੰਤਰੀ ਜੀ ਜਿਹੜੇ ਉਸ ਵੇਲੇ ਗੁਜਰਾਤ ਦੇ ਮੁੱਖ ਮੰਤਰੀ ਸਨ, ਉਨ੍ਹਾਂ ਨੇ ਤੀਸਰਾ ਸਵਾਲ ਇਹ ਕੀਤਾ ਸੀ ਕਿ विदेशों से घुसपेठिए आतंकवादीयों के रूप मे आते है, सुरक्षा बल आप के पास है, आर्मी आप के पास है, वो कैसे घुस जाते है ? ਸਪੀਕਰ ਸਾਹਿਬ, ਚੌਥਾ ਸਵਾਲ ਇਹ ਕੀਤਾ ਸੀ ਕਿ कम्यूनिकेशन सरकार के हाथ में है, टेलीफोन नैटवर्किंग सरकार के पास है, भारत सरकार के पास है, ईमेल वो कैसे असैस करते हैं? जब कि वो आप के देश के पास है, फिर ये आतंकवादी कैसे बात करके कैसे ये मनसूबे बना लेते हैं? ਸਪੀਕਰ ਸਾਹਿਬ, ਉਨ੍ਹਾਂ ਨੇ ਪੰਜਵਾਂ ਸਵਾਲ ਕੀਤਾ ਸੀ, विदेशी आतंकवादी वापस विदेशो में भाग जाते है, आप उन का ऐकसट्राडिशन क्युं नहीं करवाते ? ਸਪੀਕਰ ਸਾਹਿਬ, ਅਖੀਰ ਵਿੱਚ ਉਨ੍ਹਾਂ ਨੇ ਪਤਾ ਕੀ ਕਿਹਾ ਸੀ? ਉਨ੍ਹਾਂ ਨੇ ਕਿਹਾ ਸੀ, प्रधान मंत्री कुछ नहीं है क्युंकि इस के लिए 46 इंच का सीना चाहिए। (ਵਿਘਨ....ਸ਼ੋਰ) ਵੀਡਿਓ ਵਿੱਚ 56 ਨਹੀਂ 46 ਇੰਚ ਕਿਹਾ ਗਿਆ ਹੈ। ਮੈਂ ਕੁਰੈਕਟ ਕਰਾਂਗਾ। ਉਨ੍ਹਾਂ ਨੇ ਇਸ ਵੀਡੀਓ ਦੇ ਭਾਸ਼ਣ ਵਿੱਚ 46 ਇੰਚ ਹੀ ਕਿਹਾ ਸੀ। (ਵਿਘਨ...ਸ਼ੋਰ) ਚੁੱਪ ਕਰੋ। ਮੇਰੇ ਕੋਲ ਵੀਡੀਓ ਪਈ ਹੈ। (ਵਿਘਨ...ਸ਼ੋਰ) ਉਸ ਵੇਲੇ ਪ੍ਰਧਾਨ ਮੰਤਰੀ ਜੀ ਕਹਿੰਦੇ ਸੀ ਕਿ 46 ਇੰਚ ਦਾ ਸੀਨਾ ਚਾਹੀਦਾ ਹੈ। ਅੱਜ ਕਿੰਨੇ ਦਿਨ ਉਸ ਅਟੈਕ ਹੋਇਆਂ ਨੂੰ ਹੋ ਗਏ ਹਨ, ਇਹ ਪੰਜ ਸਵਾਲ ਮੈਂ ਇਸ ਸਦਨ ਦੁਆਰਾ ਪ੍ਰਧਾਨ ਮੰਤਰੀ ਜੀ ਨੂੰ ਹੁਣ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਤੁਹਾਡੇ ਕੋਲ ਵੀ ਸੀਮਾ ਸੁਰੱਖਿਆ ਬਲ ਹੈ, ਇਨ੍ਹਾਂ ਪੰਜ ਸਵਾਲਾਂ ਦਾ ਜਵਾਬ ਦਿਓ। ਕਈ ਵਾਰ ਮੂੰਹ ਵਿੱਚੋਂ ਕੱਢੀ ਹੋਈ ਗੱਲ ਆਪਣੇ ਮੂੰਹ ਵਿੱਚ ਪੈ ਜਾਂਦੀ ਹੈ। ਪ੍ਰਧਾਨ ਮੰਤਰੀ ਜੀ, ਅੱਜ ਇਹ ਪੰਜ ਸਵਾਲ ਤੁਹਾਡੇ ਉੱਤੇ ਢੁੱਕਦੇ ਹਨ। ਪ੍ਰਧਾਨ ਮੰਤਰੀ ਸਾਹਿਬ, ਅੱਜ ਇਨ੍ਹਾਂ ਪੰਜ ਸਵਾਲਾਂ ਦਾ ਜਵਾਬ ਦੇਸ਼ ਦੀ ਜਨਤਾ ਤੁਹਾਡੇ ਕੋਲੋਂ ਮੰਗ ਰਹੀ ਹੈ। (ਥੰਪਿੰਗ) ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ :** ਨਾਗਰਾ ਜੀ, ਤੁਹਾਡੇ 10 ਮਿੰਟ ਹੋ ਗਏ ਹਨ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਨਹੀਂ ਜੀ। ਹਾਲੇ ਨਹੀਂ ਹੋਏ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਹਾਡੇ 10 ਮਿੰਟ ਹੋ ਗਏ ਹਨ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਨਹੀਂ ਜੀ, ਮੈਂ ਆਪਣੀ ਪਾਰਟੀ ਤੋਂ ਲੈ ਲਵਾਂਗਾ।

---

**** Expunged as ordered by the Hon'ble Speaker.

**ਮਾਨਯੋਗ ਸਪੀਕਰ :** ਨਹੀਂ...ਨਹੀਂ...ਨਹੀਂ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਆਪਣੀ ਪਾਰਟੀ ਤੋਂ ਲੈ ਲਵਾਂਗਾ। ਹਾਲੇ 4 ਮਿੰਟ ਪਏ ਹਨ।

**ਮਾਨਯੋਗ ਸਪੀਕਰ :** ਨਹੀਂ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਚਲੋ, ਗੱਲ ਖਤਮ ਕਰਨ ਦਿਓ।

**ਮਾਨਯੋਗ ਸਪੀਕਰ :** ਤੁਸੀਂ ਗੱਲ ਖਤਮ ਕਰ ਲਓ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇੱਥੇ ਤੁਸੀਂ ਹੁਣੇ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਤੇ ਮਤਾ ਪਾਸ ਕੀਤਾ ਹੈ। ਮੈਂ ਉਸ ਧਰਤੀ ਫਤਹਿਗੜ੍ਹ ਸਾਹਿਬ ਤੋਂ ਆਉਂਦਾ ਹਾਂ ਜਿੱਥੇ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਨੂੰ ਦਫਨਾਇਆ ਗਿਆ ਸੀ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਟਾਈਮ ਮੰਗਿਆ ਸੀ। ਚਲੋ, ਆਪਣੀ ਗੱਲ ਹੁਣ ਕਹਿ ਦਿੰਦਾ ਹਾਂ। ਪਹਿਲਾਂ ਤਾਂ ਮੈਂ ਉਸ ਸ਼ਹੀਦ ਦੀ ਸ਼ਹਾਦਤ ਨੂੰ ਸਲਾਮ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਇੱਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੱਥੇ ਆਪਾਂ ਬਰਤਾਨੀਆ ਦੀ ਸਰਕਾਰ ਨੂੰ ਮੁਆਫੀ ਮੰਗਣ ਨੂੰ ਕਿਹਾ ਹੈ, ** ** ਮਜੀਠੀਆ ਸਾਹਿਬ ਬੈਠੇ ਹਨ...

**Mr. Speaker :** Please Address the Chair.

**ਸਰਦਾਰ ਕੁਲਜੀਤ ਸਿੰਘ ਨਾਗਰਾ:** ** **

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਜਦੋਂ ਤਾਂ 1984 ਵਿੱਚ ਇੰਦਰਾ ਗਾਂਧੀ ਅਟੈਕ ਕਰਵਾਵੇ..., ਕੀ ਇਹ ਉਸ ਦੀ ਮੁਆਫੀ ਮੰਗਦੇ ਹਨ? (ਵਿਘਨ)(ਸ਼ੋਰ) ..ਦੂਜੀ ਗੱਲ ਹੈ ਕਿ ਮੇਰੀ ਬੇਨਤੀ ਹੈ ਕਿ ....

(**ਟਰੇਜ਼ਰੀ ਬੈਂਚਿਜ਼ ਵੱਲੋਂ ਕੁਝ ਅਵਾਜ਼ਾਂ:** ਇਹ ਮੰਗ ਲਈ ਗਈ ਹੈ ਜੀ। ਰਾਹੁਲ ਜੀ ਨੇ ਮੰਗੀ ਹੈ।)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਦੂਜੀ ਗੱਲ ਇਹ ਹੈ ਕਿ ਜੇ ਇਹ ਗੱਲ ਨਾਗਰਾ ਸਾਹਿਬ ਪਰੂਵ ਕਰ ਦੇਣ, ਜਨਰਲ ਡਾਇਰ ਦੀ ਗੱਲ ਹੈ, ਕੀ ਇਹ ਉਦੋਂ ਉਥੇ ** ** ਲੱਗੇ ਹੋਏ ਸੀ? ਕੀ ਇਹ ਉਦੋਂ ** ** ਲੱਗੇ ਹੋਏ ਸੀ? ਕੀ ਇਹ ਰੋਟੀ ਖਵਾ ਰਹੇ ਸੀ?

**** Expunged as ordered by the Hon'ble Speaker.

**ਮਾਨਯੋਗ ਸਪੀਕਰ:** ਇਹ **** ਅਤੇ **** ਲਫਜ਼ ਐਕਸਪੰਜ ਕਰ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੇ ਬਜ਼ੁਰਗਾਂ ਦੀ ਤੌਹੀਨ ਇੱਥੇ ਕੀਤੀ ਜਾ ਰਹੀ ਹੈ ਅਤੇ ਤੁਹਾਡੀ ਹਾਜ਼ਰੀ ਵਿੱਚ ਕੀਤੀ ਜਾ ਰਹੀ ਹੈ। ਮੇਰੀ ਬੇਨਤੀ ਹੈ ਕਿ it is a matter on record. ਉਹ ਸੰਨ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਬਸੰਮਤੀ ਨਾਲ ਪਹਿਲੇ ਪ੍ਰਧਾਨ ਬਣੇ, ਜੇ ਕੋਈ ਇੱਕ ਸਿੱਖ ਅੱਜ ਤੱਕ ਸਰਬਸੰਮਤੀ ਨਾਲ ਇਸ ਦਾ ਪ੍ਰਧਾਨ ਬਣਿਆ ਤਾਂ ਉਹ ਸਰਦਾਰ ਸੁੰਦਰ ਸਿੰਘ ਮਜੀਠੀਆ ਸਾਹਿਬ ਬਣੇ ਹਨ। (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲੋਂ ਥੰਪਿੰਗ) ਇਹ ਇਸ ਰਿਕਾਰਡ ਨੂੰ, ਇਤਿਹਾਸ ਨੂੰ ਨਹੀਂ ਮਿਟਾ ਸਕਦੇ, ਇਹ ਜਿੰਨਾ ਮਰਜ਼ੀ ਜ਼ੋਰ ਲਗਾ ਲੈਣ। ਹਾਂ, ਇਹ ਜ਼ਰੂਰ ਹੈ ਕਿ ਇਹ ਆਪਣੇ ਇਤਿਹਾਸ ਨੂੰ ਮਿਟਾਉਣ ਲਈ ** **

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ** **

**ਮਾਨਯੋਗ ਸਪੀਕਰ:** ਜਦੋਂ ਤੁਸੀਂ ਬੋਲਣਾ ਹੈ, ਉਦੋਂ ਇਸ ਬਾਰੇ ਗੱਲ ਕਰ ਲੈਣਾ। ਨਹੀਂ ਤਾਂ ਫਿਰ ਇਹ ਗੱਲ ਵਧਦੀ ਜਾਵੇਗੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** (ਵਿਘਨ)(ਸ਼ੋਰ)ਸਪੀਕਰ ਸਾਹਿਬ, ਇਹ ਪ੍ਰਥਾ ਨਾ ਪਾਉਣ....ਇੱਥੇ ** ਬੋਲਿਆ ਜਾ ਰਿਹਾ ਹੈ... (ਵਿਘਨ)(ਸ਼ੋਰ)

**ਸਹਿਕਾਰਤਾ ਤੇ ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ, ਮੈਂ ਉਸ ਦਾ ਜਵਾਬ ਦਿੰਦਾ ਹਾਂ ਕਿ ਉਸ ਟਾਈਮ ਜਿਹੜੇ ਅੰਗਰੇਜ਼ਾਂ ਦੇ *** ਸੀ, ਉਨ੍ਹਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਲਗਾਇਆ ਗਿਆ। ਇਹ ਰਿਕਾਰਡ ਤੇ ਹੈ। ਜਿਹੜੇ ** ** ਸੀ, ਅੱਜ ਵੀ ਮੈਂ ਕਹਿੰਦਾ ਹਾਂ ਕਿ ....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ। (ਵਿਘਨ)

**ਮਾਨਯੋਗ ਸਪੀਕਰ:** ਪਰਸਨਲਾਈਜ ਨਾ ਕਰੋ। ** ** ਸ਼ਬਦ ਕੱਟ ਦਿਉ। ਇਹ *** ਸ਼ਬਦ ਐਕਸਪੰਜ ਕਰ ਦਿਉ। ਬੈਠੋ ਜੀ। ਬੈਠੋ। (ਵਿਘਨ)(ਸ਼ੋਰ)

**ਸਹਿਕਾਰਤਾ ਤੇ ਜੇਲ੍ਹਾਂ ਮੰਤਰੀ:** ਐਕਸਪੰਜ ਕਿਉਂ ਕਰ ਦਿਉ ਜੀ? ਇਹ ਆਨ ਰਿਕਾਰਡ ਹੈ। ਉਸ ਸਮੇਂ ਦਾ ਰਿਕਾਰਡ ਹੈ। (ਵਿਘਨ) ਇਹ ਪੂਰੀ ਹਿਸਟਰੀ ਪੜ੍ਹ ਲੈਣ। **** ਜੋ ਸੀ, ਉਨ੍ਹਾਂ ਨੂੰ ਬਣਾਇਆ ਗਿਆ।

---

**** Expunged as ordered by the Chair/Hon'ble Speaker.

**ਮਾਨਯੋਗ ਸਪੀਕਰ:** ਨਾਗਰਾ ਜੀ, ਤੁਸੀਂ ਕਨਕਲੂਡ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਉਸ ਦਾ ਜਵਾਬ ਦੇਣਾ ਚਾਹੁੰਦਾ ਹਾਂ, ਜਿਹੜੀ ਗੱਲ ਐਮ.ਐਲ.ਏ. ਸਾਹਿਬ ਨੇ ਹੁਣੇ ਕਹੀ ਹੈ ਕਿ ਨਾਗਰਾ ਸਾਹਿਬ ਤੁਸੀਂ ਉਦੋਂ **** ਸੀ...

**ਮਾਨਯੋਗ ਸਪੀਕਰ:** ਇਹ ਸ਼ਬਦ ਐਕਸਪੰਜ ਕਰ ਦਿੱਤਾ ਗਿਆ ਹੈ।

**ਸਹਿਕਾਰਤਾ ਤੇ ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਮੈਂ ਜਵਾਬ ਦਿੰਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਉਹ ਕੀ ਲੱਗਿਆ ਹੋਇਆ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਵੇਲੇ ਇਹ ਪਰਿਵਾਰ 1984 ਵਿੱਚ ਕਾਂਗਰਸ ਪਾਰਟੀ ਦਾ ਮੈਂਬਰ ਸੀ ਕਿ ਨਹੀਂ ਸੀ? ** ** ਉਨ੍ਹਾਂ ਨੂੰ ਸਰ ਤੇ ਰਾਇ ਬਹਾਦਰ ਦਾ ਖਿਤਾਬ ਦਿੱਤਾ ਗਿਆ, ਕਿਸੇ ਦੇਸ਼ ਭਗਤ ਨੂੰ ਅੱਜ ਤੱਕ ਇਹ ਨਹੀਂ ਦਿੱਤਾ ਗਿਆ। ਇਸ ਦਾ ਕੀ ਮਤਲਬ ਹੈ ਕਿ ਉਹ ਕਿਨ੍ਹਾਂ ਦੇ ਦੇਸ਼ ਭਗਤ ਸੀ? (ਵਿਘਨ)(ਸ਼ੋਰ) ਦੂਸਰੀ ਚੀਜ਼, ਹੁਣ ਸੁਣੀ ਜਾਵੇ, ਮੈਂ ਉਸ ਗੱਲ ਤੇ ਵੀ ਆਵਾਂਗਾ...(ਵਿਘਨ) ਦੂਸਰੀ ਚੀਜ਼ ਜਿਹੜਾ ਇਹ ਕਿਹਾ ਗਿਆ ਕਿ ਉਨ੍ਹਾਂ ਨੂੰ ਪਹਿਲੇ ਬਣਾਇਆ ਗਿਆ, ** ** (ਵਿਘਨ)(ਸ਼ੋਰ) ਮੈਂ ਦੂਸਰੀ ਗੱਲ ਦਾ ਵੀ ਜਵਾਬ ਦੇ ਦਿੰਦਾ ਹਾਂ। ਮੇਰੇ ਬਜ਼ੁਰਗਾਂ ਨੇ ਜਿਹੜੀ ਗੱਲ ਕਹੀ ਹੈ, ਉਸ ਨੂੰ ਚੰਗੀ ਤਰ੍ਹਾਂ ਪੜ੍ਹੋ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜੇ ਅੱਤਵਾਦ ਨੂੰ, ਜਿਹੜੇ ਉਥੇ ਬੈਠੇ ਸੀ, ਉਨ੍ਹਾਂ ਨੂੰ ਖਤਮ ਕਰਨ ** ** (ਵਿਘਨ).... ਇਨ੍ਹਾਂ ਨੂੰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਵਿੱਚ ਕੀ ਕੀਤਾ ? ਜੋ ਮੇਰੇ ਬਜ਼ੁਰਗਾਂ ਨੇ ਕਿਹਾ, ਉਹ ਠੀਕ ਕਿਹਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰਜ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਮਜੀਠੀਆ ਜੀ, ਤੁਸੀਂ ਹੁਣ ਥੋੜ੍ਹੀ ਦੇਰ ਬਾਅਦ ਬੋਲਣਾ ਹੈ। ਤੁਸੀਂ ਥੋੜ੍ਹੀ ਦੇਰ ਵਿੱਚ ਬੋਲਣਾ ਹੈ, ਤੁਹਾਡੀ ਅੱਜ ਵਾਰੀ ਹੈ (ਵਿਘਨ) ਚਲੋ ਦੱਸੋ, ਕੀ ਕਹਿੰਦੇ ਹੋ ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਅਸਲ ਵਿੱਚ ਇਨ੍ਹਾਂ ਦੀਆਂ ਦੋ ਡਿਗਰੀਆਂ ਹਨ। ਮੈਂ ਉਹ ਕਢਵਾਈਆਂ ਹਨ। ਇੱਕ ਜਗ੍ਹਾ ਸਾਲ 2012 ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਮੈਂ ਬਾਰ੍ਹਵੀਂ ਪਾਸ ਹਾਂ ਅਤੇ ਸਾਲ 2017 ਵਿੱਚ ਕਿਹਾ ਹੈ ਕਿ ਮੈਂ ਬੀ.ਏ. ਪਾਸ ਹਾਂ। ਜਿਹੜਾ ਬੰਦਾ ਘੱਟ ਪੜ੍ਹਿਆ ਲਿਖਿਆ ਹੋਵੇ, ਤੁਸੀਂ ਇਲੈਕਸ਼ਨ ਐਫੀਡੈਵਿਟ ਜੋ ਹੈ, ਉਹ ਕਢਵਾ ਲਉ। ਹੁਣ ਮੈਂ ਅਗਲੀ ਗੱਲ ਦੱਸਦਾ ਹਾਂ....

---

**** Expunged as ordered by the Hon'ble Speaker.

**ਮਾਨਯੋਗ ਸਪੀਕਰ:** ਤੁਸੀਂ ਪਰਸਨਲ ਗੱਲਾਂ ਤੇ ਕਿਉਂ ਜਾਂਦੇ ਹੋ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਦੋਂ ਸਿਕੰਦਰ ਹਯਾਤ ਸਾਹਿਬ ਨੂੰ ਵੀ ਟਾਈਟਲ ਮਿਲਿਆ, ਛੋਟੂ ਰਾਮ ਸਾਹਿਬ ਨੂੰ ਵੀ ਟਾਈਟਲ ਮਿਲਿਆ ਅਤੇ ਸੁੰਦਰ ਸਿੰਘ ਮਜੀਠੀਆ ਸਾਹਿਬ ਨੂੰ ਵੀ ਟਾਈਟਲ ਮਿਲਿਆ। ਉਹ ਇਸ ਕਰਕੇ ਮਿਲਿਆ ਕਿ ਉਨ੍ਹਾਂ ਨੇ ਦੇਸ਼ ਦੇ ਲੋਕਾਂ ਵਾਸਤੇ ਸੇਵਾਵਾਂ ਕੀਤੀਆਂ (ਵਿਘਨ)(ਸ਼ੋਰ) ਮੇਰੀ ਬੇਨਤੀ ਸੁਣ ਲਵੋ। ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ, ਜਦੋਂ ਪੰਜਾਬ ਨੈਸ਼ਨਲ ਬੈਂਕ ਬਣਿਆ, ਉਸ ਦੇ founding member, ਜਦੋਂ Chief Khalsa Deewan ਬਣਿਆ, ਉਸ ਦੇ founding member ਅਤੇ ਜਦੋਂ Khalsa College ਬਣਿਆ ਤਾਂ ਉਹ ਉਸ ਦੇ founding member ਸਨ। ਸਪੀਕਰ ਸਾਹਿਬ, ਇਹ ਇਤਿਹਾਸ ਨੂੰ ਨਹੀਂ ਬਦਲ ਸਕਦੇ। ਸਪੀਕਰ ਸਾਹਿਬ, ਤੀਜੀ ਗੱਲ, ਇਹ ਕਹਿੰਦੇ ਹਨ ਕਿ ** ** (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਮਜੀਠੀਆ ਜੀ, ਹੁਣ ਬੈਠ ਜਾਓ। ਨਾਗਰਾ ਜੀ, ਕਨਕਲੂਡ ਕਰੋ। ਕਨਕਲੂਡ ਕਰੋ ਜੀ। ਤੁਸੀਂ ਇਹ ਕੰਮ ਨਵਾਂ ਸ਼ੁਰੂ ਕਰਵਾ ਦਿੱਤਾ। ਆਪਾਂ ਹੁਣ ਮਤਲਬ ਦੀ ਗੱਲ ਕਰੀਏ। ਹਾਲੇ ਸੀ.ਐਮ. ਸਾਹਿਬ ਨੇ ਬੋਲਣਾ ਹੈ। (ਵਿਘਨ)(ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਇਹ ਮੈਟਰ ਆਨ ਰਿਕਾਰਡ ਹੈ ਕਿ ਜਦੋਂ World War ਹੋਈਆਂ ਹਨ, ਮੇਰੇ ਦਾਦਾ ਜੀ ਉਦੋਂ Air Chief Marshal, Sh. Arjan Singh ji ਦੇ ਨਾਲ ਇੱਕ squadron ਲੀਡਰ ਸਨ, ਏਅਰ ਫੋਰਸ ਦੇ ਰਿਟਾਇਰਡ ਅਫਸਰ ਰਹੇ ਹਨ ਅਤੇ ਮੈਂਬਰ ਪਾਰਲੀਮੈਂਟ ਵੀ ਰਹੇ ਹਨ, ਦੇਸ਼ ਦੇ Defence Minister ਰਹੇ ਹਨ ਤੇ ਇਹ ਆ ਕੇ ਅੱਜ ਫਾਲਤੂ ਦੀਆਂ ਗੱਲਾਂ ਕਰਦੇ ਹਨ। ਜਿਸ ਦਿਨ ਸ਼੍ਰੀ ਹਰਿਮੰਦਰ ਸਾਹਿਬ ਤੇ ਅਟੈਕ ਹੋਇਆ, ਮੇਰੇ ਦਾਦਾ ਜੀ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਸੀ ਅਤੇ ਮੁੜ ਕੇ ਕਦੇ ਕਾਂਗਰਸ ਪਾਰਟੀ ਵਿੱਚ ਨਹੀਂ ਵੜੇ।

**ਮਾਨਯੋਗ ਸਪੀਕਰ:** ਤੁਸੀਂ ਸਾਰੇ ਬੋਲ ਲੈਣਾ, (ਵਿਘਨ)(ਸ਼ੋਰ) ਮੈਂ ਬੁਲਾਵਾਂਗਾ ਪਰ ਮੇਰੀ ਇੱਕ ਬੇਨਤੀ ਹੈ ਕਿ ਅੱਜ ਸੀ.ਐਮ. ਸਾਹਿਬ ਨੇ ਬੋਲਣਾ ਹੈ। ਆਪਾਂ ਵਕਤ ਦਾ ਥੋੜ੍ਹਾ ਖਿਆਲ ਕਰੀਏ। ਹਾਂ ਜੀ, ਸਰਦਾਰ ਦਰਸ਼ਨ ਸਿੰਘ ਜੀ, ਤੁਸੀਂ ਦੱਸੋ।

**ਸਰਦਾਰ ਦਰਸ਼ਨ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਇਸ ਸ਼ਖ਼ਸ਼ ਨੂੰ ਪੁੱਛਣਾ ਚਾਹੁੰਦਾ ਹਾਂ ਕਿ ** ** ਮੈਂ ਸਾਡੇ ਮੁੱਖ ਮੰਤਰੀ ਜੀ ਬਾਰੇ ਦੱਸਣਾ ਚਾਹੁੰਦਾ ਹਾਂ .......(ਵਿਘਨ)(ਸ਼ੋਰ)

---

**** Expunged as ordered by the Hon'ble Speaker.

**ਮਾਨਯੋਗ ਸਪੀਕਰ:** ਬਰਾੜ ਸਾਹਿਬ, ਤੁਸੀਂ ਬੈਠੋ। ਹਾਂ ਜੀ, ਨਾਗਰਾ ਜੀ। ਨਾਗਰਾ ਜੀ, ਕੋਈ ਹੋਰ ਗੱਲ ਕਰਨੀ ਹੈ? Wind-up ਕਰ ਦਿਉ ਜੀ, wind up ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੇਰੇ ਕਾਬਲ ਦੋਸਤ ਦੇ ਬਾਰੇ ਵਿੱਚ ਮੈਂ ਤਾਂ ਸਿਰਫ ਇੰਨੀ ਗੱਲ ਕਹਿ ਰਿਹਾ ਸੀ, ਮੈਂ ਸਾਰੇ ਤੱਥ ਵੀ ਦੇ ਦਿਆਂਗਾ। ਇਨ੍ਹਾਂ ਨੇ ਮੈਨੂੰ ਕਿਹਾ ਹੈ....(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਇਹ ਗੱਲ ਹੋ ਗਈ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਇੱਕ ਮਿੰਟ, ਇਸ ਤਰ੍ਹਾਂ ਨਾ ਕਰੋ ਜੀ। ** ** ਮੇਰੀ ਹੱਥ ਜੋੜ ਕੇ ਬੇਨਤੀ ਹੈ।

**ਮਾਨਯੋਗ ਸਪੀਕਰ:** ਇਸ ਤਰ੍ਹਾਂ ਤਾਂ ਫਿਰ ਹਾਊਸ ਨਹੀਂ ਚੱਲਣਾ। ਗੱਲ ਪੂਰੀ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੈਨੂੰ ਮਜੀਠਾ ਦਾ ਤਾਂ ਪਤਾ ਨਹੀਂ ਕਿ ਇਨ੍ਹਾਂ ਦੀ ਸਟੇਟ ਸੀ ਜਾਂ ਕੀ ਸੀ? ਮੈਨੂੰ ਇਹ ਦੱਸੋ ਕਿ ਜਿਹੜੀ ਇਨ੍ਹਾਂ ਨੂੰ ਗੋਰਖਪੁਰ ਜਾਗੀਰ ਮਿਲੀ ਹੈ, ਉਹ ਕਿਸ ਦੇ ਬਦਲੇ ਮਿਲੀ ਸੀ? ਮੈਨੂੰ ਨਹੀਂ ਪਤਾ, ਇਹ ਤਾਂ ਤੱਥ ਕਹਿੰਦੇ ਹਨ। ਇਹ ਤਾਂ ਤੱਥ ਕਹਿੰਦੇ ਹਨ, ਇਹ ਸਾਰਾ ਮੀਡੀਆ ਜਾਣਦਾ ਹੈ ਅਤੇ ਸਾਰੇ ਲੋਕ ਜਾਣਦੇ ਹਨ ਕਿ ਗੋਰਖਪੁਰ ਦੀ ਜਾਗੀਰ ਇਨ੍ਹਾਂ ਨੂੰ ਕਿਸ ਗੱਲ ਦੇ ਬਦਲੇ ਮਿਲੀ ਹੈ। ਮੈਂ ਇਸ ਰੌਲੇ ਵਿੱਚ ਨਹੀਂ ਪੈਣਾ ਚਾਹੁੰਦਾ। (ਵਿਘਨ)(ਸ਼ੋਰ) ਮੈਂ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ। ਮੇਰੀ ਇੱਕ ਬੇਨਤੀ ਹੈ। ਇਹ ਛੋਟੇ ਭਰਾ ਹਨ, ਮੈਂ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ, ਇਨ੍ਹਾਂ ਨੂੰ ਇੱਕ ਆਦਤ ਹੈ।

**ਮਾਨਯੋਗ ਸਪੀਕਰ:** ਗਵਰਨਰ ਐਡਰੈਸ ਤੇ ਕੁਝ ਕਹਿਣਾ ਹੈ ਤਾਂ ਕਹਿ ਲਓ। ਨਹੀਂ ਤਾਂ ਮੈਂ ਅਗਲਾ ਬੁਲਾਰਾ ਬੁਲਾ ਰਿਹਾ ਹਾਂ। (ਵਿਘਨ)(ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਹਾਂ ਜੀ, ਕਹਿਣਾ ਹੈ ਜੀ। ਸਿਰਫ 2 ਮਿੰਟ ਲੈਣੇ ਹਨ।

**ਮਾਨਯੋਗ ਸਪੀਕਰ:** ਤੁਸੀਂ ਹੁਣ 2 ਮਿੰਟ ਲਈ ਨਹੀਂ ਬੋਲਣਾ, ਤੁਸੀਂ ਕਨਕਲੂਡ ਕਰਨਾ ਹੈ। (ਵਿਘਨ)(ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਇਹ ਬਾਹਰ ਜਾ ਕੇ ਪ੍ਰੈਸ ਕੋਲ ਸਾਡੇ ਬਾਰੇ ਗੱਲਾਂ ਕਰਦੇ ਹਨ, ਸਾਡੇ ਵਾਅਦਿਆਂ ਦੀਆਂ ਗੱਲਾਂ ਕਰਦੇ ਹਨ ਕਿ ਇਨ੍ਹਾਂ ਨੇ ਕਰਜ਼ਾ ਮੁਆਫ ਕਰਨ ਨੂੰ ਕਿਹਾ ਸੀ....

**ਮਾਨਯੋਗ ਸਪੀਕਰ:** ਨਾਗਰਾ ਸਾਹਿਬ, ਬੰਦ ਕਰੋ।

---

**** Expunged as ordered by the Hon'ble Speaker.

**ਸਰਦਾਰ ਕੁਲਜੀਤ ਸਿੰਘ ਨਾਗਰਾ:** ਉਹ ਤਾਂ ਜੋ ਪੁਜੀਸ਼ਨ ਹੈ, 21 ਮਹੀਨਿਆਂ ਵਿੱਚ ਲੋਕਾਂ ਦੇ ਸਾਹਮਣੇ ਹੈ। ਮੈਂ ਮੋਦੀ ਜੀ ਦੇ ਵਾਅਦਿਆਂ ਦੀ ਗੱਲ ਕਰਨੀ ਚਾਹੁੰਦਾ ਹਾਂ, 2 ਕਰੋੜ ਰੋਜ਼ਗਾਰ....

**ਮਾਨਯੋਗ ਸਪੀਕਰ :** ਤੁਹਾਨੂੰ ਬੋਲਦੇ ਹੋਏ 22 ਮਿੰਟ ਹੋ ਗਏ ਹਨ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਨੂੰ ਸਿਰਫ ਇੱਕ ਮਿੰਟ ਹੋਰ ਦੇ ਦਿਉ।

**ਮਾਨਯੋਗ ਸਪੀਕਰ :** ਤੁਹਾਨੂੰ 22 ਮਿੰਟ ਹੋ ਗਏ ਹਨ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੋਦੀ ਸਾਹਿਬ ਨੇ ਕਿਹਾ ਸੀ 2 ਕਰੋੜ ਰੋਜ਼ਗਾਰ ਦੇਵਾਂਗੇ। 2 ਕਰੋੜ ਵਿੱਚ ਸਾਡਾ ਪੰਜਾਬ ਦਾ ਹਿੱਸਾ 12 ਲੱਖ 50 ਹਜ਼ਾਰ ਬਣਦਾ ਹੈ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਅਤੇ ਸ਼੍ਰੀ ਅਰੁਣ ਨਾਰੰਗ ਬਿਨਾਂ ਆਗਿਆ ਤੋਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ।

**ਮਾਨਯੋਗ ਸਪੀਕਰ :** ਸੋਮ ਪ੍ਰਕਾਸ਼ ਜੀ, ਤੁਸੀਂ ਜਦੋਂ ਬੋਲਣਾ ਹੈ, ਉਦੋਂ ਆਪਣੀ ਗੱਲ ਕਹਿ ਲੈਣਾ। ਹੁਣ ਬੈਠੋ। (ਵਿਘਨ) (ਸ਼ੋਰ) ਤੁਸੀਂ ਜਦੋਂ ਬੋਲਣਾ ਹੈ, ਉਦੋਂ ਇਨ੍ਹਾਂ ਦੀ ਗੱਲ ਦਾ ਜਵਾਬ ਦੇ ਦਿਉ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਇੱਕ ਸਾਲ ਦੌਰਾਨ 2 ਕਰੋੜ ਰੋਜ਼ਗਾਰ ਵਿੱਚ ਸਾਡਾ ਪੰਜਾਬ ਦਾ ਹਿੱਸਾ 12 ਲੱਖ 50 ਹਜ਼ਾਰ ਦਾ ਬਣਦਾ ਹੈ, ਭਾਵ 12 ਲੱਖ 50 ਹਜ਼ਾਰ ਨੌਕਰੀਆਂ ਬਣਦੀਆਂ ਹਨ। ਇਹ ਉਸ ਦਾ ਹਿਸਾਬ ਦੇ ਦੇਣ। ਵਾਅਦੇ ਮੁਤਾਬਿਕ 15 ਲੱਖ ਰੁਪਿਆ ਹਰ ਇੱਕ ਵਿਅਕਤੀ ਦੇ ਖਾਤੇ ਵਿੱਚ ਆਉਣਾ ਸੀ। ਸਪੀਕਰ ਸਾਹਿਬ, ਨਾ ਤੁਹਾਡੇ ਖਾਤੇ ਵਿੱਚ ਆਇਆ ਨਾ ਕਿਸੇ ਹੋਰ ਦੇ ਖਾਤੇ ਵਿੱਚ ਆਇਆ। ਫਿਰ ਸਵਾਮੀਨਾਥਨ ਕਮਿਸ਼ਨ ਦੀਆਂ ਰਿਪੋਰਟਾਂ ਲਾਗੂ ਕਰਨੀਆਂ ਸੀ....

**ਮਾਨਯੋਗ ਸਪੀਕਰ :** ਨਾਗਰਾ ਜੀ, ਤੁਸੀਂ ਬੈਠੋ, ਮੇਰੇ ਨਾਲ ਜ਼ਿਆਦਤੀ ਨਾ ਕਰੋ, ਮੇਰੇ ਨਾਲ ਜ਼ਿਆਦਤੀ ਨਾ ਕਰੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਸਿਰਫ ਇੱਕ ਮਿੰਟ ਜੀ।

**ਮਾਨਯੋਗ ਸਪੀਕਰ :** ਤੁਸੀਂ 22 ਮਿੰਟ ਲੈ ਲਏ ਹਨ। ਹੁਣ ਰਾਜਾ ਵੜਿੰਗ ਜੀ ਬੋਲਣਗੇ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਆਖਰੀ ਗੱਲ ਹੈ ਜੀ।

**ਮਾਨਯੋਗ ਸਪੀਕਰ :** ਨਹੀਂ ਹੋਣੀ ਆਖਰੀ ਗੱਲ...... ਹਾਂ ਜੀ, ਰਾਜਾ ਵੜਿੰਗ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਆਖਰੀ ਗੱਲ ਕਹਿਣੀ ਹੈ ਜੀ ਕਿ ਕਾਲਾ ਧਨ ਬਾਹਰੋਂ ਵਾਪਸ ਨਹੀਂ ਆਇਆ.....

**ਮਾਨਯੋਗ ਸਪੀਕਰ :** ਰਾਜਾ ਵੜਿੰਗ ਜੀ, ਬੋਲੋ......

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਮੇਰੀ ਮੁੱਖ ਮੰਤਰੀ ਸਾਹਿਬ ਨੂੰ ਇੱਕ ਬੇਨਤੀ ਹੈ ਜੀ। ਇਹ ਮੇਰੀ ਆਖਰੀ ਬੇਨਤੀ ਹੈ। ਮੁੱਖ ਮੰਤਰੀ ਸਾਹਿਬ, ਤੁਹਾਨੂੰ ਮੇਰੀ ਇੱਕ ਬੇਨਤੀ ਹੈ ਕਿ ਮੈਂ ਸ੍ਰੀ ਫਤਹਿਗੜ੍ਹ ਸਾਹਿਬ ਹਲਕੇ ਤੋਂ ਆਉਂਦਾ ਹਾਂ, ਉੱਥੇ ਸ਼ਹੀਦ ਊਧਮ ਸਿੰਘ ਜੀ ਦੀਆਂ ਅਸਥੀਆਂ ਦਫਨ ਕੀਤੀਆਂ ਗਈਆਂ ਸਨ। (ਵਿਘਨ) (ਸ਼ੋਰ) ਮੁੱਖ ਮੰਤਰੀ ਸਾਹਿਬ, ਤੁਹਾਨੂੰ ਮੇਰੀ ਬੇਨਤੀ ਹੈ ਕਿ ਜਲ੍ਹਿਆਂ ਵਾਲੇ ਬਾਗ ਦੀ ਸ਼ਤਾਬਦੀ ਦੇ ਸਮੇਂ ਤੇ ਮੈਂ ਚਾਹੁੰਦਾ ਹਾਂ ਕਿ ਜਿਹੜਾ ਤੁਸੀਂ ਇੱਕ ਸਰਕਾਰੀ ਕਾਲਜ ਦੇਣਾ ਹੈ, ਸ਼ਹੀਦ ਊਧਮ ਸਿੰਘ ਜੀ ਦੇ ਨਾਂ ਤੇ ਸਾਨੂੰ ਇੱਕ ਸਰਕਾਰੀ ਕਾਲਜ ਦੇ ਦਿਉ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ 7 ਸਾਲਾਂ ਤੋਂ ਮੈਨੂੰ ਕਈ ਵਾਰੀ.....

**ਮਾਨਯੋਗ ਸਪੀਕਰ :** ਰਾਜਾ ਜੀ, 1 ਵੱਜ ਕੇ 22 ਮਿੰਟ ਹੋ ਗਏ ਹਨ, ਤੁਹਾਡੇ ਕੋਲ 10 ਮਿੰਟ ਹਨ, ਤੁਸੀਂ ਆਪਣੀ ਗੱਲ 10 ਮਿੰਟ ਵਿੱਚ ਕਰ ਲਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਪਿਛਲੇ 7 ਸਾਲਾਂ ਵਿੱਚ ਮੈਨੂੰ ਕਈ ਵਾਰੀ ਵਿਧਾਨ ਸਭਾ ਵਿੱਚ ਰਾਜਪਾਲ ਜੀ ਦੇ ਭਾਸ਼ਣ ਦਾ ਵਿਰੋਧ ਕਰਨ ਦਾ ਅਤੇ ਉਨ੍ਹਾਂ ਦੇ ਹੱਕ ਵਿੱਚ ਬੋਲਣ ਦਾ ਮੌਕਾ ਮਿਲਿਆ। ਸਪੀਕਰ ਸਾਹਿਬ, ਪੰਜਾਬ ਪੰਜਾਂ ਦਰਿਆਵਾਂ ਦੀ ਧਰਤੀ ਹੈ, ਗੁਰੂਆਂ ਪੀਰਾਂ ਦੀ ਧਰਤੀ ਹੈ, ਬਾਬੇ ਨਾਨਕ ਜੀ ਦੀ ਇਹ ਧਰਤੀ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਧਰਤੀ, ਸ਼ਹੀਦ ਊਧਮ ਸਿੰਘ ਦੀ ਧਰਤੀ, ਸ਼ਹੀਦ ਕਰਤਾਰ ਸਿੰਘ ਸਰਾਭਾ ਜੀ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਦੀ ਧਰਤੀ ਹੈ, ਜਿਨ੍ਹਾਂ ਲੋਕਾਂ ਨੇ ਇਸ ਦੇਸ਼ ਦੀ ਆਜ਼ਾਦੀ ਅਤੇ ਅਖੰਡਤਾ ਵਾਸਤੇ ਆਪਣਾ ਅਹਿਮ ਰੋਲ ਅਦਾ ਕੀਤਾ ਮੈਨੂੰ ਲੱਗਦਾ ਹੈ ਕਿ ਇਨ੍ਹਾਂ ਸੂਰਬੀਰ ਯੋਧਿਆਂ ਕਰਕੇ ਹੀ ਅੱਜ ਪੂਰੇ ਦੇਸ਼ ਅੰਦਰ ਪੰਜਾਬ ਦੀ ਅਲੱਗ ਪਹਿਚਾਣ ਬਣੀ ਹੋਈ ਹੈ। ਸਪੀਕਰ ਸਾਹਿਬ, ਮੈਨੂੰ ਯਾਦ ਹੈ, ਕਹਿੰਦੇ ਕਿ ਜਦੋਂ ਸਰਾਭਾ ਸਾਹਿਬ ਨੂੰ ਫਾਂਸੀ ਦੇ ਫੰਦੇ ਤੇ ਚੜ੍ਹਾਉਣ ਲੱਗੇ ਤਾਂ ਸਰਾਭਾ ਸਾਹਿਬ ਨੂੰ ਕਿਹਾ ਕਿ ਦੱਸੋ, ਤੁਹਾਡੀ ਆਖਰੀ ਇੱਛਾ ਕੀ ਹੈ? ਉਨ੍ਹਾਂ ਨੇ ਕਿਹਾ ਕਿ ਮੈਨੂੰ ਛੇਤੀ ਫਾਂਸੀ ਦੇ ਫੰਦੇ ਤੇ ਚੜ੍ਹਾਉ। ਮੈਂ ਜਲਦੀ ਫਾਂਸੀ ਤੇ ਚੜ੍ਹਾਂ ਅਤੇ ਦੁਬਾਰਾ ਜਨਮ ਲੈ ਕੇ ਇਸ ਦੇਸ਼ ਦੀ ਆਜ਼ਾਦੀ ਵਾਸਤੇ ਅਤੇ ਆਪਣੇ ਪੰਜਾਬ ਦੇ ਲੋਕਾਂ ਵਾਸਤੇ ਦੁਬਾਰਾ ਲੜਾਈ ਲੜਾਂ। ਸਪੀਕਰ ਸਾਹਿਬ, ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਮੈਂ ਅੱਜ 21 ਮਹੀਨਿਆਂ ਬਾਅਦ ਉਸ ਸਰਕਾਰ ਦਾ ਹਿੱਸਾ ਹਾਂ, ਜਿਸ ਸਰਕਾਰ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ, ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾਉਣ ਦਾ ਯਤਨ ਤੇ ਉਪਰਾਲਾ ਕੀਤਾ ਹੈ, ਮੈਨੂੰ ਇਸ ਗੱਲ ਦੀ ਖੁਸ਼ੀ ਹੈ। ਮੈਂ ਪੰਜਾਬ ਦੇ ਲੋਕਾਂ ਨੂੰ, ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੂੰ ਔਰ ਤਮਾਮ ਸਰਕਾਰ ਦੇ ਲੋਕਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਅੱਜ ਅਸੀਂ ਇਸ ਪੰਜਾਬ ਦੀ ਤਰੱਕੀ ਦੀਆਂ ਗੱਲਾਂ ਕਰ ਰਹੇ ਹਾਂ ਪ੍ਰੰਤੂ ਇਸ ਪੰਜਾਬ ਵਿੱਚ ਪਹਿਲਾਂ ਆਰਥਿਕ ਸੰਕਟ ਸੀ, ਸਾਡੇ ਸੰਗੀ-ਸਾਥੀ ਅਤੇ ਸਾਡੇ ਦੋਸਤ ਦੋ ਲੱਖ ਅੱਠ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਛੱਡ ਕੇ ਗਏ ਸਨ। ਸਪੀਕਰ ਸਾਹਿਬ, ਗੈਂਗਸਟਰਾਂ ਦੀ ਗੱਲ ਕਰ ਲਓ, ਪੰਜਾਬ ਦੇ ਆਰਥਿਕ ਹਾਲਾਤ ਦੀ ਗੱਲ ਕਰ ਲਓ, ਸਾਰੀ ਦੁਨੀਆਂ ਇਸ ਗੱਲ ਤੋਂ ਜਾਣੂੰ ਅਤੇ ਵਾਕਿਫ ਹੈ ਕਿ ਪੰਜਾਬ ਦੇ ਕੀ ਹਾਲਾਤ ਸਨ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਵੱਲੋਂ ਆਪਣੇ ਅਹੁਦਿਆਂ ਦਾ ਬਖੂਬੀ ਨਾਲ ਇਸਤੇਮਾਲ ਨਹੀਂ ਕੀਤਾ ਗਿਆ। ਮੈਨੂੰ ਲੱਗਦਾ ਹੈ ਕਿ ਪੰਜਾਬ ਦੇ ਹੱਕਾਂ ਦੀ ਲੜਾਈ ਲੜਨੀ ਚਾਹੀਦੀ ਸੀ, ਪੰਜਾਬ ਦੇ ਲੋਕਾਂ ਦੀ ਲੜਾਈ ਲੜਨੀ ਚਾਹੀਦੀ ਸੀ ਲੇਕਿਨ ਪੰਜਾਬ ਦੇ ਖਜ਼ਾਨੇ ਦੀ ਦੁਰਵਰਤੋਂ ਕਰਕੇ ਅੱਜ ਪੰਜਾਬ ਨੂੰ ਪਛਾੜ ਦਿੱਤਾ ਗਿਆ ਹੈ। ਅੱਜ ਉਹੀ ਲੋਕ, ਮੇਰੇ ਭਰਾ ਜਦੋਂ ਸਾਡੀ ਇਸ ਸਰਕਾਰ ਦਾ ਪਹਿਲਾ ਸੈਸ਼ਨ ਸੀ, ਮੈਨੂੰ ਯਾਦ ਹੈ ਕਿ ਪਹਿਲੇ ਸੈਸ਼ਨ ਵਿੱਚ ਹੀ ਇਨ੍ਹਾਂ ਨੇ ਇੱਥੇ ਆ ਕੇ ਕਿਹਾ ਸੀ ਕਿ ਇੰਨੇ ਮਾੜੇ ਹਾਲਾਤ ਹਨ ਅਤੇ ਇਨ੍ਹਾਂ ਦੇ ਹਮਾਇਤੀ ਲੋਕ ਪਿੰਡਾਂ ਵਿੱਚ ਪਬਲੀਕਲੀ ਕਹਿੰਦੇ ਸੀ ਕਿ ਐਸਾ ਕੰਮ ਕਰਕੇ ਗਏ ਹਨ ਕਿ ਸਰਕਾਰ ਤਾਂ ਬੇਸ਼ੱਕ ਬਣ ਗਈ ਹੈ ਪਰ ਇਹ ਚਲਾ ਨਹੀਂ ਸਕਦੇ। ਉਹ ਵਾਕਿਆ ਹੀ ਐਸਾ ਕੰਮ ਕਰਕੇ ਗਏ ਸੀ ਕਿ ਮੈਂ

ਕੈਪਟਨ ਅਮਰਿੰਦਰ ਸਿੰਘ ਜੀ ਤੋਂ ਉਮੀਦ ਨਹੀਂ ਕਰਦਾ ਸੀ, ਲੇਕਿਨ ਆਪਣੀ ਸਿਆਣਪ ਨਾਲ ਕੈਪਟਨ ਅਮਰਿੰਦਰ ਸਿੰਘ ਜੀ ਨੇ, ਸਰਕਾਰ ਦੇ ਤਮਾਮ ਮੰਤਰੀ ਸਾਹਿਬਾਨਾਂ ਨੇ ਔਰ ਅਫਸਰ ਸਾਹਿਬਾਨਾਂ ਨੇ ਇਸ ਸਰਕਾਰ ਨੂੰ ਕੇਵਲ ਚਲਾਇਆ ਹੀ ਨਹੀਂ ਬਲਕਿ ਕਿਸਾਨਾਂ ਵਾਸਤੇ, ਗਰੀਬਾਂ ਵਾਸਤੇ , ਮਜ਼ਦੂਰਾਂ ਵਾਸਤੇ, ਦਬਿਆਂ ਤੇ ਮਿੱਧਿਆਂ-ਕੁਚਲਿਆਂ ਲੋਕਾਂ ਵਾਸਤੇ ਇੱਕ ਰਾਹਤ ਦਿੱਤੀ ਅਤੇ ਉਹ ਮਹਿਸੂਸ ਕਰਨ ਲੱਗੇ ਕਿ ਹੁਣ ਸਾਨੂੰ ਉਮੀਦ ਹੈ ਕਿ ਸਾਡੇ ਬੱਚਿਆਂ ਦਾ ਜਿਹੜਾ ਆਉਣ ਵਾਲਾ ਭਵਿੱਖ ਹੋਵੇਗਾ, ਉਹ ਉਜਵਲ ਹੋਵੇਗਾ।

ਸਪੀਕਰ ਸਾਹਿਬ, ਜੇ ਮੈਂ ਕਰਜ਼ੇ ਦੀ ਗੱਲ ਕਰਾਂ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਆਪਣੇ ਹੱਥਾਂ ਵਿੱਚ ਪਹਿਲੇ ਸੈਸ਼ਨ ਵਿੱਚ ਹੀ ਤਖਤੀਆਂ ਫੜ੍ਹੀਆਂ ਹੋਈਆਂ ਸਨ, ਅਜੇ ਸਾਡੀ ਸਰਕਾਰ ਬਣੀ ਨੂੰ ਕੇਵਲ ਦੋ ਮਹੀਨੇ ਹੋਏ ਸੀ ਜਾਂ ਡੇਢ ਮਹੀਨਾ ਹੋਇਆ ਸੀ ਤਾਂ ਇਹ 'ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ' ਦਾ ਨਾਅਰਾ ਲਗਾ ਰਹੇ ਸੀ। ਅਜਿਹਾ ਇਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਤਰਫ ਦੇਖ ਕੇ ਕਰ ਰਹੇ ਸੀ, ਇਹ ਸਾਰੇ ਜਣੇ ਇੱਥੇ (ਵੈੱਲ ਆਫ ਦਿ ਹਾਊਸ ਵੱਲ ਇਸ਼ਾਰਾ ਕਰਦੇ ਹੋਏ) ਖੜ੍ਹੇ ਸੀ। ਅੱਜ ਉਹ ਮੁੱਦਾ ਖਤਮ ਹੋ ਗਿਆ, ਸਾਡੀ ਸਰਕਾਰ ਨੇ ਕਰਜ਼ਾ ਮੁਆਫ ਕੀਤਾ ਹੈ। (ਵਿਘਨ) ਕੁਰਕੀ ਤੇ ਕਰਜ਼ਾ ਖਤਮ ਕੀਤਾ ਹੈ। ਸਪੀਕਰ ਸਾਹਿਬ, ਮੇਰੇ ਕੋਲ ਵੀਡੀਓ ਹੈ, ਮੈਨੂੰ ਇਨ੍ਹਾਂ ਵਾਲੇ ਦਿਨ ਵੀ ਯਾਦ ਹਨ ਕਿਉਂਕਿ ਮੈਂ ਮੁਕਤਸਰ ਜ਼ਿਲ੍ਹੇ ਦਾ ਰਹਿਣ ਵਾਲਾ ਹਾਂ ਅਤੇ ਹਲਕਾ ਗਿੱਦੜਬਾਹਾ ਤੇ ਲੰਬੀ ਨਾਲ-ਨਾਲ ਹਨ। ਮੇਰੇ ਇਲਾਕੇ ਵਿੱਚੋਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਜਹਾਜ਼ ਤੇ ਚੜ੍ਹਦੇ ਹਨ ਤੇ ਰੋਜ਼ ਗਿੱਦੜਬਾਹਾ ਵਿੱਚੋਂ ਗੁਜ਼ਰਦੇ ਹਨ। ਸਪੀਕਰ ਸਾਹਿਬ, ਮੈਨੂੰ ਯਾਦ ਹੈ ਤੇ ਮੇਰੇ ਭਰਾਵਾਂ ਨੂੰ ਵੀ ਪਤਾ ਹੈ ਕਿ ਕਿਸਾਨ ਨੇ ਬਿਜਲੀ ਦਾ ਖੰਭਾ ਲੈਣ ਲਈ ਜਾਣਾ ਹੁੰਦਾ ਸੀ। ਇਹ ਸੁਣ ਲਓ ਮਹਾਰਾਜਾ ਅਮਰਿੰਦਰ ਸਿੰਘ ਜੀ ਕਿ ਤੁਹਾਡੇ ਨਾਲ ਥੋੜ੍ਹੇ-ਥੋੜ੍ਹੇ ਮੇਰੇ ਵਰਗੇ ਕਾਂਗਰਸੀ ਵਰਕਰ ਨਰਾਜ਼ ਕਿਉਂ ਹਨ, ਸੁਣੋ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਬਿਜਲੀ ਦਾ ਖੰਭਾ ਅਤੇ ਟ੍ਰਾਂਸਫਾਰਮਰ ਲੈਣ ਲਈ ਜਾਣਾ ਪੈਂਦਾ ਸੀ ਅਤੇ ਇਹ ਆਪਣੇ ਸਰਪੰਚ ਦੇ ਘਰ ਖੰਭਾ ਤੇ ਟ੍ਰਾਂਸਫਾਰਮਰ ਲਗਾ ਦਿੰਦੇ ਸੀ ਤੇ ਫਿਰ ਸਾਡੇ ਵਾਲੇ ਬੰਦੇ ਨੂੰ ਜ਼ਲੀਲ ਕੀਤਾ ਜਾਂਦਾ ਸੀ, ਪੁੱਛਦੇ ਸੀ ਕਿ ਤੂੰ ਖੰਭਾ ਲੈਣਾ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਹੈ? ਤਾਂ ਉਹ ਕਹਿੰਦਾ ਸੀ, "ਹਾਂ, ਮੈਂ ਖੰਭਾ ਲੈਣਾ ਹੈ, ਮੈਂ ਤਾਰ ਜੋੜਨੀ ਹੈ।" ਇਹ ਕਹਿੰਦੇ ਸੀ ਕਿ ਤੇਰਾ ਝੋਨਾ ਫਿਰ ਪਲ਼ੇਗਾ, ਤੇਰੇ ਵਾਸਤੇ ਟ੍ਰਾਂਸਫਾਰਮਰ ਫਿਰ ਲੱਗੇਗਾ, ਪਹਿਲਾਂ ਆ ਜਾ ਸਿਰੋਪਾ ਪਾ ਲੈ ਤੇ ਫਿਰ ਤੇਰੇ ਲਈ ਟ੍ਰਾਂਸਫਾਰਮਰ ਲਗਵਾ ਦਿਆਂਗੇ। ਫਿਰ ਕਿਸਾਨ ਡਰਦਾ ਹੋਇਆ ਸਿਰੋਪਾ ਪਵਾ ਲੈਂਦਾ ਸੀ। ਇਹ ਆਮ ਆਦਮੀ ਪਾਰਟੀ ਵਾਲੇ ਮੇਰੇ ਭਰਾ ਮੇਰੇ ਨਾਲ ਸਹਿਮਤ ਹੋਣਗੇ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ):** 80 ਹਜ਼ਾਰ ਰੁਪਏ ਦਾ ਟ੍ਰਾਂਸਫਾਰਮਰ ਹੁੰਦਾ ਸੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੇਰੀ ਗੱਲ ਧਿਆਨ ਨਾਲ ਸੁਣ ਲਓ ਕਿ ਜਦੋਂ ਕੈਪਟਨ ਸਾਹਿਬ ਨੇ ਕਰਜ਼ੇ ਦੀ ਪਹਿਲੀ ਕਿਸ਼ਤ ਮੁਆਫ ਕੀਤੀ, ਇਨ੍ਹਾਂ ਨੇ ਇਸ ਕਰਕੇ ਰੈਲੀਆਂ ਕੀਤੀਆਂ ਸੀ ਕਿ ਕਰਜ਼ਾ ਤਾਂ ਮੁਆਫ ਹੀ ਨਹੀਂ ਹੋਇਆ, ਆਟੋਮੈਟੀਕਲੀ ਤੁਸੀਂ ਕਰਜ਼ਾ ਮੁਆਫ ਕਰ ਦਿੱਤਾ ਅਤੇ ਕਰਜ਼ਾ ਜ਼ਿਆਦਾ ਮੁਆਫ ਵੀ ਅਕਾਲੀਆਂ ਦਾ ਕਰ ਦਿੱਤਾ, ਜਿਨ੍ਹਾਂ ਨੇ ਦਸ ਸਾਲ ਸੁਸਾਇਟੀਆਂ ਦਾ ਕਰਜ਼ਾ ਨਾ ਮੋੜ ਕੇ ਸੁਸਾਇਟੀਆਂ ਦਾ ਅੱਜ ਮਾੜਾ ਹਾਲ ਕੀਤਾ ਹੈ। ਇਸ ਵਾਰੀ ਜਿਹੜੇ ਸਰਟੀਫਿਕੇਟ ਬਣਾਏ, ਮੈਂ ਸਰਟੀਫਿਕੇਟ ਦੇਣ ਗਿਆ ਅਤੇ ਮੈਂ ਹਰ ਪਿੰਡ ਵਿੱਚ ਫੋਟੋਆਂ ਭੇਜੀਆਂ, ਇਸ ਵਾਸਤੇ ਮੈਂ ਰੰਧਾਵਾ ਸਾਹਿਬ ਨੂੰ ਵਧਾਈ ਦਿੰਦਾ ਹਾਂ। ਉੱਥੇ ਮੈਂ ਬਾਬਾ ਜੀ ਨੂੰ ਪੁੱਛਿਆ ਕਿ ਬਾਬਾ ਜੀ ਜਿਹੜਾ ਦੋ ਲੱਖ ਰੁਪਿਆ ਤੁਹਾਡਾ ਮੁਆਫ ਹੋ ਗਿਆ ਹੈ, ਕੀ ਤੁਸੀਂ ਸਾਨੂੰ ਵੋਟ ਪਾਈ ਹੈ ? ਉਹ ਕਹਿੰਦੇ ਕਿ ਤੁਹਾਨੂੰ ਕਦੇ ਨਹੀਂ ਪਾਈ, ਮੇਰੇ ਕੋਲ ਵੀਡੀਓ ਹੈ, ਜੇ ਇਜਾਜ਼ਤ ਦੇ ਦਿਓਗੇ ਤਾਂ ਮੈਂ ਵੀਡੀਓ ਚਲਾ ਦਿਆਂਗਾ, ਮੀਡੀਆ ਨੂੰ ਦੇ ਦਿਆਂਗਾ।

*1.29 ਵਜੇ ਬਾਅਦ ਦੁਪਹਿਰ } (*ਇਸ ਸਮੇਂ ਸਰਦਾਰ ਪ੍ਰਗਟ ਸਿੰਘ ਪੋਆਰ, ਮੈਂਬਰ, ਪੈਨਲ ਆਫ਼ ਚੇਅਰਮੈਂਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਬਾਬਾ ਜੀ ਕਹਿੰਦੇ ਕਿ ਮੈਂ ਕਦੇ ਕਾਂਗਰਸ ਨੂੰ ਵੋਟ ਨਹੀਂ ਪਾਈ ਹੈ। ਮੈਂ ਪੁੱਛਿਆ ਕਿ ਕਿਸ ਨੂੰ ਪਾਉਂਦੇ ਸੀ ਤਾਂ ਉਹ ਕਹਿੰਦੇ ਕਿ ਮੈਂ ਬਾਦਲ ਸਾਹਿਬ ਨਾਲ ਜੇਲ੍ਹ ਵੀ ਕੱਟੀ ਹੈ। ਮੈਂ ਕਿਹਾ ਕਿ ਫਿਰ ਕੀ ਮਿਲਿਆ ਤਾਂ ਕਹਿੰਦੇ ਕਿ ਇੱਕ ਸਿਰੋਪਾ ਮਿਲਿਆ ਸੀ, ਮੈਨੂੰ ਸਿਰੋਪਾ ਦਿੱਤਾ ਸੀ ਪਰ ਮੇਰੇ ਲਈ ਕਦੇ ਕੱਖ ਨਹੀਂ ਕੀਤਾ । ਉਨ੍ਹਾਂ ਨੇ ਇਹ ਵੀ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ

ਜੀ ਨੂੰ ਜਾ ਕੇ ਦੱਸ ਦਿਉ ਕਿ ਮੈਂ ਅੱਜ ਤੋਂ ਬਾਅਦ ਕਾਂਗਰਸ ਪਾਰਟੀ ਨੂੰ ਵੋਟ ਪਾਵਾਂਗਾ ਕਿਉਂਕਿ ਉਨ੍ਹਾਂ ਨੇ ਮੇਰਾ 2 ਲੱਖ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ। ਅੱਜ ਪਿੰਡਾਂ ਦੇ ਅੰਦਰ ਲੋਕ ਸਾਡੀ ਸਰਕਾਰ ਬਾਰੇ ਇਹ ਗੱਲਾਂ ਕਹਿੰਦੇ ਹਨ ਪਰ ਇਹ ਸਾਨੂੰ ਕਹਿੰਦੇ ਹਨ, "ਸਾਰਾ ਕਰਜ਼ਾ ਮੁਆਫ, ਸਾਰਾ ਕਰਜ਼ਾ ਮੁਆਫ," ਇਹ ਕਿਸ ਤਰ੍ਹਾਂ ਕਰ ਦਿੰਦੇ? (ਵਿਘਨ) ਢੀਂਡਸਾ ਸਾਹਿਬ ਜੀ, ਸੁਣ ਲਵੋ, ਸੁਣ ਲਵੋ, ਪਹਿਲਾਂ ਪੂਰੀ ਗੱਲ ਸੁਣ ਲਵੋ। (ਵਿਘਨ) ਸੁਣਨ ਦਾ ਮਾਦਾ ਰੱਖੋ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਅੱਜ ਹਿੰਦੁਸਤਾਨ ਦੇ ਵਿੱਚ ਕਿਸਾਨਾਂ ਵਾਸਤੇ ਬਾਕੀ ਸਟੇਟਾਂ ਕਿੰਨਾ ਪੈਸਾ ਰੱਖ ਰਹੀਆਂ ਹਨ? ਕਿਤੇ 50 ਹਜ਼ਾਰ ਰੁਪਿਆ ਉੱਤਰ ਪ੍ਰਦੇਸ਼ ਵਿੱਚ, ਕਿਤੇ ਕਰਨਾਟਕਾ ਵਿੱਚ ਲੱਖ ਰੁਪਿਆ ਅਤੇ ਕਿਤੇ ਡੇਢ ਲੱਖ ਰੁਪਿਆ ਕਿਸਾਨ ਨੂੰ ਮਿਲ ਰਿਹਾ ਹੈ ਪਰ 2 ਲੱਖ 8 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਵਾਲੀ ਸਾਡੀ ਸਰਕਾਰ ਨੇ, ਕੈਪਟਨ ਅਮਰਿੰਦਰ ਸਿੰਘ ਜੀ ਨੇ 2 ਲੱਖ ਰੁਪਿਆ ਇੱਕ ਕਿਸਾਨ ਨੂੰ ਦਿੱਤਾ ਹੈ (ਥੰਪਿੰਗ)। ਜੇ ਬਾਬੇ ਨੇ ਕਿਰਪਾ ਕਰ ਦਿੱਤੀ, ਸੁਣ ਲਓ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ)। ਕੈਪਟਨ ਅਮਰਿੰਦਰ ਸਿੰਘ ਜੀ ਨੂੰ ਮੈਂ ਮੀਟਿੰਗ ਵਿੱਚ ਕਿਹਾ ਸੀ ਕਿ ਇਹ ਹਾਲੇ ਡਿਲੇਅ ਕਰ ਲਓ, ਪਹਿਲਾਂ ਅਸੀਂ ਹੋਰ ਕੰਮ ਕਰ ਲਈਏ ਲੇਕਿਨ ਉਹ ਕਹਿੰਦੇ ਕਿ ਨਹੀਂ, ਜੋ ਅਸੀਂ ਵਾਅਦਾ ਕੀਤਾ ਹੈ, ਉਹ ਪੂਰਾ ਕਰਨਾ ਹੈ। ਜੇ ਹਿੰਦੁਸਤਾਨ ਦੀ ਸਰਕਾਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਆ ਗਈ ਜਿਵੇਂ ਸਰਦਾਰ ਮਨਮੋਹਨ ਸਿੰਘ ਜੀ ਨੇ 77,000/- ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਸੀ, ਉਸ ਤੇ ਵੀ ਲਕੀਰ ਮਾਰ ਦੇਵਾਂਗੇ। ਹਾਲੇ ਤਾਂ ਸ਼ੁਰੂਆਤ ਹੋਈ ਹੈ, ਅੱਗੇ ਵੇਖੋ ਹੁੰਦਾ ਕੀ ਹੈ? ਅਸੀਂ ਕਿਸਾਨ ਦੇ ਕਰਜ਼ੇ ਨੂੰ ਨਹੀਂ ਛੱਡਾਂਗੇ, ਕਿਸਾਨ ਨੂੰ ਖੁਸ਼ਹਾਲ ਕਰਕੇ ਛੱਡਣਾ ਹੈ ਤੇ ਫਸਲ ਦੀ ਪੂਰੀ ਰਕਮ ਮਿਲੇਗੀ। ਕੈਪਟਨ ਸਾਹਿਬ, ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਅਤੇ ਆਸ਼ੂ ਜੀ ਅਤੇ ਹੋਰ ਮੰਤਰੀਆਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਇਹ (ਸਰਦਾਰ ਕੰਵਰਜੀਤ ਸਿੰਘ ਵੱਲ ਇਸ਼ਾਰਾ) ਮੇਰਾ ਭਰਾ ਐਮ.ਐਲ.ਏ. ਮੁਕਤਸਰ ਤੋਂ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਤਕੀਂ ਮੁਕਤਸਰ ਜ਼ਿਲ੍ਹੇ ਵਿੱਚ ਇਹ ਮੁੱਠੀਆਂ ਵਿੱਚ ਤੇਲ ਲਾ ਕੇ ਬੈਠੇ ਰਹੇ ਕਿ ਪ੍ਰੋਕਿਉਰਮੈਂਟ ਆ ਗਈ, ਝੋਨਾ ਨਹੀਂ ਸੰਭਲਣਾ, ਅਸੀਂ ਧਰਨੇ ਲਾਵਾਂਗੇ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੇ ਪੁਤਲੇ ਸਾੜਾਂਗੇ । ਮੈਨੂੰ ਵੀ ਡਰ ਸੀ ਕਿਉਂਕਿ ਨਮੀ ਬਹੁਤ ਸੀ। ਸ੍ਰੀ ਕੇ.ਏ.ਪੀ. ਸਿਨਹਾ ਜੀ ਵੀ ਇੱਥੇ ਬੈਠੇ ਹਨ, ਮੈਂ ਟੈਲੀਫੋਨ ਕਰਕੇ ਕਿਹਾ ਕਿ ਮੰਤਰੀ ਸਾਹਿਬ ਅਤੇ ਸ੍ਰੀ ਸਿਨਹਾ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]
ਸਾਹਿਬ ਕਿਰਪਾ ਕਰਕੇ ਮੰਡੀਆਂ ਵਿੱਚ ਆ ਜਾਓ, ਧਰਨਾ ਨਾ ਲੱਗ ਜਾਵੇ। (ਵਿਘਨ..ਸ਼ੋਰ)

**ਸ਼੍ਰੀ ਸਭਾਪਤੀ:** ਰਾਜਾ ਜੀ, ਲਾਸਟ ਮਿੰਟ ਹੈ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਚੇਅਰਮੈਨ ਸਾਹਿਬ, ਮੈਂ ਕਿਹਾ ਮੰਤਰੀ ਜੀ ਮੰਡੀਆਂ ਵਿੱਚ ਆ ਜਾਓ ਤੇ ਮੰਤਰੀ ਜੀ ਨੇ ਕਿਹਾ ਕਿ ਮੰਡੀਆਂ ਵਿੱਚ ਆਉਣ ਦੀ ਕੀ ਲੋੜ ਹੈ? ਮੈਂ ਕਿਹਾ ਕਿ ਕੇ.ਜੇ.ਐਸ. ਚੀਮਾ ਸਾਹਿਬ ਆਉਂਦੇ ਹੁੰਦੇ ਸੀ, ਉਦੋਂ ਸਾਰੀ ਸਰਕਾਰ ਮੰਡੀਆਂ ਵਿੱਚ ਹੁੰਦੀ ਸੀ। ਲੇਕਿਨ ਅਸੀਂ ਧਰਨੇ ਲਾਉਂਦੇ ਸੀ ਅਤੇ ਫਸਲ ਨਹੀਂ ਚੁੱਕੀ ਜਾਂਦੀ ਸੀ। ਇਸ ਵਾਰੀ 31,000/- ਕਰੋੜ ਰੁਪਏ ਵੱਧ ਦਾ ਭੁਗਤਾਨ ਕੀਤਾ ਹੈ, ਮੈਨੂੰ ਲੱਗਦਾ ਤੁਹਾਡੀ ਪਿਛਲੀ ਸਰਕਾਰ ਸਮੇਂ ਤਕਰੀਬਨ-ਤਕਰੀਬਨ 77,000 ਕਰੋੜ ਰੁਪਿਆ ਦਾ ਭੁਗਤਾਨ ਹੁੰਦਾ ਸੀ, ਸਾਲ 2015-2017 ਵਿੱਚ 77,984 ਕਰੋੜ ਦਾ ਭੁਗਤਾਨ ਹੋਇਆ ਔਰ ਇਸ ਵਾਰੀ ਜਿਹੜਾ ਫਸਲ ਦਾ ਭੁਗਤਾਨ ਹੋਇਆ, ਉਸ ਸਬੰਧੀ ਮੈਂ ਫੂਡ ਮਹਿਕਮੇ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਸਾਲ 2017-19 ਦੇ ਵਿੱਚ 1 ਲੱਖ 235 ਕਰੋੜ ਰੁਪਏ ਦਾ ਕਿਸਾਨਾਂ ਦਾ ਭੁਗਤਾਨ ਕੀਤਾ। 18% ਤੋਂ 20% ਤੱਕ ਨਮੀ ਵਾਲਾ ਝੋਨਾ ਖਰੀਦਿਆ ਪ੍ਰੰਤੂ ਕਿਸਾਨ ਨੂੰ 5 ਦਿਨ ਵੀ ਮੰਡੀਆਂ ਵਿੱਚ ਰੁਲਣ ਨਹੀਂ ਦਿੱਤਾ। ਚੇਅਰਮੈਨ ਸਾਹਿਬ, ਇਹ ਸਾਡੀ ਸਰਕਾਰ ਹੈ।

**ਸ਼੍ਰੀ ਸਭਾਪਤੀ:** ਰਾਜਾ ਜੀ, ਤੁਹਾਡਾ ਟਾਈਮ ਓਵਰ ਹੋ ਗਿਆ, ਵਾਈਂਡ ਅੱਪ ਕਰ ਲਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ 2 ਲੱਖ 8 ਹਜ਼ਾਰ ਕਰੋੜ ਰੁਪਿਆ ਖਰਾਬ ਕਿੱਥੇ ਕੀਤਾ? ਹੁਣ ਮੈਂ 'ਰਾਜ ਨਹੀਂ, ਸੇਵਾ' ਦਾ ਹੋਕਾ ਦੇਣ ਵਾਲੀ ਅਤੇ 'ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ' ਕਹਾਉਣ ਵਾਲੀ ਸਰਕਾਰ ਦੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਸਾਡੇ ਪੰਚਾਇਤ ਮੰਤਰੀ ਜੀ ਦਾ ਧੰਨਵਾਦੀ ਹਾਂ, ਮੈਨੂੰ ਐਤਕੀਂ ਮੁਕਤਸਰ ਵਿਖੇ ਮਾਘੀ ਦੇ ਮੇਲੇ ਤੇ ਹੈਲੀਕਾਪਟਰ 'ਤੇ ਲੈ ਗਏ, ਮੈਂ ਪਹਿਲਾਂ ਤਾਂ ਤੁਹਾਡੀਆਂ ਫੁੱਟਬਾਲ ਦੀਆਂ ਕਿੱਟਾਂ ਵੇਖੀਆਂ, ਜਿਹੜੀਆਂ 1500 ਰੁਪਏ ਦੀ ਕਿੱਟ ਦਿੰਦੇ ਸੀ, ਇਨ੍ਹਾਂ ਨੇ ਉਸ ਵਾਲੀਬਾਲ ਦਾ ਕਲਰ ਵੀ ਨੀਲਾ ਤੇ ਖੱਟਾ ਕਰ ਦਿੱਤਾ ਤੇ ਜਿਹੜਾ ਉਸ ਤੇ ਗੱਟਾ ਲਾਇਆ ਸੀ, ਉਸ ਤੇ ਲਿਖ ਦਿੱਤਾ 'ਰਾਜ ਨਹੀਂ, ਸੇਵਾ' ਅਤੇ ਜਿਹੜਾ ਨੈੱਟ ਸੀ, ਉਸ ਤੇ ਵੀ ਨੀਲੇ ਰੰਗ ਦੀ ਪੱਟੀ ਲਗਾ ਦਿੱਤੀ। ਮੈਂ ਕਿਹਾ ਚਲੋ ਕੋਈ ਨਹੀਂ।

**ਸ਼੍ਰੀ ਸਭਾਪਤੀ:** ਰਾਜਾ ਜੀ, ਵਾਈਂਡ ਅੱਪ ਕਰ ਲਵੋ। ਤੁਹਾਡਾ ਟਾਈਮ ਓਵਰ ਹੋ ਗਿਆ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਚੇਅਰਮੈਨ ਸਾਹਿਬ, ਇੱਕ ਮਿੰਟ ਹੀ ਲੈਣਾ ਹੈ। ਇਹ ਢੀਂਡਸਾ ਸਾਹਿਬ ਬਹੁਤ ਪਿਆਰੇ ਬੰਦੇ ਹਨ, ਸਾਡਾ ਬਹੁਤ ਪਿਆਰ ਹੈ। ਇਨ੍ਹਾਂ ਨੇ ਖੱਟੇ ਤੇ ਨੀਲੇ ਰੰਗ ਦੇ ਬੈਂਚ ਦਿੱਤੇ, ਫਿਰ ਮੈਂ ਬੈਂਚਾਂ ਤੇ ਲਿਖਿਆ ਵੇਖਿਆ, ਉੱਥੇ ਵੀ ਖੱਟੇ ਅਤੇ ਨੀਲੇ ਰੰਗ ਦੇ ਵਿੱਚ ਇਹ ਲਿਖਿਆ ਸੀ, 'ਰਾਜ ਨਹੀਂ, ਸੇਵਾ' ਅਤੇ ਕਿਸਾਨਾਂ ਨੂੰ ਵਿਹਲਾ ਕਰ ਦਿੱਤਾ। ਜ਼ਿਮੀਂਦਾਰ ਇੱਥੇ ਵਿਹਲੇ ਬੈਠੇ ਰਹਿਣ, ਉਹ 2500 ਰੁਪਏ ਦਾ ਬੈਂਚ ਸੀ ਤੇ ਇਨ੍ਹਾਂ ਦੇ ਲੋਕਾਂ ਨੇ ਉਸ ਦਾ 4000 ਰੁਪਿਆ ਪ੍ਰਾਈਸ ਲਾਇਆ, ਐਵੇਂ ਲੁੱਟ ਕੀਤੀ। ਫਿਰ ਅਗਲਾ ਸੁਣ ਲਵੋ, ਇੱਕ ਜਿੰਮ ਦਿੱਤਾ, ਘੜੁੱਕਾ ਜਿੰਮ, 35000 ਰੁਪਏ ਦੀ ਥਾਂ ਇੱਕ ਲੱਖ 10 ਹਜ਼ਾਰ ਰੁਪਏ ਦਾ ਰੇਟ ਲਾਇਆ ਤੇ ਉਸ ਤੇ ਵੀ ਖੱਟਾ ਤੇ ਨੀਲਾ ਰੰਗ ਕਰ ਦਿੱਤਾ। ਹੁਣ ਇਹ ਸਾਡੇ ਟੈਲੀਫੋਨ ਲਿਆ ਕੇ ਬਾਹਰ ਦਿਖਾਉਂਦੇ ਹਨ ਕਿ ਇਹ ਡੈਮੋ ਟੈਲੀਫੋਨ ਹੈ।

**ਸ਼੍ਰੀ ਸਭਾਪਤੀ:** ਰਾਜਾ ਜੀ, ਵਾਈਂਡ ਅੱਪ ਕਰ ਲਵੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚੇਅਰਮੈਨ ਸਾਹਿਬ, ਮੈਂ ਹੈਲੀਕਾਪਟਰ ਦੀ ਜਿਹੜੀ ਗੱਲ ਸੁਣਾਉਣ ਲੱਗਾ ਸੀ, ਹੈਲੀਕਾਪਟਰ ਦਾ ਰੰਗ ਦੱਸਦਿਆਂ ਸ਼ਰਮ ਆਉਂਦੀ ਹੈ। ਮੈਨੂੰ ਉਸ ਵੇਲੇ ਦੇ ਪੰਜਾਬ ਦੇ ਹੁਕਮਰਾਨਾਂ ਅਤੇ ਉਨ੍ਹਾਂ ਅਫਸਰਾਂ 'ਤੇ ਸ਼ਰਮ ਆਉਂਦੀ ਹੈ ਜਿਨ੍ਹਾਂ ਨੇ ਹੈਲੀਕਾਪਟਰ ਦਾ ਰੰਗ ਵੀ ਖੱਟਾ ਅਤੇ ਨੀਲਾ ਕੀਤਾ ਹੋਇਆ ਸੀ ਪਰ ਕੈਪਟਨ ਸਾਹਿਬ, ਤੁਸੀਂ ਤਾਂ ਚਿੱਟਾ ਕਰਵਾ ਦਿਓ। ਸਰ, ਸਾਡੀ ਬੇਨਤੀ ਹੈ ਕਿ ਹੈਲੀਕਾਪਟਰ ਦਾ ਰੰਗ ਚਿੱਟਾ ਕਰਵਾਉ। ਇਨ੍ਹਾਂ ਨੇ ਤਾਂ ਖੱਟਾ ਅਤੇ ਨੀਲਾ ਰੱਖਿਆ।

**ਸ਼੍ਰੀ ਸਭਾਪਤੀ:** ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਚੇਅਰਮੈਨ ਸਾਹਿਬ, ਇਸ ਤਰ੍ਹਾਂ ਨਹੀਂ ਹੁੰਦਾ, ਤੁਸੀਂ ਤਾਂ ਉਨ੍ਹਾਂ ਦਾ ਨਾਂ ਲੈ ਦਿੱਤਾ ਹੈ। ਮੈਨੂੰ ਲੱਗਦਾ ਹੈ ਕਿ ਤੁਸੀਂ ਤਾਂ ਚੇਅਰਮੈਨ ਇੱਧਰੋਂ ਨਹੀਂ ਬਣੇ।(ਹਾਸਾ) ਤੁਸੀਂ ਇੱਧਰੋਂ ਬਣੇ ਹੋ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) (ਹਾਸਾ)

**ਸ਼੍ਰੀ ਸਭਾਪਤੀ:** ਤੁਸੀਂ ਕਨਕਲੂਡ ਕਰ ਲਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚੇਅਰਮੈਨ ਸਾਹਿਬ, ਇੱਕ ਮਿੰਟ ਜੀ। (ਵਿਘਨ, ਸ਼ੋਰ) ਕਿਸੇ ਨੇ ਲਿਖਿਆ ਹੈ ਕਿ:

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

असफलता एक चुनौती है, उसे स्वीकार करो,

(शिरोमणी अकाली दल पार्टी की तरफ इशारा)

क्या कमी रह गई देखो और सुधार करो, जब तक सफल न हो तो नींद चैन को त्यागो,

संघर्ष का मैदान छोड़ कर मत भागो तुम,

कुछ किये बिन जय-जय कार नहीं होती,

कोशिश करने वालों की कभी हार नहीं होती...

**ਸ਼੍ਰੀ ਸਭਾਪਤੀ:** ਧੰਨਵਾਦ, ਰਾਜਾ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਮੈਂ ਆਪਣੀ ਗੱਲ ਇੱਕ ਮਿੰਟ ਲਈ ਹੋਰ ਕਹਿ ਲਵਾਂ ਜੀ, ਮੈਨੂੰ ਜੱਗਬਾਣੀ ਦੇ ਚੈਨਲ (ਵਿਘਨ, ਸ਼ੋਰ) ਟੀਨੂ ਜੀ, ਤੁਸੀਂ ਪੜ੍ਹੇ ਲਿਖੇ ਆਦਮੀ ਹੋ। ਇਸ ਤਰ੍ਹਾਂ ਗੱਲ ਨਾ ਕਰੋ। ਜੇਕਰ ਤੁਸੀਂ ਐਵੇਂ ਗੱਲ ਕਰੋਗੇ ਤਾਂ ਗੱਲ ਜਚਣੀ ਨਹੀਂ (ਵਿਘਨ, ਸ਼ੋਰ)

**ਸ਼੍ਰੀ ਸਭਾਪਤੀ:** ਰਾਜਾ ਜੀ, ਵਾਈਂਡ ਅੱਪ ਕਰੋ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਇੱਕ ਮਿੰਟ ਜੀ, ਮੈਨੂੰ ਜੱਗਬਾਣੀ ਵਾਲੇ ਚੈਨਲ ਨੇ ਸੱਦ ਲਿਆ, ਉਨ੍ਹਾਂ ਨੇ ਪਿੰਡ ਦੀ ਸੱਥ ਵਿੱਚ ਕਿਹਾ, ਕੈਪਟਨ ਸਾਹਿਬ, ਜ਼ਰਾ ਗੱਲ ਸੁਣ ਲਓ, ਤੁਹਾਡੇ ਮਤਲਬ ਦੀ ਗੱਲ ਹੈ। ਮੈਨੂੰ ਕਹਿੰਦੇ ਕਿ ਕੈਪਟਨ ਅਮਰਿੰਦਰ ਸਾਹਿਬ ਮਿਲਦੇ ਨਹੀਂ, ਮੈਂ ਕਿਹਾ ਕਿ ਮਿਲਦੇ ਨਹੀਂ (ਹਾਸਾ) ਕਹਿੰਦੇ ਕੈਪਟਨ ਅਮਰਿੰਦਰ ਸਿੰਘ ਨੂੰ ਤੁਸੀਂ ਇੱਥੇ ਇਲਾਕੇ ਵਿੱਚ ਸੱਦਦੇ ਹੋ, ਮੈਂ ਕਿਹਾ ਲੋੜ ਨਹੀਂ ਹੈ।(ਹਾਸਾ) ਕਹਿੰਦੇ ਕਿਉਂ ? ਮੈਂ ਹੁਣ ਗਿੱਦੜਬਾਹਾ ਦੇ ਹਾਲਾਤ ਦੱਸਣਾ ਚਾਹੁੰਦਾ ਹਾਂ। ਮੈਂ ਕਿਹਾ ਕਿ ਕੈਪਟਨ ਸਾਹਿਬ ਸੰਗਤ ਦਰਸ਼ਨ ਕਰਨ ਜਾਂ ਨਾ ਕਰਨ, ਇਸ ਗੱਲ ਨਾਲ ਕੋਈ ਮਤਲਬ ਨਹੀਂ। ਉਹ ਐਡਮਨਿਸਟ੍ਰੇਸ਼ਨ ਨੂੰ ਸੰਭਾਲਦੇ ਹਨ। ਅੱਜ ਗਿੱਦੜਬਾਹਾ ਵਿੱਚ ਪੰਜਾਬ ਦਾ ਪਹਿਲੇ ਨੰਬਰ ਦਾ ਹਸਪਤਾਲ ਹੈ, ਜਿਸ ਵਿੱਚ 15 ਲੱਖ ਰੁਪਏ ਦਾ ਇਨਾਮ ਮਿਲਿਆ ਹੈ। ਬਾਦਲ ਸਾਹਿਬ ਨਹੀਂ ਬਣਾ ਸਕੇ ਪਰ ਕੈਪਟਨ ਸਾਹਿਬ ਨੇ ਬਣਾ ਕੇ ਦਿੱਤਾ ਹੈ। (ਥੰਪਿੰਗ) ਔਰ ਮੈਂ ਸਾਡੇ ਸ਼੍ਰੀ ਬ੍ਰਹਮ ਮਹਿੰਦਰਾ ਜੀ ਦਾ ਵੀ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਪਹਿਲੇ ਨੰਬਰ ਦਾ ਹਸਪਤਾਲ, ਜਿੱਥੇ ਪਹਿਲਾਂ ਕਬੂਤਰ ਬੋਲਦੇ ਸਨ, ਗਿੱਦੜਬਾਹਾ ਵਿੱਚ

ਮੁਕਤਸਰ ਜ਼ਿਲ੍ਹੇ ਵਿੱਚ ਦਿੱਤਾ ਹੈ।

**ਸ਼੍ਰੀ ਸਭਾਪਤੀ :** ਰਾਜਾ ਜੀ, ਰਾਜਾ ਜੀ ਬੈਠੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਚੇਅਰਮੈਨ ਸਾਹਿਬ, ਇੱਕ ਮਿੰਟ ਜੀ, ਡਿਗਰੀ ਕਾਲਜ ਕੈਪਟਨ ਸਾਹਿਬ ਨੇ ਦਿੱਤਾ, ਮੈਨੂੰ ਨਹੀਂ ਲੱਗਦਾ ਕਿ ਕੈਪਟਨ ਸਾਹਿਬ ਹੋਰ ਤਿੰਨ ਸਾਲ ਗਿੱਦੜਬਾਹਾ ਜਾਣਗੇ। (ਹਾਸਾ) ਬਾਦਲ ਸਾਹਿਬ ਉਥੇ ਚੋਣ ਲੜਦੇ ਰਹੇ ਪਰ ਇੱਕ ਵੀ ਕਾਲਜ ਨਹੀਂ ਦਿੱਤਾ। ਲੇਕਿਨ ਕੈਪਟਨ ਸਾਹਿਬ ਨੇ ਕਾਲਜ ਬਣਨ ਲਗਾ ਦਿੱਤਾ। ਪਹਿਲਾਂ ਗਿੱਦੜਬਾਹਾ ਵਿੱਚ ਇੱਕ ਵੀ ਸਟੇਡੀਅਮ ਨਹੀਂ ਸੀ। ਕੈਪਟਨ ਅਮਰਿੰਦਰ ਸਿੰਘ ਜੀ ਨੇ ਘਰੇ ਬੈਠੇ ਇੱਕ ਸਟੇਡੀਅਮ ਦੇ ਦਿੱਤਾ। ਮੇਰੇ ਏਰੀਏ ਨੂੰ ਇੱਕ ਪੁਲ ਦਿੱਤਾ (ਵਿਘਨ, ਸ਼ੋਰ) ਚਾਲੀ ਕਰੋੜ ਰੁਪਏ ਦੀ ਲਾਗਤ ਦਾ ਇੱਕ ਪੁਲ ਦਿੱਤਾ। (ਵਿਘਨ, ਸ਼ੋਰ) ਮੈਂ ਵਿਜੈ ਇੰਦਰ ਸਿੰਗਲਾ ਜੀ ਦਾ ਧੰਨਵਾਦੀ ਹਾਂ (ਵਿਘਨ, ਸ਼ੋਰ) ਮੇਰੇ ਕਹਿਣ ਦਾ ਭਾਵ ਹੈ ਕਿ ਸਾਡੀ ਸਰਕਾਰ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਜਿਵੇਂ ਮੋਦੀ ਜੀ ਘੁੰਮਦੇ ਹਨ ਪਰ ਮਨਮੋਹਨ ਸਿੰਘ ਜੀ ਘੁੰਮਦੇ ਨਹੀਂ ਸਨ। ਜਿਵੇਂ ਬਾਦਲ ਸਾਹਿਬ ਸਿਰਫ ਸੰਗਤ ਦਰਸ਼ਨ ਹੀ ਕਰਦੇ ਹਨ ਪਰ ਕੈਪਟਨ ਸਾਹਿਬ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਸਾਡੀ ਸਰਕਾਰ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ (ਥੰਪਿੰਗ) ਅਸੀਂ ਕੰਮ ਵੀ ਗਿਣਾਏ ਹਨ ਅਤੇ ਜੋ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਹਨ, ਉਹ ਵੀ ਗਿਣਾਈਆਂ ਹਨ। ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਧੰਨਵਾਦ।

**ਸ਼੍ਰੀ ਸਭਾਪਤੀ:** ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਤੁਹਾਡੇ ਕੋਲ ਪੰਜ ਮਿੰਟ ਹਨ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ (ਬਰਨਾਲਾ):** ਚੇਅਰਮੈਨ ਸਾਹਿਬ, ਧੰਨਵਾਦ ਜੀ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਵਿਧਾਨ ਸਭਾ ਦਾ ਜਿਸ ਦਿਨ ਪਹਿਲਾ ਸੈਸ਼ਨ ਸੀ, ਗਵਰਨਰ ਸਾਹਿਬ ਨੂੰ ਇਨ੍ਹਾਂ ਵੱਲੋਂ ਭਾਸ਼ਣ ਲਿਖ ਕੇ ਦਿੱਤਾ ਗਿਆ ਔਰ ਉਨ੍ਹਾਂ ਨੇ ਚਾਲੀ ਮਿੰਟ ਵਿੱਚ ਅੰਗਰੇਜ਼ੀ ਵਿੱਚ ਪੜ੍ਹ ਦਿੱਤਾ । ਉਸ ਤੋਂ ਬਾਅਦ ਸਰਕਾਰ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਜਿਹੜੇ ਹਨ, ਉਨ੍ਹਾਂ ਨੇ ਉਸ ਭਾਸ਼ਣ ਦੀਆਂ ਤਾਰੀਫਾਂ ਵੀ ਕੀਤੀਆਂ ਕਿ ਪੰਜਾਬ ਨੂੰ ਕਰਜ਼ਾ ਮੁਕਤ ਕਰ ਦਿੱਤਾ, ਨਸ਼ੇ ਵੀ ਪੰਜਾਬ ਵਿੱਚੋਂ ਖਤਮ ਕਰ ਦਿੱਤੇ ਅਤੇ

[ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ]
ਨੌਕਰੀਆਂ ਵੀ ਪੰਜਾਬ ਵਿੱਚ ਬਹੁਤ ਸਾਰੀਆਂ ਦਿੱਤੀਆਂ ਗਈਆਂ, ਜਿਵੇਂ ਗਵਰਨਰ ਐਡਰੈਸ ਵਿੱਚ ਵਾਅਦੇ ਕੀਤੇ ਗਏ। ਮੈਨੂੰ ਲੱਗਦਾ ਹੈ ਕਿ ਸਾਰੇ ਹੀ ਸਤਿਕਾਰਯੋਗ ਮੈਂਬਰਜ਼ ਵੱਲੋਂ ਕਿਹਾ ਗਿਆ ਕਿ ਪੰਜਾਬ ਵਿੱਚੋਂ ਨਸ਼ਾ ਖਤਮ ਕਰ ਦਿੱਤਾ ਗਿਆ ਹੈ ਕਿਉਂਕਿ ਮਹਾਰਾਜਾ ਸਾਹਿਬ ਵੱਲੋਂ ਕਿਹਾ ਗਿਆ ਸੀ ਕਿ ਪੰਜਾਬ ਵਿੱਚੋਂ ਚਾਰ ਹਫਤਿਆਂ ਵਿੱਚ ਨਸ਼ਾ ਖਤਮ ਕਰ ਦਿੱਤਾ ਜਾਵੇਗਾ। (ਵਿਘਨ, ਸ਼ੋਰ) ਸਰ, ਬੀ.ਬੀ.ਸੀ. ਦੀ ਇੱਕ ਨਿਊਜ਼ ਲੱਗੀ ਹੋਈ ਹੈ ਜਿਸ ਵਿੱਚ ਉਨ੍ਹਾਂ ਨੇ ਦੱਸਿਆ ਹੈ ਕਿ 2017 ਦੌਰਾਨ ਪੂਰੇ ਸਾਲ ਵਿੱਚ 30 ਮੌਤਾਂ ਹੋਈਆਂ ਅਤੇ ਜਨਵਰੀ, 2018 ਤੋਂ ਲੈ ਕੇ ਜੂਨ, 2018 ਤੱਕ ਜਿਹੜੀਆਂ ਸਰਕਾਰ ਕੋਲ ਰਜਿਸਟਰਡ ਮੌਤਾਂ ਹਨ, ਉਹ ਚਿੱਟੇ ਦੇ ਨਸ਼ੇ ਕਰਕੇ 60 ਹੋਈਆਂ ਹਨ। ਚੇਅਰਮੈਨ ਸਾਹਿਬ, ਉਨ੍ਹਾਂ ਨੇ ਲਿਖਿਆ ਹੈ ਕਿ ਅਸੀਂ ਮੰਤਰੀ ਸਾਹਿਬ ਤੋਂ ਪੁੱਛਿਆ ਕਿ ਜੇ ਪੰਜਾਬ ਵਿੱਚ ਨਸ਼ਾ ਖਤਮ ਹੋ ਰਿਹਾ ਹੈ ਤਾਂ ਸਾਲ 2018 ਵਿੱਚ ਇਨ੍ਹਾਂ 6 ਮਹੀਨਿਆਂ ਦੌਰਾਨ ਮੌਤਾਂ ਵੱਧ ਕਿਉਂ ਹਨ। ਮੰਤਰੀ ਸਾਹਿਬ, ਉਨ੍ਹਾਂ ਨੇ ਲਿਖਿਆ ਹੈ ਕਿ ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

**ਸ਼੍ਰੀ ਸਭਾਪਤੀ :** ਹਾਂ ਜੀ, ਠੀਕ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:** ਸਰ, ਸਤਿਕਾਰਯੋਗ ਮੈਂਬਰ ਸਾਹਿਬ ਜਿਹੜੀ ਗੱਲ ਕਰ ਰਹੇ ਹਨ, ਮੌਤਾਂ ਦੀ ਜਿਹੜੀ ਗੱਲ ਹੋਈ ਹੈ, ਉਹ ਤਾਂ ਕਿਸੇ ਪੋਸਟ ਮਾਰਟਮ ਦੀ ਰਿਪੋਰਟ ਵਿਚ ਨਹੀਂ ਆਇਆ ਕਿ ਇਹ ਡੈੱਥ ਕਿਸੇ ਨਸ਼ੇ ਨਾਲ ਹੋਈ ਹੈ। ਜਿੰਨੀਆਂ ਵੀ ਡੈੱਥ ਹੋਈਆਂ ਹਨ, ਉਨ੍ਹਾਂ ਦੀ ਕੈਮੀਕਲਜ਼ ਦੀ ਰਿਪੋਰਟ ਵਿੱਚ ਵੀ ਅਜਿਹਾ ਨਹੀਂ ਆਇਆ। ਜਿੰਨੀਆਂ ਵੀ ਮੌਤਾਂ ਹੋਈਆਂ, ਅਸੀਂ ਉਨ੍ਹਾਂ ਦਾ ਪੂਰਾ ਜ਼ਿਕਰ ਕਰਕੇ ਦਿੱਤਾ ਹੋਇਆ ਹੈ ਕਿ ਕਿਹੜੀਆਂ ਡੈੱਥਜ਼ ਕਿਹੜੇ ਨਸ਼ੇ ਅਤੇ ਕਿਹੜੇ ਕੈਮੀਕਲਜ਼ ਕਰਕੇ ਹੋਈਆਂ ਹਨ ਜਿਹੜੀਆਂ ਕਿ ਆਪਾਂ ਟਿਪਸ 'ਤੇ ਗਿਣ ਸਕਦੇ ਹਾਂ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਚਲੋ, ਠੀਕ ਹੈ ਜੀ। ਸਰ, ਮੈਂ ਮੰਤਰੀ ਜੀ ਨੂੰ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਸੈਂਟਰ ਦੀ ਮਨਿਸਟਰੀ ਦੀ ਰਿਪੋਰਟ ਆਈ ਹੈ, ਜਿਹੜਾ ਸਰਵੇ ਹੈ, ਇਹ ਰਿਪੋਰਟ ਕੱਲ੍ਹ ਹੀ ਆਈ ਹੈ, ਉਸ ਵਿੱਚ ਵੀ ਉਨ੍ਹਾਂ ਨੇ ਦੱਸਿਆ ਹੈ, ਜਿਵੇਂ ਮੇਰੇ ਭਰਾ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਦੱਸ ਰਹੇ ਸੀ ਕਿ ਪੰਜਾਬ ਦਾ ਬੜਾ ਵੱਡਾ ਨਾਮ ਹੈ। ਪਹਿਲਾਂ ਪੰਜਾਬ ਦਾ ਨਾਮ ਆਉਂਦਾ ਸੀ ਕਿ ਪੰਜਾਬ ਨੇ ਸ਼ਹੀਦੀਆਂ ਬਹੁਤ ਦਿੱਤੀਆਂ, ਖੇਤੀਬਾੜੀ ਵਿੱਚ ਸਾਡਾ ਸੂਬਾ ਅੱਵਲ ਸੀ, ਸਾਡਾ ਪੰਜਾਬ 40 ਸਾਲ ਪਹਿਲੇ ਨੰਬਰ ਤੇ ਰਿਹਾ

ਹੈ। ਜਿਹੜਾ ਇਹ ਸਰਵੇ ਹੈ, ਇਸ ਵਿੱਚ ਦੱਸਿਆ ਗਿਆ ਹੈ ਕਿ ਪੂਰੇ ਭਾਰਤ ਦੇ ਵਿੱਚੋਂ ਭੰਗ ਅਤੇ ਗਾਂਜਾ ਦੇ ਵਿੱਚ ਪੰਜਾਬ ਦੂਜੇ ਨੰਬਰ ਤੇ ਹੈ। ਯੂ.ਪੀ. ਵਰਗੇ ਸਟੇਟ ਦੀ ਆਬਾਦੀ 20 ਕਰੋੜ ਹੈ ਅਤੇ ਸਾਡੀ 3 ਕਰੋੜ ਹੈ ਪਰ ਅਸੀਂ ਇਸ ਚੀਜ਼ ਵਿੱਚ ਦੂਜੇ ਨੰਬਰ ਤੇ ਹਾਂ। ਜਿਹੜੇ Sedative drugs ਹਨ, ਉਸ ਵਿੱਚ ਪੂਰੇ ਹਿੰਦੁਸਤਾਨ ਵਿੱਚੋਂ ਅਸੀਂ ਤੀਜੇ ਨੰਬਰ ਤੇ ਹਾਂ ਤੇ ਜਿਹੜੀ ਹੈਰੋਇਨ ਹੈ, ਇਸ ਵਿੱਚ ਪੂਰੇ ਹਿੰਦੁਸਤਾਨ ਦੇ ਵਿੱਚ 60 ਲੱਖ ਪੱਕੇ ਆਦੀ ਹਨ ਪਰ ਇਸ ਵਿੱਚ ਵੀ ਅਸੀਂ ਪੂਰੇ ਹਿੰਦੁਸਤਾਨ ਵਿੱਚੋਂ ਦੂਜਾ ਨੰਬਰ ਹਾਸਲ ਕੀਤਾ ਹੈ। ਸਾਡੇ ਇੱਥੇ ਬੜੇ ਵੱਡੇ-ਵੱਡੇ ਦਾਅਵੇ ਹੁੰਦੇ ਹਨ ਕਿ ਅਸੀਂ ਪੰਜਾਬ ਵਿੱਚੋਂ ਨਸ਼ਾ ਖਤਮ ਕਰ ਦਿੱਤਾ ਹੈ। ਸੀ.ਐਮ. ਸਾਹਿਬ ਨੇ 4 ਹਫਤਿਆਂ ਵਿੱਚ ਨਸ਼ਾ ਖਤਮ ਕਰਨ ਬਾਰੇ ਕਿਹਾ ਸੀ । ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਅੱਜ ਇੱਥੇ ਮੌਜੂਦ ਨਹੀਂ, ਉਨ੍ਹਾਂ ਨੇ ਕੱਲ੍ਹ ਕਿਹਾ ਸੀ ਕਿ ਅਸੀਂ 20 ਸਾਲ ਦੇ ਵਿੱਚ-ਵਿੱਚ ਪੰਜਾਬ ਦੇ ਅੰਦਰ ਕੋਈ ਨਸ਼ੇੜੀ ਨਹੀਂ ਰਹਿਣ ਦਿਆਂਗੇ। ਇਹ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਅਤੇ ਇਹ ਰਿਕਾਰਡ 'ਤੇ ਹੈ।

ਇਸ ਤੋਂ ਬਾਅਦ ਇਹ ਕਿਹਾ ਗਿਆ ਹੈ ਕਿ ਅਸੀਂ ਪੰਜਾਬ ਦੇ ਵਿੱਚ 5 ਲੱਖ ਨੌਕਰੀਆਂ ਨੌਜਵਾਨਾਂ ਨੂੰ ਦਿੱਤੀਆਂ ਹਨ। ਇੱਥੇ ਮੁੱਖ ਮੰਤਰੀ ਸਾਹਿਬ ਬੈਠੇ ਹਨ, ਮੈਨੂੰ ਯਾਦ ਹੈ ਕਿ ਉਦੋਂ ਇਨ੍ਹਾਂ ਨੇ ਪੰਜਾਬ ਦੇ ਵਿੱਚ ਕੋਈ ਕੰਧ-ਕੌਲਾ ਨਹੀਂ ਛੱਡਿਆ ਸੀ ਜਿਸ ਤੇ ਇਹ ਨਾ ਲਿਖਿਆ ਹੋਵੇ, "ਕੈਪਟਨ ਨੇ ਸਹੁੰ ਚੁੱਕੀ, ਹਰ ਘਰ ਨੌਕਰੀ ਪੱਕੀ। ਸਰ, ਪੰਜਾਬ ਦਾ 55 ਲੱਖ ਯੂਥ ਹੈ ਜਿਨ੍ਹਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਅਸੀਂ ਤੁਹਾਨੂੰ ਨੌਕਰੀਆਂ ਦੇਵਾਂਗੇ। ਸਾਡੇ ਹਲਕੇ ਦੇ ਨੌਜਵਾਨ ਵੀ ਮੇਰੇ ਕੋਲ ਆ ਜਾਂਦੇ ਹਨ, ਉਹ ਕਹਿੰਦੇ ਹਨ ਕਿ ਇਹ ਦੇਖੋ ਜੀ, ਅਸੀਂ ਫਾਰਮ ਭਰਿਆ ਸੀ, ਸਾਨੂੰ ਨੌਕਰੀ ਨਹੀਂ ਮਿਲੀ ਪਰ ਜਦੋਂ ਉਸ ਵਿੱਚ ਪੜ੍ਹਦੇ ਹਾਂ ਤਾਂ ਦੇਖਦਾ ਹਾਂ ਕਿ ਉਸ ਵਿੱਚ ਕਿਤੇ ਨਹੀਂ ਲਿਖਿਆ ਕਿ ਜਿਹੜੀ ਇਹ ਨੌਕਰੀ ਹੈ, ਉਹ ਸਰਕਾਰੀ ਹੋਵੇਗੀ। ਮੁੱਖ ਮੰਤਰੀ ਸਾਹਿਬ, ਪਰ ਉਸ ਤੇ ਇਹ ਵੀ ਨਹੀਂ ਲਿਖਿਆ, ਜਿਵੇਂ ਤੁਹਾਡੇ ਮੰਤਰੀ ਸਾਹਿਬ ਕਹਿੰਦੇ ਹਨ ਕਿ ਚਾਹੇ ਮੂੰਗਫਲੀਆਂ ਦੀ ਰੇਹੜੀ ਲਗਾ ਲਓ, ਚਾਹੇ ਕਬਾੜ ਵੇਚ ਲਉ, ਉਹ ਵੀ ਰੁਜ਼ਗਾਰ ਹੈ ਜਾਂ ਤਾਂ ਉਸ ਫਾਰਮ ਤੇ ਇਹ ਗੱਲਾਂ ਪਹਿਲਾਂ ਹੀ ਲਿਖ ਦਿੰਦੇ, ਫਿਰ ਪਤਾ ਲਗਦਾ ਕਿ ਜਿਹੜੇ ਪੰਜਾਬ ਦੇ ਲੋਕ ਹਨ, ਉਹ ਤੁਹਾਨੂੰ ਮਾਨਯੋਗ ਸਪੀਕਰ ਸਾਹਿਬ ਦੀ ਕੁਰਸੀ ਦੇ ਸੱਜੇ ਪਾਸੇ ਬਿਠਾਉਂਦੇ ਜਾਂ ਖੱਬੇ ਪਾਸੇ ਬਿਠਾਉਂਦੇ।

**ਸ਼੍ਰੀ ਸਭਾਪਤੀ :** ਹਾਂ ਜੀ, ਰਾਜਾ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਮੇਰੀ ਬੇਨਤੀ ਹੈ ਕਿ ਮੀਤ ਜੀ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]
ਬਹੁਤ ਸਿਆਣੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਦੁਨੀਆਂ ਦੀ ਕੋਈ ਵੀ ਸਰਕਾਰ 55 ਲੱਖ ਸਰਕਾਰੀ ਨੌਕਰੀ ਰਹਿੰਦੀ ਦੁਨੀਆਂ ਤੱਕ ਨਹੀਂ ਦੇ ਸਕਦੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਇਹ ਤਾਂ ਪਹਿਲਾਂ ਫਾਰਮ ਤੇ ਲਿਖਣਾ ਸੀ। (ਵਿਘਨ...ਸ਼ੋਰ)

**ਸ਼੍ਰੀ ਸਭਾਪਤੀ :** ਵੜਿੰਗ ਜੀ, ਤੁਹਾਡਾ ਪੁਆਇੰਟ ਆਫ ਆਰਡਰ ਆ ਗਿਆ। ਮੀਤ ਜੀ, ਤੁਹਾਡਾ ਟਾਈਮ ਪੂਰਾ ਹੋ ਗਿਆ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਇਨ੍ਹਾਂ ਨੂੰ ਬੋਲ ਲੈਣ ਦਿਓ। ਮੇਰਾ ਟਾਈਮ ਨਾ ਕੱਟਿਓ।

**ਸ਼੍ਰੀ ਸਭਾਪਤੀ :** ਤੁਹਾਡਾ ਲਾਸਟ ਮਿੰਟ ਹੈ ਜੀ, ਵਾਈਂਡ ਅੱਪ ਕਰੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਇਨ੍ਹਾਂ ਨੇ (ਟਰੇਜਰੀ ਬੈਂਚਿਜ਼ ਵੱਲ ਇਸ਼ਾਰਾ) ਪੰਜ-ਪੰਜ ਮਿੰਟ ਕਹਿ ਕੇ ਵੀਹ-ਵੀਹ ਮਿੰਟ ਲਗਾ ਦਿੱਤੇ ਹਨ।

**ਸ਼੍ਰੀ ਸਭਾਪਤੀ :** ਮੀਤ ਜੀ, ਤੁਹਾਡੇ ਪੰਜ ਮਿੰਟ ਹੋ ਚੁੱਕੇ ਹਨ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਜਿਹੜੀ ਇਹ ਪੰਜ ਲੱਖ ਨੌਕਰੀ ਕਹਿ ਰਹੇ ਹਨ ਜੀ, ਮੈਂ ਇੱਕ ਇੰਜੀਨੀਅਰ ਹਾਂ। ਇਹ ਜਿਹੜੇ ਰੁਜ਼ਗਾਰ ਮੇਲਿਆਂ ਦੀ ਗੱਲ ਕਰਦੇ ਹਨ, ਸਾਡੇ ਕਾਲਜਾਂ ਦੇ ਵਿੱਚ ਵੀ ਇਸੇ ਤਰ੍ਹਾਂ ਕੰਪਨੀਆਂ ਆਉਂਦੀਆਂ ਸਨ। ਇਨ੍ਹਾਂ ਨੇ ਉਹੀ ਕੰਪਨੀਆਂ ਦਾ ਸਿਰਫ ਸਿਆਸੀਕਰਨ ਕਰ ਲਿਆ। ਫਰਕ ਸਿਰਫ ਇੰਨਾ ਹੈ ਕਿ ਹੁਣ ਸਰਕਾਰ ਨੇ ਆਪਣਾ ਕੇਵਲ ਖਰਚਾ ਵਧਾ ਲਿਆ ਹੈ। ਸਪੀਕਰ ਰਾਣਾ ਸਾਹਿਬ ਜੀ ਇਸ ਵੇਲੇ ਇੱਥੇ ਨਹੀਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਹਲਕੇ ਦੀ ਇੱਕ ਨਿਊਜ਼ ਹੈ, ਤੁਸੀਂ ਜਿਹੜੇ ਰੁਜ਼ਗਾਰ ਮੇਲੇ ਦੀ ਗੱਲ ਕਰਦੇ ਹੋ। ਉੱਥੇ ਰੁਜ਼ਗਾਰ ਮੇਲਾ ਲੱਗਿਆ ਸੀ, ਉੱਥੇ ਪਲੇਸਮੈਂਟ ਕਰਨ ਲਈ 'ਜਸਵੀਰ ਦੀ ਹੱਟੀ', 'ਕਥੂਰੀਆ ਕਲਾਥ ਹਾਊਸ' ਆਦਿ ਆਏ ਸੀ। ਉੱਥੇ ਪੀ.ਐਚ.ਡੀ. ਬੱਚਿਆਂ ਨੂੰ ਬੁਲਾ ਕੇ...

**ਸ਼੍ਰੀ ਸਭਾਪਤੀ :** ਮੀਤ ਜੀ, ਵਾਈਂਡ ਅੱਪ ਕਰੋ, ਟਾਈਮ ਓਵਰ ਹੋ ਗਿਆ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਮੈਂ ਇਹ ਵੀ ਕਹਿੰਦਾ ਹਾਂ ਕਿ ਚਲੋ ਜੇ ਵਾਅਦਾ ਪੂਰਾ ਨਹੀਂ ਹੋ ਰਿਹਾ। ਮੇਰੀ ਮੁੱਖ ਮੰਤਰੀ ਸਾਹਿਬ ਜੀ ਨੂੰ ਬੇਨਤੀ ਹੈ

ਕਿ ਇਨ੍ਹਾਂ ਦੇ ਯਾਦ ਹੋਣਾ ਕਿ ਸਾਲ 2016 ਵਿੱਚ ਸਰਕਾਰ ਬਣਨ ਤੋਂ ਪਹਿਲਾਂ ਇਹ ਹਰੇਕ ਧਰਨੇ ਤੇ ਜਾਂਦੇ ਸੀ। ਪਟਿਆਲੇ ਤੇ ਚੰਡੀਗੜ੍ਹ ਵਿੱਚ ਟੀਚਰਾਂ ਦਾ ਧਰਨਾ ਲੱਗਿਆ, ਮਾਨਯੋਗ ਸਪੀਕਰ ਸਾਹਿਬ ਵੀ ਇਨ੍ਹਾਂ ਦੇ ਨਾਲ ਸੀ। ਜਦੋਂ ਇਹ ਉੱਥੇ ਗਏ ਤਾਂ ਟੀਚਰ ਆਪਣੀਆਂ ਮੰਗਾਂ ਰੱਖ ਰਹੇ ਸੀ ਕਿ ਸਾਡੀਆਂ ਤਨਖਾਹਾਂ ਬਹੁਤ ਘੱਟ ਹਨ ਅਤੇ ਉਹ ਕੰਟਰੈਕਟ ਬੇਸਿਜ਼ ਤੇ ਹਨ ਤਾਂ ਉਦੋਂ ਸੀ.ਐਮ. ਸਾਹਿਬ ਦਾ ਜਵਾਬ ਸੀ ਕਿ ਇਸ ਤੋਂ ਜ਼ਿਆਦਾ ਤਨਖਾਹ ਤਾਂ ਮੇਰੇ ਮਾਲੀ ਦੀ ਹੈ, ਇਹ ਆਨ ਰਿਕਾਰਡ ਹੈ। ਫਿਰ ਉਥੇ ਇੱਕ ਪੱਤਰਕਾਰ ਨੇ ਪੁੱਛਿਆ ਕਿ ਸੀ.ਐਮ. ਸਾਹਿਬ ਤੁਹਾਡੀ ਸਾਲ 2002 ਵਿੱਚ ਗੌਰਮਿੰਟ ਸੀ, ਕੀ ਤੁਹਾਡੀ ਸਰਕਾਰ ਵਿੱਚ ਟੀਚਰਾਂ ਦੇ ਕੁੱਟ ਪੈਂਦੀ ਰਹੀ ਹੈ? ਕਿਉਂਕਿ ਉਦੋਂ ਸਾਲ 2016 ਵਿੱਚ ਅਕਾਲੀਆਂ ਦੀ ਸਰਕਾਰ ਸੀ, ਪੱਤਰਕਾਰ ਨੇ ਕਿਹਾ ਕਿ ਅੱਜ ਟੀਚਰਾਂ ਤੇ ਕੁੱਟ ਪੈਂਦੀ ਹੈ ਤਾਂ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਇਹ ਬੜਾ ਮੰਦਭਾਗਾ ਹੈ ਪਰ ਮੇਰੀ ਸਰਕਾਰ ਵਿੱਚ ਕਦੇ ਕੁੱਟ ਨਹੀਂ ਪਈ ਅਤੇ ਇਹ ਵੀ ਕਿਹਾ ਕਿ ਜਿਹੜੇ ਰਾਜ ਵਿੱਚ ਟੀਚਰਾਂ ਦੇ ਕੁੱਟ ਪੈਂਦੀ ਹੋਵੇ, ਉੱਥੇ ਬੱਚਿਆਂ ਤੇ ਕੀ ਪ੍ਰਭਾਵ ਪੈਂਦਾ ਹੋਏਗਾ। ਮੁੱਖ ਮੰਤਰੀ ਸਾਹਿਬ, ਦਸ ਦਿਨ ਪਹਿਲਾਂ ਦੀ ਗੱਲ ਹੈ। ਹੁਣ ਤੁਹਾਡੀ ਸਰਕਾਰ ਹੈ, ਤੁਹਾਡੇ ਸ਼ਹਿਰ ਪਟਿਆਲੇ ਵਿੱਚ ਉਨ੍ਹਾਂ ਹੀ ਟੀਚਰਾਂ ਤੇ ਕੁੱਟ ਪਈ ਹੈ ਤਾਂ ਹੁਣ ਤੁਸੀਂ ਦੱਸੋ ਕਿ ਪੰਜਾਬ ਵਿੱਚ ਜਿਹੜੇ ਬੱਚੇ ਹਨ, ਉਨ੍ਹਾਂ ਤੇ ਕੀ ਪ੍ਰਭਾਵ ਪੈ ਰਿਹਾ ਹੈ?

**ਸ਼੍ਰੀ ਸਭਾਪਤੀ :** ਗੁਰਮੀਤ ਜੀ, ਵਾਈਂਡ ਅੱਪ ਕਰੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਇੱਕ ਮਿੰਟ ਜੀ। ਮੈਂ ਵਾਈਂਡ ਅੱਪ ਕਰ ਰਿਹਾ ਹਾਂ।

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰ ਲਵੋ। ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ ਨੇ ਬੋਲਣਾ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ;** ਸਰ, ਇੱਕ ਮਿੰਟ ਜੀ, ਵਾਈਂਡ ਅੱਪ ਕਰ ਰਿਹਾ ਹਾਂ ਜੀ।

**ਸ਼੍ਰੀ ਸਭਾਪਤੀ :** ਜਲਦੀ ਕਰੋ ਕਿਉਂਕਿ ਤੁਹਾਡਾ ਟਾਈਮ ਓਵਰ ਹੋ ਗਿਆ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਮੇਰੀ ਬੇਨਤੀ ਹੈ ਕਿ ਜਿਵੇਂ ਪਹਿਲੇ ਦਸ ਸਾਲ ਅਕਾਲੀ-ਭਾਜਪਾ ਸਰਕਾਰ ਸੀ, ਉਸ ਨਾਲੋਂ ਅੱਜ ਕੋਈ ਫਰਕ ਨਹੀਂ। ਕੱਲ੍ਹ ਮੇਰੇ ਮਾਨਯੋਗ ਅੰਕਲ ਜੀ ਨੇ, ਮੰਤਰੀ ਸਾਹਿਬ ਕਾਂਗੜ ਜੀ ਬੈਠੇ ਹਨ, ਇੱਧਰੋਂ ਮੈਂਬਰ ਸਾਹਿਬ ਖੜ੍ਹੇ ਹੋਏ, ਉਨ੍ਹਾਂ ਨੇ ਕਿਹਾ ਕਿ ਤਿੰਨ ਪਰਚੇ ਮੇਰੇ ਭਰਾ ਤੇ ਪਾਏ ਗਏ ਹਨ ਤਾਂ ਮੰਤਰੀ ਸਾਹਿਬ ਕਹਿੰਦੇ ਕਿ ਮੇਰੇ ਤੇ ਵੀ ਚੈਨੀ ਚੋਰੀ ਕਰਨ ਦਾ ਪਰਚਾ ਦਰਜ

ਕਰਵਾ ਦਿੱਤਾ ਸੀ। ਫਿਰ, ਸਰ, ਫਰਕ ਕਿੱਥੇ ਹੈ? ਜੋ ਕੁਝ ਹੁਣ ਹੋ ਰਿਹਾ ਹੈ, ਉਹੀ ਕੁਝ ਪਿਛਲੀ ਸਰਕਾਰ ਵਿੱਚ ਹੁੰਦਾ ਸੀ, ਉਵੇਂ ਹੀ ਕਿਸਾਨ ਖੁਦਕੁਸ਼ੀਆਂ ਕਰਕੇ ਮਰ ਰਹੇ ਸੀ, ਉਵੇਂ ਹੀ ਬੇਰੁਜ਼ਗਾਰ ਧਰਨਿਆਂ ਤੇ ਬੈਠੇ ਸੀ .....

**ਸ਼੍ਰੀ ਸਭਾਪਤੀ :** ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਉਹੀ ਕੁਝ ਹੈ ....

**ਸ਼੍ਰੀ ਸਭਾਪਤੀ :** ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.) :** ਚੇਅਰਮੈਨ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਦਿੱਤਾ। ਮੈਂ ਗਵਰਨਰ ਐਡਰੈਸ ਦੇ ਪੈਰ੍ਹਾ ਨੰਬਰ 84 ਦੀ ਗੱਲ ਕਰਾਂਗੀ, ਜਿਸ ਵਿੱਚ ਲਿਖਿਆ ਹੋਇਆ ਹੈ ਕਿ ਸਾਡੀ ਸਰਕਾਰ ਨਵੀਂ ਟਰਾਂਸਪੋਰਟ ਨੀਤੀ ਤਹਿਤ ਹਰ ਤਰ੍ਹਾਂ ਦੇ ਮਾਫੀਏ ਨੂੰ ਖਤਮ ਕਰਨ ਦੇ ਲਈ ਵਚਨਬੱਧ ਹੈ। ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਨੇ ਮੇਨ ਪਾਲਿਸੀ ਮਿਤੀ 9.8.1990 ਦੇ ਕਰਕੇ ਮਿਤੀ 21.10.1997 ਨੂੰ ਟਰਾਂਸਪੋਰਟ ਮਾਫੀਏ ਦੀਆਂ ਇੰਟੈਗਰਲ ਕੋਚ ਬੱਸਾਂ ਪੰਜਾਬ ਦੇ ਵਿੱਚ ਚਲਾਉਣ ਦੀ ਪਰਮਿਸ਼ਨ ਲੈ ਲਈ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦੀ ਹਾਂ, ਕਿ ਜਦੋਂ ਪਿਛਲੀ ਸਰਕਾਰ ਨੂੰ ਲੱਗਿਆ ਕਿ ਇਸ ਚੀਜ਼ ਦੇ ਵਿੱਚ ਅਸੀਂ ਕਾਮਯਾਬ ਨਹੀਂ ਹੋ ਸਕਾਂਗੇ ਤਾਂ ਉਨ੍ਹਾਂ ਨੇ ਗਵਰਨਰ ਸਾਹਿਬ ਨੂੰ, ਜਿਹੜੇ ਕਿ ਚੰਡੀਗੜ੍ਹ ਦੇ ਪ੍ਰਸ਼ਾਸ਼ਕ ਵੀ ਸੀ, ਉਨ੍ਹਾਂ ਨੂੰ ਚਿੱਠੀ ਲਿਖ ਕੇ ਇਸ ਚੀਜ਼ ਨੂੰ ਸ਼ਾਮਿਲ ਕਰ ਲਿਆ ਅਤੇ ਚੰਡੀਗੜ੍ਹ ਸ਼ਹਿਰ ਦੇ ਵਿੱਚ ਆਉਣ ਲਈ ਇੰਟੈਗਰਲ ਕੋਚ 73 ਬੱਸਾਂ ਦੀ ਮੰਗ ਕੀਤੀ। ਉਨ੍ਹਾਂ 73 ਬੱਸਾਂ ਨੂੰ ਗਵਰਨਰ ਸਾਹਿਬ ਦੀ ਪਰਮਿਸ਼ਨ ਦੇ ਨਾਲ ਲੀਗਲਾਈਜ਼ ਕਰ ਦਿੱਤਾ ਪਰ ਸਭ ਤੋਂ ਵੱਡੀ ਗੱਲ ਇਹ ਹੋਈ ਕਿ ਇੱਕ ਪਰਿਵਾਰ ਦੇ ਕੋਲ ਸਭ ਤੋਂ ਵੱਧ ਬੱਸਾਂ ਗਈਆਂ। ਉਸ ਦੇ ਉਤੇ ਹਾਈ ਕੋਰਟ ਦੇ ਸੀ.ਡਬਲਿਯੂ.ਪੀ. 15786 ਦੇ ਨਾਲ ਬਚਿੰਤਾ ਟਰੈਵਲਜ਼ ਨੇ ਹਾਈ ਕੋਰਟ ਦੇ ਵਿੱਚ ਰਿੱਟ ਪਟੀਸ਼ਨ ਦਾਇਰ ਕੀਤੀ ਕਿ ਇਹ ਆਮ ਲੋਕਾਂ ਨਾਲ ਧੱਕਾ ਹੈ ਅਤੇ ਇੱਕ ਤਰ੍ਹਾਂ ਨਾਲ 73 ਬੱਸਾਂ ਦੀ ਮਨਜ਼ੂਰੀ ਨਹੀਂ ਮਿਲਣੀ ਚਾਹੀਦੀ ਸੀ ਅਤੇ ਜਸਟਿਸ ਸੂਰੀਆ ਕਾਂਤ ਜੀ ਨੇ ਇਸ ਨੂੰ ਨਜਾਇਜ਼ ਠਹਿਰਾਇਆ ਤੇ ਮੰਗ ਕੀਤੀ ਕਿ ਇਨ੍ਹਾਂ 73 ਬੱਸਾਂ ਦਾ ਪਰਮਿਟ ਰੱਦ ਕੀਤਾ ਜਾਵੇ। ਚੇ ਅਰਮੈਨ ਸਾਹਿਬ, ਉਸ ਪੈਟੀਸ਼ਨ ਦੇ ਅਗੇਂਸਟ ਇਨ੍ਹਾਂ ਨੇ ਸੁਪਰੀਮ ਕੋਰਟ ਦੇ ਵਿੱਚ ਐਪਲੀਕੇਸ਼ਨ ਦਾਇਰ ਕੀਤੀ ਕਿ ਇਹ 73 ਬੱਸਾਂ ਰੱਦ ਨਾ ਕੀਤੀਆਂ ਜਾਣ ਕਿਉਂਕਿ ਅਜਿਹਾ ਹੋਣ ਦੇ ਨਾਲ ਇਨ੍ਹਾਂ ਨੂੰ ਕੋਈ ਨਾ ਕੋਈ ਪ੍ਰਾਬਲਮ ਸੀ ਪਰ ਸੁਪਰੀਮ ਕੋਰਟ ਨੇ ਉਨ੍ਹਾਂ 73 ਬੱਸਾਂ ਨੂੰ ਨਜਾਇਜ਼ ਕਰਾਰ ਦਿੰਦਿਆਂ ਇਮੀਜੀਏਟ ਉਨ੍ਹਾਂ

ਦਾ ਪਰਮਿੱਟ ਰੱਦ ਕਰਨ ਦੀ ਪਰਮਿਸ਼ਨ ਦਿੱਤੀ। ਚੇਅਰਮੈਨ ਸਾਹਿਬ, ਨਾ ਕੋਈ ਅਪੀਲ, ਨਾ ਕੋਈ ਰਿੱਟ, ਨਾ ਕੋਈ ਸਟੇਅ ਕੰਮ ਕਰਦੀ ਹੈ, ਬੜੀ ਮੰਦਭਾਗੀ ਗੱਲ ਹੈ ਕਿ ਦੋ ਸਾਲ ਹੋ ਗਏ ਹਨ, ਸਰਕਾਰ ਦੀਆਂ ਉਸੇ ਤਰ੍ਹਾਂ 73 ਦੀਆਂ 73 ਬੱਸਾਂ ਚਲਦੀਆਂ ਹਨ। ਚੇਅਰਮੈਨ ਸਾਹਿਬ, ਜੇ ਅੱਜ ਉਨ੍ਹਾਂ ਬੱਸਾਂ ਦੇ ਨਾਲ ਕਿਸੇ ਤਰ੍ਹਾਂ ਦਾ ਕੋਈ ਐਕਸੀਡੈਂਟ ਹੁੰਦਾ ਹੈ ਜਾਂ ਕਿਸੇ ਤਰ੍ਹਾਂ ਕੋਈ ਬੰਦਾ ਮਰਦਾ ਹੈ, ਮੈਨੂੰ ਇੰਨਾ ਦੱਸੋ ਕਿ ਜ਼ਿੰਮੇਵਾਰ ਬੱਸ ਦਾ ਡਰਾਈਵਰ ਹੋਵੇਗਾ, ਬੱਸ ਦਾ ਮਾਲਕ ਹੋਏਗਾ ਜਾਂ ਖੁਦ ਸਰਕਾਰ ਹੋਏਗੀ ਪਰ ਜਿਹੜੇ ਘਰ ਦਾ ਬੰਦਾ ਮਰ ਗਿਆ, ਉਸ ਨੂੰ ਤਾਂ ਇੰਨਾ ਕਹਿ ਕੇ ਸਾਰ ਦਿੱਤਾ ਜਾਵੇਗਾ ਕਿ ਇਹ ਤਾਂ ਬੱਸ ਹੀ ਜਾਅਲੀ ਸੀ, ਜਿਹੜੀ ਚਲਦੀ ਸੀ। ਫਿਰ ਇਹ ਕਹਿਣਗੇ, "ਬੀਬਾ ਤੂੰ ਚੁੱਪ ਕਰ ਜਾ, ਤੇਰੇ ਘਰ ਵਾਲਾ ਮਰ ਗਿਆ ਤਾਂ ਕੀ ਹੋਇਆ?" ਚੇਅਰਮੈਨ ਸਾਹਿਬ, ਮੈਂ ਗੱਲ ਕਰਨਾ ਚਾਹੁੰਦੀ ਹਾਂ ਕਿ ਮਿਤੀ 28 ਦਸੰਬਰ, 2007 ਨੂੰ ਗਜ਼ਟ ਨੋਟੀਫਿਕੇਸ਼ਨ ਜਾਰੀ ਕਰਕੇ ਇੰਟੈਗਰਲ ਕੋਚ ਬੱਸਾਂ ਦਾ ਇਨ੍ਹਾਂ ਨੇ 50 ਪੈਸੇ ਪ੍ਰਤੀ ਕਿਲੋਮੀਟਰ ਟੈਕਸ ਤਹਿ ਕੀਤਾ ਜਦ ਕਿ ਦੂਜੀਆਂ ਬੱਸਾਂ, ਜਿਹੜੀਆਂ ਸਾਡੇ ਵਰਗੇ ਗਰੀਬਾਂ ਦੀਆਂ ਬੱਸਾਂ ਸੀ, ਉਨ੍ਹਾਂ ਦਾ 2.25 ਰੁਪਏ ਪ੍ਰਤੀ ਕਿਲੋਮੀਟਰ ਟੈਕਸ ਰੱਖਿਆ। ਇਸ ਤਰ੍ਹਾਂ ਕਰਕੇ 180 ਦਿਨਾਂ ਦੀ ਇਨ੍ਹਾਂ ਨੂੰ ਛੋਟ ਦਿੱਤੀ ਪਰ ਜਦੋਂ ਸਰਕਾਰ ਨੂੰ ਲੱਗਿਆ ਕਿ ਬਹੁਤ ਜ਼ਿਆਦਾ ਨੁਕਤਾਚੀਨੀ ਹੋ ਗਈ......

**ਸ਼੍ਰੀ ਸਭਾਪਤੀ :** ਬੀਬਾ ਜੀ, ਵਾਈਂਡ ਅੱਪ ਕਰ ਲਵੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਮੈਂ ਦੋ ਮਿੰਟ ਲਵਾਂਗੀ। ਸਰ, ਫਿਰ ਉਨ੍ਹਾਂ ਨੇ ਇਸਨੂੰ 5 ਰੁਪਏ 60 ਪੈਸੇ ਕਿਲੋਮੀਟਰ ਕੀਤਾ ਅਤੇ ਨਾਲ ਦੀ ਨਾਲ ਉਨ੍ਹਾਂ ਨੇ ਹਰ ਕਿਲੋਮੀਟਰ ਵਿੱਚ ਆਪਣੇ 24-24 ਕਿਲੋਮੀਟਰ ਵਧਾਉਂਦੇ ਵਧਾਉਂਦੇ, ਉਹ ਚੰਡੀਗੜ੍ਹ ਤੱਕ ਜਾਂਦੇ ਸੀ, ਨਾਲ ਅੰਬਾਲਾ ਕੈਂਟ ਹਰਿਆਣਾ ਵਗੈਰਾ ਵੀ ਲੈ ਲਿਆ। ਚੇਅਰਮੈਨ ਸਾਹਿਬ, ਮੈਂ ਪਿਛਲੇ ਦਸ ਸਾਲਾਂ ਦੇ ਬਾਰੇ ਮੋਟੀ-ਮੋਟੀ ਗਿਣਤੀ ਕਰ ਰਹੀ ਹਾਂ, ਸਾਡੇ ਪੰਜਾਬ ਦੇ ਵਿੱਚ ਜੇ ਦੇਖਿਆ ਜਾਵੇ ਤਾਂ ਇਨ੍ਹਾਂ ਬੱਸਾਂ ਦੇ ਕਾਰਨ 67 ਕਰੋੜ ਰੁਪਏ ਦਾ ਘਾਟਾ ਹੈ ਪਰ ਟਾਈਮ ਟੇਬਲ ਦੀ ਮਰਜ਼ੀ ਦੇ ਨਾਲ ਜਿਹੜਾ ਇਨ੍ਹਾਂ ਨੂੰ ਪ੍ਰਾਫਿਟ ਹੋਇਆ ਹੈ, ਉਹ ਕਿਸੇ ਗਿਣਤੀ ਵਿੱਚ ਨਹੀਂ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਪੰਜਾਬ ਸਰਕਾਰ ਦੇ ਕੁਝ, 19 ਜਾਂ 20 ਮਨਾਪਲੀ ਰੂਟ ਸਨ, ਜਿੱਥੇ ਸਿਰਫ ਤੇ ਸਿਰਫ ਸਰਕਾਰੀ ਬੱਸਾਂ ਚਲ ਸਕਦੀਆਂ ਸਨ। ਪਰ, ਚੇਅਰਮੈਨ ਸਾਹਿਬ, ਮੈਂ ਤੁਹਾਡੀ ਮਾਰਫਤ ਇਸ ਸਦਨ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ 19 ਜਾਂ 20 ਰੂਟਾਂ ਦੇ ਵਿੱਚ ਵੀ ਇਨ੍ਹਾਂ ਨੇ ਖਿਲਵਾੜ ਕਰਕੇ ਉਥੇ 452 ਬੱਸਾਂ ਚਲਾ ਦਿੱਤੀਆਂ। ਸਾਬਕਾ ਮੁੱਖ ਮੰਤਰੀ, ਸਰਦਾਰ ਹਰਚਰਨ

[ਸ਼੍ਰੀਮਤੀ ਸਰਵਜੀਤ ਕੋਰ ਮਾਣੂਕੇ]
ਸਿੰਘ ਬਰਾੜ ਨੇ ਜਦੋਂ ਉਨ੍ਹਾਂ ਬੱਸਾਂ ਦੇ ਪਰਮਿੱਟ ਰੱਦ ਕੀਤੇ ਤਾਂ ਉਥੇ ਇਨ੍ਹਾਂ ਨੇ ਕਿਹਾ ਕਿ ਆਪਣੀ ਸਰਕਾਰ ਆਉਂਦੇ ਸਾਰ ਹੀ ਉਹ 24-24 ਕਿਲੋਮੀਟਰ ...

**ਸ਼੍ਰੀ ਸਭਾਪਤੀ :** ਬੀਬਾ ਜੀ, ਵਾਈਂਡ ਅੱਪ ਕਰ ਲਵੋ। ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਇੱਕ ਮਿੰਟ ਜੀ। ਉਨ੍ਹਾਂ ਨੂੰ 24-24 ਕਿਲੋਮੀਟਰ ਦਾ ਤੈਅ ਕਰ ਦਿੱਤਾ । ਮੈਨੂੰ ਹੈਰਾਨੀ ਹੁੰਦੀ ਹੈ ਕਿ ਸਰਕਾਰ ਚੰਡੀਗੜ੍ਹ ਤੋਂ ਵੱਡੇ ਸ਼ਹਿਰਾਂ ਵਿੱਚ ਤਾਂ ਬੱਸਾਂ ਲਿਜਾਉਣ ਲਈ ਪੱਬਾਂ ਭਾਰ ਹੋਈ ਫਿਰਦੀ ਹੈ ਪਰ ਮੇਰੇ ਜਗਰਾਉਂ ਹਲਕੇ ਦੇ ਵਿੱਚ ਘੱਟੋ-ਘੱਟ 20 ਪਿੰਡ ਅਜਿਹੇ ਹਨ, ਜਿੱਥੇ ਅੱਜ ਤੱਕ ਕੋਈ ਸਰਕਾਰੀ ਬੱਸ ਨਹੀਂ ਗਈ। ਟਰਾਂਸਪੋਰਟ, ਜਿੱਥੇ ਅੱਜ ਵੀ ਅਸੀਂ ਸਰਕਾਰੀ ਬੱਸਾਂ ਨੂੰ ਤਰਸਦੇ ਹਾਂ, ਪਰ ਪੰਜ-ਸੱਤ ਮਹੀਨਿਆਂ ਤੋਂ ਇਸ ਸਰਕਾਰ ਦੇ ਸਮੇਂ ਵਿੱਚ ਵੀ 100 ਫਾਈਲਾਂ ਮੰਤਰੀ ਸਾਹਿਬ ਦੇ ਟੇਬਲ ਉੱਤੇ ਪਈਆਂ ਹਨ ਜਿਨ੍ਹਾਂ ਲਈ ਉਹ ਤਰਸ ਰਹੇ ਹਨ ਕਿ ਸਾਨੂੰ ਪੀ.ਆਰ.ਟੀ.ਸੀ. ਨੂੰ ਬੱਸਾਂ ਚਲਾਉਣ ਦੀ ਪਰਮਿਸ਼ਨ ਦਿੱਤੀ ਜਾਵੇ..

**ਸ਼੍ਰੀ ਸਭਾਪਤੀ:** ਤੁਸੀਂ ਵਾਈਂਡ ਅੱਪ ਕਰ ਲਵੋ। ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਬੱਸ ਇੱਕ ਮਿੰਟ ਜੀ। ਸਰ, ਉਨ੍ਹਾਂ ਨੂੰ ਪਰਮਿਸ਼ਨ ਦੇਣ ਦੀ ਵੀ ਜ਼ਰੂਰਤ ਨਹੀਂ ਸਮਝੀ ਜਾਂਦੀ। ਸਰ, ਜੇ ਗਰੀਬ ਲੋਕਾਂ ਵਾਸਤੇ ਪੀ.ਆਰ.ਟੀ.ਸੀ. ਬੱਸਾਂ ਚਲਾਉਣ ਲਈ ਪਾਲਿਸੀ ਵਿੱਚ ਸੋਧ ਨਹੀਂ ਕੀਤੀ ਜਾਵੇਗੀ, ਉਨ੍ਹਾਂ ਨੂੰ ਹੱਕ ਨਹੀਂ ਦਿੱਤਾ ਜਾਵੇਗਾ ਤਾਂ ਮੇਰੇ ਖਿਆਲ ਵਿਚ ਸਰਕਾਰ ਨਾ-ਕਾਮਯਾਬ ਹੈ। ਧੰਨਵਾਦ ਜੀ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.):** ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਹ ਭਾਸ਼ਣ ਪੜ੍ਹਿਆ ਹੈ ਤੇ ਜਿਹੜਾ ਪਹਿਲਾ ਭਾਸ਼ਣ ਗਵਰਨਰ ਸਾਹਿਬ ਨੇ ਦਿੱਤਾ ਸੀ, ਉਹ ਪੜ੍ਹਿਆ ਵੀ ਸੀ ਤੇ ਸੁਣਿਆ ਵੀ ਸੀ। ਸਰ, ਉਨ੍ਹਾਂ ਦੇ ਪਹਿਲੇ ਭਾਸ਼ਣ ਵਿੱਚ ਕੁਝ ਆਸ ਬੱਝੀ ਸੀ ਕਿ ਕੁਝ ਨਵੀਆਂ ਪਰੰਪਰਾਵਾਂ ਪੈਣਗੀਆਂ, ਕੁਝ ਕੰਮ ਹੋਵੇਗਾ। ਉਸ ਵਿੱਚ ਹਲਕਾ ਇੰਚਾਰਜਾਂ ਦੀ ਗੱਲ ਕੀਤੀ ਸੀ ਕਿ ਹਲਕਾ ਇੰਚਾਰਜ ਲੁੱਟ-ਖਸੁੱਟ ਕਰਦੇ ਹਨ, ਸਰਕਾਰੀ ਦਫਤਰਾਂ ਵਿੱਚ ਦਖਲਅੰਦਾਜ਼ੀ ਦੀ ਗੱਲ ਅਤੇ ਝੂਠੇ ਪਰਚੇ ਦਰਜ ਕਰਵਾਉਣ ਦੀ ਗੱਲ ਵਾਰ ਵਾਰ ਕੀਤੀ ਗਈ ਸੀ ਲੇਕਿਨ ਜਿੰਨੇ ਝੂਠੇ ਪਰਚੇ ਦਰਜ ਹੋਏ ਹਨ, ਮੇਰੇ ਕੋਲ ਉਨ੍ਹਾਂ ਦੀ ਲਿਸਟ ਹੈ, ਮੈਂ ਉਹ ਲਿਸਟ ਸੀ.ਐਮ.ਸਾਹਿਬ ਨੂੰ ਤੁਹਾਡੇ ਸਾਹਮਣੇ ਦੇ ਸਕਦਾ ਹਾਂ ਕਿ ਜਿਹੜੇ ਝੂਠੇ ਪਰਚੇ ਦਰਜ ਹੋਏ ਸੀ, ਉਨ੍ਹਾਂ ਦੇ ਬਾਰੇ ਵੀ ਕੁਝ ਹੋ ਨਹੀਂ ਸਕਿਆ। ਦੇਖਣ ਵਿੱਚ ਆਇਆ ਹੈ ਕਿ ਪੰਚਾਇਤਾਂ ਨੂੰ ਡਰਾਇਆ ਗਿਆ, ਹੁਣੇ ਜਿਹੜੀ ਰਾਜਾ ਵੜਿੰਗ ਜੀ ਗੱਲ ਕਰ ਰਹੇ ਸੀ ਕਿ ਗਲ਼ ਵਿੱਚ ਸਾਫ਼ਾ

ਪਾਉਣ ਲਈ ਕਿਹਾ ਗਿਆ। ਮੇਰੇ ਕੋਲ ਇੱਕ ਪੰਚਾਇਤ ਦਾ ਲਿਖਿਆ ਹੋਇਆ ਕਾਗਜ਼ ਹੈ, ਸਾਰੀ ਪੰਚਾਇਤ ਨੇ ਲਿਖ ਕੇ ਦਿੱਤਾ ਹੈ ਕਿ ਸਾਡੇ ਪਾਸ .....

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਚੇਅਰਮੈਨ ਸਾਹਿਬ, ਇਹ ਗਲਤ ਕਹਿ ਰਹੇ ਹਨ। ਮੈਂ 'ਸਾਫ਼ਾ' ਲਫਜ਼ ਨਹੀਂ ਕਿਹਾ।

**ਸ਼੍ਰੀ ਸੋਮ ਪ੍ਰਕਾਸ਼:** 'ਸਿਰੋਪਾ' ਜੀ, ਮੈਂ ਇਹ ਵਰਡ 'ਸਿਰੋਪਾ' ਕਰ ਦਿੰਦਾ ਹਾਂ।

**ਸ਼੍ਰੀ ਸਭਾਪਤੀ:** 'ਸਿਰੋਪਾ' ਵਰਡ ਦੀ ਕੁਰੈਕਸ਼ਨ ਕਰ ਦਿਉ ਜੀ। ਕੁਰੈਕਸ਼ਨ ਹੋ ਗਈ ਹੈ।

**ਸ਼੍ਰੀ ਸੋਮ ਪ੍ਰਕਾਸ਼:** ਵੜਿੰਗ ਸਾਹਿਬ, ਤੁਸੀਂ ਹੁਣ ਬੈਠ ਜਾਵੋ (ਵਿਘਨ) ਤੁਸੀਂ ਬਹੁਤ ਬੋਲ ਲਏ ਹੋ। ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਸਾਰੀ ਪੰਚਾਇਤ ਨੇ ਲਿਖ ਕੇ ਦਿੱਤਾ ਹੈ ਕਿ ਉਸਨੂੰ ਬੀ.ਡੀ.ਓ. ਦਫਤਰ ਵੱਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਹਾਰੇ ਹੋਏ ਕਾਂਗਰਸ ਦੇ ਉਮੀਦਵਾਰ ਕੋਲ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਹ ਕਹਿੰਦਾ ਹੈ ਕਿ ਜੇ ਮੈਂ ਅਜਿਹਾ ਨਾ ਕੀਤਾ ਤਾਂ ਪਿੰਡ ਦਾ ਕੰਮ ਤਾਂ ਰੁਕੇਗਾ ਹੀ, ਸੋ, ਉਸ ਨੂੰ ਝੂਠੇ ਕੇਸਿਜ਼ ਵਿੱਚ ਫਸਾ ਦਿੱਤਾ ਜਾਵੇਗਾ, ਕਿਰਪਾ ਕਰਕੇ ਮੇਰੇ ਉਪਰ ਬਣੇ ਸਿਆਸੀ ਦਬਾਅ ਨੂੰ ਰੋਕਿਆ ਜਾਵੇ। ਇਹ ਡਾਇਰੈਕਟਰ, ਪੰਚਾਇਤ ਨੂੰ ਵੀ ਲਿਖ ਕੇ ਦਿੱਤਾ ਹੈ, ਇਹ ਡੀ.ਸੀ. ਨੂੰ ਵੀ ਲਿਖ ਕੇ ਦਿੱਤਾ ਹੈ ਲੇਕਿਨ ਸਰ, ਕੋਈ ਕਾਰਵਾਈ ਨਹੀਂ ਹੋਈ। ਚਲੋ, ਚੋਣਾਂ ਹੋ ਗਈਆਂ, ਹੁਣ ਚੋਣਾਂ ਵਿੱਚ ਜੋ ਧੱਕਾ ਹੋਇਆ, ਜੋ ਚੋਣਾਂ ਵਿੱਚ ਰਿਜ਼ਰਵੇਸ਼ਨ ਗਲਤ ਢੰਗ ਨਾਲ ਹੋਈ, ਉਸ ਬਾਰੇ ਸਾਰੇ ਜਾਣਦੇ ਹਨ ਲੇਕਿਨ ਹੁਣ ਤੁਸੀਂ ਕੁਝ ਫੰਡਜ਼ ਪੰਚਾਇਤਾਂ ਲਈ ਰਿਲੀਜ਼ ਕੀਤੇ ਹਨ, ਉਸ ਵਿੱਚ ਇੱਕ ਤਾਂ ਫਾਈਨਾਂਸ ਕਮਿਸ਼ਨ ਦੇ ਪੈਸੇ ਹਨ, ਉਹ ਪਾਪੂਲੇਸ਼ਨ ਦੇ ਬੇਸ ਉੱਤੇ ਹੋਣੇ ਹਨ ਔਰ ਜਿਹੜੇ ਆਰ.ਡੀ.ਐਫ. ਦੇ ਪੈਸੇ ਹਨ, ਉਹ ਵੰਡੇ ਜਾਣੇ ਸੀ, ਜਿਹੜੀਆਂ ਪੰਚਾਇਤਾਂ ਧੱਕਾ ਹੋਣ ਦੇ ਬਾਵਜੂਦ ਬੀ.ਜੇ.ਪੀ. ਦੀਆਂ ਔਰ ਅਕਾਲੀ ਦਲ ਦੀਆਂ ਬਣੀਆਂ ਹਨ, ਮੇਰੇ ਹਲਕੇ ਵਿੱਚ ਅਜਿਹੀਆਂ 35 ਪੰਚਾਇਤਾਂ ਹਨ, ਉਨ੍ਹਾਂ ਨੂੰ ਇੱਕ ਵੀ ਪੈਸਾ ਨਹੀਂ ਦਿੱਤਾ, ਸਿਰਫ ਤੇ ਸਿਰਫ ਉਨ੍ਹਾਂ ਬੰਦਿਆਂ ਨੂੰ ਦਿੱਤਾ ਜਿਹੜੇ ਕਾਂਗਰਸ ਦੀ ਹਮਾਇਤ 'ਤੇ ਸੀ। ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਪਾਰਟੀ ਦੇ ਜਿਹੜੇ ਸਰਪੰਚ ਸਨ, ਉਨ੍ਹਾਂ ਨੂੰ ਇੱਕ ਪੈਸਾ ਵੀ ਨਹੀਂ ਦਿੱਤਾ । ਇਸ ਤੋਂ ਬਾਅਦ ਵੀ ਇਹ ਕਹੀ ਜਾਂਦੇ ਹਨ ਕਿ ਅਸੀਂ ਧੱਕਾ ਨਹੀਂ ਕਰਦੇ। ਚੇਅਰਮੈਨ ਸਾਹਿਬ, ਗਵਰਨਰ ਐਡਰੈਸ ਦੇ ਪੈਰ੍ਹਾ ਨੰਬਰ 19 ਵਿੱਚ ਲਿਖਿਆ ਹੈ ਕਿ ਅਸੀਂ ਬਿਲਕੁਲ ਇਨਸਾਫ ਕਰਾਂਗੇ, ਕਿਸੇ ਨਾਲ ਧੱਕਾ ਨਹੀਂ ਕਰਾਂਗੇ, ਅਸੀਂ ਕਿਸੇ ਵਿਰੁੱਧ ਕੋਈ ਝੂਠਾ ਪਰਚਾ ਦਰਜ ਨਹੀਂ ਕਰਾਂਗੇ ਪਰ ਪਰਚੇ ਵੀ ਉਸੇ ਤਰ੍ਹਾਂ ਦਰਜ ਹੋ ਰਹੇ ਹਨ।

[ਸ਼੍ਰੀ ਸੋਮ ਪ੍ਰਕਾਸ਼]
ਸਰ, ਸਾਡੇ ਕਾਰਪੋਰੇਸ਼ਨ ਦੇ ਦੋ ਕੌਂਸਲਰਾਂ ਉਤੇ ਧਾਰਾ 452 ਦਾ ਪਰਚਾ ਇਸ ਕਰਕੇ ਦਰਜ ਕਰ ਦਿੱਤਾ ਹੈ, ਕਿਸੇ ਨੇ ਉਨ੍ਹਾਂ ਨੂੰ ਝਗੜਾ ਹੋਣ ਤੋਂ ਬਾਅਦ ਬੁਲਾਇਆ, ਇਸ ਕਰਕੇ ਦਰਜ ਕੀਤਾ ਕਿ ਤੁਸੀਂ ਬੀ.ਜੇ.ਪੀ. ਛੱਡ ਕੇ ਕਾਂਗਰਸ ਜੁਆਇਨ ਕਰੋ, ਨਹੀਂ ਤਾਂ ਤੁਹਾਡੇ ਤੇ ਪਰਚਾ ਕਾਇਮ ਰੱਖਾਂਗੇ, ਅਰੈਸਟ ਵੀ ਨਹੀਂ ਕੀਤਾ। ਕਹਿੰਦੇ, ਤੁਹਾਨੂੰ ਡਰਾਉਣਾ ਹੀ ਹੈ ਜਿੰਨਾ ਚਿਰ ਤੁਸੀਂ ਕਾਂਗਰਸ ਵਿੱਚ ਨਹੀਂ ਰਲਦੇ।(ਵਿਘਨ...ਸ਼ੋਰ)

**ਸ਼੍ਰੀ ਸਭਾਪਤੀ :** ਸ਼੍ਰੀ ਸੋਮ ਪ੍ਰਕਾਸ਼ ਜੀ, ਵਾਈਂਡ ਅੱਪ ਕਰੋ।

**ਸ਼੍ਰੀ ਸੋਮ ਪ੍ਰਕਾਸ਼ :** ਚੇਅਰਮੈਨ ਸਾਹਿਬ, ਮੇਰੀ ਗੱਲ ਸੁਣ ਲਓ ਜੀ।

**ਸ਼੍ਰੀ ਸਭਾਪਤੀ :** ਸੋਮ ਪ੍ਰਕਾਸ਼ ਜੀ, ਤੁਹਾਡਾ ਟਾਈਮ ਹੋ ਗਿਆ ਹੈ। ਵਾਈਂਡ ਅੱਪ ਕਰ ਲਓ।(ਵਿਘਨ...ਸ਼ੋਰ)

**ਸ਼੍ਰੀ ਸੋਮ ਪ੍ਰਕਾਸ਼ :** ਮੇਰੀ ਬੇਨਤੀ ਹੈ ਕਿ ਪਿੱਛੇ ਜਿਹੇ ਸੀ.ਐਮ. ਸਾਹਿਬ ਨੇ ਸਟੇਟਮੈਂਟ ਦਿੱਤੀ ਸੀ। ਇੱਥੇ ਮੋਟਰਾਂ ਦੇ ਬਿਜਲੀ ਦੇ ਬਿਲਾਂ ਦੀ ਗੱਲ ਹੋਈ ਸੀ, ਸੀ.ਐਮ. ਸਾਹਿਬ, ਬੇਨਤੀ ਹੈ ਜੀ। ਤੁਸੀਂ ਇੱਥੇ ਹਾਊਸ ਵਿੱਚ ਕਿਹਾ ਸੀ ਕਿ ਜਿਹੜੇ ਅਸੀਂ ਕਿਸਾਨਾਂ ਲਈ ਬਿਜਲੀ ਦੇ ਮੀਟਰ ਲਗਾ ਰਹੇ ਹਾਂ, ਉਹ ਮੀਟਰ ਤਾਂ ਵੈਸੇ ਹੀ ਲੱਗ ਰਹੇ ਹਨ ਅਤੇ ਬਿਲ ਕਿਸੇ ਨੇ ਨਹੀਂ ਦੇਣਾ ਪਰ ਮੇਰੇ ਕੋਲ ਦੋ ਬਿਲ ਹਨ, ਇੱਕ ਵਿਅਕਤੀ ਸੰਦੀਪ ਸਿੰਘ, ਪਿੰਡ ਇਕਬਾਲਪੁਰ ਦਾ ਹੈ, ਜਿਸ ਦੀ ਦੋ ਕਨਾਲ ਜ਼ਮੀਨ ਹੈ ਅਤੇ ਦੂਜਾ ਗੁਰਮੀਤ ਸਿੰਘ, ਪਿੰਡ ਰਾਣੀਪੁਰ ਦਾ ਹੈ ਜਿਸ ਦੀ ਦੋ ਕਿੱਲੇ ਜ਼ਮੀਨ ਹੈ। ਇੱਕ ਨੂੰ 32,828 ਰੁਪਏ ਦਾ ਬਿਲ ਆ ਗਿਆ ਅਤੇ ਦੂਜੇ ਨੂੰ 41,410 ਰੁਪਏ ਮੋਟਰ ਦਾ ਬਿਲ ਆ ਗਿਆ। ਉਨ੍ਹਾਂ ਨੇ 3-4 ਲੱਖ ਰੁਪਿਆ ਲਗਾ ਕੇ ਮੋਟਰ ਦਾ ਬੋਰ ਕਰਵਾਇਆ, 5-7 ਹਜ਼ਾਰ ਰੁਪਿਆ ਜੇ.ਈ. ਨੂੰ ਦਿੱਤਾ ਪਰ ਉਨ੍ਹਾਂ ਦੇ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਉਨ੍ਹਾਂ ਦੇ ਬਿਲ ਮੇਰੇ ਕੋਲ ਹਨ ਜਦਕਿ ਤੁਸੀਂ on the floor of the House ਕਿਹਾ ਸੀ ਕਿ ਇਹ ਮੀਟਰ ਤਾਂ ਵੈਸੇ ਹੀ ਲਗਾ ਰਹੇ ਹਾਂ, ਕਿਸੇ ਤੋਂ ਪੈਸਾ ਚਾਰਜ ਨਹੀਂ ਕੀਤਾ ਜਾਵੇਗਾ, ਇਹ ਸਾਡੀ ਸਿਰਫ ਸਕੀਮ ਹੈ, ਇਸ ਦਾ ਨੁਕਸਾਨ ਕੋਈ ਨਹੀਂ ਹੈ।

**Mr. Chairman :** Thank you. ਬੈਂਸ ਸਾਹਿਬ, ਤੁਸੀਂ ਬੋਲੋ।

**ਸ਼੍ਰੀ ਸੋਮ ਪ੍ਰਕਾਸ਼ :** ਇੱਕ ਮਿੰਟ ਜੀ। ਮੈਨੂੰ ਬੋਲਣ ਦਿਓ ਜੀ।

**ਸ਼੍ਰੀ ਸਭਾਪਤੀ :** ਤੁਸੀਂ ਵਾਈਂਡ ਅੱਪ ਕਰ ਲਓ।

**ਸ਼੍ਰੀ ਸੋਮ ਪ੍ਰਕਾਸ਼ :** ਮੈਂ ਸਿਰਫ ਪੰਜ ਮਿੰਟ ਬੋਲਿਆ ਹਾਂ ਤੇ ਦੂਜਿਆਂ ਨੂੰ ਤੁਸੀਂ 22 ਮਿੰਟ ਦੇ ਦਿੱਤੇ। ਚੇਅਰਮੈਨ ਸਾਹਿਬ, ਮੈਂ ਕੰਮ ਦੀ ਗੱਲ ਕਰ ਰਿਹਾ ਹਾਂ।

**ਸ਼੍ਰੀ ਸਭਾਪਤੀ :** ਤੁਹਾਡੇ ਵੀ 4 ਮਿੰਟ ਸਨ, 6 ਹੋ ਗਏ ਹਨ।

**ਸ਼੍ਰੀ ਸੋਮ ਪ੍ਰਕਾਸ਼ :** ਮੈਨੂੰ ਬੋਲਣ ਦਾ ਮੌਕਾ ਦਿਓ ਜੀ।

**ਸ਼੍ਰੀ ਸਭਾਪਤੀ :** ਮੌਕਾ ਤੁਹਾਨੂੰ ਦਿੱਤਾ ਹੈ। ਤੁਹਾਡੀ ਪੂਰੀ ਗੱਲ ਸੁਣੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਸ਼੍ਰੀ ਸਭਾਪਤੀ :** ਰਾਜਾ ਜੀ, ਤੁਸੀਂ ਬੈਠੋ। ਸੋਮ ਪ੍ਰਕਾਸ਼ ਜੀ, ਤੁਸੀਂ ਵਾਈਂਡ ਅੱਪ ਕਰੋ।

**ਸ਼੍ਰੀ ਸੋਮ ਪ੍ਰਕਾਸ਼ :** ਮੈਂ ਆਪਣੇ ਸ਼ਹਿਰ ਦੀ ਗੱਲ ਕਰਨੀ ਹੈ। ਸਥਾਨਕ ਸਰਕਾਰਾਂ ਦੇ ਮੰਤਰੀ ਜੀ ਬੈਠੇ ਨਹੀਂ ਹਨ, ਸ਼ਹਿਰਾਂ ਵਿੱਚ ਵੱਡੀਆਂ ਸੜਕਾਂ ਨੂੰ ਕਮਰਸ਼ੀਅਲ ਡਿਕਲੇਅਰ ਕਰਨ ਬਾਰੇ ਅਸੀਂ ਇਨ੍ਹਾਂ ਨੂੰ ਕੇਸ ਭੇਜਿਆ ਹੈ। ਮੈਂ ਨਾਲ ਇਹ ਵੀ ਕਿਹਾ ਸੀ ਜਿਹੜੀਆਂ ਬਿਲਡਿੰਗ ਬ੍ਰਾਂਚਾਂ ਹਨ, ਚਾਹੇ ਉਹ ਲੋਕਲ ਗੌਰਮਿੰਟ ਦੀਆਂ ਹੋਣ ਜਾਂ ਸੈਕਟ੍ਰੀਏਟ ਦੀਆਂ ਹਨ, ਚਾਹੇ ਉਹ ਕਾਰਪੋਰੇਸ਼ਨ ਦੀਆਂ ਹੋਣ, ਸਭ ਤੋਂ ਜ਼ਿਆਦਾ ਕੁਰੱਪਸ਼ਨ ਇਨ੍ਹਾਂ ਵਿੱਚ ਹੈ। ਮੈਂ ਮੰਤਰੀ ਜੀ ਨੂੰ ਲਿਖ ਕੇ ਭੇਜਿਆ ਸੀ ਕਿ ਜੋ ਪ੍ਰੋਪੋਜ਼ਲ ਅਸੀਂ ਭੇਜ ਰਹੇ ਹਾਂ, ਇਸ ਨੂੰ ਤੁਹਾਡਾ ਦਫਤਰ ਕਰਕੇ ਰਾਜ਼ੀ ਨਹੀਂ ਹੈ। ਸਭ ਤੋਂ ਜ਼ਿਆਦਾ ਕੁਰੱਪਸ਼ਨ ਇਸ ਬ੍ਰਾਂਚ ਵਿੱਚ ਹੁੰਦੀ ਹੈ। ਦੋ ਸਾਲ ਹੋ ਗਏ, ਕਮਰਸ਼ੀਅਲ ਬਿਲਡਿੰਗਾਂ ਬਣ ਗਈਆਂ ਹਨ। ਚਾਹੇ ਕਾਰਪੋਰੇਸ਼ਨ ਦੇ ਹੋਣ ਜਾਂ ਦੂਜੇ, ਦੋਵੇਂ ਧੱਕੇ ਨਾਲ ਪੈਸੇ ਲੈਂਦੇ ਹਨ। ਮੈਂ ਸਰਦਾਰ ਨਵਜੋਤ ਸਿੰਘ ਸਿੱਧੂ ਜੀ ਦੇ ਦਫ਼ਤਰ ਵਿੱਚ ਲਿਖ ਕੇ ਭੇਜਿਆ ਸੀ ਕਿ ਤੁਹਾਡੇ ਦਫ਼ਤਰ ਵਿੱਚ ਆ ਕੇ ਜਿਹੜਾ ਤੁਹਾਡੀ ਸੇਵਾ ਕਰ ਜਾਵੇ, ਉਨ੍ਹਾਂ ਨੂੰ ਤਾਂ ਕੁਝ ਨਹੀਂ ਕਹਿੰਦੇ ਪਰ ਬਾਕੀਆਂ 'ਤੇ ਪਿੰਡਾਂ ਵਿੱਚ ਜਾਂ ਜਲੰਧਰ ਜਾ ਕੇ ਧੱਕਾ ਕਰਦੇ ਹਨ।

**Mr. Chairman :** Thank you, Som Prakash ji. ਬੈਂਸ ਸਾਹਿਬ, ਤੁਸੀਂ ਬੋਲੋ।

**ਸ਼੍ਰੀ ਸੋਮ ਪ੍ਰਕਾਸ਼ :** ਮੈਨੂੰ ਕਨਕਲੂਡ ਤਾਂ ਕਰਨ ਦਿਓ ਜੀ।

**ਸ਼੍ਰੀ ਸਭਾਪਤੀ :** ਜਿਸ ਹਿਸਾਬ ਨਾਲ ਤੁਸੀਂ ਤੋਰਿਆ ਹੋਇਆ ਹੈ, ਤੁਸੀਂ ਕਨਕਲੂਡ ਨਹੀਂ ਕਰਨਾ।

**ਸ਼੍ਰੀ ਸੋਮ ਪ੍ਰਕਾਸ਼ :** ਠੀਕ ਹੈ ਜੀ ਕਿ ਉਹ ਤੁਹਾਡੇ ਮਿੱਤਰ ਹਨ, ਕੋਈ ਗੱਲ ਨਹੀਂ ਪਰ ਮੇਰੀ ਗੱਲ ਤਾਂ ਸੁਣ ਲਓ। ਤੁਹਾਡੇ ਮਿੱਤਰ ਹਨ ਪਰ ਜੇ ਕੁਰੱਪਸ਼ਨ ਦੀ ਗੱਲ ਹੈ ਤਾਂ ਸੁਣ ਲੈਣੀ ਚਾਹੀਦੀ ਹੈ।

**ਸ਼੍ਰੀ ਸਭਾਪਤੀ :** ਮੈਂ ਸੁਣ ਲਈ ਹੈ। ਬੈਂਸ ਸਾਹਿਬ, ਤੁਸੀਂ ਬੋਲੋ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼, ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ।)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸੋਮ ਪ੍ਰਕਾਸ਼ ਜੀ, ਬੈਠ ਜਾਓ।

**ਸ਼੍ਰੀ ਸਭਾਪਤੀ :** ਸੋਮ ਪ੍ਰਕਾਸ਼ ਜੀ, ਬਹੁਤ ਹੋ ਗਿਆ। ਜੇ ਤੁਹਾਡੇ 4 ਮਿੰਟ ਸੀ ਤਾਂ ਤੁਹਾਨੂੰ ਆਲਰੇਡੀ 7 ਮਿੰਟ ਮਿਲ ਗਏ ਹਨ। ਮੈਂ ਤਾਂ ਵੈਸੇ ਹੀ ਵੱਧ ਸਮਾਂ ਦਿੰਦਾ ਹਾਂ, I am lenient.

--------------------

## Welcome announcement by Member, Panel of Chairmen

**ਸ਼੍ਰੀ ਸਭਾਪਤੀ :** ਮੈਨੂੰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਮਹਾਰਾਣੀ ਪ੍ਰਨੀਤ ਕੌਰ, ਸਾਬਕਾ ਮੈਂਬਰ ਪਾਰਲੀਮੈਂਟ, ਲੋਕ ਸਭਾ ਅਤੇ ਸਾਬਕਾ ਕੇਂਦਰੀ ਮੰਤਰੀ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ।(ਥੰਪਿੰਗ)

--------------

## RESUMPTION OF DISCUSSION ON GOVERNOR'S ADDRESS AND VOTE ON THE MOTION OF THANKS

***(Resumption)***

**Sardar Simarjeet Singh Bains (Atam Nagar) :** ** ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਬਿਨਾਂ ਇਜਾਜ਼ਤ ਤੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਛੋਟੇ ਵੀਰ, ਮੈਂ 'ਰਾਜਪਾਲ' ਲਫਜ਼ ਕਿਹਾ ਹੈ। ਮੈਂ 'ਧੰਨਵਾਦ' ਲਫਜ਼ ਕਹਿ ਦਿੰਦਾ ਹਾਂ, ਮੈਂ 'thank you' ਲਫਜ਼ ਵੀ ਵਾਪਸ ਲੈ ਲਿਆ। ਮੁਆਫੀ ਮੰਗਦੇ ਹੋਏ ਵਾਪਸ ਲੈ ਲਿਆ ਅਤੇ ਪੰਜਾਬੀ ਵਿੱਚ ਧੰਨਵਾਦ ਕਹਿ ਦਿੱਤਾ। ਚੇਅਰਮੈਨ ਸਾਹਿਬ, ਧੰਨਵਾਦ, ਤੁਸੀਂ ਮੈਨੂੰ ਰਾਜਪਾਲ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਰਾਜਪਾਲ ਜੀ ਆਪਣੇ ਭਾਸ਼ਣ ਵਿੱਚ ਬਹੁਤ ਵੱਡੀਆਂ-ਵੱਡੀਆਂ ਗੱਲਾਂ ਕਰਕੇ ਗਏ ਹਨ, 'ਮਾਫੀਆ ਮੁਕਤ ਪੰਜਾਬ, ਕੁਰੱਪਸ਼ਨ ਫਰੀ ਪੰਜਾਬ, ਭਾਵ ਭ੍ਰਿਸ਼ਟਾਚਾਰ ਮੁਕਤ ਪੰਜਾਬ'.... (ਸ਼੍ਰੀ ਅਮਰਿੰਦਰ ਸਿੰਘ ਰਾਜਾ

---

** Words withdrawn by the Member.

ਵੜਿੰਗ ਨੂੰ ਸੰਬੋਧਨ ਕਰਦੇ ਹੋਏ) ਰਾਜਾ ਹੱਸਦਾ ਹੈ ਕਿ ਅੰਗਰੇਜ਼ੀ ਵਿੱਚ 'ਕੁਰੱਪਸ਼ਨ' ਕਹਿ ਦਿੱਤਾ। ਰਾਜਾ ਜੀ, ਉਨੀ ਕੁ ਹੀ ਅੰਗਰੇਜ਼ੀ ਆਉਂਦੀ ਹੈ, ਜਿੰਨੀ ਕੁ ਮਾੜੀ ਮੋਟੀ ਕਿਤੇ ਬੋਲ ਲਈ ਜਾਂਦੀ ਹੈ, ਜ਼ਿਆਦਾ ਆਉਂਦੀ ਨਹੀਂ, ਇਸੇ ਕਾਰਨ ਮੈਂ ਦੂਜਿਆਂ ਨੂੰ ਕਹਿ ਦਿੰਦਾ ਹਾਂ ਕਿ ਪਲੀਜ਼ ਪੰਜਾਬੀ ਵਿੱਚ ਦੱਸ ਦਿਉ।

ਚੇਅਰਮੈਨ ਸਾਹਿਬ, ਸੋ, ਮੈਂ ਕੁਰੱਪਸ਼ਨ ਫਰੀ ਅਤੇ ਮਾਫ਼ੀਆ ਮੁਕਤ ਪੰਜਾਬ ਬਾਰੇ ਸੰਖੇਪ ਜਿਹੀ ਗੱਲ ਕਰਨੀ ਚਾਹਾਂਗਾ। ਜਿਨ੍ਹਾਂ ਨੇ 10 ਸਾਲ ਰਾਜ ਕੀਤਾ, ਜੋ ਪਹਿਲਾਂ 60 ਦੀ ਗਿਣਤੀ ਵਾਲੇ ਸੀ, ਜੋ ਆਪਣੀਆਂ ਮਾੜੀਆਂ ਕਰਤੂਤਾਂ ਕਾਰਨ ਹੁਣ ਮੇਰੇ ਸੱਜੇ ਹੱਥ ਬੈਠੇ ਹਨ, ਇਨ੍ਹਾਂ ਨੇ ਕੰਮ ਬੜਾ ਕੀਤਾ ਹੈ। ਚੇਅਰਮੈਨ ਸਾਹਿਬ, ਇਨ੍ਹਾਂ ਦਾ 25 ਸਾਲ ਰਾਜ ਕਰਨ ਦਾ ਸੁਪਨਾ ਸੀ, ਉਹ ਪੂਰਾ ਹੋ ਸਕਦਾ ਸੀ। ਜੇ ਇਹ ਮਾੜੇ ਕੰਮ, **** ਕੰਮ ਨਾ ਕਰਦੇ ਤਾਂ ਇਨ੍ਹਾਂ ਦਾ ਰਾਜਭਾਗ 25 ਸਾਲ ਚੱਲ ਸਕਦਾ ਸੀ। ਹੁਣ ਇਹ 60 ਦੀ ਗਿਣਤੀ ਤੋਂ ਘੱਟ ਕੇ 14 ਦੀ ਗਿਣਤੀ ਤੇ ਆ ਗਏ...

**ਸ਼੍ਰੀ ਸਭਾਪਤੀ:** ਬੈਂਸ ਸਾਹਿਬ, ਲੈਂਗੂਏਜ ਥੋੜ੍ਹੀ ਜਿਹੀ ਠੀਕ ਕਰੋ। **** ਲਫਜ਼ ਐਕਸਪੰਜ ਕਰ ਦਿਉ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਕੋਈ ਨਹੀਂ ਜੀ, ਮੈਂ ਵਾਪਸ ਲੈ ਲੈਂਦਾ ਹਾਂ। ਤੁਸੀਂ ਐਕਸਪੰਜ ਕਰਵਾ ਦਿਆ ਕਰੋ। ਜਿੱਥੇ ਕੈਪਟਨ ਅਮਰਿੰਦਰ ਸਿੰਘ ਜੀ ਹੁਣ ਬੈਠੇ ਹਨ, ਇਸ ਬੈਂਚ ਤੇ ਪਹਿਲਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਬਿਰਾਜਮਾਨ ਹੁੰਦੇ ਸੀ, ਇਸ ਹਾਊਸ ਵਿੱਚ ਮੇਰੇ ਕੋਲ 117ਵਾਂ ਬੈਂਚ ਹੈ। ਪਿਛਲੀ ਸਰਕਾਰ ਵੇਲੇ ਵੀ ਇਹੀ ਸੀ। ਪਿਛਲੇ ਵਾਰੀ ਇਸ ਲੋਕਤੰਤਰਿਕ ਟਰੇਨ ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਇੱਕ ਨੰਬਰ ਬੈਂਚ ਤੇ ਹੁੰਦੇ ਸੀ, ਇਸ ਡੈਮੋਕ੍ਰੇਟਿਕ ਟਰੇਨ ਦੇ ਡਰਾਈਵਰ ਬਾਦਲ ਸਾਹਿਬ ਅਤੇ ਮੈਂ ਗਾਰਡ ਹੁੰਦਾ ਸੀ। ਹੁਣ ਇਸ ਦਾ ਡਰਾਈਵਰ ਚੇਂਜ ਹੋ ਗਿਆ, ਕੈਪਟਨ ਸਾਹਿਬ ਆ ਗਏ ਹਨ ਪਰ ਇਸ ਲੋਕਤੰਤਰਿਕ ਰੇਲ ਗੱਡੀ ਦਾ ਗਾਰਡ ਅੱਜ ਵੀ ਮੈਂ ਹੀ ਹਾਂ, ਮੇਰੇ ਕੋਲ 117ਵਾਂ ਬੈਂਚ ਹੈ। ਇਸ ਟਰੇਨ ਦੇ ਡਰਾਈਵਰ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਨੂੰ ਮੈਂ ਬੜੀਆਂ ਵਿਸਲਾਂ ਮਾਰੀਆਂ ਕਿ ਬਾਬਾ ਜੀ ਗੱਡੀ ਲਾਈਨ ਤੋਂ ਲਹਿ ਰਹੀ ਹੈ। ਰਾਜ ਵਿੱਚ ਮਾਫੀਆ ਦੀ ਪਕੜ ਹੈ, ਚਾਹੇ ਉਹ ਰੇਤ ਤੇ ਬਜਰ ਮਾਫੀਆ ਹੋਵੇ, ਚਾਹੇ ਕੇਬਲ ਮਾਫੀਆ ਹੈ, ਚਾਹੇ ਟਰਾਂਸਪੋਰਟ ਮਾਫੀਆ ਹੈ ਅਤੇ ਚਾਹੇ ਨਸ਼ਾ ਮਾਫੀਆ ਹੈ। ਅਜਿਹੀ ਪਵਿੱਤਰ ਧਰਤੀ ਜਿਹੜੀ ਗੁਰੂਆਂ, ਦੇਵੀ-ਦੇਵਤਿਆਂ ਤੇ ਪੀਰਾਂ-ਪੈਗੰਬਰਾਂ ਦੀ ਧਰਤੀ ਹੈ, ਮੈਂ ਉਸ ਤੇ ਚਿੱਟੇ ਦੀ ਗੰਦਗੀ ਦੇ ਬੂਟੇ ਬਾਰੇ ਕਿਹਾ, ਮੈਂ ਬੜੀਆਂ ਵਿਸਲਾਂ ਮਾਰੀਆਂ ਪਰ

** Expunged as ordered by the Chair.

[ਸਰਦਾਰ ਸਿਮਰਜੀਤ ਸਿੰਘ ਬੈਂਸ]
ਬਾਬਾ ਜੀ ਨੇ ਸੁਣੀਆਂ ਨਹੀਂ ਅਤੇ ਗੱਡੀ ਲੀਹ ਤੋਂ ਲਹਿ ਗਈ। ਇਹ 60 ਤੋਂ ਘੱਟ ਕੇ 14 ਦੀ ਗਿਣਤੀ ਤੇ ਇਧਰਲੇ ਪਾਸੇ (ਆਪੋਜ਼ੀਸ਼ਨ ਬੈਂਚਿਜ਼) ਆ ਗਏ ਹਨ। ਹੁਣ ਡਰਾਈਵਰ ਕੈਪਟਨ ਅਮਰਿੰਦਰ ਸਿੰਘ ਜੀ ਹੁਰੀਂ ਹਨ। ਵਾਹਿਗੁਰੂ ਕਿਰਪਾ ਕਰੇ, ਜਿਹੜਾ ਇਹ ਵਾਅਦਾ ਕਰਕੇ ਆਏ ਹਨ, ਮੱਥੇ ਨੂੰ ਗੁਟਕਾ ਸਾਹਿਬ ਲਗਾ ਕੇ ਇਨ੍ਹਾਂ ਨੇ ਜੋ ਸਹੁੰਆਂ ਚੁੱਕੀਆਂ ਸਨ, ਜਿਸ ਦਾ ਰਾਜਪਾਲ ਜੀ ਆਪਣੀ ਸਪੀਚ ਵਿੱਚ ਵਾਰ-ਵਾਰ ਜ਼ਿਕਰ ਕਰਕੇ ਗਏ ਹਨ, ਮੈਂ ਉਨ੍ਹਾਂ ਗੱਲਾਂ ਬਾਰੇ ਵਿਸਥਾਰ ਵਿੱਚ ਤਾਂ ਨਹੀਂ, ਥੋੜ੍ਹਾ ਜਿਹਾ ਟੂਕ ਮਾਤਰ ਬੋਲਣਾ ਚਾਹੁੰਦਾ ਹਾਂ ਕਿਉਂਕਿ ਸਮਾਂ ਬੜਾ ਸੀਮਤ ਹੈ। ਉਹ ਕਹਿ ਕੇ ਗਏ ਹਨ ਕਿ ਮਾਫੀਆ ਮੁਕਤ, corruption free, zero percent tolerance on corruption, ਕਹਿੰਦੇ ਕਿ ਕੁਰੱਪਸ਼ਨ ਲਈ ਕੋਈ ਸਮਝੌਤਾ ਨਹੀਂ ਹੈ। ਪੰਜਾਬੀ ਵਿੱਚ ਹੀ ਮੈਂ ਬੋਲ ਦੇਵਾਂ ਜੀ। ਚੇਅਰਮੈਨ ਸਾਹਿਬ, 'ਮਾਫੀਆ ਮੁਕਤ ਪੰਜਾਬ'? ਅੱਜ ਅਫਸੋਸ ਹੈ ਕਿ ਇਲਲੀਗਲ ਮਾਈਨਿੰਗ ਹੋ ਰਹੀ ਹੈ, ਅਖਬਾਰਾਂ ਦੀ ਇਹ ਰਿਪੋਰਟ ਹੈ ਕਿ ਇਕੱਲੇ ਪਠਾਨਕੋਟ ਵਿੱਚ ਰੋਜ਼ ਦਾ ਪੰਜ ਕਰੋੜ ਰੁਪਏ ਦਾ ਰੇਤ ਤੇ ਬੱਜਰ ਚੋਰੀ ਹੋ ਰਿਹਾ ਹੈ। ਇਕੱਲੇ ਪਠਾਨਕੋਟ ਵਿੱਚ... ! ਚੇਅਰਮੈਨ ਸਾਹਿਬ, ਸਰਕਾਰਾਂ ਬਦਲ ਗਈਆਂ, ਪਗੜੀਆਂ ਦੇ ਰੰਗ ਵੀ ਚੇਂਜ ਹੋ ਗਏ ਅਤੇ ਝੰਡਿਆਂ ਦੇ ਰੰਗ ਵੀ ਚੇਂਜ ਹੋ ਗਏ ਪਰ 21 ਮਹੀਨਿਆਂ ਦੇ ਅਰਸੇ ਵਿੱਚ ਮਾਫੀਆ ਤਬਦੀਲ ਨਹੀਂ ਹੋਇਆ, ਚਾਹੇ ਉਹ ਰੇਤ-ਬੱਜਰੀ ਮਾਫੀਆ ਹੈ, ਚਾਹੇ ਕੇਬਲ ਮਾਫੀਆ ਹੈ, ਚਾਹੇ ਟਰਾਂਸਪੋਰਟ ਮਾਫੀਆ ਹੈ। ਇੱਥੇ ਸਤਿਕਾਰਯੋਗ ਮੰਤਰੀ ਸਾਹਿਬ ਬੈਠੇ ਹਨ ਜਿਹੜੇ ਟਰਾਂਸਪੋਰਟ ਮਹਿਕਮੇ ਦੇ ਵਜ਼ੀਰ ਹਨ। ਮੈਂ ਪਿਛਲੀ ਵਾਰ ਸਰਕਾਰੀ ਬੱਸਾਂ ਵਿੱਚ ਸਵਾਰੀਆਂ ਚੜ੍ਹਾਉਣ ਸਬੰਧੀ ਬੇਨਤੀ ਕੀਤੀ ਸੀ। (ਇਸ ਸਮੇਂ ਟਰਾਂਸਪੋਰਟ ਮੰਤਰੀ ਬੈਠੇ-ਬੈਠੇ ਕੁਝ ਬੋਲ ਰਹੇ ਸੀ।) ਭੈਣ ਜੀ, ਇੱਦਾਂ ਦੀ ਗੱਲ ਨਹੀਂ ਹੈ, ਤੁਸੀਂ ਨਾ ਡਰੋ, ਤੁਹਾਡੇ ਹੱਕ ਦੀ ਗੱਲ ਹੈ। ਜਿਹੜੀਆਂ ਗੱਲਾਂ ਤੁਹਾਡੇ ਹੱਕ ਵਿੱਚ ਹਨ, ਮੈਂ ਉਹੀ ਕਹਾਂਗਾ। ਮੈਂ ਬੇਨਤੀ ਕੀਤੀ ਸੀ ਕਿ ਤੁਸੀਂ ਸਰਕਾਰੀ ਬੱਸਾਂ ਨੂੰ ਸਵਾਰੀਆਂ ਭਰਨ ਵਾਸਤੇ ਦੋ ਮਿੰਟ ਦਿੰਦੇ ਹੋ ਪ੍ਰੰਤੂ ਜਦੋਂ ਟਰਾਂਸਪੋਰਟ ਮਾਫੀਆ ਆ ਜਾਂਦਾ ਹੈ, ਜਿਹੜੀਆਂ ਇੰਡੋ-ਕੈਨੇਡੀਅਨ ਬੱਸਾਂ, ਵਾਲਵੋ ਬੱਸਾਂ, ਉਹ ਪੰਜਾਬ ਦੇ ਵਿੱਚੋਂ ਸ਼ੂਟ ਵੱਟਦੀਆਂ ਸਿੱਧੀਆਂ ਦਿੱਲੀ ਏਅਰਪੋਰਟ ਤੱਕ ਜਾਂਦੀਆਂ ਹਨ, ਪ੍ਰੰਤੂ ਸਾਡੀਆਂ ਸਰਕਾਰੀ ਬੱਸਾਂ ਜਿਵੇਂ ਪੀ.ਆਰ.ਟੀ.ਸੀ. ਤੇ ਪੰਜਾਬ ਰੋਡਵੇਜ਼, ਜਿਨ੍ਹਾਂ ਤੇ ਸਾਡੇ ਪੰਜਾਬ ਦੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਦਾ ਅਰਬਾਂ ਰੁਪਿਆ ਖਰਚ ਹੋਇਆ ਹੈ, ਸਾਡੀ ਸਰਕਾਰ ਦਾ ਪੈਸਾ ਖਰਚ ਹੋਇਆ ਹੈ, ਉਨ੍ਹਾਂ ਬੱਸਾਂ ਨੂੰ ਫੜ ਕੇ ਦਿੱਲੀ ਦੀ ਸਰਕਾਰ ਨੇ ਥਾਣਿਆਂ ਵਿੱਚ ਬੰਦ ਕਰ ਦਿੱਤਾ। ਅਸੀਂ ਕਿਹਾ ਸੀ ਕਿ ਕਿਰਪਾ

ਕਰਕੇ ਟਾਈਮ ਹੀ ਸੈਂਟ ਕਰ ਦਿਉ ਪਰ ਅੱਜ ਵੀ ਟਰਾਂਸਪੋਰਟ ਮਾਫੀਆ ਉਸੇ ਤਰੀਕੇ ਨਾਲ ਪੰਜਾਬ ਵਿੱਚ ਲੁੱਟ ਕਰ ਰਿਹਾ ਹੈ। ਸਰਕਾਰ ਦੀ ਬਦਲੀ ਹੋ ਗਈ ਹੈ, ਇਸ ਡੈਮੋਕ੍ਰੇਟਿਕ ਟਰੇਨ ਦਾ ਡਰਾਈਵਰ ਚੇਂਜ ਹੋ ਗਿਆ ਹੈ। ਮੈਂ ਪਹਿਲੇ ਡਰਾਈਵਰ ਸਾਹਿਬ ਦੀ ਗੱਲ ਕਰਕੇ ਹਟਿਆ ਹਾਂ ਕਿ ਉਨ੍ਹਾਂ ਨੂੰ ਕਿਹਾ ਸੀ ਕਿ ਗੱਡੀ ਲੀਹੋਂ ਲਹਿ ਗਈ ਹੈ। ਅੱਜ ਉਹ 60 ਸੀਟਾਂ ਤੋਂ ਘੱਟ ਕੇ 14 ਤੇ ਆ ਗਏ ਹਨ। ਕੈਪਟਨ ਅਮਰਿੰਦਰ ਸਿੰਘ ਜੀ, ਕਿਰਪਾ ਕਰਕੇ ਪੰਜਾਬ ਦੇ ਅੰਦਰ ਜਿਹੜਾ 'ਮਾਫੀਆ' ਲਫਜ਼ ਹੈ, ਜਿਹੜਾ ਪਿਛਲੇ 10 ਸਾਲਾਂ ਦੇ ਅਰਸੇ ਵਿੱਚ ਪੰਜਾਬ ਵਿੱਚ ਬੜਾ ਪ੍ਰਚਲਿਤ ਹੋਇਆ ਹੈ....

**ਟਰਾਂਸਪੋਰਟ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ):** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ ਜੀ। ਚੇਅਰਮੈਨ ਸਾਹਿਬ, ਮੈਂ ਤੁਹਾਡੀ ਨਾਲੇਜ ਵਿੱਚ ਲਿਆਉਣਾ ਚਾਹੁੰਦੀ ਹਾਂ, ਇੱਥੇ ਹੁਣ ਮੇਰੀ ਭੈਣ ਮਾਣੂਕੇ ਜੀ ਵੀ ਬਹੁਤ ਕੁਝ ਬੋਲ ਕੇ ਗਏ ਹਨ, ਜਦੋਂ ਕਿ ਉਨ੍ਹਾਂ ਦਾ ਬੋਲਣ ਦਾ ਕੋਈ ਹੱਕ ਨਹੀਂ ਹੈ। ਮੈਂ ਪਹਿਲਾਂ ਵੀ ਹਾਊਸ ਵਿੱਚ ਦੱਸ ਚੁੱਕੀ ਹਾਂ ਕਿ ਸਾਡੀਆਂ ਬੱਸਾਂ ਦਿੱਲੀ ਏਅਰਪੋਰਟ ਜਾਣ ਤੋਂ ਰੋਕਣ ਵਾਸਤੇ ਕੀ ਕੁਝ ਕੀਤਾ ਜਾ ਰਿਹਾ ਹੈ, ਸਾਡੀਆਂ ਬੱਸਾਂ ਦਾ ਕਿਰਾਇਆ ਅੱਧਾ ਹੈ ਔਰ ਪ੍ਰਾਈਵੇਟ ਬੱਸਾਂ ਦਾ ਕਿਰਾਇਆ ਜ਼ਿਆਦਾ ਹੈ, ਲੇਕਿਨ ਇਨ੍ਹਾਂ ਦੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਸਰਕਾਰ ਦੇ ਨਾਲ ਰਲ਼ ਕੇ, ਉਨ੍ਹਾਂ ਪ੍ਰਾਈਵੇਟ ਬੱਸਾਂ ਦੇ ਡਰਾਈਵਰਜ਼ ਨਾਲ ਰਲ਼ ਕੇ, ਸਾਡੀਆਂ ਸਰਕਾਰੀ ਬੱਸਾਂ ਨੂੰ ਰੋਕਿਆ ਜਾ ਰਿਹਾ ਹੈ। ਅੱਜ ਤੱਕ ਦੋ ਮਹੀਨੇ ਹੋ ਗਏ ਹਨ, ਅਸੀਂ ਕਾਫ਼ੀ ਮੀਟਿੰਗਜ਼ ਕਰ ਚੁੱਕੇ ਹਾਂ, ਸਾਡਾ ਜਿਹੜਾ ਸਟਾਫ ਹੈ, ਅਸੀਂ ਸੈਕਟਰੀ ਲੈਵਲ ਤੱਕ ਗੱਲ ਕਰ ਚੁੱਕੇ ਹਾਂ ਲੇਕਿਨ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਆਇਆ। ਮੈਂ ਜਿਹੜੇ ਉਥੋਂ ਦੇ ਮੰਤਰੀ ਹਨ, ਉਨ੍ਹਾਂ ਨੂੰ ਲਾਈਨ ਤੇ ਲਿਆਉਣ ਵਾਸਤੇ ਦੋ ਦਿਨ ਲਗਾਤਾਰ ਕੋਸ਼ਿਸ਼ ਕਰਦੀ ਰਹੀ ਹਾਂ। ਉਨ੍ਹਾਂ ਦਾ ਪੀ.ਏ ਕਹਿੰਦਾ ਹੈ ਕਿ ਮੈਂ ਹੁਣੇ ਗੱਲ ਕਰਵਾਉਂਦਾ ਹਾਂ, ਹੁਣੇ ਕਰਵਾਉਂਦਾ ਹਾਂ, ਲੇਕਿਨ ਉਹ ਅੱਜ ਤੱਕ ਲਾਈਨ ਤੇ ਨਹੀਂ ਆਏ ਹਨ। ਇਹ ਬੜੇ ਅਫਸੋਸ ਦੀ ਗੱਲ ਹੈ। ਇਹ ਠੀਕ ਹੈ ਕਿ ਇੱਥੇ 10 ਸਾਲ ਤੱਕ ਮਾਫੀਆ ਰਾਜ ਚੱਲ ਰਿਹਾ ਸੀ ਅਤੇ ਬਹੁਤ ਕੁਝ ਸਿੱਧਾ ਕਰਨ ਦੀ ਜ਼ਰੂਰਤ ਹੈ। ਲੇਕਿਨ ਪੂਰੇ ਇੰਨ-ਬਿੰਨ ਸਹੀ ਤਰੀਕੇ ਨਾਲ ਟਰਾਂਸਪੋਰਟ ਪਾਲਿਸੀ ਲਾਗੂ ਹੋਵੇਗੀ। ਜਿਹੜੇ ਪਰਮਿਟ ਕੈਂਸਲ ਹੋਏ ਸੀ, ਉਹ ਕੈਂਸਲ ਹੋਣਗੇ, ਅਸੀਂ ਸਖਤੀ ਨਾਲ ਡੀਲ ਕਰਾਂਗੇ। ਸਾਡਾ ਕੋਰਟ ਵਿੱਚ ਕੇਸ ਚੱਲ ਰਿਹਾ ਹੈ। 12 ਮਾਰਚ ਨੂੰ ਕੋਰਟ ਵਿੱਚ ਕੇਸ ਲੱਗਿਆ ਹੋਇਆ ਹੈ। ਉਸ ਨੂੰ ਅਸੀਂ ਪੂਰਾ ਫਾਈਟ ਕਰਨ ਵਿੱਚ ਲੱਗੇ ਹੋਏ ਹਾਂ। ਇਸ ਤੇ ਮੈਨੂੰ ਪੂਰੀ ਆਸ ਹੈ ਕਿ ਜਿਹੜੀ ਸਟੇਅ ਕੀਤੀ ਹੋਈ ਹੈ, ਉਹ ਟੁੱਟ ਜਾਵੇਗੀ। ਸਾਨੂੰ ਪੂਰੀ ਉਮੀਦ ਹੈ ਕਿ ਇਸ

[ਟਰਾਂਸਪੋਰਟ ਮੰਤਰੀ]
ਤੇ ਬਹੁਤ ਵੱਡਾ ਫੈਸਲਾ ਆ ਜਾਵੇਗਾ। ਬੱਸਾਂ ਬਾਰੇ ਜਿਹੜੇ ਟਾਈਮ ਟੇਬਲ ਦੀ ਤੁਸੀਂ ਵਾਰ-ਵਾਰ ਗੱਲ ਕਰਦੇ ਹੋ, ਪੂਰੇ ਪੰਜਾਬ ਦੇ 37 ਟਾਈਮ ਟੇਬਲਾਂ ਦੇ ਵਿੱਚੋਂ 22 ਟਾਈਮ ਟੇਬਲ ਪੂਰੀ ਸਹਿਮਤੀ ਦੇ ਨਾਲ ਅਪਰੂਵ ਹੋ ਗਏ ਹਨ ਅਤੇ ਬਾਕੀ ਵੀ ਛੇਤੀ ਕਰ ਦਿੱਤੇ ਜਾਣਗੇ। ਸਾਰੇ ਹੀ ਪੰਜਾਬ ਦੇ ਵਿੱਚ ਪ੍ਰਾਈਵੇਟ ਅਤੇ ਸਰਕਾਰੀ ਬੱਸਾਂ ਨੂੰ ਬਰਾਬਰ ਦਾ ਟਾਈਮ ਦਿੱਤਾ ਜਾਵੇਗਾ। ਇਹ ਸਾਡੀ ਸਰਕਾਰ ਦੀ ਬਹੁਤ ਵੱਡੀ ਅਚੀਵਮੈਂਟ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਮੈਂ 'ਮਾਫੀਆ' ਸ਼ਬਦ ਬਾਰੇ ਦੱਸ ਰਿਹਾ ਸੀ।

**ਸਰਦਾਰ ਹਰਪਾਲ ਸਿੰਘ ਚੀਮਾ:** ਮਾਨਯੋਗ ਸਭਾਪਤੀ ਜੀ, ਇੱਕ ਮਿੰਟ, ਮੈਂ ਵੀ ਕਲੈਰੀਫਿਕੇਸ਼ਨ ਕਰਨੀ ਸੀ।

**ਸ਼੍ਰੀ ਸਭਾਪਤੀ:** ਹਾਂ ਜੀ, ਦੱਸੋ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਮੰਤਰੀ ਸਾਹਿਬਾ ਨੇ ਦੋਸ਼ ਲਗਾਇਆ ਹੈ ਕਿ ਜਿਹੜੇ ਦਿੱਲੀ ਸਰਕਾਰ ਦੇ ਮਨਿਸਟਰ ਹਨ, ਉਹ ਮਿਲਦੇ ਨਹੀਂ ਹਨ। ਮੈਂ ਮੰਤਰੀ ਸਾਹਿਬ ਨੂੰ ਹਾਊਸ ਦੇ ਵਿੱਚ ਵਿਸ਼ਵਾਸ ਦਿਵਾਉਂਦਾ ਹਾਂ ਕਿ ਕੱਲ੍ਹ ਨੂੰ ਇਹ ਚੱਲਣ, ਮੈਂ ਕੱਲ੍ਹ ਨੂੰ ਬਗੈਰ ਟਾਈਮ ਲਏ ਹੀ ਇਨ੍ਹਾਂ ਦੀ ਮੀਟਿੰਗ ਉਥੋਂ ਦੇ ਸੀ.ਐਮ. ਸਾਹਿਬ ਨਾਲ ਕਰਵਾਵਾਂਗਾ। ਸਰ, ਉਥੇ ਮਾਨਯੋਗ ਸੁਪਰੀਮ ਕੋਰਟ ਦੇ ਆਰਡਰ ਹਨ ਕਿ ਜਿਹੜੀਆਂ ਡੀਜ਼ਲ ਵਾਲੀਆਂ ਬੱਸਾਂ ਹਨ, ਉਹ ਆਈ.ਐਸ.ਬੀ.ਟੀ. ਤੱਕ ਜਾ ਸਕਦੀਆਂ ਹਨ, ਉਸ ਤੋਂ ਅੱਗੇ ਨਹੀਂ ਜਾ ਸਕਦੀਆਂ । ਇਹ ਬਿਲਕੁਲ ਝੂਠ ਬੋਲ ਰਹੇ ਹਨ। ਇਨ੍ਹਾਂ ਨੇ ਕੋਈ ਇਸ ਦਾ ਏਜੰਡਾ ਅਤੇ ਇਸ ਬਾਰੇ ਕੁਝ ਵੀ ਤਿਆਰ ਨਹੀਂ ਕੀਤਾ । ਸਰ, ਉਥੇ ਸੁਪਰੀਮ ਕੋਰਟ ਦੇ ਆਰਡਰਜ਼ ਹਨ। ਉਥੇ ਸੀ.ਐਨ.ਜੀ. ਦੀਆਂ ਬੱਸਾਂ ਚੱਲਦੀਆਂ ਹਨ, ਉਥੇ only CNG Buses ਚੱਲਦੀਆਂ ਹਨ। (ਵਿਘਨ)(ਸ਼ੋਰ)

**ਟਰਾਂਸਪੋਰਟ ਮੰਤਰੀ:** ਮੇਰੀ ਇੱਕ ਗੱਲ ਦਾ ਜਵਾਬ ਦਿੱਤਾ ਜਾਵੇ। ਜਿਹੜੇ ਪਰਮਿਟ ਸਾਡੇ ਕੋਲ ਹਨ, ਉਹੀ ਪ੍ਰਾਈਵੇਟ ਬੱਸਾਂ ਵਾਲਿਆਂ ਕੋਲ ਹਨ। ਉਨ੍ਹਾਂ ਦੀਆਂ ਬੱਸਾਂ ਕਿਉਂ ਜਾ ਰਹੀਆਂ ਹਨ? ਸਾਡੀਆਂ ਕਿਉਂ ਰੋਕੀਆਂ ਜਾ ਰਹੀਆਂ ਹਨ? ਮੈਨੂੰ ਇਸ ਗੱਲ ਦਾ ਜਵਾਬ ਦਿਓ। (ਵਿਘਨ)

**ਸ਼੍ਰੀ ਸਭਾਪਤੀ:** ਬੈਂਸ ਸਾਹਿਬ, ਤੁਸੀਂ ਕਨਕਲੂਡ ਕਰ ਲਓ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਹਾਂ ਜੀ, ਸਰ, ਮੈਂ ਕਰਨ ਲੱਗਾ ਹਾਂ। ਸਰ, ਜਿਹੜੀ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਗੱਲ ਕੀਤੀ ਹੈ, ਉਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇੰਡੋ-ਕੈਨੇਡੀਅਨ ਬੱਸ ਸਰਵਿਸ ਹੈ ਜੀ, ਉਹ

ਵੀ ਸੀ.ਐਨ.ਜੀ. ਤੇ ਨਹੀਂ ਹੈ, ਉਹ ਡੀਜ਼ਲ ਤੇ ਹੀ ਹੈ। ਕਿਰਪਾ ਕਰਕੇ ਕੇਜਰੀਵਾਲ ਸਾਹਿਬ ਨੂੰ ਬੇਨਤੀ ਕਰ ਲਓ, ਅਸੀਂ ਵੀ ਸਾਰੇ ਨਾਲ ਚੱਲ ਪਵਾਂਗੇ ਤਾਂ ਕਿ PRTC and Roadways ਦੀਆਂ Volvo Buses ਬੱਸਾਂ ਵੀ ਏਅਰਪੋਰਟ ਤੱਕ ਜਾਣ। ਕਿਉਂਕਿ Indo Canadian 3200 ਰੁਪਿਆ ਲੈਂਦੀ ਹੈ ਤੇ ਸਰਕਾਰੀ ਬੱਸ 900 ਰੁਪਿਆ ਲੈਂਦੀ ਹੈ ਜੀ। ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬ ਦੇ ਅੰਦਰ Captain Amarinder Singh ਜੀ ਨੇ ਸਾਲ 2017 ਦੇ ਵਿੱਚ ਸਦਨ ਦੇ ਵਿੱਚ ਪਵਿੱਤਰ ਗੁਟਕਾ ਸਾਹਿਬ ਮੱਥੇ ਨੂੰ ਲਾਉਂਦੇ ਹੋਏ ਸਹੁੰ ਚੁੱਕੀ ਸੀ ਕਿ ਚਾਰ ਹਫਤਿਆਂ ਦੇ ਵਿੱਚ ਨਸ਼ਾ ਖਤਮ ਹੋ ਜਾਵੇਗਾ।

(ਇੱਕ ਆਵਾਜ਼: ਲੱਕ ਤੋੜਨ ਦੇ ਬਾਰੇ ਕਿਹਾ ਸੀ)

**ਸਰਦਾਰ ਸਿਮਰਜੀਤ ਸਿੰਘ ਬੈਂਸ:** ਠੀਕ ਹੈ ਜੀ, ਨਸ਼ੇ ਦਾ ਲੱਕ ਤੋੜਨ ਵਾਸਤੇ ਸੀ।

**ਸ਼੍ਰੀ ਸਭਾਪਤੀ:** ਬੈਂਸ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ। ਵਾਈਂਡ ਅੱਪ ਕਰ ਲਓ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਨਸ਼ੇ ਦਾ ਲੱਕ ਤੋੜਨ ਵਾਸਤੇ ਬੜਾ ਬੋਲਡ ਸਟੈੱਪ ਲਿਆ, ਐਸ.ਟੀ.ਐਫ. ਬਣਾ ਦਿੱਤੀ, ਸ਼੍ਰੀ ਹਰਪ੍ਰੀਤ ਸਿੰਘ, ਆਈ.ਪੀ.ਐਸ. ਨੂੰ ਚੀਫ ਲਗਾ ਦਿੱਤਾ। ਜਿਹੜੇ ਸ਼੍ਰੀ ਹਰਪ੍ਰੀਤ ਸਿੱਧੂ ਇਨ੍ਹਾਂ ਨੇ ਐਸ.ਟੀ.ਐਫ ਦੇ ਚੀਫ ਲਗਾਏ ਸਨ, ਉਨ੍ਹਾਂ ਦੀ ਸੀ.ਐਮ ਸਾਹਿਬ ਨੂੰ ਡਾਇਰੈਕਟ ਰਿਪੋਰਟਿੰਗ ਸੀ। ਪਤਾ ਨਹੀਂ ਕਿਹੋ ਜਿਹੇ ਹਾਲਾਤ ਬਣੇ। ਉਨ੍ਹਾਂ ਨੇ ਆਪਣੀ ਇੱਕ ਰਿਪੋਰਟ ਪੂਰੀ ਤਫਤੀਸ਼ ਡਿਟੇਲ ਦੇ ਵਿੱਚ ਦਿੱਤੀ। ਹੁਣ ਫੜਿਆ ਕਿਸ ਨੂੰ ਜਾ ਰਿਹਾ ਹੈ, ਕੋਈ ਅੱਧਾ ਗਰਾਮੀ ਨਸ਼ੇ ਵਾਲਾ ਫੜ ਲਿਆ, ਕੋਈ ਇੱਕ ਗਰਾਮੀ ਵਾਲਾ ਫੜ ਲਿਆ, ਖਾਨਾਪੂਰਤੀ ਕੀਤੀ ਜਾਂਦੀ ਹੈ। ਜਿਹੜੀ ਉਸ ਰਿਪੋਰਟ ਦੇ ਵਿੱਚ ਇਸੇ ਕਾਂਗਰਸ ਹਕੂਮਤ ਦੇ ਸੀਨੀਅਰ ਵਜ਼ੀਰ ਨੇ ਪੱਤਰਕਾਰਾਂ ਨੂੰ ਨਾਮ ਪੜ੍ਹ ਕੇ ਸੁਣਾਏ, ਉਨ੍ਹਾਂ ਦੇ ਉੱਤੇ ਕੈਪਟਨ ਸਾਹਿਬ ਕਾਰਵਾਈ ਕਦੋਂ ਹੋਵੇਗੀ?

**ਸ਼੍ਰੀ ਸਭਾਪਤੀ:** ਬੈਂਸ ਸਾਹਿਬ, ਵਾਈਂਡ-ਅੱਪ ਕਰ ਲਓ। ਟਾਈਮ ਓਵਰ ਹੋ ਗਿਆ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਚੇਅਰਮੈਨ ਸਾਹਿਬ, ਉਹੀ ਬੰਦੇ ਜਿਨ੍ਹਾਂ ਦੇ ਨਾਮ ਐਸ.ਟੀ.ਐਫ. ਦੀ ਰਿਪੋਰਟ ਦੇ ਵਿੱਚ ਆਏ, ਉਹ ਸਾਹਮਣੇ ਖੜ੍ਹ ਕੇ ਪੱਟਾਂ ਤੇ ਥਾਪੀਆਂ ਮਾਰ-ਮਾਰ ਕੇ ਬੋਲਦੇ ਹਨ। ਸੋ, ਚੇਅਰਮੈਨ ਸਾਹਿਬ, ਮੇਰੀ ਤੁਹਾਡੇ ਜ਼ਰੀਏ ਕੈਪਟਨ ਸਾਹਿਬ ਨੂੰ ਬੇਨਤੀ ਹੈ ਕਿ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਪੰਜਾਬ ਦੇ 4-4, 5-5 ਨੌਜਵਾਨ drugs overdose ਦੇ ਨਾਲ ਰੋਜ਼ ਮਰ ਰਹੇ ਹਨ। ਮੇਰੀ ਬੇਨਤੀ

ਹੈ ਕਿ ਜਿਹੜੇ ਵੱਡੇ ਮਗਰਮੱਛ ਹਨ, ਉਨ੍ਹਾਂ ਦੇ ਕੇਸ ਤਿਆਰ ਕਰਕੇ ਅਦਾਲਤ ਨੂੰ ਦਿਓ ਤਾਂ ਕਿ ਉਨ੍ਹਾਂ ਨੂੰ ਆਪਣੇ ਮਾੜੇ ਕੀਤੇ ਕੰਮਾਂ ਦੀ ਸਜ਼ਾ ਮਿਲੇ । ਚੇਅਰਮੈਨ ਸਾਹਿਬ, ਪੰਜਾਬ ਨੂੰ corruption free ਕਰਨਾ ਸੀ। ਮੈਂ ਇੱਕ ਉਦਾਹਰਣ ਦੇਣੀ ਹੈ, ਅੱਧਾ ਮਿੰਟ ਹੀ ਲੱਗਣਾ ਹੈ। ਮੇਰੇ ਕੋਲ ਇੱਕ ਕੇਸ ਆਇਆ ਜਿਹੜੇ MD, Cooperative Bank, Mr. S.K.Batish ਹਨ ਜਿਨ੍ਹਾਂ ਦੇ ਉੱਤੇ ਗਬਨ ਦੇ ਦੋਸ਼ ਲੱਗੇ, ਇਹ ਪਨਕੋਫੈੱਡ ਦੇ ਐਮ.ਡੀ. ਦੀ ਰਿਪੋਰਟ ਬੋਲਦੀ ਹੈ, ਮੈਂ 'ਬੈਂਸ' ਨਹੀਂ ਬੋਲਦਾ, 147 ਲੱਖ ਦਾ ਗਬਨ ਉਸ ਰਿਪੋਰਟ ਵਿੱਚ ਆ ਗਿਆ ਪਰ ਬੈਂਕ ਦੇ ਸਤਿਕਾਰਯੋਗ ਐਮ.ਡੀ. ਨੇ ਇੱਕ ਸਾਲ ਦੀ ਐਕਸਟੈਂਸ਼ਨ ਲੈ ਲਈ। ਕੈਪਟਨ ਸਾਹਿਬ, ਇਸ ਦਾ ਮਤਲਬ ਕਿ ਕੁਰੱਪਸ਼ਨ ਕਰਨ ਵਾਲਿਆਂ ਨੂੰ ਇਨਾਮ ਦਿੱਤਾ ਜਾ ਰਿਹਾ ਹੈ। ਇਹ ਰਿਪੋਰਟ ਸਬੰਧਿਤ ਵਜ਼ੀਰ ਸਾਹਿਬ ਕੋਲ ਪੈਂਡਿੰਗ ਪਈ ਹੈ। ਇਸ ਰਿਪੋਰਟ ਵਿੱਚ ਇਸ ਅਫ਼ਸਰ ਤੋਂ ਇਲਾਵਾ ਦੀਪਕ ਮੰਡ, ਮਨੇਸ਼ਵਰ ਚੰਦਰ, ਤਜਿੰਦਰ ਵਿਰਦੀ, ਗੁਰਦਿਆਲ ਸਿੰਘ ਦੇ ਨਾਮ ਆਏ ਹਨ। ਇਨਕੁਆਰੀ ਰਿਪੋਰਟ ਬਣ ਗਈ, ਜਿਨ੍ਹਾਂ ਨੇ ਇੰਨਾ ਵੱਡਾ ਗਬਨ ਕੀਤਾ, ਇਸ ਤੋਂ ਬਾਅਦ ਉਸ ਬੰਦੇ ਨੂੰ ਇਨਾਮ ਦੇ ਤੌਰ ਤੇ ਇੱਕ ਸਾਲ ਦੀ ਐਕਸਟੈਂਸ਼ਨ ਦਿੱਤੀ ਗਈ।

**ਸ਼੍ਰੀ ਸਭਾਪਤੀ :** ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ।)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ, ਦਾ ਮਾਈਕ ਬੰਦ ਹੋ ਗਿਆ ਸੀ ਪਰੰਤੂ ਉਹ ਫਿਰ ਵੀ ਸਪੀਚ ਕਰਦੇ ਰਹੇ। ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਸਭਾਪਤੀ :** ਹਾਂ ਜੀ, ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ...... (ਵਿਘਨ) (ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ) :** ਧੰਨਵਾਦ ਸਭਾਪਤੀ ਜੀ, ਤੁਸੀਂ ਮੈਨੂੰ ਗਵਰਨਰ ਐਡਰੈੱਸ ਤੇ ਬੋਲਣ ਦਾ ਮੌਕਾ ਦਿੱਤਾ ਹੈ.....(ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਸ਼੍ਰੀ ਅਮਨ ਅਰੋੜਾ ਅਤੇ ਸਰਦਾਰ ਹਰਪਾਲ ਸਿੰਘ ਚੀਮਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ, ਬਿਨਾਂ ਆਗਿਆ ਤੋਂ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪ੍ਰੰਤੂ ਸਦਨ ਵਿੱਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਸਭਾਪਤੀ :** ਬੀਬੀ ਜੀ, ਤੁਸੀਂ ਬੋਲ ਤਾਂ ਲਿਆ ਹੈ, ਉਨ੍ਹਾਂ ਨੇ ਵੀ ਆਪਣਾ ਬੋਲ ਲਿਆ ਹੈ। (ਵਿਘਨ) (ਸ਼ੋਰ) ਚੀਮਾ ਜੀ, ਤੁਸੀਂ ਬਾਅਦ ਵਿੱਚ ਬੋਲਣਾ ਹੈ। ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ। (ਵਿਘਨ) (ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਚੇਅਰਮੈਨ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦੀ ਹਾਂ ਕਿ ਮੰਤਰੀ ਸਾਹਿਬ ਨੇ ਗੱਲ ਕੀਤੀ ਕਿ ਮੇਰਾ ਤਾਂ ਕਹਿਣ ਦਾ ਹੱਕ ਨਹੀਂ ਬਣਦਾ ਸੀ। ਮੈਂ ਪੰਜਾਬ ਦੀ ਧੀ ਹਾਂ, ਪੰਜਾਬ ਵਿੱਚ ਜੰਮੀ ਪਲੀ ਹਾਂ.......

**ਸ਼੍ਰੀ ਸਭਾਪਤੀ :** ਰੋੜੀ ਸਾਹਿਬ ਨੂੰ ਬੋਲ ਲੈਣ ਦਿਉ। (ਵਿਘਨ) (ਸ਼ੋਰ) ਜੈ ਕ੍ਰਿਸ਼ਨ ਸਿੰਘ ਰੋੜੀ ਜੀ.... ਬੈਂਸ ਸਾਹਿਬ, ਤੁਹਾਡੀ ਸਾਰੀ ਗੱਲ ਆ ਗਈ ਹੈ। (ਵਿਘਨ) (ਸ਼ੋਰ) .........ਅਮਨ ਜੀ, ਸਾਰੀ ਗੱਲ ਹੋ ਗਈ ਹੈ, ਸਾਰਾ ਪੁਆਇੰਟ ਆ ਗਿਆ ਹੈ। ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ, ਤੁਸੀਂ ਸ਼ੁਰੂ ਕਰੋ।..... ਬੈਂਸ ਸਾਹਿਬ, ਤੁਹਾਡਾ ਕਨਕਲੂਡ ਹੋ ਗਿਆ ਹੈ। (ਵਿਘਨ) (ਸ਼ੋਰ) ਸ਼੍ਰੀ ਅਮਨ ਅਰੋੜਾ ਜੀ, ਤੁਹਾਡੀ ਲਿਸਟ ਆਈ ਹੈ, ਉਸ ਦੇ ਮੁਤਾਬਕ ਹੀ ਤੁਹਾਨੂੰ ਟਾਈਮ ਦੇ ਰਹੇ ਹਾਂ..... ਤੁਸੀਂ ਆਪਣੇ ਮੈਂਬਰ ਨੂੰ ਹੀ ਬੋਲਣ ਨਹੀਂ ਦੇ ਰਹੇ। ਹਾਂ ਜੀ, ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਚੇਅਰਮੈਨ ਸਾਹਿਬ, ਧੰਨਵਾਦ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਚੇਅਰਮੈਨ ਸਾਹਿਬ, ਮੈਨੂੰ ਅੱਧਾ ਮਿੰਟ ਦੇ ਦਿਉ ਜੀ।

**ਸ਼੍ਰੀ ਸਭਾਪਤੀ :** ਬੈਂਸ ਸਾਹਿਬ ਜੀ, ਹੋ ਗਿਆ। ਧੰਨਵਾਦ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ) :** ਚੇਅਰਮੈਨ ਸਾਹਿਬ, ਧੰਨਵਾਦ ਕਿ ਤੁਸੀਂ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ। ਜਦੋਂ ਸਾਨੂੰ ਇਸ ਪਵਿੱਤਰ ਸਦਨ ਵਿੱਚ ਪੰਜਾਬ ਦੇ ਲੋਕਾਂ ਨੇ, ਆਪਣੇ ਹਲਕੇ ਦੇ ਲੋਕਾਂ ਨੇ ਭੇਜਿਆ ਤਾਂ ਸਾਡੇ ਮਨ ਵਿੱਚ ਇੱਕ ਜਜ਼ਬਾ ਸੀ, ਇੱਕ ਇਰਾਦਾ ਸੀ ਕਿ ਅਸੀਂ ਆਪਣੇ ਹਲਕੇ ਦੀਆਂ ਗੱਲਾਂ ਇਸ ਪਵਿੱਤਰ ਸਦਨ ਵਿੱਚ ਡਿਸਕਸ ਕਰਾਂਗੇ ਪਰ ਮਨ ਨੂੰ ਦੁੱਖ ਅਤੇ ਅਫਸੋਸ ਹੈ ਕਿ ਇਸ ਸਦਨ ਵਿੱਚ ਪਿਛਲੇ ਦੋ ਸਾਲ ਤੋਂ ਅਸੀਂ ਤੂੰ-ਤੂੰ ਮੈਂ-ਮੈਂ ਦੇਖ ਰਹੇ ਹਾਂ। ਮੈਂ ਸਮਝਦਾ ਹਾਂ ਕਿ ਕਿਸੇ ਨੂੰ ਮਾੜਾ ਕਹਿ ਕੇ ਆਪਾਂ ਆਪ ਚੰਗੇ ਨਹੀਂ ਬਣ ਸਕਦੇ। ਸਾਨੂੰ ਆਪਣੇ ਬਾਰੇ ਦੱਸਣਾ ਚਾਹੀਦਾ ਹੈ ਕਿ ਅਸੀਂ ਕੀ ਕਰਨਾ ਚਾਹੁੰਦੇ ਹਾਂ। ਅੱਜ ਆਪਣੇ ਪੰਜਾਬ ਬਾਰੇ ਸੋਚੀਏ, ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਅਸੀਂ ਹਰ ਖਿੱਤੇ ਵਿੱਚ ਅੱਗੇ ਹਾਂ, ਅਸੀਂ ਕੁਰਬਾਨੀਆਂ ਵਿੱਚ ਅੱਗੇ ਹਾਂ, ਅਸੀਂ ਧਾਰਮਿਕ ਲੋਕਾਂ ਵਿੱਚ ਆਉਂਦੇ ਹਾਂ, ਅਸੀਂ ਰੱਬ ਨੂੰ ਮੰਨਣ ਵਾਲਿਆਂ ਵਿੱਚ ਅੱਗੇ ਹਾਂ। ਜੇਕਰ ਇਤਿਹਾਸ ਵਿੱਚ ਝਾਤੀ ਮਾਰੀਏ, ਕੋਈ

[ਸਰਦਾਰ ਜੈ ਕ੍ਰਿਸ਼ਨ ਸਿੰਘ]

4500 ਸਾਲ ਪਹਿਲਾਂ ਜਿਹੜੀਆਂ ਸੱਭਿਅਤਾਵਾਂ ਲੁਪਤ ਹੋਈਆਂ ਹਨ, ਉਨ੍ਹਾਂ ਦੇ ਕੁਝ ਕਾਰਨ ਰਹੇ ਹਨ। ਜੇਕਰ ਅਸੀਂ ਦੇਖਦੇ ਹਾਂ ਕਿ ਉਹ ਕਿੰਨੀਆਂ ਵਿਕਸਤ ਸਨ, ਉਨ੍ਹਾਂ ਵਿੱਚ ਕਿਹੜੀਆਂ-ਕਿਹੜੀਆਂ ਸੁਵਿਧਾਵਾਂ ਲੋਕਾਂ ਨੂੰ ਮਿਲਦੀਆਂ ਸਨ ਤਾਂ ਪਤਾ ਲੱਗਦਾ ਹੈ ਕਿ ਉਹ ਸਾਡੇ ਤੋਂ ਬਹੁਤ ਐਡਵਾਂਸ ਸਨ। ਪਰ ਜਦੋਂ ਉਹ ਲੁਪਤ ਹੋਈਆਂ, ਮੈਂ ਸਮਝਦਾ ਹਾਂ ਕਿ ਉਸ ਦਾ ਸਭ ਤੋਂ ਪਹਿਲਾ ਕਾਰਨ ਸੀ ਕਿ ਉਨ੍ਹਾਂ ਦਾ ਪਾਣੀ ਖਤਮ ਹੋ ਗਿਆ ਸੀ। ਮੈਂ ਹੁਣ ਪੰਜਾਬ ਦੇ ਪਾਣੀ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਅੱਜ ਅਸੀਂ ਇਸ ਪਵਿੱਤਰ ਸਦਨ ਵਿੱਚ ਗਵਰਨਰ ਸਾਹਿਬ ਤੋਂ ਜੋ ਮਰਜ਼ੀ ਕਹਾਈ ਜਾਈਏ ਕਿ ਪੰਜਾਬ ਦੇ ਪਾਣੀਆਂ ਲਈ ਅਸੀਂ ਇਹ ਕਰ ਰਹੇ ਹਾਂ ਪਰ ਸੱਚਾਈ ਇਹ ਹੈ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਅੱਜ 1200 ਫੁੱਟ ਡੂੰਘਾ ਜਾ ਰਿਹਾ ਹੈ। ਸਾਡੀਆਂ ਆਉਣ ਵਾਲੀਆਂ ਨਸਲਾਂ ਇੱਕ-ਇੱਕ ਚਮਚਾ ਪਾਣੀ ਨੂੰ ਤਰਸਣਗੀਆਂ। ਅੱਜ ਜਦੋਂ ਅਸੀਂ ਉਸ ਸਮੇਂ ਦੀਆਂ ਗੱਲਾਂ ਦੇਖਦੇ ਹਾਂ ਕਿ ਉਸ ਸਮੇਂ ਦੀਆਂ ਸੱਭਿਅਤਾਵਾਂ ਲੁਪਤ ਕਿਉਂ ਹੋਈਆਂ? ਉਸ ਸਮੇਂ ਲੋਕ ਖਤਮ ਕਿਉਂ ਹੋਏ? ਇਸ ਦਾ ਵੱਡਾ ਕਾਰਨ ਸੀ ਕਿ ਉਸ ਸਮੇਂ ਦੇ ਲੋਕਾਂ ਨੂੰ ਬਿਮਾਰੀ ਲੱਗੀ। ਚੇਅਰਮੈਨ ਸਾਹਿਬ, ਬਿਮਾਰੀਆਂ ਦੇ ਕਾਰਨ ਉਹ ਸੱਭਿਅਤਾਵਾਂ ਲੁਪਤ ਹੋਈਆਂ। ਅੱਜ ਸਵੇਰ ਤੋਂ ਸਦਨ ਵਿੱਚ ਵੇਖ ਰਹੇ ਹਾਂ ਕਿ ਕੋਈ ਕਹਿ ਰਿਹਾ ਹੈ ਕਿ ਪੰਜਾਬ ਵਿੱਚ ਸਵਾਈਨ ਫਲੂ ਦੇ ਨਾਲ 50 ਮੌਤਾਂ ਹੋਈਆਂ ਹਨ। ਉਸ ਦੇ ਨਾਲ ਹੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਗੈਰ ਸਰਕਾਰੀ ਅੰਕੜੇ ਹਨ ਕਿ 500 ਲੋਕ ਇਸ ਬਿਮਾਰੀ ਕਾਰਨ ਮਰੇ ਹਨ।

*2.15 ਵਜੇ ਬਾਅਦ ਦੁਪਹਿਰ } (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਪਰ ਸੱਚਾਈ ਦੇਖਣ ਵਿੱਚ ਆਉਂਦੀ ਹੈ ਕਿ ਨਸ਼ੇ ਦੇ ਨਾਲ ਵੀ ਲੋਕ ਮਰ ਰਹੇ ਹਨ, ਸਾਡੇ ਨੌਜਵਾਨ ਨਸ਼ੇ ਦੇ ਟੀਕੇ ਲਗਾ ਕੇ ਅੱਜ ਏਡਜ਼ ਵਰਗੀਆਂ ਬਿਮਾਰੀਆਂ ਤੋਂ ਪੀੜਤ ਹਨ। ਜੇ ਅਸੀਂ ਅੰਮ੍ਰਿਤਸਰ ਜਾ ਕੇ ਵੇਖੀਏ ਜਿੱਥੇ ਸਿਫਤੀ ਦਾ ਘਰ ਹੈ, ਉੱਥੇ ਪੂਰੇ ਮੁਹੱਲੇ ਵਿੱਚ ਔਰਤਾਂ ਚਿੱਟੀਆਂ ਚੁੰਨੀਆਂ ਲੈ ਕੇ ਬੈਠੀਆਂ ਹਨ। ਅੱਜ ਸਾਡੇ ਨੌਜਵਾਨ ਨਾਲੀਆਂ ਵਿੱਚ ਡਿੱਗੇ ਹੋਏ ਮਿਲਦੇ ਹਨ, ਮੈਨੂੰ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਾਡੇ ਕੋਲ ਉੰਨੇ ਮੋਢੇ ਨਹੀਂ ਹੋਣੇ ਜਿੰਨੀਆਂ ਉਨ੍ਹਾਂ ਦੀਆਂ ਅਰਥੀਆਂ ਹੋਣਗੀਆਂ। ਪਹਿਲੇ ਸਮੇਂ ਵਿੱਚ ਚੀਨ ਵਿੱਚੋਂ ਅਤੇ ਕੁੱਲ ਦੁਨੀਆਂ ਵਿੱਚੋਂ ਲੋਕ ਪੰਜਾਬ ਵਿੱਚ ਤੇ ਭਾਰਤ ਵਿੱਚ ਪੜ੍ਹਨ ਆਉਂਦੇ ਸਨ । ਸਪੀਕਰ ਸਾਹਿਬ, ਪਰ ਅੱਜ ਹਾਲਾਤ ਇਹ ਹਨ ਕਿ ਉੱਥੋਂ ਦੇ ਲੋਕ ਦੂਜੇ ਦੇਸ਼ਾਂ ਨੂੰ ਜਾਣੇ ਸ਼ੁਰੂ ਹੋ ਗਏ ਹਨ। ਅੱਜ ਪੰਜਾਬ ਦੇ ਜੋ ਹਾਲਾਤ ਹਨ, ਅੱਜ ਅਸੀਂ ਜਿੰਨੇ ਵੀ ਇੱਥੇ ਸਿਰ ਜੋੜ ਕੇ ਬੈਠੇ ਹਾਂ, ਸਾਨੂੰ ਪੰਜਾਬ

ਦੀਆਂ ਮੁਸ਼ਕਿਲਾਂ ਦਾ ਇਕਮੁੱਠ ਹੋ ਕੇ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਕਿਸੇ ਦੇ ਦਾਦੇ-ਪੜਦਾਦੇ ਦੇਖਣ ਦੀ ਲੋੜ ਨਹੀਂ ਹੈ। ਜੇਕਰ ਅਜਿਹਾ ਦੇਖਣਾ ਹੈ ਤਾਂ ਪੰਜਾਬ ਵਿੱਚ ਤੁਹਾਨੂੰ ਰਾਜਨੀਤਿਕ ਸਟੇਜਾਂ ਮਿਲਦੀਆਂ ਹਨ, ਉਥੇ ਜਿੰਨੀਆਂ ਮਰਜ਼ੀ ਲੜਾਈਆਂ ਕਰੋ। ਤੁਸੀਂ ਜੇਕਰ ਹੱਥੋਪਾਈ ਵੀ ਹੋਣਾ ਹੈ ਤਾਂ ਭਰਾਵੋ ਬਾਹਰ ਬਹੁਤ ਖੁੱਲ੍ਹੇ-ਡੁੱਲ੍ਹੇ ਮੈਦਾਨ ਹਨ। (ਥੰਪਿੰਗ) ਕ੍ਰਿਪਾ ਕਰਕੇ ਇਸ ਸਦਨ ਵਿੱਚ ਜਿਹੜੀਆਂ ਪੰਜਾਬ ਦੀਆਂ ਮੁਸ਼ਕਿਲਾਂ ਹਨ, ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਮੈਂ ਕਹਿ ਰਿਹਾ ਸੀ ਕਿ ਉਹ ਸੱਭਿਅਤਾਵਾਂ ਇਸ ਕਰਕੇ ਲੁਪਤ ਹੋਈਆਂ ਸੀ ਕਿਉਂਕਿ ਉਸ ਸਮੇਂ ਜਿਹੜੇ ਇੱਥੇ ਦੇ ਲੋਕ ਸਨ, ਉਹ ਇੱਥੋਂ ਛੱਡ ਕੇ ਜਾ ਚੁੱਕੇ ਸਨ। ਅੱਜ ਸੱਚ ਦੱਸੀਏ ਜੇਕਰ ਇੱਥੇ ਚਾਰ ਜਹਾਜ਼ ਖੜ੍ਹੇ ਕਰ ਦੇਈਏ ਔਰ ਪੰਜਾਬ ਦੇ ਲੋਕਾਂ ਨੂੰ ਕਹੀਏ ਕਿ ਅਮਰੀਕਾ, ਕੈਨੇਡਾ, ਇੰਗਲੈਂਡ, ਫਰਾਂਸ ਜਿਸ ਨੇ ਜਾਣਾ ਹੈ, ਇਸ ਜਹਾਜ਼ ਵਿੱਚ ਬੈਠ ਜਾਓ। ਕੀ ਇਹ ਸੱਚ ਨਹੀਂ ਕਿ ਇੱਥੇ ਜਿੰਨੇ ਅਸੀਂ ਬੈਠੇ ਹਾਂ ਜਾਂ ਦਰਸ਼ਕ ਹਨ, ਜਾਂ ਪੰਜਾਬ ਦੇ ਲੋਕ ਹਨ, ਕੀ ਉਹ ਜਹਾਜ਼ਾਂ ਵਿੱਚ ਨਹੀਂ ਚੜ੍ਹਨਗੇ? ਸਪੀਕਰ ਸਾਹਿਬ, ਅੱਜ ਪੰਜਾਬ ਦਾ ਹਰ ਨੌਜਵਾਨ, ਪੰਜਾਬ ਦੀ ਹਰ ਧੀ-ਭੈਣ, ਜਿਹੜੇ ਵੱਡੇ ਹੋ ਰਹੇ ਹਨ, ਜਿਹੜੇ ਨੌਕਰੀਆਂ ਲੱਭ ਰਹੇ ਹਨ ਜਿਨ੍ਹਾਂ ਨੂੰ ਆਪਾਂ ਕਹਿ ਰਹੇ ਹਾਂ ਕਿ ਘਰ-ਘਰ ਸਰਕਾਰੀ ਨੌਕਰੀ ਦੇਣੀ ਹੈ, ਅੱਜ ਉਹ ਸਾਰੇ ਬਾਹਰਲੇ ਮੁਲਕਾਂ ਵਿੱਚ ਜਾ ਰਹੇ ਹਨ, ਏਜੰਟਾਂ ਰਾਹੀਂ ਜਿੱਥੇ ਉਨ੍ਹਾਂ ਦਾ ਆਰਥਿਕ ਸੋਸ਼ਣ ਹੋ ਰਿਹਾ ਹੈ ਉਥੇ ਉਨ੍ਹਾਂ ਦਾ ਸਮਾਜਿਕ ਸੋਸ਼ਣ ਵੀ ਹੋ ਰਿਹਾ ਹੈ। ਅੱਜ ਜੇਕਰ ਪੰਜਾਬ ਵਿੱਚ ਗੱਲ ਕੀਤੀ ਜਾਂਦੀ ਹੈ ਕਿ ਅਸੀਂ ਲਾਅ ਐਂਡ ਆਰਡਰ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਣੀ ਹੈ, ਇੱਥੇ ਰਾਜਨੀਤਿਕ ਮੁੱਦੇ ਵੀ ਹੁੰਦੇ ਹਨ ਪਰ ਧਾਰਮਿਕ ਮੁੱਦਿਆਂ ਉੱਪਰ ਲੋਕਾਂ ਨੂੰ ਭੜਕਾ ਕੇ ਉਸ ਦੀ ਵੀ ਕਿਤੇ ਨਾ ਕਿਤੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰ ਲਓ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਕਨਕਲੂਡ ਕਰ ਰਿਹਾ ਹਾਂ ਜੀ। ਸਪੀਕਰ ਸਾਹਿਬ, ਅੱਜ ਜੇ ਪਿੱਛੇ ਇਤਿਹਾਸ ਵਿੱਚ ਝਾਤ ਮਾਰੀਏ ਤਾਂ ਸਾਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਾਰ-ਵਾਰ ਮਤੇ ਪਾਏ ਕਿ ਸਾਨੂੰ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਲਾਗੂ ਕਰਨਾ ਚਾਹੀਦਾ ਹੈ ਔਰ ਇਸ ਲਈ ਇੱਕ ਕਮੇਟੀ ਦਾ ਗਠਨ ਵੀ ਹੋਇਆ, ਉਸ ਕਮੇਟੀ ਨੇ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਜਿਹੜਾ ਹੈ, ਉਸ ਐਕਟ ਦਾ ਡਰਾਫਟ ਤਿਆਰ ਕਰਨਾ ਸੀ, ਉਹ ਤਿਆਰ ਕਰਨ ਦੇ ਨਾਲ-ਨਾਲ, ਜਦੋਂ ਧਰਮ ਯੁੱਧ ਮੋਰਚਾ ਲਗਿਆ ਤਾਂ ਸ਼੍ਰੀ ਅਨੰਦਪੁਰ ਸਾਹਿਬ ਦੇ ਮਤੇ ਵਿੱਚ ਵੀ ਉਸ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦੀ ਮੰਗ ਸੀ। ਸਪੀਕਰ ਸਾਹਿਬ, ਸਾਲ 1999 ਵਿੱਚ ਪੰਜਾਬ ਵਿੱਚ

[ਸਰਦਾਰ ਜੈ ਕ੍ਰਿਸ਼ਨ ਸਿੰਘ]

ਅਕਾਲੀ ਦਲ ਦੀ ਸਰਕਾਰ ਸੀ ਅਤੇ ਸੈਂਟਰ ਵਿੱਚ ਬੀ.ਜੇ.ਪੀ. ਦੀ ਸਰਕਾਰ ਸੀ ਪਰ ਉਸ ਸਮੇਂ ਵੀ ਜਿਹੜਾ ਜਸਟਿਸ ਹਰਬੰਸ ਸਿੰਘ ਨੇ ਡਰਾਫਟ ਪੇਸ਼ ਕੀਤਾ, ਉਹ ਲਾਗੂ ਨਹੀਂ ਕੀਤਾ ਗਿਆ। ਕਿਉਂਕਿ ਅਕਾਲੀ ਦਲ ਦੀ ਜਿਹੜੀ ਪਹਿਲੀ ਮੰਗ ਸੀ, ਉਹ ਕੌਮ ਦੇ ਪ੍ਰਤੀ ਸੀ ਪਰ ਜਦੋਂ ਤੋਂ ਕੁਰਸੀ ਦੀ ਲਾਲਸਾ ਜਾਗੀ ਹੈ, ਉਹ ਸਾਰੇ ਕਾਨੂੰਨ ਛਿੱਕੇ ਤੇ ਟੰਗ ਦਿੱਤੇ ਗਏ। ਇਸ ਸਦਨ ਨੂੰ ਅੱਜ ਮੇਰੀ ਬੇਨਤੀ ਹੈ ਕਿ ਪੰਜਾਬ ਸਰਕਾਰ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦਾ ਮਤਾ ਲੈ ਕੇ ਆਵੇ ਕਿ ਸੈਂਟਰ ਸਰਕਾਰ ਇਸ ਨੂੰ ਲਾਗੂ ਕਰੇ। ਇਸ ਦੇ ਨਾਲ-ਨਾਲ ਜਿਹੜਾ ਧਾਰਾ-25 ਬੀ ਵਿੱਚ ਲਿਖਿਆ ਗਿਆ ਹੈ ਕਿ ਜਿਹੜੇ ਸਿੱਖ ਹਨ, ਕੇਸਾ ਧਾਰੀ ਹਿੰਦੂ ਹਨ, ਇਨ੍ਹਾਂ ਗੱਲਾਂ ਦੇ ਹੱਲ ਵਾਸਤੇ ਅਸੀਂ ਚਾਹੁੰਦੇ ਹਾਂ ਕਿ ਅੱਜ ਪੰਜਾਬ ਸਰਕਾਰ ਆਨੰਦ ਮੈਰਿਜ ਐਕਟ ਦਾ ਵੀ ਮਤਾ ਲੈ ਕੇ ਆਵੇ ਔਰ ਅੱਗੇ ਇਸ ਮਤੇ ਨੂੰ ਸੈਂਟਰ ਸਰਕਾਰ ਲਾਗੂ ਕਰੇ ਜਿਸ ਨਾਲ ਪੰਜਾਬ ਵਿੱਚ ਤੇ ਭਾਰਤ ਵਿੱਚ ਸਿੱਖ ਮੈਰਿਜ ਐਕਟ ਲਾਗੂ ਹੋਵੇ।

**ਮਾਨਯੋਗ ਸਪੀਕਰ:** ਧੰਨਵਾਦ, ਸਰਦਾਰ ਜੈ ਕ੍ਰਿਸ਼ਨ ਸਿੰਘ ਜੀ, thank you. ਹਾਂ ਜੀ, ਸ਼੍ਰੀਮਤੀ ਰੁਪਿੰਦਰ ਕੌਰ ਰੂਬੀ ਜੀ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ (ਬਠਿੰਡਾ ਦਿਹਾਤੀ, ਐਸ.ਸੀ.) :** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਦਨ ਦਾ ਧਿਆਨ ਗਵਰਨਰ ਐਡਰੈਸ ਵਿੱਚ ਦਰਸਾਏ ਪੁਆਇੰਟ ਨੰ: 68 ਦੇ ਸ਼ਬਦ 'ਵੂਮੈਨ ਇੰਪਾਵਰਮੈਂਟ' ਵੱਲ ਦਿਵਾਉਣਾ ਚਾਹੁੰਦੀ ਹਾਂ। ਸਰ, ਵੂਮੈਨ ਇੰਪਾਵਰਮੈਂਟ ਇਕੱਲੇ ਵਿਧਾਨ ਸਭਾ ਜਾਂ ਪੰਜਾਬ ਜਾਂ ਸਾਡੇ ਦੇਸ਼ ਦਾ ਮੁੱਦਾ ਨਹੀਂ ਹੈ ਬਲਕਿ ਵੂਮੈਨ ਇੰਪਾਵਰਮੈਂਟ ਤਾਂ ਸਾਰੀ ਦੁਨੀਆਂ ਦਾ ਇੱਕ ਮੁੱਖ ਏਜੰਡਾ ਹੈ ਤੇ ਬਲਕਿ ਹੋਰ ਕਈ ਦੇਸ਼ਾਂ ਨੇ ਵੂਮੈਨ ਨੂੰ ਬਰਾਬਰ ਦਾ ਅਤੇ ਪੂਰਾ ਮਾਣ-ਸਨਮਾਨ ਦਿੱਤਾ ਹੈ। ਇਹ ਕਿਉਂ ਸੰਭਵ ਹੋਇਆ ਹੈ? ਕਿਉਂਕਿ ਉੱਥੇ ਐਜੂਕੇਸ਼ਨ ਹੈ, ਉੱਥੇ ਅਵੇਅਰਨੈਸ ਹੈ ਅਤੇ ਸਾਡੇ ਦੇਸ਼ ਵਿੱਚ 70 ਸਾਲਾਂ ਬਾਅਦ ਵੀ ਉੰਨੀ ਅਵੇਅਰਨੈਸ ਨਹੀਂ ਆਈ ਜੋ ਕਿ ਐਜੂਕੇਸ਼ਨ ਦੀ ਕਮੀ ਕਰਕੇ ਹੀ ਹੈ। ਹੁਣ ਜੇ ਮੈਂ ਪੰਜਾਬ ਦੇ ਮੌਜੂਦਾ ਹਾਲਾਤਾਂ ਦੀ ਗੱਲ ਕਰਾਂ ਤਾਂ ਸਰਕਾਰ ਦੇ ਕਈ ਕੰਮਾਂ ਤੇ ਇਹ ਸਵਾਲੀਆ ਚਿੰਨ੍ਹ ਵੀ ਹੈ ਜਿਵੇਂ ਕਿ ਗਵਰਨਰ ਐਡਰੈੱਸ ਤੇ ਵੂਮੈੱਨ ਨੂੰ 50% ਰਿਜ਼ਰਵੇਸ਼ਨ ਦੇਣ ਦਾ ਵਾਅਦਾ ਕੀਤਾ ਗਿਆ ਹੈ ਪਰ ਸਰ, ਮੈਨੂੰ ਨਹੀਂ ਲਗਦਾ ਕਿ ਇਹ ਇੰਨ-ਬਿੰਨ ਰੂਪ ਵਿੱਚ ਪੂਰਨ ਹੋਵੇਗਾ ਕਿਉਂਕਿ ਇਹ ਕਾਗਜ਼ਾਂ ਤੱਕ ਹੀ ਸੀਮਿਤ ਹੈ। ਕਿਉਂਕਿ ਜਿਨ੍ਹਾਂ ਪਿੰਡਾਂ ਵਿੱਚ ਲੇਡੀਜ਼ ਸਰਪੰਚ ਹੁੰਦੀਆਂ ਹਨ, ਆਮ ਵੇਖਿਆ ਜਾਂਦਾ ਹੈ ਕਿ ਸਰਪੰਚੀ ਉਨ੍ਹਾਂ ਦੇ ਹਸਬੈਂਡ ਕਰਦੇ ਹਨ। ਸਰ, ਇਹ ਐਜੂਕੇਸ਼ਨ ਤੇ

ਅਵੇਅਰਨੈੱਸ ਦੀ ਕਮੀ ਕਰਕੇ ਹੀ ਹੋਇਆ ਹੈ। (ਵਿਘਨ..)(ਸ਼ੋਰ) ਇਹ ਵਾਅਦਾ ਪੂਰਾ ਨਹੀਂ ਹੋਇਆ ਜੀ, ਇਹ ਕਾਗਜ਼ਾਂ ਵਿੱਚ ਹੀ ਹੋਇਆ ਹੈ। ਮੈਂ ਦੱਸਾਂਗੀ ਕਿਵੇਂ ਪੂਰਾ ਹੋਇਆ ਹੈ, ਮੈਂ ਦੱਸ ਰਹੀ ਹਾਂ।

**ਮਾਨਯੋਗ ਸਪੀਕਰ:** ਰੂਬੀ ਜੀ, ਚੇਅਰ ਨੂੰ ਐਡਰੈੱਸ ਕਰੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਹਾਂ ਜੀ, ਮੈਂ ਤੁਹਾਨੂੰ ਵੀ ਦੱਸਾਂਗੀ ਕਿ ਕਿਵੇਂ ਰਿਜ਼ਰਵੇਸ਼ਨ ਪੂਰੀ ਨਹੀਂ ਹੋਈ। (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ)

**ਮਾਨਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਅਸੀਂ ਔਰਤਾਂ ਦੀ ਰਿਜ਼ਰਵੇਸ਼ਨ ਦੀ ਗੱਲ ਕਰ ਰਹੇ ਹਾਂ ਅਤੇ ਬਰਾਬਰਤਾ ਤੇ ਮਾਣ-ਸਨਮਾਨ ਦੀ ਗੱਲ ਕਰ ਰਹੇ ਹਾਂ। ਜਿਵੇਂ ਕਿ ਸਾਡੇ ਸਦਨ ਦੇ ਮੈਂਬਰ ਵੀ ਕਹਿ ਰਹੇ ਹਨ ਕਿ ਹੋ ਗਿਆ ਹੈ ਪਰ ਮੈਂ ਦੱਸਣਾ ਚਾਹਾਂਗੀ ਕਿ ਕਿਵੇਂ ਪੂਰਾ ਹੋਇਆ ਹੈ। ਮੁੱਖ ਮੰਤਰੀ ਜੀ ਦੇ ਆਪਣੇ ਸ਼ਹਿਰ ਪਟਿਆਲਾ ਦੇ ਵਿੱਚ ਕਿੰਨੇ ਟੀਚਰ ਜਿਨ੍ਹਾਂ ਦੇ ਵਿੱਚ ਔਰਤਾਂ ਵੀ ਸ਼ਾਮਿਲ ਹਨ, ਉਹ ਕਿਉਂ ਧਰਨਿਆਂ ਤੇ ਬੈਠੇ ਸੀ? ਉਹ ਆਪਣੇ ਹੱਕ ਹੀ ਮੰਗਦੇ ਸੀ, ਉਨ੍ਹਾਂ ਨੂੰ ਕੁੱਟਿਆ ਮਾਰਿਆ ਗਿਆ, ** ** (ਵਿਘਨ..ਸ਼ੋਰ) ਪਹਿਲਾਂ ਮੈਨੂੰ ਆਪਣੀ ਗੱਲ ਪੂਰੀ ਕਰਨ ਦਿਉ।

**ਮਾਨਯੋਗ ਸਪੀਕਰ:** ਤੁਸੀਂ ਇੱਧਰ ਵੇਖੋ ਅਤੇ ਬੋਲੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਕੀ ਤੁਸੀਂ ਪੂਰਾ ਕਰ ਲਿਆ ਹੈ? (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ)।2 ਸਾਲ ਪਹਿਲਾਂ ਦੀ ਗੱਲ ਵੇਖੋ, ਅੱਜ ਵੀ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਵਿੱਚ ਐਨਸੀਲਰੀ ਅਤੇ ਨਰਸਿੰਗ ਸਟਾਫ ਦੇ ਮੈਂਬਰ ਧਰਨਿਆਂ ਦੇ ਉੱਤੇ ਬੈਠੇ ਹਨ। ਮਹਾਰਾਣੀ ਪ੍ਰਨੀਤ ਕੌਰ ਜੀ ਦੋ ਸਾਲ ਪਹਿਲਾਂ ਉਨ੍ਹਾਂ ਨੂੰ ਵਾਅਦਾ ਕਰਕੇ ਆਏ ਸੀ ਕਿ ਅਸੀਂ ਉਨ੍ਹਾਂ ਦੇ ਵਾਅਦੇ ਪੂਰੇ ਕਰਾਂਗੇ ਤੇ ਇਸ ਨੂੰ ਮੈਨੀਫੈਸਟੋ ਦੇ ਵਿੱਚ ਸ਼ਾਮਿਲ ਕੀਤਾ ਸੀ। ਮਹਾਰਾਣੀ ਪ੍ਰਨੀਤ ਕੌਰ ਜੀ ਖੁਦ ਗਏ ਸਨ, ਉਹ ਵਾਅਦੇ ਵੀ ਪੂਰੇ ਨਹੀਂ ਹੋਏ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਰੁਕਾਵਟ ਨਾ ਪਾਉ, ਇਹ ਬਹੁਤ ਘੱਟ ਬੋਲਦੇ ਹਨ, ਪਹਿਲੀ ਵਾਰ ਬੋਲਣ ਲੱਗੇ ਹਨ। ਇਨ੍ਹਾਂ ਨੂੰ ਬੋਲ ਲੈਣ ਦਿਉ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮਹਾਰਾਣੀ ਪ੍ਰਨੀਤ ਕੌਰ ਜੀ ਨੇ ਉਸ ਵੇਲੇ ਦੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਜੀ ਨੂੰ ਇੱਕ ਲੈਟਰ ਨੰਬਰ 72/783

---

**** Expunged as ordered by the Hon'ble Speaker.

[ਸ਼੍ਰੀਮਤੀ ਰੁਪਿੰਦਰ ਕੋਰ ਰੂਬੀ]

ਮਿਤੀ 6.6.2016 ਨੂੰ ਵੀ ਲਿਖਿਆ ਸੀ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਵੀ ਆਸ਼ਵਾਸਨ ਦਿੱਤਾ ਸੀ ਕਿ ਮੇਰੇ ਵੱਲੋਂ ਇਨ੍ਹਾਂ ਕਰਮਚਾਰੀਆਂ ਦੀਆਂ ਮੰਗਾਂ ਨੂੰ ਬੜੀ ਸੰਜੀਦਗੀ ਨਾਲ ਲਿਆ ਜਾ ਰਿਹਾ ਹੈ ਤੇ ਇਸ ਸਬੰਧੀ ਸਰਕਾਰ ਵੱਲੋਂ ਯੋਗ ਫੈਸਲਾ ਜਲਦੀ ਹੀ ਕੀਤਾ ਜਾਵੇਗਾ। ਸਰ, ਨਾ ਤਾਂ ਪੁਰਾਣੀ ਸਰਕਾਰ ਨੇ ਇਹ ਵਾਅਦਾ ਪੂਰਾ ਕੀਤਾ ਅਤੇ ਨਾ ਹੀ ਮੌਜੂਦਾ ਸਰਕਾਰ ਨੇ ਹਾਲੇ ਤੱਕ ਕੋਈ ਵਾਅਦਾ ਪੂਰਾ ਕੀਤਾ ਹੈ।

**Mr. Speaker:** Thank you.

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮੈਨੂੰ ਗੱਲ ਪੂਰੀ ਕਰ ਲੈਣ ਦਿਉ ਜੀ।

**ਮਾਨਯੋਗ ਸਪੀਕਰ:** ਤੁਹਾਡਾ ਟਾਈਮ ਹੋ ਗਿਆ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮੈਂ ਕਨਕਲੂਡ ਕਰਨ ਜਾ ਰਹੀ ਹਾਂ। ਸਰ, ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹਾਂਗੀ ਕਿ ਜਿੱਥੇ ਔਰਤ ਦੇ ਮਾਣ-ਸਨਮਾਨ ਦੀ ਗੱਲ ਹੋ ਰਹੀ ਹੈ, ਮੁੱਖ ਮੰਤਰੀ ਸਾਹਿਬ ਪਹਿਲਾਂ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਤੋਂ ਸ਼ੁਰੂ ਕਰਨ। ਕਿਉਂਕਿ ਕਦੀ ਕੋਈ ਐਮ.ਐਲ.ਏ. ਐਸ.ਐਚ.ਓ. ਨੂੰ ਕਹਿੰਦਾ ਹੈ ਕਿ ਤੂੰ ਆਪਣਾ ਜੁੱਲੀ ਬਿਸਤਰਾ ਬੰਨ੍ਹ ਛੱਡ, ਮੈਂ ਤੈਨੂੰ ਇੱਥੋਂ ਭਜਾ ਦੇਣਾ ਹੈ। (ਵਿਘਨ)

**ਮਾਨਯੋਗ ਸਪੀਕਰ:** ਬੋਲ ਲੈਣ ਦਿਉ, ਬੋਲ ਲੈਣ ਦਿਉ। (ਹਾਸਾ)

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਔਰਤਾਂ ਦੇ ਮਾਣ-ਸਨਮਾਨ ਦੀ ਗੱਲ ਹੋ ਰਹੀ ਹੈ ਤਾਂ ਮੁੱਖ ਮੰਤਰੀ ਜੀ ਪਹਿਲਾਂ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਤੋਂ ਇਹ ਗੱਲ ਸ਼ੁਰੂ ਕਰਨ। ਸਰ, ਹੁਣ ਤਾਂ ਲੇਡੀਜ਼ ਦਾ ਵਿਰੋਧ ਕਰਨ ਦਾ ਆਪਣਾ ਤਰੀਕਾ ਹੈ। ** ** ਸਰ, ਹੁਣ ਤਾਂ ਉਹ ਆਪਣੇ ਵਾਅਦੇ ਪੂਰੇ ਕਰ ਲੈਣ।

**ਮਾਨਯੋਗ ਸਪੀਕਰ:** ਬੈਠੋ ਜੀ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮੈਨੂੰ ਇੱਕ ਮਿੰਟ ਦੇ ਦਿਉ, ਮੈਨੂੰ ਕਨਕਲੂਡ ਕਰਨ ਦਿਉ। ਮੈਂ ਵਿੱਤ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿਉਂਕਿ ਮੈਂ ਇਨ੍ਹਾਂ ਦੀ ਇੱਕ ਇੰਟਰਵਿਊ ਵੇਖੀ ਸੀ, ਗਵਰਨਰ ਐਡਰੈੱਸ ਵਿੱਚ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਬਾਰੇ ਵੀ ਕਿਹਾ ਗਿਆ ਸੀ। ਇਨ੍ਹਾਂ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਦੀਵਾਲੀ ਤੱਕ ਅਸੀਂ ਸਮਾਰਟ ਫੋਨ ਦੇ ਦੇਣੇ ਹਨ। ਸਰ, ਹੁਣ ਤਾਂ ਦੀਵਾਲੀ ਵੀ ਕਦੋਂ ਦੀ ਲੰਘ ਗਈ।

**ਮਾਨਯੋਗ ਸਪੀਕਰ:** ਚਲੋ ਹੋ ਗਿਆ ਜੀ। ਬੈਠੋ ਜੀ।

---

**** Expunged as ordered by the Hon'ble Speaker.

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮੈਨੂੰ ਇੱਕ ਮਿੰਟ ਦੇ ਦਿਉ ਜੀ, ਸਿਰਫ ਇੱਕ ਮਿੰਟ ਦੇ ਦਿਉ।

**ਮਾਨਯੋਗ ਸਪੀਕਰ:** ਰੂਬੀ ਜੀ, ਟਾਈਮ ਦੀ ਪਾਬੰਦੀ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮੈ ਕਨਕਲੂਡ ਕਰ ਰਹੀ ਹਾਂ ਜੀ। ਸਿਰਫ ਇੱਕ ਮਿੰਟ ਦੇ ਦਿਉ ਜੀ। ਫਿਰ ਇਨ੍ਹਾਂ ਦੀ 'ਨਿਊਜ਼-18' ਚੈਨਲ ਵਿੱਚ ਇੰਟਰਵਿਊ ਸੀ, ਇਨ੍ਹਾਂ ਨੇ ਕਿਹਾ ਸੀ ਕਿ ਪੰਚਾਇਤੀ ਚੋਣਾਂ ਆ ਗਈਆਂ, ਇਲੈਕਸ਼ਨ ਕੋਡ ਲੱਗ ਗਿਆ ਸੀ, ਟੈਂਡਰ ਭੇਜੇ ਹੋਏ ਹਨ ਜੋ ਕਿ ਮਾਰਚ ਤੋਂ ਬਾਅਦ ਲੱਗ ਜਾਣਗੇ। ਸਰ, ਇਹ ਕਹਿੰਦੇ ਸੀ ਕਿ ਮਾਰਚ ਤੱਕ ਟੈਂਡਰ ਲੱਗ ਜਾਣੇ ਹਨ, ਹੁਣ ਫਰਵਰੀ ਦੇ 10 ਦਿਨ ਬਾਕੀ ਰਹਿ ਗਏ ਹਨ। ਹੁਣ ਮਾਰਚ ਤੱਕ ਦੇਖ ਲੈਂਦੇ ਹਾਂ।

**ਮਾਨਯੋਗ ਸਪੀਕਰ:** ਸਮਾਰਟ-ਫੋਨ ਦੇ ਦੇਣਗੇ, ਦੇ ਦੇਣਗੇ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਜਲਦੀ ਵਾਅਦੇ ਪੂਰੇ ਕਰੋ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਸੰਧੂ ਸਾਹਿਬ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਕਿੰਨਾ ਟਾਈਮ ਹੈ ਜੀ?

**ਮਾਨਯੋਗ ਸਪੀਕਰ:** ਤੁਹਾਡੇ 5 ਮਿੰਟ ਹਨ ਜੀ।

**ਸ਼੍ਰੀ ਕੰਵਰ ਸੰਧੂ:** ਸਿਰਫ 5 ਮਿੰਟ?

**ਮਾਨਯੋਗ ਸਪੀਕਰ:** ਹਾਂ ਜੀ, 5 ਮਿੰਟ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਪਹਿਲਾਂ ਤਾਂ ਇਹ ਗਵਰਨਰ ਐਡਰੈੱਸ ਦੇ ਵਿੱਚ ** **

**ਮਾਨਯੋਗ ਸਪੀਕਰ:** ਤੁਸੀਂ ਬੜੇ ਇੰਟੈਲੀਜੈਂਟ ਹੋ। ਮੈਨੂੰ ਪੂਰਨ ਉਮੀਦ ਹੈ ਕਿ ਤੁਸੀਂ ਆਪਣੀ ਗੱਲ 5 ਮਿੰਟ ਵਿੱਚ ਕਹਿ ਦੇਣੀ ਹੈ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਰਾਜਪਾਲ ਦੇ ਭਾਸ਼ਣ ਤੇ ਗੱਲ ਕਰਾਂ, ਮੈਂ ਸਿਰਫ 15 ਸੈਕਿੰਡ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਵਕਤ ਇੱਥੇ ਹਾਊਸ ਦੇ ਵਿੱਚ ਇੱਕ ਦੂਜੇ ਤੇ ਇਲਜ਼ਾਮ ਲੱਗਦੇ ਰਹਿੰਦੇ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਕਿਸੇ ਦਿਨ, ਅਸੀਂ ਇੱਕ ਦਿਨ ਹੀ ਇਨ੍ਹਾਂ ਇਸ਼ੂਜ਼ 'ਤੇ ਲਗਾ ਦੇਈਏ ਕਿ ਸਾਲ 1919 ਦੇ ਵਿੱਚ, ਮੁਲਕ ਦੀ ਵੰਡ

---

**** Expunged as ordered by the Hon'ble Speaker.

[ਸ਼੍ਰੀ ਕੰਵਰ ਸੰਧੂ]
ਵੇਲੇ, ਪੰਜਾਬ ਦੀ ਵੰਡ ਵੇਲੇ, ਪਾਣੀਆਂ ਦੀ ਵੰਡ ਵੇਲੇ, ਸਾਲ 1984 ਵਿੱਚ ਅਤੇ ਉਸ ਤੋਂ ਬਾਅਦ ਨਸ਼ਿਆਂ ਦੇ ਉੱਤੇ ਕਿਸ ਦਾ ਕੀ ਕਸੂਰ ਹੈ? ਇਸ ਤਰ੍ਹਾਂ ਤਾਂ ਅਸੀਂ ਦੁਬਾਰਾ-ਦੁਬਾਰਾ ਹਾਊਸ ਦਾ ਸਮਾਂ ਵੇਸਟ ਕਰਦੇ ਹਾਂ, ਇਸ ਦੇ ਬਜਾਏ ਇੱਕ ਦਿਨ ਪੂਰਾ ਹੀ ਇਨ੍ਹਾਂ ਮੁੱਦਿਆਂ 'ਤੇ ਲਗਾ ਦਿਓ ਜੀ

(**ਆਵਾਜ਼ਾਂ:** ਹਾਂ ਜੀ, ਹਾਂ ਜੀ, ਲਗਾ ਦਿਓ ਜੀ।)

ਸਪੀਕਰ ਸਾਹਿਬ, ਅੱਜ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਦਿਆਂ ਹੋਇਆਂ ਸਾਰੇ ਮੈਂਬਰ ਸਾਹਿਬਾਨ ਨੇ ਇੱਧਰ-ਉਧਰ ਦੀਆਂ ਗੱਲਾਂ ਕੀਤੀਆਂ ਹਨ। ਮੈਨੂੰ ਲੱਗਦਾ ਹੈ ਕਿ ਜਿਹੜਾ ਰਾਜਪਾਲ ਦਾ ਭਾਸ਼ਣ ਹੈ, ਉਸ ਤੋਂ ਧਿਆਨ ਹਟਾਉਣ ਵਾਸਤੇ ਇਹ ਗੱਲਾਂ ਕੀਤੀਆਂ ਗਈਆਂ ਹਨ ਕਿਉਂਕਿ ਮੈਂ ਵੇਖਿਆ ਹੈ ਕਿ ਇਸ ਸਰਕਾਰ ਦਾ ਰਾਜਪਾਲ ਦਾ ਇਹ ਤੀਸਰਾ ਭਾਸ਼ਣ ਹੈ। ਸਾਲ 2017-18 ਦੇ ਮੁਕਾਬਲੇ ਜਿਹੜਾ ਐਤਕੀਂ ਦਾ ਰਾਜਪਾਲ ਜੀ ਦਾ ਭਾਸ਼ਣ ਹੈ, ਇਹ ਬਿਲਕੁਲ ਫਿੱਕਾ ਲੱਗ ਰਿਹਾ ਹੈ। ਸਾਲ 2017 ਵਿੱਚ ਬਹੁਤ ਬੜੇ-ਬੜੇ ਵਾਅਦੇ ਕੀਤੇ ਗਏ ਸਨ, ਜਿਵੇਂ ਲੋਕਪਾਲ ਦਾ ਬਿਲ ਲਿਆਂਦਾ ਜਾਵੇਗਾ, ਮਾਫੀਆ ਰਾਜ ਖਤਮ ਕੀਤਾ ਜਾਵੇਗਾ, ਕੰਫਲੈਕਟ ਆਫ ਇੰਟਰੈਸਟ ਬਿਲ ਲਿਆਂਦਾ ਜਾਵੇਗਾ, ਐਨ.ਆਰ.ਆਈ. ਪ੍ਰਾਪਰਟੀ ਸੇਫਗਾਰਡ ਐਕਟ ਲਿਆਂਦਾ ਜਾਵੇਗਾ ਅਤੇ ਕੇਬਲ ਅਥਾਰਿਟੀ ਕਾਇਮ ਕੀਤੀ ਜਾਵੇਗੀ, ਹੁਣ ਉਹ ਸਾਰੀਆਂ ਗੱਲਾਂ ਆਪਾਂ ਭੁੱਲ ਗਏ ਹਾਂ। ਹੋਰ ਤਾਂ ਹੋਰ ਇਹ ਵੀ ਕਿਹਾ ਗਿਆ ਸੀ ਕਿ ਜਿਹੜੇ ਐਮ.ਐਲ.ਏਜ਼ ਹਨ, ਉਹ ਆਪਣੀ ਜਾਇਦਾਦ ਦਾ ਬਿਊਰਾ ਹਰ ਸਾਲ ਦੇਣਗੇ ਔਰ ਪਹਿਲਾਂ ਬਿਊਰਾ ਜੁਲਾਈ, 2017 ਵਿੱਚ ਦੇਣਾ ਸੀ, ਮੇਰਾ ਖਿਆਲ ਹੈ ਕਿ ਜਿਹੜਾ ਉਹ ਬਿਊਰਾ ਸੀ, ਉਹ ਨਹੀਂ ਦਿੱਤਾ ਗਿਆ। ਹੁਣ ਵੀ ਸਮਾਂ ਵਧਾ ਦਿੱਤਾ ਗਿਆ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਰ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਉਹ ਬਿਲ ਤਿਆਰ ਹੈ, ਸ਼ਾਇਦ ਹੋ ਸਕਦਾ ਹੈ ਕਿ ਇਸੇ ਵਿਧਾਨ ਸਭਾ ਵਿੱਚ ਆ ਜਾਵੇ, ਨਹੀਂ ਤਾਂ ਨੈਕਸਟ ਵਿਧਾਨ ਸਭਾ ਵਿੱਚ ਜ਼ਰੂਰ ਆ ਜਾਵੇਗਾ। ਮੇਰਾ ਖਿਆਲ ਹੈ ਕਿ ਉਹ ਆ ਰਿਹਾ ਹੈ ਕਿਉਂਕਿ ਜਿਸ ਵੇਲੇ ਬਿਲ ਆਇਆ ਸੀ, ਉਸ ਵੇਲੇ ਇੱਕ ਜਨਵਰੀ ਦੀ ਡੇਟ ਫਿਕਸ ਕੀਤੀ ਸੀ। ਉਸ ਵਿੱਚ ਸੋਮ ਪ੍ਰਕਾਸ਼ ਜੀ ਨੇ ਬੋਲਦੇ ਹੋਏ ਕਿਹਾ ਸੀ ਕਿ ਜੇਕਰ ਇੱਕ ਜਨਵਰੀ ਨੂੰ ਛੁੱਟੀ ਹੋਵੇ ਜਾਂ ਸੰਡੇ ਹੋਵੇ ਤਾਂ ਫਿਰ ਕੀ ਕਰਨਾ ਚਾਹੀਦਾ

ਹੈ ? ਉਸ ਵਿੱਚ ਹੁਣ ਇੱਕ ਅਮੈਂਡਮੈਂਟ ਲਿਆਂਦੀ ਹੈ ਕਿ ਉਸ ਵਾਸਤੇ ਪੂਰਾ ਜਨਵਰੀ ਮਹੀਨਾ ਹੋਵੇ। ਮੇਰਾ ਖਿਆਲ ਹੈ ਕਿ ਇਸੇ ਸੈਸ਼ਨ ਵਿੱਚ ਬਿਲ ਆ ਰਿਹਾ ਹੈ।

**ਮਾਨਯੋਗ ਸਪੀਕਰ:** ਠੀਕ ਹੈ ਜੀ। Thank you.

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਮੇਰੇ ਪੰਜ ਮਿੰਟ ਵਿੱਚੋਂ ਦੋ ਮਿੰਟ ਮਨਿਸਟਰ ਸਾਹਿਬ ਲੈ ਗਏ ਹਨ ਜੀ। ਮੈਂ ਸ਼ੁਰੂ ਕਰਨ ਲੱਗਾ ਹਾਂ। ਸਾਲ 2017 ਵਿੱਚ ਇੱਕ ਵਾਈਟ ਪੇਪਰ ਵੀ ਗਵਰਨੈਂਸ ਵਿੱਚ ਲਿਆਂਦਾ ਗਿਆ ਸੀ, ਉਸ ਵਿੱਚ ਇਹ ਲਿਖਿਆ ਗਿਆ ਸੀ ਕਿ ਸਾਰੀ ਸਟੇਟ ਦਾ ਕਾਇਆ-ਕਲਪ ਹੋ ਜਾਵੇਗਾ। ਹੌਲੀ-ਹੌਲੀ ਇਹ ਦੇਖਿਆ ਹੈ ਕਿ ਉਸ ਦਾ ਹੁਣ ਜ਼ਿਕਰ ਹੀ ਹੋਣੋਂ ਹੱਟ ਗਿਆ ਹੈ। ਇਸ ਐਡਰੈਸ ਦੇ ਪੈਰ੍ਹਾ ਨੰਬਰ-ਦੋ ਵਿੱਚ ਕਿਹਾ ਗਿਆ ਹੈ ਕਿ ਕਿਸਾਨਾਂ ਅਤੇ ਨੌਜਵਾਨਾਂ ਦੇ ਜਿਹੜੇ ਮਸਲੇ ਹਨ, ਉਹ ਹੱਲ ਕੀਤੇ ਜਾਣਗੇ। ਸਪੀਕਰ ਸਾਹਿਬ, ਪੰਜ ਲੱਖ ਨੌਕਰੀਆਂ ਦੇਣ ਦੀ ਵੀ ਗੱਲ ਕੀਤੀ ਸੀ। ਜਿਵੇਂ ਕਿ ਅੰਗਰੇਜ਼ੀ ਵਿੱਚ ਇੱਕ ਕਹਾਵਤ ਹੈ, "The proof of pudding is in the eating." ਜੇ ਪੰਜ ਲੱਖ ਲੋਕਾਂ ਨੂੰ ਇੱਥੇ ਨੌਕਰੀਆਂ ਦਿੱਤੀਆਂ ਹੁੰਦੀਆਂ ਜਾਂ ਉਹ ਸੈਲਫ ਇੰਪਲਾਇਡ ਹੋ ਗਏ ਹੁੰਦੇ ਤਾਂ ਆਪਣੇ ਜਿਹੜੇ ਨੌਜਵਾਨ ਹਨ, ਉਹ ਬਾਹਰਲੇ ਮੁਲਕਾਂ ਲਈ ਜਿਵੇਂ ਵਹੀਰਾਂ ਘੱਤ ਰਹੇ ਹਨ, ਸ਼ਾਇਦ ਉਹ ਨਾ ਘੱਤਦੇ। ਜਿਹੜੇ ਸਾਡੇ ਨੌਜਵਾਨ ਹਨ, ਉਹ ਕਾਨੂੰਨੀ ਅਤੇ ਗੈਰ-ਕਾਨੂੰਨੀ ਹਰ ਢੰਗ ਵਰਤ ਕੇ ਕੋਈ Georgia, ਕੋਈ Armenia, ਹੋਰ ਪਤਾ ਨਹੀਂ ਉਹ ਕਿੱਥੇ-ਕਿੱਥੇ ਪਹੁੰਚ ਰਹੇ ਹਨ।

ਸਪੀਕਰ ਸਾਹਿਬ, ਜੇਕਰ ਐਨ.ਆਈ.ਆਰਜ਼. ਦੀ ਗੱਲ ਕਰੀਏ ਤਾਂ ਸਾਲ 2017 ਵਿੱਚ ਕਿਹਾ ਗਿਆ ਸੀ ਕਿ ਉਨ੍ਹਾਂ ਦੀ ਪ੍ਰਾਪਰਟੀ ਸੇਫਗਾਰਡ ਕਰਨ ਲਈ ਇੱਕ ਨਵਾਂ ਐਕਟ ਲਿਆਂਦਾ ਜਾਵੇਗਾ। ਹੁਣ ਵੀ ਇਸ ਗਵਰਨਰ ਐਡਰੈੱਸ ਵਿੱਚ ਕਿਹਾ ਗਿਆ ਹੈ ਕਿ ਇਹ ਐਕਟ ਬਣ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਐਕਟ ਉਦੋਂ ਬਣੇਗਾ, ਜਦੋਂ ਉਹ ਆਪਣੀਆਂ ਪ੍ਰਾਪਰਟੀਆਂ ਇੱਥੋਂ ਵੇਚ ਕੇ ਚਲੇ ਜਾਣਗੇ?

**ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** ਸਪੀਕਰ ਸਾਹਿਬ, ਜਿਹੜੀ ਇਹ ਗੱਲ ਕਰ ਰਹੇ ਹਨ, ਉਹ ਐਕਟ ਬਣ ਗਿਆ ਹੈ, ਹੋ ਸਕਦਾ ਹੈ, ਸ਼ਾਇਦ ਇਸੇ ਸੈਸ਼ਨ ਵਿੱਚ ਹੀ ਆ ਜਾਵੇ ਕਿਉਂਕਿ ਅਸੀਂ ਸਾਰੀ ਕੈਬਨਿਟ ਵਿੱਚ ਵੀ ਪਾਸ ਕਰ ਦਿੱਤਾ ਹੈ। ਇਨ੍ਹਾਂ ਦੇ ਕਹਿਣ ਤੋਂ ਪਹਿਲਾਂ ਸਾਨੂੰ ਵੀ ਫਿਕਰ ਸੀ। ਅਸੀਂ ਐਨ.ਆਰ.ਆਈਜ਼. ਦੀ ਪ੍ਰਾਪਰਟੀ ਦਾ ਬਹੁਤ ਧਿਆਨ ਰੱਖ ਰਹੇ ਹਾਂ।

**Mr. Speaker:** Thank you.

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਫਿਰ ਐਨ.ਆਰ.ਆਈਜ਼. ਵਾਸਤੇ ਕਿਹਾ ਗਿਆ ਸੀ ਕਿ connect with your roots ਇਹ ਇੱਕ ਨਵੀਂ ਸਕੀਮ ਸੀ, ਉਸ ਦੀ ਪਹਿਲਾਂ-ਪਹਿਲਾਂ ਜਿਹੜੀ ਤਸਵੀਰ ਸਾਲ 2017 ਵਿੱਚ ਆਈ ਸੀ, ਮੈਂ ਉਹ ਦੇਖੀ ਹੈ। ਉਸ ਤੋਂ ਬਾਅਦ ਪਤਾ ਨਹੀਂ ਕਿੰਨੇ-ਕੁ-ਕੁਨੈਕਟ ਹੋ ਰਹੇ ਹਨ? ਵੈਸੇ ਤਾਂ ਹਰ ਸਾਲ ਸਿਆਲ ਵਿੱਚ ਐਨ.ਆਰ.ਆਈਜ਼ ਪੰਜਾਬ ਵਿੱਚ ਕੁਨੈਕਟ ਹੋਣ ਵਾਸਤੇ ਆਉਂਦੇ ਹਨ, ਸ਼ਾਇਦ ਉਸ ਨੂੰ ਹੀ ਇਨ੍ਹਾਂ ਨੇ ਆਪਣੀ ਸਕੀਮ ਦਾ ਹਿੱਸਾ ਬਣਾ ਲਿਆ। ਸਪੀਕਰ ਸਾਹਿਬ, ਇਨ੍ਹਾਂ ਵੱਲੋਂ better air connectivity ਦੀ ਗੱਲ ਵੀ ਕੀਤੀ ਗਈ ਸੀ ਕਿ ਹਵਾਈ ਅੱਡਿਆਂ ਦੇ ਉੱਤੋਂ ਹਵਾਈ ਕੁਨੈਕਟੀਵਿਟੀ ਅੱਗੇ ਨਾਲੋਂ ਬੈਟਰ ਹੋ ਗਈ ਹੈ। Air connectivity ਦੀ ਕੀ ਗੱਲ ਕਰੀਏ ? ਇੱਥੇ ਸੜਕ ਹਾਦਸੇ ਜਿਸ ਤਾਦਾਦ ਵਿੱਚ ਹੋ ਰਹੇ ਹਨ, ਹਰ ਸਾਲ ਸਾਢੇ ਚਾਰ-ਪੰਜ ਹਜ਼ਾਰ ਲੋਕੀਂ ਮਾਰੇ ਜਾ ਰਹੇ ਹਨ। ਲੋਕਾਂ ਨੂੰ ਸੜਕ ਤੇ ਆਉਣ ਤੋਂ ਡਰ ਲੱਗਣ ਲੱਗ ਪਿਆ ਹੈ। Air connectivity ਨੂੰ ਜੇਕਰ ਅਸੀਂ ਵਾਕਿਆ ਹੀ ਜ਼ਰੂਰੀ ਸਮਝਦੇ ਤਾਂ ਚੰਡੀਗੜ੍ਹ ਔਰ ਅੰਮ੍ਰਿਤਸਰ ਏਅਰਪੋਰਟ ਤੋਂ ਡਾਇਰੈਕਟ ਫਲਾਈਟਸ ਟਰਾਂਟੋ ਜਾਂ ਨਿਊਯਾਰਕ ਆਦਿ ਮੁਲਕਾਂ ਵਾਸਤੇ ਸ਼ੁਰੂ ਹੁੰਦੀਆਂ, ਉਸ ਮਾਮਲੇ ਵਿੱਚ ਜਿਹੜੀ ਕੋਸ਼ਿਸ਼ ਪੰਜਾਬ ਸਰਕਾਰ ਵੱਲੋਂ ਕੀਤੀ ਜਾਣੀ ਚਾਹੀਦੀ ਸੀ, ਸ਼ਾਇਦ ਉਹ ਨਹੀਂ ਕੀਤੀ ਗਈ। ਹੋਰ ਤਾਂ ਹੋਰ ਚੰਡੀਗੜ੍ਹ ਏਅਰਪੋਰਟ ਦੇ ਨਾਂ ਦੀ ਮੰਗ ਬੜੀ ਦੇਰ ਤੋਂ ਉਠ ਰਹੀ ਹੈ ਕਿ ਇਹ ਸ਼ਹੀਦ ਭਗਤ ਸਿੰਘ ਦੇ ਨਾਂ ਤੇ ਹੋਣਾ ਚਾਹੀਦਾ ਹੈ, ਅਸੀਂ ਉਹ ਵੀ ਹਾਲੇ ਤੱਕ ਨਹੀਂ ਕਰਵਾ ਸਕੇ ਤਾਂ ਬਾਕੀ air connectivity ਕੀ ਹੋਣੀ ਹੈ?

ਸਪੀਕਰ ਸਾਹਿਬ, ਗਵਰਨਰ ਐਡਰੈਸ ਦੇ ਪੁਆਇੰਟ ਨੰ. 47 ਵਿੱਚ ਟੀਚਰਜ਼ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ। ਇਸ ਬਾਰੇ ਬਹੁਤ ਹੀ disturbing ਮੈਨਸ਼ਨ ਹੈ ਕਿਉਂਕਿ ਜਿਸ ਵੇਲੇ ਗਵਰਨਰ ਦਾ ਭਾਸ਼ਣ ਲਿਖਿਆ ਜਾ ਰਿਹਾ ਸੀ, ਉਸ ਵੇਲੇ ਟੀਚਰਜ਼ ਤੇ ਕੁੱਟ ਪੈ ਰਹੀ ਸੀ ਔਰ ਬਹੁਤ ਸਾਰੇ ਟੀਚਰਜ਼ ਜਿਹੜੇ ਸਨ, ਉਹ ਜ਼ਖਮੀ ਹੋ ਕੇ ਹਸਪਤਾਲਾਂ ਵਿੱਚ ਗਏ। ਮੇਰਾ ਖਿਆਲ ਹੈ ਕਿ ਇਸ ਪੁਆਇੰਟ ਨੂੰ ਮੈਨਸ਼ਨ ਕਰਨਾ, ਉਨ੍ਹਾਂ ਦੇ ਜ਼ਖਮਾਂ ਤੇ ਲੂਣ ਛਿੜਕਣ ਵਾਲੀ ਗੱਲ ਹੈ। ਟੀਚਰਜ਼ ਦੇ ਨਾਲ ਸਬੰਧਿਤ ਇੱਕ ਮਸਲਾ ਬੱਚਿਆਂ ਦਾ ਵੀ ਹੈ। ਇਹ ਕਿਹਾ ਗਿਆ ਸੀ ਕਿ ਅਸੀਂ ਗੌਰਮਿੰਟ ਐਜੂਕੇਸ਼ਨ ਨੂੰ ਬਹੁਤ ਇੰਪਰੂਵ ਕਰ ਰਹੇ ਹਾਂ। ਮੈਂ ਇੱਥੇ ਸ਼ਲਾਘਾ ਕਰਨੀ ਚਾਹੁੰਦਾ ਹਾਂ ਕਿ ਸਾਡੇ ਐਜੂਕੇਸ਼ਨ ਮੰਤਰੀ ਜੀ ਨੇ

ਸਾਰੇ ਐਮ.ਐਲ.ਏਜ਼. ਨੂੰ ਕਿਹਾ ਕਿ ਦਸ-ਦਸ ਸਕੂਲਾਂ ਦੀ ਲਿਸਟ ਦਿਓ, ਜਿਨ੍ਹਾਂ ਦੀ ਇੰਪਰੂਵਮੈਂਟ ਕੀਤੀ ਜਾਵੇਗੀ। ਇਹ ਬਹੁਤ ਹੀ ਚੰਗੀ ਗੱਲ ਹੈ, ਜਿੱਥੇ ਸ਼ਲਾਘਾ ਕਰਨੀ ਬਣਦੀ ਹੈ, ਅਸੀਂ ਕਰਦੇ ਵੀ ਹਾਂ (ਥੰਪਿੰਗ) ਲੇਕਿਨ ਸਾਰਾ ਸਿਆਲ ਲੰਘ ਗਿਆ ਹੈ, ਦਸ ਲੱਖ ਬੱਚੇ ਹਨ, ਜਿਨ੍ਹਾਂ ਨੂੰ winter uniform ਨਹੀਂ ਮਿਲੀ ਹੈ। ਸੋ, ਅਸੀਂ ਮੁੱਢਲੀਆਂ ਸਹੂਲਤਾਂ ਹਾਲੇ ਤੱਕ ਨਹੀਂ ਦੇ ਸਕੇ। ਜਿਹੜਾ ਆਪਾਂ ਰਾਜਪਾਲ ਜੀ ਦਾ ਭਾਸ਼ਣ ਦਿਵਾਉਂਦੇ ਹਾਂ, ਇਹ ਸਿਰਫ ਖਾਨਾਪੂਰਤੀ ਹੋ ਰਹੀ ਹੈ।

ਸਪੀਕਰ ਸਾਹਿਬ, ਆਪਾਂ ਕਰਾਪ ਡਾਈਵਰਸੀਫਿਕੇਸ਼ਨ ਦਾ ਜ਼ਿਕਰ ਜ਼ਰੂਰ ਕਰਦੇ ਹਾਂ। ਇਸ ਦੀ ਜ਼ਰੂਰਤ ਹੈ ਪਰ ਆਪਾਂ ਇਸ ਵਾਸਤੇ ਕੀ ਕਦਮ ਚੁੱਕੇ ਹਨ। ਬਜਟ ਵਿੱਚ ਵੀ ਇਸ ਵਾਸਤੇ ਕੋਈ ਖਾਸ ਪੈਸਾ ਨਹੀਂ ਰੱਖਿਆ ਜਾਂਦਾ। ਇਸ ਗੱਲ ਤੇ ਮੈਂ ਬਾਅਦ ਵਿੱਚ ਆਵਾਂਗਾ ਲੇਕਿਨ ਇੱਕ ਗੱਲ ਕਲੀਅਰ ਹੈ, ਰਾਜਪਾਲ ਜੀ ਦੇ ਭਾਸ਼ਣ ਵਿੱਚ ਕਿਹਾ ਗਿਆ ਹੈ ਕਿ ਅਸੀਂ ਐਕਸੈਪਟ ਕਰਦੇ ਹਾਂ ਕਿ ਐਮ.ਐਸ.ਪੀ. ਜਿਹੜਾ ਹੈ, ਉਹ ਸਾਨੂੰ ਕੇਂਦਰ ਦੇਵੇਗਾ। ਇਹ ਕੇਂਦਰ ਨੇ ਨਹੀਂ ਦੇਣੀ ਜੀ, ਆਪਾਂ ਵੇਖ ਹੀ ਲਿਆ ਹੈ। ਉਹ 25 ਫਸਲਾਂ ਦਾ ਅਨਾਊਂਸ ਕਰਦੇ ਹਨ ਪਰ ਸਿਰਫ ਦੋ ਤੇ ਲਾਗੂ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਸਾਨੂੰ ਆਪਣੇ ਆਪ ਇੰਤਜ਼ਾਮ ਕਰਨਾ ਪਵੇਗਾ। ਮੈਨੂੰ ਅਫਸੋਸ ਹੈ ਕਿ ਮਾਰਕਫੈੱਡ, ਪਨਸਪ ਆਦਿ ਇਹੋ ਜਿਹੀਆਂ ਏਜੰਸੀਆਂ ਤੋਂ ਇੰਤਜ਼ਾਮ ਕਰਵਾਉਣ ਦੀ ਬਜਾਏ ਅਸੀਂ ਇਨ੍ਹਾਂ ਨੂੰ ...

**ਮਾਨਯੋਗ ਸਪੀਕਰ :** ਕਨਕਲੂਡ ਕਰੋ ਜੀ।

**ਸ਼੍ਰੀ ਕੰਵਰ ਸੰਧੂ:** ਇਨ੍ਹਾਂ ਨੂੰ ਖਰੀਦ ਵਿੱਚ ਸ਼ਾਮਿਲ ਕਰਨਾ ਪਵੇਗਾ।

**ਮਾਨਯੋਗ ਸਪੀਕਰ :** ਵਾਈਂਡ ਅੱਪ ਕਰੋ ਜੀ। ਸ਼੍ਰੀ ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ। ਹਾਂ ਜੀ, ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਰ, ਸਮੇਂ ਦੀ ਐਕਸਟੈਂਸ਼ਨ ਕਰ ਲਵੋ।

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ ਜੀ, ਅੱਜ ਹਾਊਸ ਦਾ ਸਮਾਂ 11.00 ਵਜੇ ਸਵੇਰ ਤੋਂ 3.30 ਵਜੇ ਬਾਅਦ ਦੁਪਹਿਰ ਤੱਕ ਹੈ। ਜੇਕਰ ਜ਼ਰੂਰਤ ਪਈ ਤਾਂ ਸਦਨ ਦੀ ਸਹਿਮਤੀ ਦੇ ਨਾਲ ਇਸ ਡਿਬੇਟ ਨੂੰ ਚਾਲੂ ਰੱਖਣ ਵਾਸਤੇ ਸਦਨ ਦਾ ਸਮਾਂ ਵਧਾ ਲਿਆ ਜਾਵੇਗਾ। ਹਾਂ ਜੀ, ਸ਼੍ਰੀ ਕੰਵਰ ਸੰਧੂ ਜੀ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਜੀ। ਮੇਰੀ ਬੇਨਤੀ ਹੈ ਕਿ ਆਪਾਂ ਜਦੋਂ ਕਰਾਪ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ ਤਾਂ ਫਾਰਮ

[ਸ਼੍ਰੀ ਕੰਵਰ ਸੰਧੂ]

ਪਾਲਿਸੀ ਕਰੀਬ 8-9 ਮਹੀਨਿਆਂ ਦੀ ਬਣੀ ਪਈ ਹੈ। ਉਹ ਇੱਥੇ ਡਿਸਕਸ ਹੀ ਨਹੀਂ ਹੋਈ।

**ਮਾਨਯੋਗ ਸਪੀਕਰ :** ਚਲੋ, ਕਨਕਲੂਡ ਕਰੋ ਜੀ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਇਸ ਤੋਂ ਬਾਅਦ ਪਾਣੀਆਂ ਦੀ ਗੱਲ ਹੈ, ਆਪਾਂ ਜਿੰਨਾ ਚਿਰ ਵਿਭਿੰਨਤਾ/ਡਾਈਵਰਸੀਫਿਕੇਸ਼ਨ ਦੇ ਉੱਤੇ ਅਮਲ ਨਹੀਂ ਕਰਦੇ, ਉਦੋਂ ਤੱਕ ਪਾਣੀਆਂ ਦਾ ਮਸਲਾ ਵੀ ਹੱਲ ਨਹੀਂ ਹੋ ਸਕਦਾ, ਜੋ ਮਰਜ਼ੀ ਤੁਸੀਂ ਕਰਦੇ ਰਹੋ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹੁਣ ਸਰਦਾਰ ਬਿਕਰਮ ਸਿੰਘ ਮਜੀਠੀਆ ਬੋਲਣਗੇ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਮੈਂ ਕਨਕਲੂਡ ਕਰ ਰਿਹਾ ਹਾਂ ਜੀ।

( ਇਸ ਸਮੇਂ ਸੰਸਦੀ ਮਾਮਲੇ ਮੰਤਰੀ, ਸ਼੍ਰੀ ਬ੍ਰਹਮ ਮਹਿੰਦਰਾ ਜੀ ਆਪਣੀ ਸੀਟ 'ਤੇ ਬੋਲਣ ਲਈ ਖੜ੍ਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸ਼੍ਰੀ ਕੰਵਰ ਸੰਧੂ:** ਪਲੀਜ਼ ਸਰ, ਮੈਂ ਕਨਕਲੂਡ ਕਰ ਰਿਹਾ ਹਾਂ ਜੀ।

**ਮਾਨਯੋਗ ਸਪੀਕਰ :** ਫਿਰ ਪਲੀਜ਼, ਤੁਸੀਂ ਕਨਕਲੂਡ ਕਰੋ ਜੀ।

**ਸੰਸਦੀ ਮਾਮਲੇ ਮੰਤਰੀ :** ਹਾਂ ਜੀ, ਕਰ ਲੈਣ ਦਿਉ ਜੀ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਹਲਕਾ ਇੰਚਾਰਜ ਦੀ ਗੱਲ ਹੋਈ ਸੀ, ਸਾਨੂੰ ਇਸ ਸਬੰਧ ਵਿੱਚ ਬੜੀ ਆਸ ਸੀ ਕਿਉਂਕਿ ਪਿਛਲੇ ਦਸ ਸਾਲ ਪੰਜਾਬ ਵਿੱਚ ਅਸੀਂ ਬੜਾ ਜ਼ੁਲਮ ਦੇਖਿਆ ਹੈ। ਸਪੀਕਰ ਸਾਹਿਬ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਵਿੱਚ ਹਾਲੇ ਵੀ ਉਹੀ ਸਿਸਟਮ ਚੱਲ ਰਿਹਾ ਹੈ। ਮੇਰਾ ਖਿਆਲ ਹੈ ਕਿ ਸਰਕਾਰ ਵਾਸਤੇ ਇਹ ਇੱਕ ਟੈਸਟ ਕੇਸ ਹੈ। ਪਿੱਛੇ ਜਿਹੇ ਅਖਬਾਰਾਂ ਵਿੱਚ ਇਹ ਖਬਰ ਆਈ ਹੈ ਕਿ ਪੰਜ-ਪੰਜ ਕਰੋੜ ਰੁਪਿਆ ਹਰ ਹਲਕੇ ਦੇ ਐਮ.ਐਲ.ਏ. ਨੂੰ ਦਿੱਤਾ ਜਾਵੇਗਾ। ਅਸੀਂ ਆਸ ਕਰਦੇ ਹਾਂ ਕਿ ਇਹ ਸਿਰਫ ਕਾਂਗਰਸ ਦੇ ਹਲਕਿਆਂ ਦੇ ਐਮ.ਐਲ.ਏਜ਼ ਵਾਸਤੇ ਹੀ ਨਹੀਂ ਸਗੋਂ ਸਾਰੇ ਐਮ.ਐਲ.ਏਜ਼ ਨੂੰ ਦਿੱਤਾ ਜਾਵੇਗਾ।

**Mr. Speaker:** Thank you. ਧੰਨਵਾਦ, ਧੰਨਵਾਦ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਮੇਰਾ ਇੱਕ ਲਾਸਟ ਪੁਆਇੰਟ ਹੈ ਕਿ ਇੱਥੇ ਰੋਡ ਇੰਪਰੂਵਮੈਂਟ/ ਰੋਡ ਨੈੱਟਵਰਕ ਦੀ ਗੱਲ ਕੀਤੀ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਜਦੋਂ ਵੀ ਕੋਈ ਰੋਡਜ਼ ਬਣਦੇ ਹਨ ਤਾਂ ਇਸ ਵਾਸਤੇ ਟਾਈਮ ਬਾਊਂਡ ਕੀਤਾ ਜਾਵੇ। ਸਾਡੇ ਖਰੜ ਦੇ ਵਿੱਚ ਬਾਈਪਾਸ ਬਣ ਰਿਹਾ ਹੈ। ਇਹ ਮਿੱਥੇ ਗਏ ਸਮੇਂ ਤੋਂ ਆਲਮੋਸਟ ਡੇਢ-ਦੋ ਸਾਲ ਪਿੱਛੇ ਹੈ, ਹਰ ਰੋਜ਼ ਉੱਥੇ ਪੰਜ-ਦਸ ਐਕਸੀਡੈਂਟ ਹੁੰਦੇ ਹਨ। ਹੁਣ ਤੱਕ ਇੱਕ ਦਰਜਨ ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਇਸ ਵਾਸਤੇ ਕੋਈ ਨਾ ਕੋਈ ਟਾਈਮ ਬਾਊਂਡ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਰ, ਜਿਹੜੀ ਸਤਿਕਾਰਯੋਗ ਮੈਂਬਰ, ਸ਼੍ਰੀ ਕੰਵਰ ਸੰਧੂ ਸਾਹਿਬ ਜੀ ਪ੍ਰਾਪਰਟੀ ਬਿਓਰੇ ਸਬੰਧੀ ਗੱਲ ਕਰ ਰਹੇ ਸੀ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਬਿਲ ਆ ਰਿਹਾ ਹੈ। ਇਸ ਵਿੱਚ Clause 3 (AAA) ਹੈ, "All members shall declare their immovable properties in the month of January for every calendar year."

**ਮਾਨਯੋਗ ਸਪੀਕਰ :** ਬਿਲ ਆ ਰਿਹਾ ਹੈ, ਬਿਲ ਆ ਰਿਹਾ ਹੈ ਜੀ। ਹਾਂ ਜੀ, ਢਿੱਲੋਂ ਜੀ, ਤੁਸੀਂ ਕੀ ਕਹਿਣਾ ਹੈ ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਕੁਝ ਬੋਲਣ ਲਈਂ ਆਪਣੀ ਸੀਟ ਤੇ ਖੜ੍ਹੇ ਸਨ।)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :**ਸਰ, ਮਜੀਠੀਆ ਸਾਹਿਬ ਤੋਂ ਪਹਿਲਾਂ ਮੈਨੂੰ ਸਿਰਫ ਦੋ-ਤਿੰਨ ਮਿੰਟ ਬੋਲਣ ਲਈ ਦੇ ਦਿਓ।

**ਮਾਨਯੋਗ ਸਪੀਕਰ :** ਨਹੀਂ ਜੀ, ਇਸ ਤਰ੍ਹਾਂ ਨਹੀਂ। ਮਜੀਠੀਆ ਜੀ ਦਾ ਟਾਈਮ ਕੱਟਿਆ ਜਾਵੇਗਾ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੇਰੇ ਨਾਲ ਗੱਲ ਹੋ ਗਈ ਹੈ। ਪਲੀਜ਼ ਸਰ, ਟਾਈਮ ਦੇ ਦਿਉ।

**ਮਾਨਯੋਗ ਸਪੀਕਰ :**ਠੀਕ ਹੈ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ (ਸਾਹਨੇਵਾਲ) :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈੱਸ ਤੇ ਬੋਲਣ ਲਈ ਥੋੜ੍ਹਾ ਸਮਾਂ ਦਿੱਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਗਵਰਨਰ ਸਾਹਿਬ ਨੇ ਇੱਥੇ ਭਾਸ਼ਣ ਦਿੱਤਾ ਹੈ, ਉਹ ਗਰਾਊਂਡ ਰਿਐਲਟੀ ਤੋਂ ਕੋਹਾਂ ਦੂਰ ਹੈ। ਜਦੋਂ ਦੀ ਸਰਕਾਰ ਆਈ

[ਸਰਦਾਰ ਸ਼ਰਨਜੀਤ ਸਿੰਘ ਢਿੱਲੋਂ]

ਹੈ, ਉਦੋਂ ਤੋਂ ਹੀ ਡਿਵੈਲਪਮੈਂਟ ਦੇ ਕੰਮ ਬੰਦ ਕਰ ਦਿੱਤੇ ਹਨ। ਪੰਚਾਇਤਾਂ ਕੋਲ ਜਿਹੜੇ ਪੈਸੇ ਪਏ ਸੀ, ਉਹ ਪੰਚਾਇਤਾਂ ਤੋਂ ਵਾਪਸ ਚਲੇ ਗਏ ਅਤੇ ਜਿਹੜੇ ਕਾਰਪੋਰੇਸ਼ਨਾਂ ਕੋਲ ਸੀ, ਉਹ ਵੀ ਵਾਪਸ ਚਲੇ ਗਏ। ਇਸ ਦੇ ਨਾਲ-ਨਾਲ ਤਕਰੀਬਨ ਹਰੇਕ ਕਿਸਮ ਦਾ ਟੈਕਸ ਵਧਾ ਦਿੱਤਾ ਹੈ।

ਸਪੀਕਰ ਸਾਹਿਬ, ਜੇ ਮੈਂ ਬਿਜਲੀ ਦੀ ਗੱਲ ਕਰਾਂ, ਜਿਹੜੀ ਆਮ ਲੋਕਾਂ ਦੇ ਵਿੱਚ ਚਰਚਾ ਕੀਤੀ ਜਾਂਦੀ ਹੈ ਕਿ ਅਸੀਂ ਬਿਜਲੀ ਦੇ ਰੇਟ ਬਹੁਤ ਵਧੀਆ ਕਰ ਦਿੱਤੇ ਹਨ ਪਰ ਮੈਂ ਬਿਜਲੀ ਦਾ ਕੰਪੈਰੀਜ਼ਨ ਕਰਕੇ ਦੱਸਾਂਗਾ ਕਿ ਸਾਲ 2016-17 ਦੇ ਵਿੱਚ ਦੋ ਕਿਲੋਵਾਟ ਦੇ ਰੇਟ ਕਿਸ ਤਰ੍ਹਾਂ ਵਧਾਏ ਹਨ। ਅਸਲ ਵਿੱਚ ਦੋ ਕਿਲੋਵਾਟ ਕਿਸੇ ਅਮੀਰ ਦਾ ਨਹੀਂ ਸਗੋਂ ਗਰੀਬ ਦਾ ਕੁਨੈਕਸ਼ਨ ਹੁੰਦਾ ਹੈ। ਇਹ ਪਹਿਲਾਂ ਪ੍ਰਤੀ ਯੂਨਿਟ 4 ਰੁਪਏ 52 ਪੈਸੇ ਸੀ ਪਰ ਅੱਜ 5 ਰੁਪਏ 41 ਪੈਸੇ ਪਰ ਯੂਨਿਟ ਹੋ ਗਿਆ ਹੈ। ਇਹ ਰੇਟ ਵੀ ਵੱਧ ਕਰ ਦਿੱਤਾ ਹੈ ਪਰ ਜਿਹੜਾ ਫਿਕਸ ਚਾਰਜ ਲਗਾ ਦਿੱਤਾ ਹੈ, ਫਿਕਸ ਚਾਰਜ ਵਜੋਂ 25 ਰੁਪਏ ਪ੍ਰਤੀ ਕਿਲੋਵਾਟ ਚਾਰਜ ਵੀ ਲਗਾ ਦਿੱਤਾ ਹੈ। ਜੇ ਤੁਸੀਂ ਦੋ ਕਿਲੋਵਾਟ ਤੋਂ ਉਪਰ ਦੀ ਗੱਲ ਕਰੋ ਤਾਂ ਉੱਥੇ ਫਿਕਸ ਚਾਰਜ 35 ਰੁਪਏ ਪ੍ਰਤੀ ਕਿਲੋਵਾਟ ਲਗਾ ਦਿੱਤਾ ਹੈ। ਜਿਸ ਕਾਰਨ ਸਾਲ 2016-17 ਵਿੱਚ ਜਿਹੜਾ ਰੇਟ 6.56 ਰੁਪਏ ਪ੍ਰਤੀ ਯੂਨਿਟ ਸੀ, ਅੱਜ 7.68 ਰੁਪਏ ਹੈ। ਇਸ ਵਿੱਚ ਪਹਿਲਾਂ ਨਾਲੋਂ 22-23 ਪ੍ਰਤੀਸ਼ਤ ਇਨਕਰੀਜ਼ ਕਰ ਦਿੱਤਾ। ਜੇ ਤੁਸੀਂ ਕਮਰਸ਼ੀਅਲ ਦੀ ਗੱਲ ਕਰੋ ਤਾਂ ਕਮਰਸ਼ੀਅਲ ਦੇ ਵਿੱਚ ਇਨ੍ਹਾਂ ਨੇ ਜਿਹੜਾ ਫਿਕਸਡ ਚਾਰਜ ਰੇਟ ਲਗਾਇਆ ਹੈ, ਉਹ 80 ਰੁਪਏ ਪ੍ਰਤੀ ਕਿਲੋਵਾਟ ਲਗਾਇਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਚਾਰਜ ਪ੍ਰਤੀ ਯੂਨਿਟ ਲਿਆ ਜਾ ਰਿਹਾ ਹੈ ਤਾਂ ਫਿਰ ਫਿਕਸਡ ਰੇਟ ਲਗਾਉਣ ਦੀ ਕੀ ਲੋੜ ਪਈ ਸੀ? ਇਸ ਤਰ੍ਹਾਂ ਉਹ 80 ਰੁਪਏ ਪ੍ਰਤੀ ਕਿਲੋਵਾਟ ਦੇ ਹਿਸਾਬ ਨਾਲ ਕਿਰਾਇਆ ਲੈ ਰਹੇ ਹਨ, ਰੈਂਟ ਲੈ ਰਹੇ ਹਨ ਜਿਸ ਕਾਰਨ ਸਾਲ 2016-17 ਦੇ ਵਿੱਚ ਜੋ ਰੇਟ 6.75 ਰੁਪਏ ਸੀ, ਅੱਜ ਉਹ 8.57 ਰੁਪਏ ਹੈ। ਇਨ੍ਹਾਂ ਦੀ ਸਰਕਾਰ ਵੱਲੋਂ ਇੱਕ ਗਊ ਸੈੱਸ ਲਗਾਇਆ ਜਾ ਰਿਹਾ ਹੈ। ਗਊ ਸੈੱਸ ਲਗਾਉਣ ਦਾ ਫਾਇਦਾ ਤਾਂ ਸੀ ਜੇ ਗਊਆਂ ਨੂੰ ਕੋਈ ਫਾਇਦਾ ਮਿਲਦਾ। ਗਊਸ਼ਾਲਾਵਾਂ ਦੇ ਉਤੇ ਇਨ੍ਹਾਂ ਨੇ ਬਿਜਲੀ ਦੇ ਬਿਲ ਲਗਾ ਦਿੱਤੇ। ਪਹਿਲਾਂ ਉਨ੍ਹਾਂ ਦੇ ਬਿਜਲੀ ਦੇ ਬਿਲ ਮੁਆਫ ਸੀ। ਅੱਜ ਇਸੇ ਕਰਕੇ ਗਊਆਂ ਚੌਕਾਂ ਦੇ ਉਤੇ ਦੱਬ ਕੇ ਫਿਰਦੀਆਂ ਹਨ, ਐਕਸੀਡੈਂਟ ਬਹੁਤ ਜ਼ਿਆਦਾ ਹੋ ਰਹੇ ਹਨ। ਜੇ ਇੰਡਸਟਰੀ ਦੀ ਗੱਲ ਕਰੀਏ, ਇੰਡਸਟਰੀ ਦੇ ਵਿੱਚ ਵੀ 90 ਰੁਪਏ ਪਰ ਕਿਲੋਵਾਟ ਫਿਕਸ ਰੇਟ ਲਗਾ ਦਿੱਤਾ।

**ਮਾਨਯੋਗ ਸਪੀਕਰ :** ਹੁਣ ਤੁਹਾਡੀ ਗੱਲ ਹੋ ਗਈ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਇਸ ਤੋਂ ਇਲਾਵਾ ਇਨ੍ਹਾਂ ਨੇ ਸੇਵਾ ਕੇਂਦਰ ਬੰਦ ਕਰ ਦਿੱਤੇ ਹਨ। ਉਨ੍ਹਾਂ ਸੇਵਾ ਕੇਂਦਰਾਂ ਦੇ 6-7 ਕਿਲੋਮੀਟਰ ਦੇ ਵਿੱਚ ਲੋਕਾਂ ਦੇ ਕੰਮ ਹੋਣੇ ਸੀ। ਉਹ ਬੰਦ ਕਰ ਦਿੱਤੇ ਹਨ ਜਦ ਕਿ ਉਨ੍ਹਾਂ ਤੋਂ ਹਜ਼ਾਰਾਂ ਲੋਕਾਂ ਨੂੰ ਨੌਕਰੀ ਮਿਲਣੀ ਸੀ ਜਿਸ ਕਾਰਨ ਹੁਣ ਉਹ ਲੋਕ ਨੌਕਰੀ ਤੋਂ ਵਾਂਝੇ ਹੋ ਗਏ। ਇਨ੍ਹਾਂ ਨੇ ਟਰੱਕ ਯੂਨੀਅਨਾਂ ਅਤੇ ਟੈਂਪੂ ਯੂਨੀਅਨਾਂ ਬੰਦ ਕਰ ਦਿੱਤੀਆਂ। ਉਹ ਵੀ ਗਰੀਬਾਂ ਦੀਆਂ ਸੀ, ਉਹ ਕੋਈ ਅਮੀਰਾਂ ਦੀਆਂ ਨਹੀਂ ਸੀ। ਅੱਜ ਉਨ੍ਹਾਂ ਦੀ ਬੁਰੀ ਹਾਲਤ ਹੈ।

**ਮਾਨਯੋਗ ਸਪੀਕਰ :** ਬੈਠੋ ਜੀ, ਤੁਸੀਂ ਬੈਠੋ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੈਂ ਅੱਧਾ ਮਿੰਟ ਹੋਰ ਲੈਣਾ ਹੈ ਜੀ। ਮੈਂ ਰਜਿਸਟਰੇਸ਼ਨ ਫੀਸ ਬਾਰੇ ਗੱਲ ਕਰਦਾ ਹਾਂ, ਜੇ ਤੁਸੀਂ ਅਡਾਪਟਸ਼ਨ ਡੀਡ ਕਰਵਾਉਣ ਜਾਵੋ ਤਾਂ ਪਹਿਲਾਂ ਇਹ ਫੀਸ 2000 ਰੁਪਿਆ ਸੀ ਪਰ ਅੱਜ 4000 ਰੁਪਿਆ ਹੋ ਗਈ ਹੈ। ਜੇ ਵਸੀਅਤ ਕਰਾਉਣ ਵਾਸਤੇ ਜਾਓ, ਪਹਿਲਾਂ ਇਸ ਦੀ ਫੀਸ 2000 ਰੁਪਿਆ ਸੀ ਪਰ ਹੁਣ 4000 ਰੁਪਿਆ ਹੋ ਗਿਆ ਹੈ। ਅਸਲਾ ਲਾਇਸੰਸ ਦਾ ਰੇਟ ਦੁੱਗਣਾ ਕਰ ਦਿੱਤਾ ਅਤੇ ਅਸ਼ਟਾਮ ਰੇਟ ਵੀ ਦੁੱਗਣੇ ਕਰ ਦਿੱਤੇ। ਮੁਲਾਜ਼ਮਾਂ ਨੂੰ ਡੀ.ਏ. ਨਹੀਂ ਦਿੱਤਾ, ਇਸ ਦੀਆਂ ਚਾਰ ਕਿਸ਼ਤਾਂ ਨਹੀਂ ਦਿੱਤੀਆਂ। ਸਗੋਂ ਡਿਵੈਲਪਮੈਂਟ ਫੰਡ ਦੇ ਤੌਰ ਤੇ 200 ਰੁਪਿਆ ਮਹੀਨੇ ਦਾ ਉਨ੍ਹਾਂ ਦਾ ਕਟਾਇਆ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਗਵਰਨਰ ਸਾਹਿਬ ਨੇ ਜੋ ਭਾਸ਼ਣ ਦਿੱਤਾ ਹੈ, ਉਹ ਸਾਰਾ ** ਸੀ।

**ਮਾਨਯੋਗ ਸਪੀਕਰ :** ਨਹੀਂ ਜੀ, ਬੈਠੋ। ਸਰਦਾਰ ਬਿਕਰਮ ਸਿੰਘ ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੇ ਸ਼ੁਰੂ ਕਰਨ ਤੋਂ ਪਹਿਲਾਂ ਜੇ ਮੇਰਾ ਤੁਸੀਂ ਟਾਈਮ ਦੱਸ ਦਿਓ ਜੀ।

**ਮਾਨਯੋਗ ਸਪੀਕਰ :** ਤੁਹਾਡੇ ਕੁੱਲ 14 ਮਿੰਟ ਸੀ ਜੀ, ਚਾਰ ਮਿੰਟ ਤੁਹਾਡੇ ਇਨ੍ਹਾਂ ਨੇ ਲੈ ਲਏ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੇਰੇ 22 ਮਿੰਟ ਸੀ ਜੀ।

**ਮਾਨਯੋਗ ਸਪੀਕਰ :** ਨਹੀਂ, ਨਹੀਂ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਅੱਜ ਬੋਲਿਆ ਹੀ ਕੋਈ ਨਹੀਂ ਜੀ।

---

** Expunged as ordered by the Chair.

**ਮਾਨਯੋਗ ਸਪੀਕਰ :** ਗਵਰਨਰ ਐਡਰੈਸ 'ਤੇ ਬੋਲਣ ਲਈ ਤੁਹਾਡੇ ਟੋਟਲ 30 ਮਿੰਟ ਸੀ। ਤੁਸੀਂ 16 ਮਿੰਟ ਪਹਿਲਾਂ ਲੈ ਚੁੱਕੇ ਹੋ। ਅੱਜ ਤੁਹਾਡੇ 14 ਮਿੰਟ ਸੀ, ਇਨ੍ਹਾਂ 14 ਮਿੰਟਾਂ ਵਿੱਚੋਂ ਚਾਰ ਮਿੰਟ ਤੁਹਾਡੇ ਢਿੱਲੋਂ ਜੀ ਨੇ ਲੈ ਲਏ ਹਨ। ਹੁਣ ਤੁਹਾਡੇ ਕੋਲ 10 ਮਿੰਟ ਹਨ। ਟੋਟਲ 44 ਮਿੰਟ ਸੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਹ ਤੁਸੀਂ ਕਲੀਅਰ ਕਰੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, 44 ਵਿੱਚੋਂ 16 ਚਲੇ ਗਏ ਤਾਂ ਕਿੰਨੇ ਰਹਿ ਗਏ?

**ਮਾਨਯੋਗ ਸਪੀਕਰ :** ਨਹੀਂ, 16 ਨਹੀਂ, 44 ਮਿੰਟ ਵਿੱਚੋਂ 30 ਮਿੰਟ ਗਏ ਹਨ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** 30 ਕਿਵੇਂ ਚਲੇ ਗਏ ਜੀ?

**ਮਾਨਯੋਗ ਸਪੀਕਰ :** 30 ਮਿੰਟ ਗਏ ਹਨ, 14 ਬਚੇ ਹਨ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** 30 ਤਾਂ ਹੋਏ ਹੀ ਨਹੀਂ ਜੀ, 16 ਹੋਏ ਹਨ।

**ਮਾਨਯੋਗ ਸਪੀਕਰ** : 44 ਮਿੰਟ ਵਿੱਚੋਂ 30 ਗਏ ਹਨ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਅੱਜ ਕੋਈ ਵੀ ਨਹੀਂ ਬੋਲਿਆ ਜੀ।

**ਮਾਨਯੋਗ ਸਪੀਕਰ :** ਤੁਹਾਡੇ ਤਾਂ ਮਿੰਟ ਬਚਦੇ ਹੀ ਇਹ ਸੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਨਹੀਂ, ਇਹ ਗਲਤ ਹੈ ਜੀ। ਤੁਸੀਂ ਤਾਂ ਹੁਣ ਬਿਲਕੁਲ ਹੀ ....

**ਮਾਨਯੋਗ ਸਪੀਕਰ :** ਨਹੀਂ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਅੱਜ ਤਾਂ ਬੋਲਿਆ ਹੀ ਕੋਈ ਨਹੀਂ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਅੱਜ ਤਾਂ ਕੋਈ ਬੋਲਿਆ ਹੀ ਨਹੀਂ।

**ਮਾਨਯੋਗ ਸਪੀਕਰ :** ਆਹ ਮੀਟਰ ਤੁਹਾਡਾ ਹੀ ਚੱਲ ਰਿਹਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਇਹ ਗੱਲ ਗਲਤ ਹੈ ਜੀ।

**ਮਾਨਯੋਗ ਸਪੀਕਰ :** ਤੁਸੀਂ 13 ਤਾਰੀਖ ਨੂੰ ਬੋਲ ਚੁੱਕੇ ਹੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ** ** ** **

**** Expunged as ordered by the Hon'ble Speaker.

**ਊਰਜਾ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ) (ਬੈਠੇ-ਬੈਠੇ) :** ਤੁਸੀਂ ਲਗਾ ਕੇ ਗਏ ਹੋ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ) :** ਬਿਲਕੁਲ ਨਹੀਂ ਜੀ, ਹੁਣੇ ਪਤਾ ਲੱਗ ਜਾਵੇਗਾ। ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤਾਂ ਤੁਹਾਡਾ ਧੰਨਵਾਦੀ ਹਾਂ ਪਰ ਕਿਉਂਕਿ ਤੁਸੀਂ ਮੇਰਾ ਸਮਾਂ ਬੜਾ ਘਟਾ ਦਿੱਤਾ ਹੈ, ਅੱਧੀਆਂ ਗੱਲਾਂ ਤਾਂ ਹੁਣ ਮੈਨੂੰ ਵਿੱਚ ਹੀ ਮੁਕਾਉਣੀਆਂ ਪੈਣੀਆਂ ਹਨ। ਸਪੀਕਰ ਸਾਹਿਬ, ਬਜਟ ਸੈਸ਼ਨ ਜਿਹੜਾ ਹੁੰਦਾ ਹੈ, ਇਹ ਸਭ ਤੋਂ ਅਹਿਮ ਸੈਸ਼ਨ ਹੁੰਦਾ ਹੈ। ਪੰਜਾਬ ਦੇ ਲੋਕਾਂ ਵਾਸਤੇ ਸਰਕਾਰ ਦੀ ਕੀ ਸੋਚ ਹੈ, ਕੀ ਮਨਸ਼ਾ ਹੈ, ਕੀ ਪਲੈਨਿੰਗ ਹੈ, ਕੀ ਦਿਸ਼ਾ ਹੈ, ਇਹ ਸੈਸ਼ਨ ਉਸ ਨੂੰ ਡਾਇਰੈਕਸ਼ਨ ਦਿੰਦਾ ਹੈ। ਸਪੀਕਰ ਸਾਹਿਬ, ਇਸ ਸਰਕਾਰ ਦਾ ਇਹ ਤੀਜਾ ਬਜਟ ਹੈ, ਦੋ ਰਹਿ ਗਏ ਹਨ ਅਤੇ ਤਿੰਨ ਲੰਘ ਗਏ ਹਨ। ਤੁਸੀਂ ਹੈਰਾਨ ਹੋਵੋਗੇ ਕਿ ਜਿਹੜੀ ਇਹ ਸਰਕਾਰ ਬਣੀ ਸੀ, ਲੋਕਾਂ ਨੂੰ ਇਸ 'ਤੇ ਬਹੁਤ ਵਿਸ਼ਵਾਸ ਸੀ। ਮੈਂ ਐਵੇਂ ਕਹਾਂ, ਇਨ੍ਹਾਂ ਨੂੰ 78 ਸੀਟਾਂ ਆਈਆਂ, ਇਹ ਕੋਈ ਛੋਟੀ ਮੋਟੀ ਗੱਲ ਨਹੀਂ। ਇਹ ਗੱਲ ਵੱਖਰੀ ਹੈ ਕਿ ਵੋਟ ਪਰਸੈਂਟੇਜ਼ ਦਾ ਸ਼ੇਅਰ ਵੇਖੀਏ ਤਾਂ ਜਿਹੜੀ ਆਪੋਜ਼ੀਸ਼ਨ ਬੈਠੀ ਹੈ, ਸਾਨੂੰ 31 ਪ੍ਰਤੀਸ਼ਤ ਵੋਟ ਮਿਲੇ ਅਤੇ 22-23 ਪ੍ਰਤੀਸ਼ਤ ਇਨ੍ਹਾਂ ਨੂੰ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਮਿਲੇ। ਵੋਟ ਪਰਸੈਂਟੇਜ਼ ਸ਼ੇਅਰ ਦੇ ਹਿਸਾਬ ਨਾਲ ਲੋਕਾਂ ਨੇ ਸਾਡੇ ਕੋਲ ਵਿਸ਼ਵਾਸ ਵੱਧ ਜਤਾਇਆ ਹੈ, ਬੇਸ਼ੱਕ ਸੀਟਾਂ ਇਨ੍ਹਾਂ ਕੋਲ ਸੀ। ਕਿਉਂਕਿ ਜਮਹੂਰੀਅਤ ਹੈ, ਇਨ੍ਹਾਂ ਨੇ ਕਾਰਗੁਜ਼ਾਰੀ ਚਲਾਉਣੀ ਸੀ। ਸਪੀਕਰ ਸਾਹਿਬ, ਉਸੇ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ ਜਿਹੜਾ ਅੱਜ ਬਜਟ ਪੇਸ਼ ਹੋਇਆ ਹੈ, 'ਸੌਰੀ' ਗਵਰਨਰ ਐਡਰੈਸ ਹੋਇਆ ਹੈ, ਸਮਝੋ ਬਜਟ ਵੀ ਪੇਸ਼ ਹੋ ਹੀ ਗਿਆ ਹੈ। ਕਮਾਲ ਹੋ ਗਈ, ਜਿਵੇਂ ਕੋਈ ਚੀਜ਼ ਗਿਫਟ ਰੈਪ ਕੀਤੀ ਜਾਂਦੀ ਹੈ, ਅੰਦਰੋਂ ਕੁਝ ਨਹੀਂ ਪਰ ਗਿਫਟ ਰੈਪਿੰਗ ਤਾਂ ਇੰਨੀ ਜ਼ਬਰਦਸਤ ਹੈ ਕਿ ਮੈਂ ਕਹਿੰਦਾ ਹਾਂ ਕਿ ਮੌਜੂਦਾ ਸਰਕਾਰ ਨੇ ਗਿਫਟ ਰੈਪਿੰਗ ਦੇ ਚੱਕਰ ਵਿੱਚ ਸਾਰੇ ਹਿੰਦੁਸਤਾਨ ਦੀਆਂ ਦੁਕਾਨਾਂ ਫੇਲ੍ਹ ਕਰ ਦਿੱਤੀਆਂ ਹਨ। ਇਹ ਜ਼ਰੂਰ ਹੈ ਕਿ ਇੱਕ ਸਮਾਂ ਸੀ ਜਦੋਂ ਲੋਕਾਂ ਨੇ ਸੋਚਿਆ ਸੀ ਕਿ ਵੋਟਾਂ ਮੌਕੇ ਕਾਂਗਰਸ ਪਾਰਟੀ ਦਾ ਬਟਨ ਨੱਪਿਆ ਨਹੀਂ ਤੇ ਜਾਦੂ ਦੀ ਜੱਫੀ ਪੈ ਜਾਣੀ ਹੈ, ਲੋਕ ਸੋਚਦੇ ਸਨ ਕਿ ਬੱਲੇ-ਬੱਲੇ ਕਮਾਲ ਹੋ ਜਾਣੀ ਹੈ, ਘਰ ਘਰ ਰੁਜ਼ਗਾਰ ਮਿਲੇ ਗਾ, ਬੰਦਾ ਤਾਂ ਘਰ ਮਗਰੋਂ ਪਹੁੰਚੇਗਾ, ਨੌਕਰੀ ਪਹਿਲਾਂ ਖੜ੍ਹੀ ਹੋਊ, ਬੰਦਾ ਮਗਰੋਂ ਘਰ ਪਹੁੰਚੇਗਾ, ਕਰਜ਼ਾ ਸਾਰਾ ਮਾਫ ਹੋਇਆ ਹੋਵੇਗਾ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਬਿਨਾਂ ਆਗਿਆ ਤੋਂ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼, ਪਲੀਜ਼ ਬੈਠੋ। ਜ਼ਰਾ ਮੈਂਬਰ ਸਾਹਿਬ ਦੀ ਗੱਲ ਸੁਣ ਲਵੋ, ਜ਼ਰਾ ਸੁਣ ਲਵੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਅਤੇ ਕਾਂਗਰਸ ਪਾਰਟੀ ਦੇ ਜਿਹੜੇ ਮੈਨੀਫੈਸਟੋ ਦੇ ਆਰਕੀਟੈਕਟ ਵੀ ਹਨ, ਦੇਖੋ, ਹਰ ਗੱਲ ਦੀ ਪੇਸ਼ਕਾਰੀ ਹੁੰਦੀ ਹੈ, ਉਹੀ ਜਿਹੜਾ ਮੈਨੀਫੈਸਟੋ ਤਿਆਰ ਹੋਇਆ ਸੀ, ਉਨ੍ਹਾਂ ਦੇ ਆਰਕੀਟੈਕਟ ਸਾਹਿਬ ਵੀ ਬੈਠੇ ਹਨ, ਹੁਣ ਖਜ਼ਾਨਾ ਮੰਤਰੀ ਵੀ ਹਨ, ਪ੍ਰੰਤੂ ਪੇਸ਼ ਕਿਸ ਤੋਂ ਕਰਵਾਇਆ ? ਆਪ ਨਹੀਂ ਕਿਸੇ ਨੇ ਕੀਤਾ। ਸਾਬਕਾ ਪ੍ਰਧਾਨ ਮੰਤਰੀ ਸਾਹਿਬ ਨੂੰ ਲਿਆ ਕੇ ** ** ਤੋਂ ਇਸ ਤਰ੍ਹਾਂ ਪੇਸ਼ ਕਰਵਾਇਆ ਤਾਂ ਲੋਕ ਮੰਨ ਗਏ ਕਿ ਇੰਨੇ ਵੱਡੇ ਬੰਦੇ ਤੋਂ ਮੈਨੀਫੈਸਟੋ ਪੇਸ਼ ਕਰਵਾਇਆ ਹੈ, ਇਸ ਵਿੱਚ ਜ਼ਰੂਰ ਕੋਈ ਨਾ ਕੋਈ ਗੱਲ ਹੋਵੇਗੀ, ਲੇਕਿਨ ਅੱਜ ਅਸਲੀਅਤ ਕੀ ਹੈ? ਉਦੋਂ ਤਾਂ ਕਹਿੰਦੇ ਸੀ, "Coffee with Captain,"ਹਲਕੇ ਵਿੱਚ ਕੈਪਟਨ''....

**ਮਾਨਯੋਗ ਸਪੀਕਰ:** **** ਨਾਂ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਚਲੋ, ਮੈਂ ਤਾਂ ਸਿਫਤ ਹੀ ਕੀਤੀ ਹੈ, ਉਹ ਬੜੇ ਚੰਗੇ ਬੰਦੇ ਹਨ। ਇਹ ਵੱਖਰੀ ਗੱਲ ਹੈ ਕਿ ਕੋਈ ਉਨ੍ਹਾਂ ਨੂੰ **** ਕਹਿੰਦਾ ਹੈ, ਅਸੀਂ ਤਾਂ ਹੁਣ ਵੀ ਉਨ੍ਹਾਂ ਦੀ ਸਿਫਤ ਕਰਦੇ ਹਾਂ, ਉਦੋਂ ਵੀ ਕੀਤੀ ਸੀ। ਚੰਨੀ ਸਾਹਿਬ, ਕੀ ਤੁਹਾਨੂੰ ਯਾਦ ਹੈ ਕਿ ਇਕੱਠਿਆਂ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਸੀ ? (ਵਿਘਨ) ਸਪੀਕਰ ਸਾਹਿਬ, ਮੈਂ ਅੱਗੇ ਕਹਿਣਾ ਚਾਹੁੰਦਾ ਹਾਂ ਕਿ ਜਨਤਾ ਨੂੰ ਬੜੇ ਬੜੇ ਲਾਰੇ ਲਗਾਏ ਗਏ ਅਤੇ ਸੁਪਨੇ ਦਿਖਾਏ ਗਏ । ਤੁਸੀਂ ਸੁਣਿਆ ਹੋਵੇਗਾ ਤੇ ਇੱਕ 'All is well ' ਨਾਮ ਦੀ ਫਿਲਮ ਵੇਖੀ ਹੋਣੀ ਹੈ। ਸਪੀਕਰ ਸਾਹਿਬ, ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ 'all is not well and all is in the well ' ਵਰਗੇ ਹਾਲਾਤ ਬਣੇ ਪਏ ਹਨ। (ਵਿਘਨ)

ਸਪੀਕਰ ਸਾਹਿਬ, ਪ੍ਰਧਾਨ ਮੰਤਰੀ ਸਾਹਿਬ 'ਮਨ ਕੀ ਬਾਤ' ਕਰਦੇ ਹਨ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਅੱਜ ਕੋਈ 'ਸੱਚ ਦੀ ਗੱਲ' ਵੀ ਕਰਿਉ, 'ਸੱਚ ਕੀ ਬਾਤ'

---

**** Expunged as ordered by the Chair.

ਵੀ ਕਰਿਉ, 'ਦਿਲ ਕੀ ਬਾਤ' ਵੀ ਕਰਿਉ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਬਣਨ ਤੋਂ ਪਹਿਲਾਂ ਇਨ੍ਹਾਂ ਦੇ ਵੱਲੋਂ ਫੋਨ ਜਾਂਦੇ ਹੁੰਦੇ ਸੀ, ਕੈਪਟਨ ਸਾਹਿਬ ਦਾ ਫੋਨ ਜਾਂਦਾ ਹੁੰਦਾ ਸੀ । ਮੈਨੂੰ ਬਾਹਰ ਇੱਕ ਬੰਦਾ ਮਿਲਿਆ, ਉਹ ਮੈਨੂੰ ਕਹਿੰਦਾ ਕਿ ਮੇਰਾ ਇੱਕ ਸੁਨੇਹਾ ਉਨ੍ਹਾਂ ਨੂੰ ਦੇ ਦਿਉ, ਉਹ ਸਾਨੂੰ ਤਾਂ ਹੁਣ ਮਿਲਦੇ ਹੀ ਨਹੀਂ। ਸਪੀਕਰ ਸਾਹਿਬ, ਇੱਥੇ ਪਹਿਲਾਂ ਮੇਰੇ ਸਾਥੀ ਰਾਜਾ ਜੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲ ਇਸ਼ਾਰਾ) ਬੋਲੇ ਹਨ। "ਭਰਾ, ਮੈਨੂੰ ਸਮਝ ਨਹੀਂ ਆਈ ਕਿ ਤੂੰ ਸਿਫਤ ਕੀਤੀ ਹੈ ਜਾਂ back handed shot ਹੀ ਮਾਰਿਆ ਹੈ। ਚਲੋ, ਮੈਂ ਤੇਰੀਆਂ ਗੱਲਾਂ ਨਾਲ ਲਗਭਗ ਸਹਿਮਤ ਹਾਂ, ਐਵੇਂ ਗੁੱਸਾ ਨਾ ਕਰੀਂ ਮੇਰੇ ਵੀਰ, ਮੇਰੀ ਕਿਸੇ ਗੱਲ ਦਾ ਗੁੱਸਾ ਨਾ ਕਰੀਂ। ਮੈਂ ਲਗਭਗ ਤੇਰੀਆਂ ਗੱਲਾਂ ਨਾਲ ਸਹਿਮਤ ਹਾਂ।" (ਵਿਘਨ) ਸਪੀਕਰ ਸਾਹਿਬ, ਉਨ੍ਹਾਂ ਦਾ ਫੋਨ ਆਇਆ ਤੇ ਮੈਂ ਕੈਪਟਨ ਸਾਹਿਬ ਨੂੰ ਸੁਣਾਉਣਾ ਚਾਹੁੰਦਾ ਹਾਂ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਸ ਦਾ ਨਾਂ ਸੰਧੂਰਾ ਸਿੰਘ ਹੈ, ਤੁਹਾਡਾ ਮਾਨਸਾ ਵਿਖੇ ਫੋਨ ਗਿਆ ਸੀ, ਉਸ ਦੇ ਕਰਜ਼ੇ ਮੁਆਫੀ ਲਈ ਸੀ। ਸਪੀਕਰ ਸਾਹਿਬ, ਉਸ ਨੇ ਮੈਨੂੰ ਕਿਹਾ ਸੀ ਕਿ ਮੇਰੀ ਗੱਲ ਜ਼ਰੂਰ ਕਰਿਉ। ਉਸਨੇ ਕਵਿਤਾ ਰੂਪ ਵਿੱਚ ਜਿਵੇਂ ਮੈਨੂੰ ਕਿਹਾ ਮੈਂ ਕੋਟ ਕਰ ਦਿੰਦਾ ਹਾਂ. ਉਹ ਕਹਿੰਦਾ, "ਹੈਲੋ, ਭਾਈ ਸਾਹਿਬ, ਸਤਿ ਸ੍ਰੀ ਅਕਾਲ ਜੀ, ਪਹਿਲੋਂ ਵੀ ਮਿਲੇ ਸਾਂ, ਹੋ ਗਏ ਦੋ ਕੁ ਸਾਲ ਜੀ, ਉਹੀ ਕਪਤਾਨ ਭਾਈ ਸਾਹਿਬ ਬੋਲਦਾ। ਜਿਸਨੂੰ ਸਾਰਾ ਚਾਹੁੰਦਾ ਸੀ ਪੰਜਾਬ ਬੋਲਦਾ ਕੀਤਾ ਸੀ ਪ੍ਰਣ ਲੋਕਾਂ ਵਿੱਚ ਖੜ੍ਹ ਕੇ ਪਾਈ ਸੀ ਕਸਮ ਗੁਟਕਾ ਸਾਹਿਬ ਫੜ੍ਹ ਕੇ, ਪੂਰੀ ਤਰ੍ਹਾਂ ਹੋ ਕੇ ਅੰਤਰ ਧਿਆਨ ਮੈਂ ਸੰਗਤਾਂ ਦੇ ਵਿੱਚ ਦਿੱਤਾ ਸੀ ਬਿਆਨ ਮੈਂ, 90000 ਕਰੋੜ ਉਤੇ ਫੇਰ ਦੇਣੀ ਹੈ ਲੀਕ ਹੈ, ਨੌਕਰੀ ਪਹੁੰਚਾਉਣੀ ਘਰ ਘਰ ਤੀਕ ਹੈ, ਪਹਿਲਾਂ ਵਾਂਗ ਉਵੇਂ ਆਟਾ-ਦਾਲ ਮਿਲੇਗਾ, ਖੰਡ ਤੇ ਘਿਉ..."

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਬਿਨਾਂ ਆਗਿਆ ਤੋਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਉ ਜੀ। (ਵਿਘਨ) ਇਨ੍ਹਾਂ ਨੂੰ ਬੋਲਣੋਂ ਹਟਾ ਦਿਉ। (ਵਿਘਨ) ਸਰ, ਮੈਂ ਬਹਿ ਜਾਂਦਾ ਹਾਂ ਜੇ ਇਨ੍ਹਾਂ ਨੇ ਇਸ ਤਰ੍ਹਾਂ ਕਰਨਾ ਹੈ। (ਵਿਘਨ)

(ਇਸ ਸਮੇਂ ਟਰੇਜਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਬਿਨਾਂ ਆਗਿਆ ਤੋਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਬੋਲੋ, ਮਜੀਠੀਆ ਜੀ, ਬੋਲੋ। (ਵਿਘਨ) ਤੁਸੀਂ ਬਾਕੀ ਸਾਰੇ ਬੈਠ ਜਾਉ। ਬੈਠੋ, ਬੈਠੋ, ਪਲੀਜ਼, ਬੈਠੋ। ਰਾਜਾ ਜੀ, ਬੈਠੋ। ਮੈਂ ਟਾਈਮ ਬਾਰੇ ਵੀ ਵੇਖਣਾ ਹੈ ਜੀ। (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਉਹ ਸੰਧੂਰਾ ਸਾਹਿਬ ਕਹਿੰਦਾ, ''ਪਹਿਲਾਂ ਵਾਂਗ ਆਟਾ-ਦਾਲ ਮਿਲੇਗਾ.....''

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾਂ ਆਗਿਆ ਤੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਨਾਗਰਾ ਜੀ, ਬਹਿ ਜਾਉ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ......ਖੰਡ ਤੇ ਘਿਉ ਵੀ ਸਗੋਂ ਨਾਲ ਮਿਲੇਗਾ। (ਵਿਘਨ) ਅੱਗੇ ਕਹਿੰਦਾ, ''50 ਲੱਖ ਦੇਣੇ ਸਮਾਰਟ ਫੋਨ ਦੋਸਤੋ, ਬਾਜਵਾ ਸਾਹਿਬ ਫੋਨਾਂ ਵਿੱਚ ਭਰਵਾ ਲਉ, ਮੇਰੀ ਰਿੰਗ ਟੋਨ ਦੋਸਤੋ । ਹਾਲਾਤ ਵੇਖੋ, ਕੀਤੇ ਹੋਏ ਵਾਅਦੇ ਉਤੇ ਕਸਮ ਪਾਈ ਗਈ, ਜਾਣਦੇ ਨੇ ਸਾਰੇ ਕਿੰਨੀ ਕੁ ਨਿਭਾਈ ਗਈ......''

**ਮਾਨਯੋਗ ਸਪੀਕਰ :** ਮਜੀਠੀਆ ਜੀ, ਤੁਹਾਡੇ ਤਿੰਨ ਮਿੰਟ ਰਹਿ ਗਏ, ਹੁਣ ਤੁਸੀਂ ਕਨਕਲੂਡ ਕਰ ਲਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ''....ਸੋਚਿਆ ਸੀ ਕਿਆ ਤੇ ਕਿਆ ਹੋ ਗਿਆ, ਉਹ ਵਾਅਦਾ ਹੀ ਕਿਆ, ਕੈਪਟਨ ਸਾਹਿਬ, ਜੋ ਵਫਾ ਹੋ ਗਿਆ।'' (ਵਿਘਨ...ਸ਼ੋਰ) ਸਪੀਕਰ ਸਾਹਿਬ, ਕਮਾਲ ਕਰ ਦਿੱਤੀ। ਮੈਂ ਸਭ ਤੋਂ ਪਹਿਲਾਂ ਕਰਜ਼ਾ ਮੁਆਫੀ ਦੀ ਗੱਲ ਕਰਨੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਤੁਹਾਡੇ ਕੋਲ ਤਿੰਨ ਮਿੰਟ ਰਹਿ ਗਏ ਹਨ, ਜੋ ਮਰਜ਼ੀ ਗੱਲ ਕਰ ਲਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਤੁਸੀਂ ਬਾਦਸ਼ਾਹ ਹੋ, ਮੈਂ ਕੀ ਕਰ ਸਕਦਾ ਹਾਂ? (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਦਰਸ਼ਨ ਸਿੰਘ ਬਰਾੜ ਬਿਨਾਂ ਆਗਿਆ ਤੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਬੈਠੋ ਜੀ...ਬੈਠੋ...ਸਰਦਾਰ ਦਰਸ਼ਨ ਸਿੰਘ ਜੀ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਕੈਪਟਨ ਸਾਹਿਬ ਦੀ 10 ਸਤੰਬਰ ਦੀ ਸਟੇਟਮੈਂਟ ਹੈ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ''quote unquote'' ਪੜ੍ਹ ਦਿੰਦਾ ਹਾਂ। ਸਾਰੇ ਗਿਲੇ-ਸ਼ਿਕਵੇ ਨਿਕਲ ਜਾਣਗੇ ਕਿ ਸਾਨੂੰ ਭੁਲੇਖਾ ਹੈ

ਜਾਂ ਇਨ੍ਹਾਂ ਨੂੰ ਹੈ।(ਵਿਘਨ...)(ਸ਼ੋਰ) ਸਪੀਕਰ ਸਾਹਿਬ, ਜੇ ਅਜਿਹੀ ਗੱਲ ਹੈ ਤਾਂ ਮੈਂ ਬੈਠ ਜਾਂਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ (ਮੁੱਖ ਮੰਤਰੀ ਵੱਲ ਇਸ਼ਾਰਾ) ਸਟੇਟਮੈਂਟ ਦਿੱਤੀ ਸੀ। ਉਸ ਵਿੱਚ ਇਹ ਕਿਹਾ ਗਿਆ, "ਕਈਆਂ ਨੇ ਕੋਆਪਰੇਟਿਵ ਬੈਂਕਾਂ ਤੋਂ ਲੋਨ ਲਏ ਹਨ, ਕਈਆਂ ਨੇ ਨੈਸ਼ਨਲ ਬੈਂਕ ਤੋਂ ਲੋਨ ਲਏ ਹਨ ਅਤੇ ਕਈਆਂ ਨੇ ਆੜ੍ਹਤੀਆਂ ਤੋਂ ਲਏ ਹਨ। ਜਿਹੜੇ ਇਹ ਤਿੰਨੋਂ ਕਰਜ਼ੇ ਹਨ, ਇਹ ਅਸੀਂ ਦੇਵਾਂਗੇ, ਪੰਜਾਬ ਸਰਕਾਰ ਦੇਵੇਗੀ। ਤੁਹਾਨੂੰ ਪੇਅ ਕਰਨ ਦੀ ਲੋੜ ਨਹੀਂ ਹੈ।" ਇੱਕ ਵਿਚਾਰੇ, ਨੂੰ ਸਮਝ ਨਹੀਂ ਆਈ ਅਤੇ ਉਸ ਨੇ ਫੇਰ ਪੁੱਛਿਆ ਤਾਂ ਕੈਪਟਨ ਸਾਹਿਬ ਫੇਰ ਤੋਂ ਬੋਲੇ ਅਤੇ ਕਹਿਣ ਲੱਗੇ ਕਿ ਤੁਹਾਡੇ ਕਰਜ਼ੇ ਜੋ ਆੜ੍ਹਤੀਆਂ ਤੋਂ ਲਏ ਹੋਏ ਹਨ, ਉਹ ਅਸੀਂ ਦੇਵਾਂਗੇ, ਬੈਂਕਾਂ ਨੂੰ ਅਸੀਂ ਦੇਵਾਂਗੇ, ਕੋਆਪਰੇਟਿਵ ਮਹਿਕਮੇ ਨੂੰ ਅਸੀਂ ਦੇਵਾਂਗੇ। 'Quote Unquote' ਵਿੱਚ ਇਸ ਬਾਰੇ ਜ਼ਿਕਰ ਹੈ। ਸਪੀਕਰ ਸਾਹਿਬ, ਅਸਲੀਅਤ ਕੀ ਹੈ ਕਿ ਜਿਹੜਾ ਛਿਮਾਹੀ ਦਾ crop loan waive ਹੋਇਆ ਹੈ ਤਾਂ ਉਹ ਵੀ ਕੁਝ ਹੱਦ ਤੱਕ ਭਾਵ less than 2% ਹੀ ਹੋਇਆ ਹੈ। ਸਪੀਕਰ ਸਾਹਿਬ, ਮੇਰੇ ਕੋਲ ਇਹ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਦਾ 'ਟ੍ਰਿਬਿਊਨ ਅਖਬਾਰ' ਹੈ, ਜਿਸ ਵਿੱਚ ਲਿਖਿਆ ਹੋਇਆ ਹੈ ਕਿ 900 ਕਿਸਾਨ ਖੁਦਕੁਸ਼ੀ ਕਰ ਗਿਆ ਹੈ ਅਤੇ ਉਨ੍ਹਾਂ 900 ਕਿਸਾਨਾਂ ਦੇ ਵਿਚਾਰੇ ਪਰਿਵਾਰ ਇਨ੍ਹਾਂ ਨੂੰ ਮਿਲਣ ਲਈ ਆਏ ਪਰ ਉਨ੍ਹਾਂ ਨੂੰ ਕਿਸੇ ਨੇ ਮਿਲਣਾ ਜ਼ਰੂਰੀ ਨਹੀਂ ਸਮਝਿਆ। (ਵਿਘਨ...ਸ਼ੋਰ) ਇਸ ਤਰ੍ਹਾਂ ਇੰਟ੍ਰਪਟ ਕਰਨ ਦਾ ਕੀ ਫਾਇਦਾ ਹੈ?

**ਮਾਨਯੋਗ ਸਪੀਕਰ :** ਤੁਸੀਂ ਕਨਕਲੂਡ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਅੱਜ ਦੇ 'ਪੰਜਾਬੀ ਟ੍ਰਿਬਿਊਨ' ਅਖਬਾਰ ਵਿੱਚ ਖਬਰ ਲੱਗੀ ਹੈ, "ਹਰਦੀਪ ਸਿੰਘ resident of Sahnewal sent to jail on cheque bounce case. He committed suicide after coming out of jail." ਸਪੀਕਰ ਸਾਹਿਬ, 15,000 ਕਿਸਾਨਾਂ ਨੂੰ ਜੇਲ੍ਹ ਭੇਜਣ ਦੀ ਤਿਆਰੀ ਹੈ ਅਤੇ 100 ਕਿਸਾਨ ਭਗੌੜਾ ਐਲਾਨ ਦਿੱਤਾ ਗਿਆ ਹੈ। ਮੈਂ ਉਨ੍ਹਾਂ ਦੀ ਗੱਲ ਕਰਦਾ ਹਾਂ...

**ਮਾਨਯੋਗ ਸਪੀਕਰ :** ਮਜੀਠੀਆ ਸਾਹਿਬ, ਹੁਣ ਟਾਈਮ ਹੋ ਗਿਆ ਹੈ। ਸਾਮ੍ਹਣੇ ਘੜੀ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਵੇਂ ਨਾ ਕਰੋ। ਤੁਸੀਂ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਆਉਂਦੇ ਹੋ। ਅਜਿਹਾ ਨਾ ਕਰਿਆ ਕਰੋ।

**ਮਾਨਯੋਗ ਸਪੀਕਰ :** ਲਾਸਟ ਗੱਲ ਜਿਹੜੀ ਕਹਿਣੀ ਹੈ, ਉਹ ਕਹਿ ਲਓ। ਬੱਸ, ਨਿਬੇੜੋ। ਟਾਈਮ ਹੋ ਗਿਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਜਾਖੜ ਸਾਹਿਬ ਨੇ ਵੀ ਕਿਹਾ ਹੈ ਕਿ people are not happy with the loan waiver. ਲਾਡੀ ਜੀ, ਮੇਰੇ ਸਾਥੀ ਦਾ ਗੁਆਂਢੀ ਹਲਕਾ ਹੈ। ਇਨ੍ਹਾਂ ਨੇ ਤਾਂ ਅਰਦਾਸ ਹੀ ਕਰ ਦਿੱਤੀ ਸੀ ਕਿ ਛੇ ਮਹੀਨੇ ਵਿੱਚ **** ਆਉਣ ਵਾਲੇ ਹਨ, ਸਾਰੀਆਂ ਮੁਸ਼ਕਲਾਂ ਹੱਲ ਹੋ ਜਾਣਗੀਆਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਤਾਂ ਤੁਹਾਡੀ ਅਰਦਾਸ ਸੀ, ਦਾਸ ਦੀ ਨਹੀਂ ਸੀ। ਤੁਹਾਡਾ ਵੱਸ ਚੱਲੇ ਤਾਂ ਦੇਸ਼ ਨਿਕਾਲਾ ਦੇ ਦਿਓ। ਮੈਨੂੰ ਪਤਾ ਹੈ, ਮੈਂ ਕਿਹੜਾ ਹਾਲਾਤ ਨੂੰ ਨਹੀਂ ਸਮਝਦਾ?

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਐਸ.ਸੀ. ਭਾਈਚਾਰੇ ਦੀ ਗੱਲ ਚੱਲੀ ਕਿ ਬੜੀ ਸੁਣਵਾਈ ਹੋ ਰਹੀ ਹੈ। ਸ਼੍ਰੀ ਨੱਥੂ ਰਾਮ ਜੀ, ਮੇਰੇ ਬਜ਼ੁਰਗ ਹਨ, ਹੁਣੇ ਉੱਠ ਕੇ ਗਏ ਹਨ। ਉਨ੍ਹਾਂ ਨੇ ਆਪਣੀ ਗਾਥਾ ਆਪ ਬਿਆਨ ਕੀਤੀ ਕਿ ਐਸ.ਸੀ. ਭਾਈਚਾਰੇ ਦਾ ਕਿੰਨਾ ਸਤਿਕਾਰ ਹੁੰਦਾ ਹੈ। ਉਨ੍ਹਾਂ ਨੇ ਪੀ.ਪੀ.ਸੀ.ਸੀ. ਦੇ ਪ੍ਰਧਾਨ ਸਾਹਿਬ ਨੂੰ ਚਿੱਠੀ ਲਿਖੀ ਸੀ। ਹੋਰ ਬੁਲਾਰੇ ਵੀ ਇੱਥੇ ਬੋਲੇ ਹਨ। ਬੈਕਵਰਡ ਕਲਾਸ ਦੇ ਵੀਰ ਧੀਮਾਨ ਸਾਹਿਬ ਦਾ ਨਾਂ ਨਾ ਹੀ ਲਵਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਕਲਾਸ ਦੀ ਕਿੰਨੀ ਕੁ ਇੱਜ਼ਤ ਹੁੰਦੀ ਹੈ? ਸਪੀਕਰ ਸਾਹਿਬ, ਸਕੀਮਾਂ ਦੀ ਗੱਲ ਤਾਂ ਛੱਡੋ, ਮੈਨੂੰ ਤੁਸੀਂ ਬੋਲਣ ਨਹੀਂ ਦੇਣਾ, ਇਹ ਆਪ ਹੀ ਬਿਆਨ ਕਰਦੇ ਹਨ, ਬਾਜਵਾ ਜੀ ਦੀ ਸੋਚ ਤਾਂ ਚੰਗੀ ਸੀ, 50% reservation to our ਧੀਆਂ-ਭੈਣਾਂ ਲਈ ਹੋਵੇਗੀ ਪ੍ਰੰਤੂ ਰਿਜ਼ਰਵੇਸ਼ਨ ਦਾ ਰਿਜ਼ਲਟ ਦੇਖ ਲਓ। ਬੀਬੀ ਜੀ ਇੱਥੇ ਦੱਸ ਕੇ ਗਏ ਹਨ ਕਿ ਇਨ੍ਹਾਂ ਦਾ ਇੱਕ ਮੈਂਬਰ ਕਿਸੇ ਲੇਡੀ ਮੁਲਾਜ਼ਮ ਨੂੰ ਕਹਿੰਦਾ ਹੈ ਕਿ ਤੂੰ ਰੱਬ ਤਾਂ ਨਹੀਂ ਲੱਗ ਗਈ, ਠਾਣੇਦਾਰ ਹੀ ਲੱਗੀ ਹੈਂ। ਕਿਸੇ ਮੈਂਬਰ ਤੇ 'Me too' ਦਾ ਇਲਜ਼ਾਮ ਲੱਗ ਗਿਆ, ਕਿਸੇ ਨੇ DEO ਨੂੰ ਕਹਿ ਦਿੱਤਾ ਕਿ ਤੂੰ ਲੇਟ ਕਿਉਂ ਆਈ ਹੈਂ? ਹੁਸ਼ਿਆਰਪੁਰ ਵਾਲੇ ਵੀਰ ਸਾਹਿਬ ਕਹਿੰਦੇ ਕਿ ਨੀਂਹ ਪੱਥਰ ਦੀ ਲੋੜ ਨਹੀਂ ਹੈ, ਉਥੇ ਸਾਂਝਾ ਕੰਮ ਸੀ, ਇਨ੍ਹਾਂ ਦਾ ਨਾਮ ਨਹੀਂ ਲਿਖਿਆ ਤਾਂ ਇਹ ਦੁਆਲੇ ਹੋ ਗਏ। ਸਪੀਕਰ ਸਾਹਿਬ, ਇਨ੍ਹਾਂ ਦੀ ਕਹਿਣੀ ਤੇ ਕਥਨੀ ਵਿੱਚ ਬੜਾ ਅੰਤਰ ਹੈ।

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। ਸਰਦਾਰ ਫਤਹਿਜੰਗ ਸਿੰਘ ਬਾਜਵਾ ਜੀ। ਦੋ ਮਿੰਟ ਵਿੱਚ ਗੱਲ ਕਹਿ ਲਉ। (ਵਿਘਨ)(ਸ਼ੋਰ)

** **Expunged as ordered by the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਹੋਰ ਸਮਾਂ ਦੇਣ ਦੀ ਮੰਗ ਕਰਨ ਲੱਗ ਪਏ।)

**ਸਰਦਾਰ ਫਤਹਿਜੰਗ ਸਿੰਘ ਬਾਜਵਾ (ਕਾਦੀਆਂ):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਦਾਸ ਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। (ਵਿਘਨ)(ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਸਿਰਫ ਦੋ ਮਿੰਟ ਦਾ ਸਮਾਂ ਹੋਰ ਦੇ ਦਿਉ ਜੀ।

**ਮਾਨਯੋਗ ਸਪੀਕਰ:** ਬਹੁਤ ਹੋ ਗਿਆ ਹੈ ਜੀ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਕਵੀ ਬਿਕਰਮ ਮਜੀਠੀਆ ਜੀ ਨੂੰ ਕਹਿਣਾ ਚਾਹੁੰਦਾ ਹਾਂ ....(ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਹੋਰ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਹੁਣ ਸੁਣ ਲਵੋ। ਸੁਣ ਲਵੋ। ਬੈਠੋ ਜੀ, ਬੈਠੋ। ਬਾਜਵਾ ਜੀ, ਬੋਲੋ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਆਪਣੇ ਸਾਥੀ ਕਵੀ ਬਿਕਰਮ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਸਾਡੇ ਸੀ.ਐਮ. ਸਾਹਿਬ ਦਾ ਧੰਨਵਾਦ ਕਰਨ ਜਿਹੜੇ ਇੱਕ pragmatic ਲੀਡਰ ਹਨ...... (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਸਿਰਫ ਦੋ ਮਿੰਟ ਦਾ ਸਮਾਂ ਹੋਰ ਦੇ ਦਿਉ ਜੀ।

**ਮਾਨਯੋਗ ਸਪੀਕਰ:** ਤੁਸੀਂ ਪਹਿਲਾਂ ਹੀ ਫਾਲਤੂ ਸਮਾਂ ਲੈ ਗਏ ਹੋ ਜੀ। ਚਾਰ ਮਿੰਟ ਫਾਲਤੂ ਲੈ ਗਏ ਹੋ। ਬੈਠੋ ਜੀ। ਹੁਣ ਸਾਰੇ ਬਹਿ ਜਾਵੋ । ਬਹੁਤ ਹੋ ਗਿਆ ਹੈ। ਬੈਠੋ, ਪਲੀਜ਼, ਬੈਠੋ। ਚਾਰ-ਮਿੰਟ ਪਹਿਲਾਂ ਹੀ ਫਾਲਤੂ ਲੈ ਲਏ ਹਨ। ਟੀਨੂ ਜੀ, ਤੁਸੀਂ ਵੀ ਬੈਠੋ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਜਿਹੜਾ ਪੰਜਾਬ ਦਾ ਸਾਰਿਆਂ ਤੋਂ ਅਹਿਮ ਮਸਲਾ ਸੀ, ਡਰੱਗਜ਼ ਦੇ ਉਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2007 ਤੋਂ ਲੈ ਕੇ 2017 ਤੱਕ ਜਦੋਂ ਇਨ੍ਹਾਂ ਦੀ ਕਵੀ ਸਾਹਿਬ ਦੀ ਸਰਕਾਰ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਸੀ, ਉਸ ਸਰਕਾਰ ਵੇਲੇ ਜਿੰਨਾ ਚਿੱਟਾ ਪੰਜਾਬ ਵਿੱਚ ਵਿਕਿਆ, ਉਸ ਦਾ ਲੱਕ ਤੋੜਨ ਵਾਸਤੇ ਮੁੱਖ ਮੰਤਰੀ ਸਾਹਿਬ ਨੇ ਪ੍ਰਣ ਲਿਆ। ਅੱਜ ਕੈਪਟਨ ਅਮਰਿੰਦਰ ਸਿੰਘ ਸਾਹਿਬ ਨੇ ਪੰਜਾਬ ਵਿੱਚ ਡਰੱਗ ਦਾ ਲੱਕ ਤੋੜਨ ਵਾਸਤੇ ਜਿਹੜਾ ਕੰਮ ਕੀਤਾ ਹੈ, ਉਹ ਕਾਬਲੇ-ਤਾਰੀਫ ਹੈ। (ਵਿਘਨ)(ਸ਼ੋਰ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਬੈਠੋ ਜੀ। ਬੈਠੋ। ਹੁਣ ਬੈਠ ਜਾਵੋ ਜੀ। ਪਲੀਜ਼, ਪਲੀਜ਼ ਤੁਸੀਂ ਬੈਠ ਜਾਵੋ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ , ਮੈਂ ਦੱਸਣਾ ਚਾਹੁੰਦਾ ਹਾਂ, ਕਹਿੰਦੇ ਹਨ ਕਿ cleverness need not to be necessary a sign of intelligence even stupid people can be clever. ਸੋ, ਜਿਹੜੇ ਬੰਦੇ ਐਵੇਂ ਰੌਲ਼ਾ ਪਾਉਂਦੇ ਹਨ, ਜਿਹੜਾ ਗਵਰਨਰ ਐਡਰੈਸ ਹੈ, ਉਸ ਵਿੱਚ ਦੱਸਿਆ ਗਿਆ ਹੈ ਕਿ ਸਾਡੀ ਸਰਕਾਰ ਨੇ ਪੰਜਾਬ ਦੇ ਵਿੱਚ ਕਿਹੜੇ-ਕਿਹੜੇ ਚੰਗੇ ਕੰਮ ਕੀਤੇ ਹਨ, ਸਾਡੀ ਸਰਕਾਰ ਨੇ ਦੋ ਸਾਲ ਵਿੱਚ ਜਿਹੜਾ ਨਸ਼ਿਆਂ ਦਾ ਲੱਕ ਤੋੜਿਆ ਹੈ, ਉਸ ਵਾਸਤੇ ਮੈਂ ਸੀ.ਐਮ. ਸਾਹਿਬ ਨੂੰ ਔਰ ਪੰਜਾਬ ਪੁਲਿਸ ਫੋਰਸ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਰਾਜਾ ਕੰਧੋਲਾ ਅਤੇ ਜਗਦੀਸ਼ ਭੋਲੇ ਵਰਗੇ ਜਿਹੜੇ ਡਰੱਗ ਸਮੱਗਲਰਜ਼ ਹਨ, ਉਨ੍ਹਾਂ ਨੂੰ ਸਜ਼ਾ ਤਾਂ ਦਿੱਤੀ ਪਰ ਸਪੀਕਰ ਸਾਹਿਬ, ਜਿਹੜੇ ਉਨ੍ਹਾਂ ਦੇ ਸਰਗਨਾ ਹਨ, ਮੈਂ ਤੁਹਾਡੇ ਮਾਧਿਅਮ ਰਾਹੀਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੁਲੀਟੀਕਲ ਲੀਡਰਾਂ ਦੀ ਜਗਦੀਸ਼ ਭੋਲੇ ਨੂੰ ਪੈਟਰੋਨੇਜ ਸੀ, ਉਨ੍ਹਾਂ ਨੂੰ ਵੀ ਫੜ੍ਹ ਕੇ ਅੰਦਰ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਐਸ.ਟੀ.ਐਸ. ਚੀਫ, ਸ਼੍ਰੀ ਹਰਪ੍ਰੀਤ ਸਿੰਘ ਸਿੱਧੂ ਹੁਰਾਂ ਦੀ ਰਿਪੋਰਟ ਵਿੱਚ ਬਿਲਕੁਲ ਕਲੀਅਰ ਲਿਖਿਆ ਗਿਆ ਸੀ ਕਿ ਕਿਹੜੇ-ਕਿਹੜੇ ਪੁਲੀਟੀਕਲ ਬੰਦੇ ਇਸ ਵਿੱਚ ਸ਼ਾਮਲ ਹਨ,

ਜਿਨ੍ਹਾਂ ਨੇ ਪੰਜਾਬ ਵਿੱਚ ਚਿੱਟਾ ਵਿਕਣ ਲਈ ਕੰਮ ਕੀਤਾ ...(ਵਿਘਨ)(ਸ਼ੋਰ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਲਗਾਤਾਰ ਉੱਚੀ ਉੱਚੀ ਬੋਲ ਰਹੇ ਸਨ ਅਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ।) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਬੈਠ ਜਾਉ ਜੀ। ਬੈਠੋ, ਪਲੀਜ਼।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਪੰਜਾਬ ਦੀ ਇੱਕ ਪੂਰੀ ਜੈਨਰੇਸ਼ਨ, ਸਾਡੇ ਨੌਜਵਾਨਾਂ ਦੀ ਪੂਰੀ ਜੈਨਰੇਸ਼ਨ ** ** ਖਾ ਗਏ। ਇਹ ਸਾਡੀ ਇੱਕ ਜੈਨਰੇਸ਼ਨ ਖਤਮ ਕਰ ਗਏ ਹਨ। (ਥੰਪਿੰਗ) ਜਿਹੜਾ ਅੱਜ ਕੈਪਟਨ ਅਮਰਿੰਦਰ ਸਿੰਘ ਜੀ ਨੇ ਇਸ ਡਰੱਗ ਦਾ ਲੱਕ ਤੋੜਿਆ ਹੈ, ਉਹ ਕਾਬਲੇ-ਤਾਰੀਫ ਹੈ... (ਵਿਘਨ)

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਕਨਕਲੂਡ ਕਰੋ ਜੀ। (ਵਿਘਨ)(ਸ਼ੋਰ)

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਇੱਕ ਕਹਾਵਤ ਕਹਿੰਦੇ ਹਨ, "वह चाल चल कि उम्र खुशी के साथ कटे तेरी, वह काम कर कि दुनिया तुझे याद करे।" ਅੱਜ ਕੈਪਟਨ ਅਮਰਿੰਦਰ ਸਿੰਘ ਜੀ ਨੇ ਡਰੱਗਜ਼ ਖਿਲਾਫ ਜਿੰਨਾ ਕੰਮ ਕੀਤਾ ਹੈ, ਸਾਰਾ ਪੰਜਾਬ ਉਸ ਨੂੰ ਯਾਦ ਕਰਦਾ ਹੈ (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ। (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਬੈਠੋ ਜੀ, ਬੈਠੋ, ਬੈਠੋ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਕੰਮ ਸਾਡੀ ਸਰਕਾਰ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਵਾਸਤੇ ਕੀਤਾ ਹੈ, ਇਹ three-pronged strategy ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼, ਬੈਠ ਜਾਓ, ਬੈਠ ਜਾਓ। ਬਾਜਵਾ ਜੀ ਬੈਠੋ ਹੁਣ, ਬਾਜਵਾ ਜੀ ਬੈਠੋ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਅਖੀਰ ਦੇ ਵਿੱਚ ਮੈਂ ਇਹ ਦੱਸਣਾ ਚਾਹੁੰਦਾ ਹੈ ਕਿ ਜਿੰਨਾ ਕੰਮ ਸਾਡੀ ਸਰਕਾਰ ਨੇ ਕੀਤਾ ਹੈ, ਚਾਹੇ ਉਹ ਗੈਂਗਸਟਰਜ਼ ਦੇ ਉੱਤੇ ਹੈ, ਚਾਹੇ ਉਹ ਡਰੱਗ ਦੇ ਉੱਤੇ ਹੈ, ਚਾਹੇ ਉਹ ਕਿਸਾਨਾਂ ਦੇ ਬਾਰੇ ਹੈ..... (ਵਿਘਨ)(ਸ਼ੋਰ)

---

** **Expunged as ordered by the Chair.

**ਮਾਨਯੋਗ ਸਪੀਕਰ:** (ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ।) ਤੁਸੀਂ ਬੈਠ ਜਾਓ, ਬੈਠ ਜਾਓ, ਤੁਹਾਡੀ ਗੱਲ ਖਤਮ ਹੋ ਗਈ ਸੀ। ਤੁਹਾਡਾ ਟਾਈਮ ਖਤਮ ਹੋ ਗਿਆ। ਤੁਸੀਂ ਫਾਲਤੂ ਟਾਈਮ ਲੈ ਲਿਆ ਸੀ। ਪਲੀਜ਼ ਬੈਠੋ, ਵਡਾਲਾ ਜੀ, ਹੁਣ ਨਹੀਂ ਟਾਈਮ ਮਿਲਣਾ। ਤੁਹਾਡੀ ਪਾਰਟੀ ਦਾ ਟਾਈਮ ਖਤਮ ਹੋ ਗਿਆ ਹੈ। (ਵਿਘਨ)(ਸ਼ੋਰ)

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਜਦੋਂ ਡਰੱਗ ਦੀ ਗੱਲ ਆਉਂਦੀ ਹੈ। ਸਾਰਿਆਂ ਦਾ ਧਿਆਨ....(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬਾਜਵਾ ਜੀ। ਚੀਮਾ ਜੀ, ਹੁਣ ਤੁਸੀਂ ਬੋਲਣਾ ਹੈ, ਉਠੋ, ਖੜ੍ਹੇ ਹੋਵੋ।

**ਸਰਦਾਰ ਫਤਹਿਜੰਗ ਸਿੰਘ ਬਾਜਵਾ:** ਸਪੀਕਰ ਸਾਹਿਬ, ਮੈਂ ਮੁਬਾਰਕਬਾਦ ਦਿੰਦਾ ਹਾਂ ਕਿ ਪੰਜਾਬ ਦੇ ਵਿੱਚ....

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਹੋਰ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ। ) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਬੈਠ ਜਾਓ ਜੀ, ਬੈਠ ਜਾਓ। ਬਾਜਵਾ ਜੀ, ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਚੀਮਾ ਜੀ, ਬੋਲੋ, ਤੁਹਾਡੇ ਤੋਂ ਬਾਅਦ ਸੀ.ਐਮ. ਸਾਹਿਬ ਨੇ ਬੋਲਣਾ ਹੈ। (ਵਿਘਨ)

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਸਪੀਕਰ ਸਾਹਿਬ, ਜਦੋਂ ਦੀ ਪੰਜਾਬ ਦੀ ਭਾਸ਼ਾ ਦੇ ਆਧਾਰ ਤੇ ਵੰਡ ਹੋਈ ਹੈ, ਉਸ ਸਮੇਂ ਤੋਂ ਲਗਾਤਾਰ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਇਹ ਆਉਂਦਾ ਰਿਹਾ ਹੈ ਕਿ ਪੰਜਾਬੀ ਬੋਲਦੇ ਇਲਾਕਿਆਂ ਲਈ ਲੜਾਈ ਲੜੀ ਜਾਵੇਗੀ, ਚੰਡੀਗੜ੍ਹ ਲਈ ਲੜਾਈ ਲੜੀ ਜਾਵੇਗੀ ਅਤੇ ਪੰਜਾਬ ਦੇ ਪਾਣੀਆਂ ਲਈ ਲੜਾਈ ਲੜੀ ਜਾਵੇਗੀ। ਮੈਂ ਸਮਝਦਾ ਹਾਂ ਕਿ ਇਸ ਵਾਰ ਦੇ ਭਾਸ਼ਣ ਦੇ ਵਿੱਚ ਇਹ ਤਿੰਨੇ ਚੀਜ਼ਾਂ ਬਿਲਕੁਲ ਮਿਸਿੰਗ ਹਨ। ਇਨ੍ਹਾਂ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਕਿ ਪੰਜਾਬ ਦੇ ਪਾਣੀਆਂ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇਗਾ, ਚੰਡੀਗੜ੍ਹ ਕਿਵੇਂ ਲਿਆ ਜਾਵੇਗਾ ਅਤੇ ਪੰਜਾਬੀ ਬੋਲਦੇ ਇਲਾਕੇ ਕਿਸ ਤਰ੍ਹਾਂ ਲਏ ਜਾਣਗੇ।

ਸਪੀਕਰ ਸਾਹਿਬ, ਪੰਜਾਬ ਦੇ ਦਰਿਆਵਾਂ ਦਾ ਪਾਣੀ ਲਗਾਤਾਰ ਘੱਟ ਰਿਹਾ ਹੈ। ਜਿਹੜਾ ਉਪਰੋਂ ਪਾਣੀ ਆ ਰਿਹਾ ਹੈ, ਉਹ ਵੀ ਲਗਾਤਾਰ ਘੱਟ ਰਿਹਾ ਹੈ। ਜਿਹੜਾ ਪਾਣੀ ਅਸੀਂ ਦੂਜੀਆਂ ਸਟੇਟਾਂ ਨੂੰ ਦੇ ਰਹੇ ਹਾਂ, ਉਹ ਪੂਰਾ ਦੇ ਰਹੇ ਹਾਂ। ਮੇਰਾ ਕਹਿਣ ਦਾ ਭਾਵ ਹੈ ਕਿ ਰਿਪੇਰੀਅਨ ਐਕਟ ਦੇ ਥਰੂ ਇਸ ਐਕਟ ਨੂੰ ਦੁਬਾਰਾ ਰਿਵੀਊ ਕੀਤਾ ਜਾਵੇ ਕਿਉਂਕਿ ਪੰਜਾਬ ਦਾ ਪਾਣੀ ਉਪਰੋਂ ਘੱਟ ਕੇ ਆ ਰਿਹਾ ਹੈ, ਜਿਸ ਨਾਲ ਪੰਜਾਬ ਦਾ ਪਾਣੀ ਘੱਟ ਰਿਹਾ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਦੇਖੋ, ਢੀਂਡਸਾ ਸਾਹਿਬ, ਗੱਲ ਇਹ ਹੈ (ਵਿਘਨ) ਪਹਿਲਾਂ ਮੇਰੀ ਗੱਲ ਸੁਣ ਲਓ, ਮੇਰੀ ਗੱਲ ਸੁਣ ਲਓ। (ਵਿਘਨ)(ਸ਼ੋਰ)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਬੋਲਣ ਨਹੀਂ ਦੇਣਾ।

**ਮਾਨਯੋਗ ਸਪੀਕਰ:** ਤੁਸੀਂ ਬੈਠੋ ਜੀ। You are nobody to dictate me. ਤੁਸੀਂ ਬੈਠੋ। (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਹੋਰ ਸਮੇਂ ਦੀ ਮੰਗ ਕਰਦੇ ਹੋਏ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ) ਤੁਸੀਂ unnecessary interrupt ਕਰਦੇ ਹੋ (ਵਿਘਨ) ਤੁਸੀਂ unnecessary interrupt ਕਰਦੇ ਹੋ। ਜਦੋਂ ਪਹਿਲਾਂ ਦੂਜੇ ਬੁਲਾਰੇ ਬੋਲਦੇ ਸੀ, ਉਦੋਂ ਵੀ ਤੁਸੀਂ ਬਿਨਾਂ ਵਜ੍ਹਾ interrupt ਕਰਦੇ ਰਹੇ ਹੋ। ਜੇ ਹੁਣ ਨੀਯਤ interruption ਦੀ ਹੈ ਤਾਂ ਇਹ ਇਸ ਹਾਊਸ ਵਿੱਚ ਗੱਲ ਨਹੀਂ ਚੱਲਣੀ। ਤੁਸੀਂ ਪਹਿਲਾਂ ਹੀ ਫਾਲਤੂ ਟਾਈਮ ਲੈ ਚੁੱਕੇ ਹੋ। ਤੁਹਾਡਾ ਇੱਕ ਮਿੰਟ ਵੀ ਹੋਰ ਨਹੀਂ ਬਣਦਾ। ਮੈਂ ਬਿਲਕੁਲ ਇੱਕ ਮਿੰਟ ਵੀ ਨਹੀਂ ਦੇਣਾ, ਤੁਹਾਡੀ ਗੱਲ ਨਹੀਂ ਸੁਣਨੀ ਹੈ ਕਿਉਂਕਿ ਤੁਸੀਂ ਪਹਿਲਾਂ ਹੀ ਕਹਿ ਚੁੱਕੇ ਹੋ। ਤੁਸੀਂ ਜੋ ਕਹਿਣਾ ਸੀ, ਉਹ ਕਹਿ ਚੁੱਕੇ ਹੋ। ਹੁਣ ਕੇਵਲ ਤੇ ਕੇਵਲ, interrupt ਕਰਨ ਵਾਸਤੇ ਇਸ ਤਰ੍ਹਾਂ ਨਾ ਕਰੋ। ਚਲੋ, ਦੱਸੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਜੀ ਕਿ ਕੱਲ੍ਹ ਤੁਸੀਂ ਆਪ ਕਿਹਾ ਹੈ ਕਿ 16 ਮਿੰਟ ਤੁਸੀਂ ਬੋਲੇ । ਅੱਜ ਤੁਸੀਂ ਕਿਹਾ ਕਿ ਸਾਡੇ ਕੋਲ 44 ਮਿੰਟ ਸਨ। 44 ਮਿੰਟਾਂ ਵਿੱਚ ਅੱਜ 4 ਮਿੰਟ ਇਹ ਬੋਲੇ, ਤੁਸੀਂ ਇਨ੍ਹਾਂ ਨੂੰ (ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ) 10 ਮਿੰਟ ਵੀ ਪੂਰੇ ਨਹੀਂ ਦਿੱਤੇ।

**ਮਾਨਯੋਗ ਸਪੀਕਰ:** ਮਜੀਠੀਆ ਸਾਹਿਬ, uninterrupted ਬੋਲੇ ਹਨ। (ਵਿਘਨ)(ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ,.......

**ਮਾਨਯੋਗ ਸਪੀਕਰ:** ਨਾਗਰਾ ਜੀ, ਤੁਸੀਂ ਬੈਠੋ। ਹਰ ਗੱਲ ਦੇ ਵਿੱਚ ਦਖ਼ਲ ਨਾ ਦਿਆ ਕਰੋ। (ਵਿਘਨ)(ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਤੁਸੀਂ ਆਪ ਕਿਹਾ ਕਿ ਕੱਲ੍ਹ ਤੁਸੀਂ 16 ਮਿੰਟ ਬੋਲੇ।

**ਮਾਨਯੋਗ ਸਪੀਕਰ:** ਇੱਥੇ ਸਦਨ ਵਿੱਚ ਇੱਕ ਮਿੰਟ ਦਾ ਵੀ ਕਿਸੇ ਨਾਲ ਕੋਈ ਫਰਕ ਨਹੀਂ ਰੱਖਿਆ ਜਾਂਦਾ ਸਗੋਂ 2-4 ਮਿੰਟ ਫਾਲਤੂ ਹੀ ਦਿੱਤੇ ਜਾਂਦੇ ਹਨ। ਤੁਸੀਂ ਆਪਣਾ ਟਾਈਮ ਲੈ ਲਿਆ ਹੈ।(ਵਿਘਨ) ਪਹਿਲਾਂ ਮੇਰੀ ਗੱਲ ਪੂਰੀ ਹੋ ਲੈਣ ਦਿਓ। ਮਜੀਠੀਆ ਸਾਹਿਬ uninterrupted ਬੋਲੇ ਹਨ। ਬਲਕਿ ਜਦੋਂ ਉਹ (ਸਰਦਾਰ ਫਤਹਿਜੰਗ ਸਿੰਘ ਬਾਜਵਾ ਵੱਲ ਇਸ਼ਾਰਾ) ਬੋਲਦੇ ਸੀ ਤਾਂ ਤੁਸੀਂ unnecessary interrupt ਕਰਦੇ ਰਹੇ ਹੋ। ਇਹ ਹੁਣ ਨਾ ਕਰੋ, ਇਸ ਤਰ੍ਹਾਂ ਨਾ ਕਰੋ, ਤੁਹਾਡੀ ਗੱਲ ਹੋ ਗਈ ਹੈ। (ਵਿਘਨ)(ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਤੁਸੀਂ ਆਪ ਕਿਹਾ ਹੈ, 16 ਮਿੰਟ ਕੱਲ੍ਹ ਸੀ, ਫਿਰ ਅੱਜ ਤਾਂ ਟੋਟਲ 44 ਮਿੰਟ ਸਨ। (ਵਿਘਨ)(ਸ਼ੋਰ)

**Mr. Speaker:** SAD ਦੇ total Member 14 ਹਨ, total time allotted, 44 minutes and time taken on dated 13.2.19 is 30 minutes. So, balance time is 14 minutes. (ਵਿਘਨ)(ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਅਸੀਂ 30 ਮਿੰਟ ਤਾਂ ਬੋਲੇ ਹੀ ਨਹੀਂ ਜੀ।

**ਮਾਨਯੋਗ ਸਪੀਕਰ:** ਪਲੀਜ਼ ਬੈਠ ਜਾਓ, ਪਲੀਜ਼ ਬੈਠ ਜਾਓ, ਪਲੀਜ਼, ਪਲੀਜ਼ । ਮੇਰੀ ਰਿਕੁਐਸਟ ਮੰਨ ਲਓ। (ਵਿਘਨ) ਵਡਾਲਾ ਜੀ, ਮੇਰੀ ਰਿਕੁਐਸਟ ਮੰਨ ਲਓ। ਚੀਮਾ ਜੀ, ਤੁਸੀਂ ਬੋਲੋ। (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਨ੍ਹਾਂ ਨੂੰ ਬਿਠਾ ਲਓ ਜੀ। ਇਹ ਲਗਾਤਾਰ ਵਾਰ-ਵਾਰ ਡਿਸਟਰਬ ਕਰਦੇ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਵਾਤਾਵਰਨ ਵਿੱਚ ਤਬਦੀਲੀ ਹੋਣ ਕਾਰਨ ਵੀ ਪਾਣੀ ਦਾ ਪੱਧਰ ਘੱਟ ਰਿਹਾ ਹੈ। ਇੰਟਰਨੈਸ਼ਨਲ ਲੈਵਲ ਤੇ ਵਾਤਾਵਰਨ ਦੀ

ਤਬਦੀਲੀ ਆ ਰਹੀ ਹੈ, ਚੇਂਜ ਹੋ ਰਹੀ ਹੈ, ਉਸ ਕਾਰਨ ਪਹਾੜਾਂ ਦਾ ਉੱਪਰੋਂ ਦਰਿਆਈ ਪਾਣੀ ਲਗਾਤਾਰ ਘੱਟ ਰਿਹਾ ਹੈ ਪਰ ਜਿਹੜੇ ਦੂਜੇ ਰਾਜ ਹਨ, ਜਿਨ੍ਹਾਂ ਨੂੰ ਅਸੀਂ ਪਾਣੀ ਦਿੰਦੇ ਹਾਂ, ਉਨ੍ਹਾਂ ਨੂੰ ਪਾਣੀ ਪੂਰੀ ਮਾਤਰਾ ਵਿੱਚ ਜਾ ਰਿਹਾ ਹੈ ਜਿਸ ਦੇ ਕਾਰਨ ਪੰਜਾਬ ਦਾ ਪਾਣੀ ਘੱਟ ਰਿਹਾ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਰਿਪੇਰੀਅਨ ਐਕਟ ਦੇ ਤਹਿਤ ਜਿੰਨਾ ਵੀ ਪਾਣੀ ਬਾਹਰ ਜਾ ਰਿਹਾ ਹੈ, ਇਸ ਨੂੰ ਦੁਬਾਰਾ ਰਿਵਿਊ ਕੀਤਾ ਜਾਵੇ, ਸੈਂਟਰ ਨਾਲ ਇਹ ਇਸ਼ੂ ਟੇਕ-ਅੱਪ ਕੀਤਾ ਜਾਵੇ ਔਰ ਜਿਵੇਂ ਐਸ.ਵਾਈ.ਐਲ. ਦਾ ਮੁੱਦਾ ਸੁਪਰੀਮ ਕੋਰਟ ਵਿੱਚ ਪਿਆ ਹੈ, ਉੱਥੇ ਵੀ ਇਸ ਗੱਲ ਨੂੰ ਲੈ ਕੇ ਜਾਇਆ ਜਾਵੇ ਕਿ ਦਰਿਆਵਾਂ ਦਾ ਪਾਣੀ ਉਪਰੋਂ ਘੱਟ ਰਿਹਾ ਹੈ, ਇਸ ਕਰਕੇ ਅਸੀਂ ਦੂਜੇ ਰਾਜਾਂ ਨੂੰ ਪਾਣੀ ਨਹੀਂ ਦੇ ਸਕਦੇ, ਇਸ ਲਈ ਉਨ੍ਹਾਂ ਦਾ ਹਿੱਸਾ ਘਟਾਇਆ ਜਾਵੇ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਪੈਰ੍ਹਾ ਨੰਬਰ 22 ਵਿੱਚ ਲਿਖਿਆ ਹੈ ਕਿ ਪ੍ਰਤੀ ਜੀਅ ਆਮਦਨ ਦੇ ਮਾਮਲੇ ਵਿੱਚ ਪੰਜਾਬ ਸਟੇਟ ਦਾ ਦਰਜਾ 10ਵੇਂ ਨੰਬਰ ਤੇ ਹੈ। ਇਹ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪ੍ਰਤੀ ਜੀਅ ਆਮਦਨ ਦੇ ਮਾਮਲੇ ਵਿੱਚ ਸਾਲ 1960 ਤੋਂ ਲੈ ਕੇ 2014 ਤੱਕ ਪੰਜਾਬ ਪਹਿਲੇ ਨੰਬਰ ਦਾ ਸੂਬਾ ਸੀ। ਅੱਜ ਡਿਪਾਰਟਮੈਂਟ ਦੀ ਜਿਹੜੀ ਰਿਪੋਰਟ ਆਈ ਹੈ, ਉਸ ਮੁਤਾਬਕ ਪੰਜਾਬ ਦਾ ਦਰਜਾ 16ਵੇਂ ਨੰਬਰ ਤੇ ਪਹੁੰਚ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ, ਉਨ੍ਹਾਂ ਨੇ 10ਵਾਂ ਨੰਬਰ ਕਿਹਾ ਹੈ, ਇਹ ਬਿਲਕੁਲ ਝੂਠ ਬੋਲਿਆ ਹੈ ਜਦੋਂ ਕਿ ਕੱਲ੍ਹ ਹੀ ਇਸ ਸਬੰਧੀ ਰਿਪੋਰਟ ਆਈ ਹੈ ਕਿ ਪੰਜਾਬ 16ਵੇਂ ਨੰਬਰ ਤੇ ਪਹੁੰਚ ਚੁੱਕਿਆ ਹੈ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਪੈਰ੍ਹਾ ਨੰਬਰ 44, 45, 46, 47, 48 ਅਤੇ 49 ਵਿੱਚ ਲਗਾਤਾਰ ਸਿੱਖਿਆ ਦੀ ਗੱਲ ਕੀਤੀ ਗਈ ਹੈ। ਪੰਜਾਬ ਵਿੱਚ ਕੈਪਟਨ ਸਾਹਿਬ ਦੀ ਸਰਕਾਰ ਆਉਣ ਤੋਂ ਪਹਿਲਾਂ ਚੋਣ ਮੈਨੀਫੈਸਟੋ ਵਿੱਚ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ। ਕਿਹਾ ਗਿਆ ਸੀ ਕਿ ਜਿਹੜੇ ਅਧਿਆਪਕ ਹਨ, ਚਾਹੇ ਉਹ ਕਿਸੇ ਵੀ ਪ੍ਰਕਾਰ ਦੇ ਹਨ, ਪੱਕੇ ਕੀਤੇ ਜਾਣਗੇ ਲੇਕਿਨ ਹੁਣ ਉਨ੍ਹਾਂ ਤੇ ਸ਼ਰਤਾਂ ਲਗਾਈਆਂ ਜਾ ਰਹੀਆਂ ਹਨ। ਕਿਸੇ ਨੂੰ ਕਿਹਾ ਜਾ ਰਿਹਾ ਹੈ ਕਿ 45000/- ਰੁਪਏ ਦੀ ਥਾਂ ਮੰਥਲੀ 15000/-ਰੁਪਏ ਲੈ ਲਵੋ। ਕਿਸੇ ਨੂੰ ਕਿਹਾ ਜਾ ਰਿਹਾ ਹੈ ਕਿ ਹਾਲੇ ਤੁਹਾਡਾ ਪ੍ਰੋਬੇਸ਼ਨ ਪੀਰੀਅਡ ਦੋ ਸਾਲ ਹੋਰ ਵਧਾਇਆ ਜਾਵੇਗਾ। ਬੜੇ ਅਫਸੋਸ ਦੀ ਗੱਲ ਹੈ, ਜਿਹੜੇ ਅਧਿਆਪਕ 10-10 ਸਾਲ ਤੋਂ, 5-5 ਸਾਲ ਤੋਂ ਅਤੇ 11-11 ਸਾਲ ਤੋਂ ਲਗਾਤਾਰ ਵਿਭਾਗਾਂ ਵਿੱਚ ਕੰਮ ਕਰ ਰਹੇ ਹਨ, ਉਨ੍ਹਾਂ ਤੇ ਦੁਬਾਰਾ ਪ੍ਰੋਬੇਸ਼ਨ ਪੀਰੀਅਡ ਲਗਾਉਣ ਦੀ ਕੀ ਲੋੜ ਹੈ? ਮੈਂ

[ਸਰਦਾਰ ਹਰਪਾਲ ਸਿੰਘ ਚੀਮਾ]

ਸਮਝਦਾ ਹਾਂ ਪੰਜਾਬ ਸਰਕਾਰ ਉਨ੍ਹਾਂ ਲੋਕਾਂ ਨਾਲ ਧੋਖਾ ਕਰ ਰਹੀ ਹੈ। ਇਸ ਗਵਰਨਰ ਐਡਰੈਸ ਵਿੱਚ ਸਿੱਖਿਆ ਖੇਤਰ ਵਿੱਚ ਖਾਸ ਤੌਰ ਤੇ ਕੁਝ ਵੀ ਨਹੀਂ ਹੈ। ਪਿਛਲੇ ਗਵਰਨਰ ਐਡਰੈਸ ਵਿੱਚ ਵੀ ਕਿਹਾ ਗਿਆ ਸੀ ਕਿ ਇੰਨੇ ਕਾਲਜ ਖੋਲ੍ਹੇ ਜਾਣਗੇ, 11-12 ਕਾਲਜਾਂ ਦੀ ਗੱਲ ਪਿਛਲੇ ਸਾਲ ਹੋਈ ਸੀ, ਹੁਣ ਦੁਬਾਰਾ ਫਿਰ ਹੋਈ ਹੈ। ਮੈਂ ਸਮਝਦਾ ਹਾਂ ਕਿ ਇਹ ਗੱਲਾਂ ਕਾਗਜ਼ਾਂ ਵਿੱਚ ਹੀ ਹਨ। ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਮੈਨੂੰ ਇੱਕ ਵੀ ਕਾਲਜ ਗਿਣਾ ਦੇਣ ਜੇਕਰ ਨਵਾਂ ਖੁੱਲ੍ਹਾ ਹੋਵੇ।

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸਾਡੇ ਕਲਾਨੌਰ ਵਿਖੇ ਖੁੱਲ੍ਹਾ ਹੈ। (ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੇਰੇ ਹਲਕੇ ਦਿੜ੍ਹਬਾ ਵਿੱਚ, ਭਵਾਨੀਗੜ੍ਹ ਅਤੇ ਲਹਿਰਾਗਾਗਾ ਇਨ੍ਹਾਂ ਸਾਰੇ ਹਲਕਿਆਂ ਵਿੱਚ ਅਨਾਊਂਸ ਹੋਏ ਸਨ ਪਰ ਇੱਕ ਵੀ ਕਾਲਜ ਨਹੀਂ ਖੁੱਲ੍ਹਾ। ਮੈਂ ਸਮਝਦਾ ਹਾਂ ਕਿ ਕਿਤੇ ਨਾ ਕਿਤੇ ਪੰਜਾਬ ਦੇ ਲੋਕਾਂ ਨਾਲ ਧੋਖਾ ਹੋ ਰਿਹਾ ਹੈ।

ਕੈਪਟਨ ਸਾਹਿਬ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਪੈਰ੍ਹਾ ਨੰਬਰ 26 ਵਿੱਚ ਲਿਖਿਆ ਸੀ ਕਿ ਜਿਹੜੀਆਂ ਕਾਲੋਨੀਆਂ ਗੈਰ-ਕਾਨੂੰਨੀ ਹਨ........

**ਮਾਨਯੋਗ ਸਪੀਕਰ :** ਇੱਕ ਮਿੰਟ ਜੀ। ਸ਼੍ਰੀਮਤੀ ਰਜ਼ੀਆ ਸੁਲਤਾਨਾ ਜੀ ਖੜ੍ਹੇ ਹਨ।

**ਉਚੇਰੀ ਸਿੱਖਿਆ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਸਪੀਕਰ ਸਾਹਿਬ, ਅਸੈਂਬਲੀ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਅਸੀਂ ਪ੍ਰਾਮਿਸ ਕੀਤਾ ਸੀ ਕਿ ਅਸੀਂ ਟੋਟਲ 51 ਕਾਲਜ ਖੋਲ੍ਹਾਂਗੇ, ਉਸ ਵਿੱਚੋਂ 29 ਕਾਲਜ ਅਸੀਂ ਖੋਲ੍ਹ ਦਿੱਤੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਨ੍ਹਾਂ ਦੀ ਲਿਸਟ ਅਸੀਂ ਇਨ੍ਹਾਂ ਨੂੰ ਦੇ ਦੇਵਾਂਗੇ। ਜਿੱਥੇ-ਜਿੱਥੇ ਸਾਡੇ ਕਾਲਜ ਖੋਲ੍ਹੇ ਗਏ ਹਨ, ਉਹ ਲਿਸਟ ਇਹ ਸਾਡੇ ਤੋਂ ਆ ਕੇ ਲੈ ਲੈਣ, 10 ਪਹਿਲਾਂ ਖੋਲ੍ਹੇ ਸੀ, 10 ਹੁਣ ਅਤੇ 6 ਫਿਰ ਦੁਬਾਰਾ ਖੋਲ੍ਹੇ ਹਨ, ਇਸ ਤਰ੍ਹਾਂ ਹੁਣ ਤੱਕ ਅਸੀਂ 29 ਕਾਲਜ ਖੋਲ੍ਹ ਰਹੇ ਹਾਂ।

**ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਚੀਮਾ ਸਾਹਿਬ ਨੇ ਸਟੇਟਮੈਂਟ ਦਿੱਤੀ ਹੈ। ਚੀਮਾ ਸਾਹਿਬ ਪਹਿਲਾਂ ਤਾਂ ਤੁਹਾਨੂੰ ਇਹ ਵਾਪਸ ਲੈਣੀ ਚਾਹੀਦੀ ਹੈ। ਜਦੋਂ ਗੌਰਮਿੰਟ ਬਣੀ, ਉਦੋਂ ਮੇਰੇ ਹਲਕੇ ਵਿੱਚ ਕਲਾਨੌਰ ਵਿਖੇ 12 ਕਰੋੜ ਦਾ ਟੈਂਡਰ ਲੱਗ ਕੇ ਬਿਲਡਿੰਗ ਸਟਾਰਟ ਹੋ ਗਈ ਹੈ ਔਰ ਉੱਥੇ ਆਈ.ਟੀ.ਆਈ. ਵਿੱਚ ਕਲਾਸਾਂ ਚੱਲ ਰਹੀਆਂ ਹਨ। ਪ੍ਰਿੰਸੀਪਲ ਉੱਥੇ ਹੈ, ਟੀਚਰ ਵੀ ਉੱਥੇ ਹਨ, ਇਸ

ਕਰਕੇ ਮਿਸਲੀਡ ਨਾ ਕਰੋ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਗੱਲ ਸੰਗਰੂਰ ਦੀ ਕਰ ਲਈਏ....... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਨਹੀਂ, ਤੁਸੀਂ ਪੰਜਾਬ ਦੀ ਗੱਲ ਕੀਤੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਹਲਕਾ ਦਿੜ੍ਹਬਾ ਵਿੱਚ ਵੀ ਅਨਾਊਂਸ ਹੋਇਆ ਸੀ, ਲਹਿਰਾਗਾਗਾ ਵੀ ਅਨਾਊਂਸ ਹੋਇਆ ਸੀ।

**ਉਚੇਰੀ ਸਿੱਖਿਆ ਮੰਤਰੀ :** ਸੰਗਰੂਰ ਦੀ ਬਿਲਡਿੰਗ ਬਣ ਚੁੱਕੀ ਹੈ, ਤਿਆਰ ਹੋ ਚੁੱਕੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਉੱਥੇ ਕਿਤੇ ਕੋਈ ਬਿਲਡਿੰਗ ਨਹੀਂ ਬਣੀ। ਕੋਈ ਸਰਵੇ ਨਹੀਂ ਹੋਇਆ।

**ਮਾਨਯੋਗ ਸਪੀਕਰ :** ਚੀਮਾ ਸਾਹਿਬ, ਇੱਕ ਮਿੰਟ। ਚੀਮਾ ਸਾਹਿਬ, ਤੁਸੀਂ ਸਪੈਸੀਫਿਕ ਗੱਲ ਕਰ ਲਉ, ਦਿੜ੍ਹਬਾ ਦੀ ਕਰ ਲਉ ਜਾਂ ਸੰਗਰੂਰ ਦੀ ਕਰ ਲਉ। ਪਰ ਪਹਿਲਾਂ ਤੁਸੀਂ ਸਵੀਪਿੰਗ ਸਟੇਟਮੈਂਟ ਦਿੱਤੀ ਹੈ ਕਿ ਸਾਰੇ ਸੂਬੇ ਵਿੱਚ ਅਜਿਹਾ ਹੋਇਆ ਹੈ। ਉਸ ਗੱਲ ਤੋਂ ਇਨ੍ਹਾਂ ਨੂੰ ਇਤਰਾਜ਼ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਚਲੋ, ਮੈਂ ਸਮਝਦਾ ਹਾਂ ਕਿ ਮਨਿਸਟਰ ਸਾਹਿਬ ਮੈਨੂੰ ਦੱਸ ਦੇਣ ਕਿ ਜਿਹੜੇ ਨਵੇਂ ਕਾਲਜ ਚਲਾਏ ਹਨ, ਪਿਛਲੇ ਸਾਲ ਚਲਾਏ ਹਨ ਜਾਂ ਉਸ ਤੋਂ ਪਿਛਲੇ ਸਾਲ ਚਲਾਏ ਹਨ, ਉਹ ਕਾਲਜ ਕਿੱਥੇ-ਕਿੱਥੇ ਚਲਦੇ ਹਨ ? ਮੈਂ ਸਮਝਦਾ ਹਾਂ ਕਿ ਜਿਹੜੀਆਂ ਅਨਾਊਂਸਮੈਂਟਸ ਹੁੰਦੀਆਂ ਹਨ, ਉਹ ਵਧਾ-ਚੜ੍ਹਾ ਕੇ ਹੁੰਦੀਆਂ ਹਨ ਲੇਕਿਨ ਗਰਾਊਂਡ ਤੇ ਉਨੀਆਂ ਪੂਰੀਆਂ ਨਹੀਂ ਹੁੰਦੀਆਂ। ਜੇਕਰ 15 ਕਾਲਜ ਖੋਲ੍ਹੇ ਹਨ ਤਾਂ ਹੋ ਸਕਦਾ ਹੈ ਕਿ ਇੱਕ ਦੋ ਖੁੱਲ੍ਹ ਗਏ ਹੋਣਗੇ ਪਰ ਗਰਾਊਂਡ ਲੈਵਲ ਤੇ 15 ਦੇ 15 ਨਹੀਂ ਖੁੱਲ੍ਹਦੇ।

**ਉਚੇਰੀ ਸਿੱਖਿਆ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਨੂੰ ਕੱਲ੍ਹ ਨੂੰ ਇੱਥੇ ਲਿਸਟ ਲਿਆ ਦੇਵਾਂਗੀ।

**ਸਰਦਾਰ ਹਰਪਾਲ ਸਿੰਘ ਚੀਮਾ :** ਠੀਕ ਹੈ ਜੀ। ਕੱਲ੍ਹ ਲਿਸਟ ਪੇਸ਼ ਕਰ ਦਿਉ। ਸਪੀਕਰ ਸਾਹਿਬ, ਪੈਰ੍ਹਾ ਨੰਬਰ 74 ਵਿੱਚ...... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਪਲੀਜ਼, ਇਨ੍ਹਾਂ ਨੂੰ ਬੋਲ ਲੈਣ ਦਿਉ। ਇਹ ਲੀਡਰ ਆਫ ਦਿ ਆਪੋਜ਼ੀਸ਼ਨ ਹਨ।

**ਸਰਦਾਰ ਹਰਪਾਲ ਸਿੰਘ ਚੀਮਾ:** ਰੰਧਾਵਾ ਸਾਹਿਬ, ਮੈਨੂੰ ਬੋਲ ਲੈਣ ਦਿਓ। ਜਦੋਂ ਤੁਸੀਂ ਬੋਲ ਰਹੇ ਸੀ ਤਾਂ ਅਸੀਂ ਤੁਹਾਨੂੰ ਬਿਲਕੁਲ ਇੰਟਰੱਪਟ ਨਹੀਂ ਕੀਤਾ ਸੀ। ਸਪੀਕਰ ਸਾਹਿਬ, ਪੈਰ੍ਹਾ ਨੰ: 74 ਵਿੱਚ ਪੇਂਡੂ ਖੇਤਰਾਂ ਨੂੰ ਪੀਣ ਵਾਲਾ ਸਵੱਛ ਪਾਣੀ ਦੇਣ ਦੀ ਗੱਲ ਕੀਤੀ ਗਈ ਹੈ। ਪੰਜਾਬ ਵਿੱਚ ਬਹੁਤ ਸਾਰੇ ਸਰਪੰਚਾਂ ਜਾਂ ਪੰਚਾਂ ਨੇ ਕਿਤੇ ਨਾ ਕਿਤੇ ਪੈਸੇ ਦਾ ਗਬਨ ਕੀਤਾ ਸੀ, ਲੋਕਾਂ ਤੋਂ ਪੈਸਾ ਲੈ ਲਿਆ ਅਤੇ ਅੱਗੇ ਡਿਪਾਰਟਮੈਂਟ ਨੂੰ ਨਹੀਂ ਭਰਿਆ, ਉਸ ਗੱਲ ਕਰਕੇ 20-20, 25-25 ਲੱਖ ਰੁਪਏ ਦੇ ਬਿਲ ਪੈਂਡਿੰਗ ਪਏ ਹਨ। ਮੰਤਰੀ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ, ਉਹ ਇੱਥੇ ਹਾਜ਼ਰ ਨਹੀਂ ਹਨ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਇਹ ਕਲੀਅਰ ਕੀਤੇ ਜਾਣ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਸਵੱਛ ਪਾਣੀ ਮਿਲ ਸਕੇ।

ਸਪੀਕਰ ਸਾਹਿਬ, ਦਲਿਤ ਵਰਗ ਦੀ ਗੱਲ ਕਰਦੇ ਹਾਂ, ਮੇਨ ਗੱਲ ਦਲਿਤ ਵਰਗ ਦੀ ਹੈ ਜਿਸ ਬਾਰੇ ਪੈਰ੍ਹਾ ਨੰ: 80 ਵਿੱਚ ਅਤੇ 83 ਵਿੱਚ ਬੜਾ ਜ਼ਿਕਰ ਕੀਤਾ ਗਿਆ ਹੈ। ਪੈਰ੍ਹਾ ਨੰ: 80 ਵਿੱਚ ਕਿਹਾ ਗਿਆ ਹੈ ਕਿ ਓ.ਬੀ.ਸੀ. ਦੀ ਉਪਰਲੀ ਸ਼੍ਰੇਣੀ ਲਈ ਕੁੱਲ ਸਾਲਾਨਾ ਆਮਦਨ ਦੀ ਸੀਮਾ 6 ਲੱਖ ਤੋਂ ਵਧਾ ਕੇ 8 ਲੱਖ ਕਰ ਦਿੱਤੀ ਹੈ ਪਰ ਇਸ ਵਿੱਚ ਕਿਸੇ ਸਕੀਮ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਕਿ ਕਿਹੜੀ ਸਕੀਮ ਦੇ ਤਹਿਤ ਉਨ੍ਹਾਂ ਨੂੰ ਲਾਭ ਦਿੱਤਾ ਜਾਵੇਗਾ। ਇਸ ਭਾਸ਼ਣ ਵਿੱਚ ਕਿਸੇ ਸਿੰਗਲ ਸਕੀਮ ਦਾ ਵੀ ਜ਼ਿਕਰ ਨਹੀਂ ਕੀਤਾ ਗਿਆ ਅਤੇ ਓ.ਬੀ.ਸੀ. ਵਰਗ ਲਈ ਪੂਰੇ ਬਜਟ ਵਿੱਚ ਸਿੰਗਲ ਪੈਨੀ ਵੀ ਨਹੀਂ ਰੱਖੀ ਗਈ।

ਸਪੀਕਰ ਸਾਹਿਬ, ਦੂਸਰਾ ਪੁਆਇੰਟ ਹੈ, ਸੇਵਾਵਾਂ ਅਤੇ ਰਾਖਵਾਂਕਰਨ ਐਕਟ, 2006 ਵਿੱਚ ਸੋਧ ਕਰਕੇ ਐਸ.ਸੀ. ਵਰਗ ਨਾਲ ਸਬੰਧਿਤ ਕਰਮਚਾਰੀਆਂ ਦੀ ਤਰੱਕੀ ਲਈ ਲੋੜੀਂਦੇ ਰਾਖਵਾਂਕਰਨ ਨੂੰ ਮੁੜ ਲਾਗੂ ਕਰਨ ਦੀ ਗੱਲ ਕੀਤੀ ਗਈ ਹੈ, ਜਿੰਨੇ ਵੀ ਐਸ.ਸੀ. ਮੈਂਬਰ ਹਾਊਸ ਵਿੱਚ ਹਨ, ਮੈਂ ਜਾਣਨਾ ਚਾਹੁੰਦਾ ਹਾਂ ਕਿ ਉਹ ਮੈਨੂੰ ਦੱਸ ਦੇਣ ਕਿ ਇਸ ਐਕਟ ਦੇ ਤਹਿਤ ਕੀ ਇੱਕ ਵੀ ਵਿਅਕਤੀ ਨੂੰ ਪ੍ਰਮੋਸ਼ਨ ਮਿਲੀ ਹੈ? ਵੇਰਕਾ ਸਾਹਿਬ, ਬੈਠੇ ਹਨ, ਇਹ ਬੜੇ ਮਾਹਿਰ ਹਨ। ਇਹ ਦੱਸ ਦੇਣ ਕਿ ਸਾਲ, 2006 ਦਾ ਜਿਹੜਾ ਐਕਟ ਸੀ, ਇਸ ਦੇ ਤਹਿਤ ਕਿਸੇ ਐਸ.ਸੀ. ਵਿਅਕਤੀ ਨੂੰ ਨੌਕਰੀ ਵਿੱਚ ਰਿਜ਼ਰਵੇਸ਼ਨ/ਪ੍ਰਮੋਸ਼ਨ ਮਿਲੀ ਹੈ ਜਾਂ ਨਹੀਂ ਮਿਲੀ? ਕਿਉਂਕਿ ਜਿਹੜੀ ਐਮ.ਨਾਗਾਰਾਜ ਜੀ ਦੀ ਜੱਜਮੈਂਟ ਹੈ, ਇਹ ਸਾਲ 2006 ਦੀ ਆਈ ਹੋਈ ਹੈ ਅਤੇ ਸਾਲ 2018 ਵਿੱਚ ਇਸ ਦੀ ਕਮੇਟੀ ਬਣੀ ਹੈ। ਸਾਡੇ

ਮਾਨਯੋਗ ਮੈਂਬਰ ਸਾਹਿਬਾਨ ਬੈਠੇ ਹਨ, ਇਨ੍ਹਾਂ ਨੇ 10 ਸਾਲ ਦਲਿਤਾਂ ਨਾਲ ਵੱਡਾ ਧੋਖਾ ਕੀਤਾ ਹੈ। ਲਗਾਤਾਰ 10 ਸਾਲ ਉਸ ਜੱਜਮੈਂਟ ਨੂੰ ਦੱਬੀ ਰੱਖਿਆ ਹੈ ਅਤੇ ਕੋਈ ਕਮੇਟੀ ਨਹੀਂ ਬਣਾਈ। ਸੋ, ਮੇਰਾ ਖਿਆਲ ਹੈ ਕਿ ਪੰਜਾਬ ਵਿੱਚ ਦਲਿਤਾਂ ਨਾਲ ਬਹੁਤ ਵੱਡਾ ਧੋਖਾ ਹੋਇਆ ਹੈ। ਉਹੀ ਧੋਖਾ ਲਗਾਤਾਰ ਕੈਪਟਨ ਸਰਕਾਰ ਕਰ ਰਹੀ ਹੈ। ਲਗਾਤਾਰ ਉਸ ਐਕਟ ਵਿੱਚ ਸੋਧ ਵੀ ਹੋ ਗਈ, ਸਭ ਕੁਝ ਹੋ ਗਿਆ ਪਰ ਪ੍ਰਸੋਨਲ ਡਿਪਾਰਟਮੈਂਟ ਜਾਣ-ਬੁੱਝ ਕੇ ਲਾਗੂ ਨਹੀਂ ਕਰ ਰਿਹਾ ਔਰ ਵੈਲਫੇਅਰ ਡਿਪਾਰਟਮੈਂਟ ਦੀ ਗਾਈਡਲਾਈਨ ਨੂੰ ਪ੍ਰਸੋਨਲ ਡਿਪਾਰਟਮੈਂਟ ਜਾਣ-ਬੁੱਝ ਕੇ ਇਗਨੋਰ ਕਰ ਰਿਹਾ ਹੈ। ਵੇਰਕਾ ਸਾਹਿਬ ਇੱਥੇ ਬੈਠੇ ਹਨ, ਉਹ ਦੱਸ ਸਕਦੇ ਹਨ ਕਿਉਂਕਿ ਉਹ ਕਮੇਟੀ ਦੇ ਮੈਂਬਰ ਵੀ ਰਹੇ ਹਨ। ਪ੍ਰਸੋਨਲ ਡਿਪਾਰਟਮੈਂਟ ਲਗਾਤਾਰ ਵੈਲਫੇਅਰ ਡਿਪਾਰਟਮੈਂਟ ਦੀਆਂ ਗਾਈਡਲਾਈਨਜ਼ ਨੂੰ, ਉਸ ਦੀਆਂ ਨੀਤੀਆਂ ਨੂੰ ਜਾਣ-ਬੁਝ ਕੇ ਲਾਗੂ ਨਹੀਂ ਕਰ ਰਿਹਾ ਤਾਂ ਕਿ ਪੰਜਾਬ ਦੇ ਦਲਿਤਾਂ ਨੂੰ ਇਸ ਦਾ ਲਾਭ ਨਾ ਮਿੱਲ ਸਕੇ।

ਸਪੀਕਰ ਸਾਹਿਬ, ਇਸ ਤੋਂ ਬਿਨਾਂ ਕੈਪਟਨ ਸਾਹਿਬ ਨੇ ਸਾਲ 2017 ਵਿੱਚ ਵਾਅਦਾ ਕੀਤਾ ਸੀ ਕਿ ਪ੍ਰਤੀ ਮਹੀਨਾ ਅੰਗਹੀਣਾਂ ਨੂੰ 2500- ਰੁਪਏ ਪੈਨਸ਼ਨ ਮਿਲੇਗੀ, 2500/- ਰੁਪਏ ਬੁਢਾਪਾ ਪੈਨਸ਼ਨ ਮਿਲੇਗੀ, ਵਿਧਵਾ ਨੂੰ ਵੀ ਇਹ ਮਿਲੇਗੀ ਪਰ ਅਜੇ ਤੱਕ ਉਸ ਦਾ ਇਸ ਗਵਰਨਰ ਐਡਰੈੱਸ ਵਿੱਚ ਕੋਈ ਜ਼ਿਕਰ ਨਹੀਂ ਹੈ ਕਿ ਕਦੋਂ ਮਿਲੇਗੀ ਅਤੇ ਨਾ ਹੀ ਸ਼ਗਨ ਸਕੀਮ ਤਹਿਤ 51000/- ਰੁਪਏ ਦਾ ਕੋਈ ਜ਼ਿਕਰ ਹੈ। ਮੈਂ ਸਮਝਦਾ ਹਾਂ ਕਿ ਇਹ ਗਵਰਨਰ ਐਡਰੈਸ ** ਹੈ। ** ਤੋਂ ਬਿਨਾਂ ਕੁਝ ਨਹੀਂ ਹੈ।

ਸਪੀਕਰ ਸਾਹਿਬ, ਇਸ ਵਿੱਚ ਪੈਰ੍ਹਾ ਨੰ: 90 ਵਿੱਚ ਅਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਿਨਾਂ ਵਾਰੀ ਤੋਂ ਇੱਕ ਟਿਊਬਵੈੱਲ ਕੁਨੈਕਸ਼ਨ ਲੈਣ ਲਈ ਜ਼ਿਕਰ ਹੈ ਅਤੇ ਦੂਜਾ ਅਜ਼ਾਦੀ ਘੁਲਾਟੀਆਂ ਨੂੰ ਬਿਨਾਂ ਕਿਸੇ ਵਸੂਲੀ ਤੋਂ 300 ਯੂਨਿਟ ਤੱਕ ਮੁਫ਼ਤ ਬਿਜਲੀ ਦੇਣ ਦਾ ਉਪਬੰਧ ਕੀਤੇ ਜਾਣ ਬਾਰੇ ਕਿਹਾ ਗਿਆ ਹੈ।

**ਊਰਜਾ ਮੰਤਰੀ (ਬੈਠੇ-ਬੈਠੇ):** ਇਹ ਮੁਆਫ ਕਰ ਦਿੱਤੇ ਹਨ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਮੰਤਰੀ ਸਾਹਿਬ ਕਹਿੰਦੇ ਹਨ ਕਿ ਮੁਆਫ ਕਰ ਦਿੱਤੇ ਹਨ ਪਰ ਉਸ ਤੇ ਸਲੈਬ ਲਗਾਈ ਗਈ ਹੈ ਕਿ ਜੇ ਇੱਕ ਕਿਲੋਵਾਟ ਲੋਡ

---

** Expunged as ordered by the Hon'ble Speaker.

[ਸਰਦਾਰ ਹਰਪਾਲ ਸਿੰਘ ਚੀਮਾ]

ਹੋਵੇਗਾ ਤਾਂ ਹੀ ਮੁਆਫ ਹੋਵੇਗਾ। ਮੇਰੇ ਕਹਿਣ ਦਾ ਭਾਵ ਹੈ ਕਿ ਜਿਸ ਦੇ ਘਰ ਵਿੱਚ ਇੱਕ ਬਲਬ ਹੋਵੇਗਾ, ਉਸ ਦਾ ਮੁਆਫ ਹੋਵੇਗਾ, ਹੋਰ ਕਿਸੇ ਦਾ ਮੁਆਫ ਨਹੀਂ ਹੋਵੇਗਾ। ਕਿਉਂਕਿ ਜਿਸ ਤਰ੍ਹਾਂ ਐਸ.ਸੀ./ਐਸ.ਟੀ. ਹਨ, ਉੱਥੇ ਵੀ ਕਿਹਾ ਗਿਆ ਹੈ ਕਿ 300 ਯੂਨਿਟ ਮੁਆਫ ਹਨ ਪਰ ਉੱਥੇ ਵੀ ਸਲੈਬ ਲਗਾਈ ਗਈ ਹੈ ਕਿ ਜਿਸ ਦਾ ਇੱਕ ਕਿਲੋਵਾਟ ਲੋਡ ਹੈ, ਉਸ ਦਾ ਮੁਆਫ ਹੋਵੇਗਾ। ਸੋ, ਮੈਂ ਕਹਿੰਦਾ ਹਾਂ ਕਿ ਇਹ ਲੋਕਾਂ ਨਾਲ ਬਹੁਤ ਵੱਡਾ ਫਰਾਡ ਹੈ। ਇਹ ਸਿਰਫ ਤੇ ਸਿਰਫ ਵਾਅਦਾ ਕੀਤਾ ਗਿਆ ਹੈ। ਇੱਕ ਕਿਲੋਵਾਟ ਦੀ ਸਲੈਬ ਵਿੱਚ ਕੇਵਲ ਇੱਕ ਬਲਬ ਤੇ ਇੱਕ ਪੱਖਾ ਆਉਂਦਾ ਹੈ, ਹੋਰ ਕੁਝ ਨਹੀਂ ਆਉਂਦਾ । ਸੋ, ਮੈਂ ਸਮਝਦਾ ਹਾਂ ਕਿ ਇਹ ਸਕੀਮ ਸਿਰਫ ਕਾਗਜ਼ਾਂ ਦੀ ਸਕੀਮ ਹੈ, ਹੋਰ ਕੁਝ ਨਹੀਂ ਹੈ।

**ਊਰਜਾ ਮੰਤਰੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਕਾਂਗੜ ਸਾਹਿਬ, ਇਨ੍ਹਾਂ ਨੂੰ ਬੋਲ ਲੈਣ ਦਿਓ। ਚੀਮਾ ਜੀ ਬਹੁਤ ਘੱਟ ਇੰਟਰੱਪਟ ਕਰਦੇ ਹਨ, ਇਨ੍ਹਾਂ ਨੂੰ ਬੋਲ ਲੈਣ ਦਿਆ ਕਰੋ। ਇਹ ਦੂਜੇ ਦੀ ਗੱਲ ਵਿੱਚ ਬਹੁਤ ਘੱਟ ਦਖ਼ਲ ਕਰਦੇ ਹਨ। ਚਲੋ, ਦੱਸੋ?

**ਊਰਜਾ ਮੰਤਰੀ:** ਸਪੀਕਰ ਸਾਹਿਬ, ਸਾਡੇ ਆਪੋਜ਼ੀਸ਼ਨ ਲੀਡਰ ਸਾਹਿਬਾਨ ਸ਼ਾਇਦ ਅਖਬਾਰ ਘੱਟ ਪੜ੍ਹਦੇ ਹੋਣੇ ਹਨ। ਪਿਛਲੀ ਸਰਕਾਰ ਵਿੱਚ ਐਸ.ਸੀ./ਬੀ.ਸੀਜ਼ ਨੂੰ ਜਿਹੜੀਆਂ ਵੀ ਕੋਈ ਕਮੀਆਂ-ਪੇਸ਼ੀਆਂ ਸੀ, ਬਿਲ ਵੱਧ ਲਗ ਕੇ ਆਉਂਦਾ ਸੀ, ਸਾਲਾਨਾ 3000 ਯੂਨਿਟ ਤੋਂ ਉੱਪਰ ਜੇ ਕੋਈ ਯੂਨਿਟ ਮਚਦੀ ਸੀ ਤਾਂ ਸਾਰਾ ਇਕੱਠਾ ਬਿਲ ਆ ਜਾਂਦਾ ਸੀ। ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਾਨੂੰ ਬੜੀ ਗੰਭੀਰਤਾ ਨਾਲ ਕਿਹਾ ਤਾਂ ਅਸੀਂ ਉਹ ਸਾਰਾ ਏਜੰਡਾ ਕੈਬਨਿਟ ਵਿੱਚ ਲੈ ਕੇ ਆਏ। ਹੁਣ ਫੈਸਲਾ ਕੀਤਾ ਗਿਆ ਹੈ ਕਿ ਜਿਹੜੇ ਕਹਿੰਦੇ ਹਨ ਕਿ ਅਜ਼ਾਦੀ ਘੁਲਾਟੀਆਂ ਵਾਸਤੇ ਬਿਜਲੀ ਮੁਆਫ ਨਹੀਂ ਹੈ, ਉਨ੍ਹਾਂ ਵਾਸਤੇ ਵੀ ਬਿਜਲੀ 300 ਯੂਨਿਟ ਤੱਕ ਮੁਆਫ ਹੈ। ਜੇ ਇੱਕ ਕਿਲੋਵਾਟ ਵਿੱਚ ਦੋ ਬਲਬ ਹਨ, ਦੋ ਪੱਖੇ ਹਨ ਅਤੇ ਫਰਿੱਜ ਹੈ, ਹੁਣ ਜੇ 200 ਯੂਨਿਟ ਬਿਜਲੀ ਇੱਕ ਮਹੀਨੇ ਦੀ ਮੁਆਫ ਹੈ, ਜੇ ਉਹ 210 ਯੂਨਿਟ ਮਚਾ ਦੇਵੇਗਾ ਤਾਂ ਉਪਰਲੇ 10 ਯੂਨਿਟਸ ਦਾ ਹੀ ਬਿਲ ਆਵੇਗਾ, 200 ਯੂਨਿਟ ਦਾ ਕੋਈ ਬਿਲ ਨਹੀਂ ਆਵੇਗਾ। (ਥੰਪਿੰਗ) ਇਸ ਕਰਕੇ ਚੀਮਾ ਸਾਹਿਬ, ਤੁਸੀਂ ਗਲਤ ਫਹਿਮੀ ਵਿੱਚ ਹੋ, ਅਸੀਂ ਗਰੀਬ ਪਰਿਵਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੜੀ ਸੋਧ ਕਰਕੇ ਬੜਾ ਸਹੀ ਫੈਸਲਾ ਕੀਤਾ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਸਾਲਾਨਾ

3000 ਯੂਨਿਟ ਦੀ ਖਪਤ ਦੀ ਸ਼ਰਤ ਹਟਾਉਣ ਬਾਰੇ ਦੱਸਿਆ ਹੈ। ਇਹ ਬਿਲਕੁਲ ਦਰੁੱਸਤ ਹੈ ਪਰ ਮੈਂ ਕਹਿੰਦਾ ਹਾਂ ਕਿ ਜਿਹੜਾ ਉਸ ਦਾ ਲੋਡ ਹੈ, ਉਹ ਸਿਰਫ ਇੱਕ ਕਿਲੋਵਾਟ ਤੱਕ ਹੀ ਸੀਮਤ ਹੈ। ਮੰਤਰੀ ਸਾਹਿਬ, ਸਪੱਸ਼ਟ ਕਰ ਦੇਣ ਕਿ ਜੇ ਇੱਕ ਕਿਲੋਵਾਟ ਤੋਂ ਉੱਪਰ ਹੈ ਤਾਂ ਉਹ 3 ਕਿਲੋਵਾਟ ਤੱਕ, 4 ਕਿਲੋਵਾਟ ਤੱਕ, 5 ਕਿਲੋਵਾਟ ਤੱਕ, ਕਿਨ੍ਹਾਂ-ਕਿਨ੍ਹਾਂ ਤੇ ਲਾਗੂ ਹੈ? ਓ.ਬੀ.ਸੀ. 'ਤੇ, ਐਸ.ਸੀ./ਐਸ.ਟੀ 'ਤੇ ਜਾਂ ਸਿਰਫ ਫਰੀਡਮ ਫਾਈਟਰ 'ਤੇ ਇਹ ਲਾਗੂ ਹੈ, ਸਿਰਫ ਤੇ ਸਿਰਫ ਜਿੱਥੇ 1 ਕਿਲੋਵਾਟ ਲੋਡ ਹੈ, ਉੱਥੇ ਇਹ ਫੈਸਿਲਟੀ ਲਾਗੂ ਹੈ ਅਦਰਵਾਈਜ਼ ਇਹ ਫੈਸਿਲਟੀ ਲਾਗੂ ਨਹੀਂ ਹੈ। ਸਰ, ਜੇ ਮੰਤਰੀ ਸਾਹਿਬ ਚਾਹੁਣ ਤਾਂ ਇਸ ਗੱਲ ਨੂੰ ਕਲੀਅਰ ਕਰ ਦੇਣ।

**ਮਾਨਯੋਗ ਸਪੀਕਰ:** ਨਹੀਂ, ਤੁਸੀਂ ਬੋਲੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਜਿਹੜੀ ਐਸ.ਸੀ. ਐਸ.ਟੀ. ਨੂੰ ਸਕੀਮ ਦੇਣ ਦੀ ਗੱਲ ਕੀਤੀ ਗਈ ਹੈ, ਇਸ ਦੇ ਵਿੱਚ ਸਿਰਫ ਤੇ ਸਿਰਫ ਕਾਗਜ਼ੀ ਕਾਰਵਾਈ ਆ ਗਈ ਔਰ ਪੰਜਾਬ ਵਿੱਚ ਲੋਕਾਂ ਦੇ 50 ਹਜ਼ਾਰ, 80 ਹਜ਼ਾਰ ਤੱਕ ਦੇ ਬਿਲ ਲਗਾਤਾਰ ਆਏ ਹਨ ਔਰ ਇਲੈਕਟ੍ਰੀਸਿਟੀ ਡਿਪਾਰਟਮੈਂਟ ਨੇ ਕਦੇ ਕੋਈ ਲੋਕਾਂ ਦੇ ਮੀਟਰ ਨਹੀਂ ਚੈੱਕ ਕਰਵਾਏ, ਕਦੇ ਕੋਈ ਇੰਸਪੈਕਸ਼ਨ ਨਹੀਂ ਹੋਈ। ਮੀਟਰ ਜ਼ਿਆਦਾ ਰੀਡਿੰਗ ਕਰਦੇ ਹਨ। ਮੈਂ ਕਈ ਘਰਾਂ ਵਿੱਚ ਜਾ ਕੇ ਵੇਖਿਆ ਹੈ 50 ਹਜ਼ਾਰ ਜਾਂ 80 ਹਜ਼ਾਰ ਰੁਪਏ ਬਿਲ ਆ ਰਿਹਾ ਹੈ ਪਰ ਇਲੈਕਟ੍ਰੀਸਿਟੀ ਦੇ ਬਲਬ ਕਿੰਨੇ ਹਨ? ਉਹ 1 ਬਲਬ ਹੈ ਤੇ 1 ਪੱਖਾ ਹੈ, ਇਸ ਤੋਂ ਬਿਨਾਂ ਕੁਝ ਨਹੀਂ ਹੈ। ਇਸ ਤੋਂ ਇਲਾਵਾ ਕੈਪਟਨ ਸਾਹਿਬ ਨੇ ਰੀਅਲ ਅਸਟੇਟ ਦੇ ਨਾਲ ਵਾਅਦਾ ਕੀਤਾ ਸੀ। ਬੇਸ਼ੱਕ ਬਿਲ ਲੈ ਕੇ ਆਉਂਦੇ, ਮੈਂ ਧੰਨਵਾਦ ਕਰਦਾ ਲੇਕਿਨ ਹੋ ਕੀ ਰਿਹਾ ਹੈ? ਐਨ.ਓ.ਸੀ. ਦੇਣ ਦੇ ਨਾਂ ਉੱਤੇ ਬਹੁਤ ਵੱਡੀ ਠੱਗੀ ਵੱਜ ਰਹੀ ਹੈ। ਜਿਹੜੀ ਐਨ.ਓ.ਸੀ. ਹੈ, ਉਹ 1000 ਗਜ਼ ਜਗ੍ਹਾ ਦੀ ਦੇ ਦਿੱਤੀ ਹੈ ਪਰ ਜੇ ਦੁਬਾਰਾ ਉਸ ਪਲਾਟ ਨੂੰ 2 ਟੁਕੜਿਆਂ ਵਿੱਚ ਵੇਚਣਾ ਹੈ ਤਾਂ ਦੁਬਾਰੇ ਫਿਰ ਐਨ.ਓ.ਸੀ. ਲੈਣੀ ਪੈਂਦੀ ਹੈ। ਯਾਨੀ ਇੱਕ ਵਾਰ ਨਹੀਂ ਦੁਬਾਰਾ-ਦੁਬਾਰਾ ਪਲਾਟ ਦੀ ਐਨ.ਓ.ਸੀ. ਲੈਣੀ ਪੈਂਦੀ ਹੈ। ਮੇਰੇ ਇੱਕ ਜਾਣਕਾਰ ਪਟਿਆਲਾ ਤੋਂ ਹਨ, ਜਿਨ੍ਹਾਂ ਦਾ ਜਲਾਲਪੁਰ ਪਿੰਡ ਹੈ। ਗੁਰਦਿਆਲ ਸਿੰਘ S/O ਧੰਨੀ ਰਾਮ, ਉਨ੍ਹਾਂ ਨੇ ਮਿਤੀ 27.11.2018 ਦੀ ਐਨ.ਓ.ਸੀ. ਅਪਲਾਈ ਕੀਤੀ ਹੋਈ ਹੈ। ਮੈਂ ਸੀ.ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੰਮ ਤੁਹਾਡੇ ਜ਼ਿਲ੍ਹੇ ਦਾ ਹੈ। ਮਿਤੀ 27.11.2018 ਦੀ ਐਨ.ਓ.ਸੀ. ਅਪਲਾਈ ਕੀਤੀ ਹੋਈ ਹੈ ਪਰ ਹਾਲੇ ਤੱਕ ਕਿਸੇ ਅਫਸਰ ਨੇ ਇਸ ਗੱਲ ਦਾ ਧਿਆਨ ਨਹੀਂ ਦਿੱਤਾ ਕਿ ਉਸ ਦੀ

[ਸਰਦਾਰ ਹਰਪਾਲ ਸਿੰਘ ਚੀਮਾ]

ਐਨ.ਓ.ਸੀ. ਜਾਰੀ ਕੀਤੀ ਜਾਵੇ। ਮੇਰੇ ਕਹਿਣ ਦਾ ਭਾਵ ਹੈ ਕਿ ਜਿਹੜਾ ਐਕਟ ਹੈ, ਇਹ ਵੀ ਡਿਫੰਕਟ ਹੈ, ਇਹ ਵੀ ਕੰਮ ਨਹੀਂ ਕਰ ਰਿਹਾ।

ਸੋ, ਕੈਪਟਨ ਸਾਹਿਬ ਸਵੇਰ ਦੀ ਗੱਲ ਚੱਲ ਰਹੀ ਹੈ ਜੋ ਕਿ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਲਗਾਤਾਰ ਸ਼ਹੀਦਾਂ ਦੇ ਸਨਮਾਨ ਦੀ ਗੱਲ ਹੋ ਰਹੀ ਹੈ ਕਿ ਸ਼ਹੀਦਾਂ ਦਾ ਸਨਮਾਨ ਹੋਣਾ ਚਾਹੀਦਾ ਹੈ ਪਰ ਮੈਂ ਸਾਡੇ ਸ਼ਹੀਦਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ, ਇੱਕ ਸ਼ਹੀਦ ਸਰਦਾਰ ਦਵਿੰਦਰ ਸਿੰਘ ਹਨ ਜਿਹੜੇ ਸੀ.ਐਮ. ਸਾਹਿਬ ਦੇ ਪਿੰਡ ਤੋਂ ਹਨ, ਬਠਿੰਡੇ ਜ਼ਿਲ੍ਹੇ ਤੋਂ ਸੀ.ਐਮ. ਸਾਹਿਬ ਦੇ ਪਿੰਡ ਤੋਂ ਹਨ, ਇਹ ਮਿਤੀ 31.5.1989 ਨੂੰ ਸ਼ਹੀਦ ਹੋਏ ਸਨ। ਇਹ ਪਾਇਲਟ ਸਨ, ਉਨ੍ਹਾਂ ਦਾ ਕੇਸ ਹੁਣ ਤੱਕ ਸੀ.ਐਮ. ਸਾਹਿਬ ਦੇ ਆਫਿਸ ਵਿੱਚ ਪੈਂਡਿੰਗ ਪਿਆ ਹੈ। ਹਾਲੇ ਤੱਕ ਉਸ ਪਰਿਵਾਰ ਨੂੰ ਕੋਈ ਨੌਕਰੀ ਨਹੀਂ ਮਿਲੀ ਔਰ ਉਹ ਵਾਰ-ਵਾਰ ਕਲਸੀ ਸਾਹਿਬ ਕੋਲ ਜਾਂਦੇ ਹਨ, ਅੱਗੋਂ ਉਹ ਇਹ ਗੱਲ ਕਹਿ ਦਿੰਦੇ ਹਨ ਕਿ ਜਦ ਤੱਕ ਸੀ.ਐਮ. ਸਾਹਿਬ Yes ਨਹੀਂ ਕਰਦੇ, ਉਦੋਂ ਤੱਕ ਮੈਂ ਇਸ ਕੇਸ ਵਿੱਚ ਕੋਈ ਰਿਲੀਫ ਨਹੀਂ ਦੇ ਸਕਦਾ। ਇਹ ਕੈਪਟਨ ਸਾਹਿਬ, ਤੁਹਾਡੇ ਆਪਣੇ ਪਿੰਡ ਦੀ ਗੱਲ ਹੈ। ਤੁਹਾਡੇ ਪਿੰਡ ਦੇ ਸਾਬਕਾ ਸਰਪੰਚ ਦੇ ਬੇਟੇ ਦੀ ਗੱਲ ਹੈ। ਉਹ ਮਿਤੀ 31.5.1989 ਨੂੰ ਸ਼ਹੀਦ ਹੋ ਗਏ ਸਨ ਔਰ ਹਾਲੇ ਤੱਕ ਉਸ ਪਰਿਵਾਰ ਨੂੰ ਕੋਈ ਰਿਲੀਫ ਨਹੀਂ ਮਿਲੀ। ਕਿੰਨੀਆਂ ਹੀ ਸਰਕਾਰਾਂ ਆ ਗਈਆਂ ਅਤੇ ਕਿੰਨੀਆਂ ਹੀ ਚਲੀਆਂ ਗਈਆਂ ਪਰ ਮੈਂ ਸਮਝਦਾ ਹਾਂ ਕਿ ਸਰਕਾਰਾਂ ਸ਼ਹੀਦਾਂ ਦਾ ਸਨਮਾਨ ਕਰਨ ਦੀ ਬਜਾਏ, ਕਿਤੇ-ਨਾ-ਕਿਤੇ ਉਨ੍ਹਾਂ ਦਾ ਅਪਮਾਨ ਕਰ ਰਹੀਆਂ ਹਨ। ਮੈਂ ਸਮਝਦਾ ਹਾਂ ਕਿ ਗਵਰਨਰ ਐਡਰੈਸ ਸਿਰਫ ਤੇ ਸਿਰਫ ਇੱਕ ਭਾਸ਼ਣ ਹੈ, ਇੱਕ ਜੁਮਲਾ ਹੈ। ਸਿਰਫ ਇਸ ਦੇ ਵਿੱਚ ਝੂਠ ਬੋਲਿਆ ਗਿਆ ਹੈ, ਝੂਠ ਤੋਂ ਸਿਵਾਏ ਹੋਰ ਕੁਝ ਨਹੀਂ ਬੋਲਿਆ ਗਿਆ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

**Mr. Speaker:** Thank you.

--------------

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ:** ਸ਼੍ਰੀ ਬ੍ਰਹਮ ਮਹਿੰਦਰਾ ਜੀ, ਕੀ ਡਿਬੇਟ ਖਤਮ ਹੋਣ ਤੱਕ ਸਮਾਂ ਵਧਾ ਲਿਆ ਜਾਵੇ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਰ, ਵਧਾ ਲਿਆ ਜਾਵੇ ਜੀ, till the C.M. Sahib concludes.

**ਮਾਨਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਬੈਠਕ ਦਾ ਸਮਾਂ ਅੱਜ ਦੀ ਕਾਰਵਾਈ ਖਤਮ ਹੋਣ ਤੱਕ ਵਧਾ ਲਿਆ ਜਾਵੇ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਹਾਊਸ ਦਾ ਸਮਾਂ ਅੱਜ ਦੀ ਕਾਰਵਾਈ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਸੀ.ਐਮ. ਸਾਹਿਬ। (ਥੰਪਿੰਗ)

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸੀ.ਐਮ. ਸਾਹਿਬ, ਮੈਂ ਤੁਹਾਨੂੰ ਥੋੜ੍ਹਾ ਜਿਹਾ ਯਾਦ ਕਰਵਾਉਣਾ ਚਾਹੁੰਦਾ ਹਾਂ.........

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ ਅਤੇ ਉਹ ਪੋਸਟਰ ਲਹਿਰਾ ਰਹੇ ਸਨ ਜਿਸ ਤੇ ਲਿਖਿਆ ਹੋਇਆ ਸੀ ਕਿ 18 ਨਵੰਬਰ, 2016 ਪਾਣੀ ਦੀ ਕੀਮਤ ਵਸੂਲੀ ਵਾਲਾ ਪਾਸ ਮਤਾ ਲਾਗੂ ਕਰੋ।)

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** (ਵਿਘਨ) ਕੀ ਯਾਦ ਕਰਵਾਉਣਾ ਚਾਹੁੰਦੇ ਹੋ?

------------

## DHARNA

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ "18 ਨਵੰਬਰ, 2016

ਵਾਲਾ ਪਾਸ ਮਤਾ ਪਾਣੀ ਦੀ ਕੀਮਤ ਵਸੂਲੀ ਦਾ ਲਾਗੂ ਕਰੋ ਅਤੇ ਪਾਣੀ ਦੀ ਕੀਮਤ 16 ਲੱਖ ਕਰੋੜ ਵਸੂਲ ਕਰੋ'' ਦੇ ਪੋਸਟਰ ਲਹਿਰਾਉਂਦੇ ਹੋਏ ਵੈੱਲ ਆਫ਼ ਦਿ ਹਾਊਸ ਵਿੱਚ ਆ ਕੇ ਧਰਨੇ ਤੇ ਬੈਠ ਗਏ।)

-------------

## RESUMPTION OF DISCUSSION ON GOVERNOR'S ADDRESS AND VOTE ON THE MOTION OF THANKS

***(Resumption)***

**ਮਾਨਯੋਗ ਸਪੀਕਰ:** ਹਾਂ ਜੀ, ਸੀ.ਐਮ. ਸਾਹਿਬ, ਬੋਲੋ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਜਿਹੜੀ ਗਵਰਨਰ ਸਾਹਿਬ ਦੀ ਸਪੀਚ ਸੀ, ਅੱਜ ਉਸ ਦੀ ਬਹਿਸ ਖਤਮ ਹੋਈ ਹੈ ਔਰ ਮੈਂ ਅੱਜ ਗਵਰਨਰ ਸਾਹਿਬ ਦਾ ਧੰਨਵਾਦ ਕਰਨ ਲਈ ਉੱਠਿਆ ਹਾਂ ਕਿ ਉਨ੍ਹਾਂ ਨੇ ਆ ਕੇ ਜੋ ਸਾਡੀ ਗੌਰਮਿੰਟ ਦੀਆਂ ਪਾਲਿਸੀਆਂ ਹਨ (ਵਿਘਨ..) ਮੈਨੂੰ ਦਿਖ ਰਿਹਾ ਹੈ, ਹੁਣ ਉੱਠ ਜਾਓ (ਵੈੱਲ ਆਫ ਦਿ ਹਾਊਸ ਵਿੱਚ ਬੈਠੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ)। ਸਪੀਕਰ ਸਾਹਿਬ, ਉੱਥੇ ਕੈਮਰਾ ਹੈ, ਇਹ ਚਾਹੁੰਦੇ ਹਨ ਕਿ ਇਨ੍ਹਾਂ ਦੀ ਤਸਵੀਰ ਆਵੇ।

ਸਪੀਕਰ ਸਾਹਿਬ, ਜਿਹੜੀਆਂ ਇੱਥੇ ਗੱਲਾਂ ਹੁੰਦੀਆਂ ਹਨ, ਇਹ ਸੀਰੀਅਸ ਗੱਲਾਂ ਹਨ। ਇਹ ਜਿਹੜਾ ਸਦਨ ਹੈ, ਇਹ ਪੰਜਾਬ ਦਾ ਹੈ। ਇੱਥੇ ਪੰਜਾਬ ਦੇ ਭਵਿੱਖ ਵਾਸਤੇ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਬਹਿਸ ਹੁੰਦੀ ਹੈ। ਮੈਨੂੰ ਅਫਸੋਸ ਹੈ, ਮੇਰਾ ਖਿਆਲ ਹੈ ਕਿ ਸਾਡੀ ਸਾਰੀ ਪਾਰਟੀ ਨੂੰ ਅਫਸੋਸ ਹੈ ਕਿ ਜਿਸ ਤਰੀਕੇ ਨਾਲ ਐਤਕੀਂ ਜਦੋਂ ਸਾਡੇ ਫਾਈਨਾਂਸ ਮਨਿਸਟਰ ਨੇ ਆਪਣਾ ਬਜਟ ਪੇਸ਼ ਕੀਤਾ ਤਾਂ ਇੱਥੇ ਆ ਕੇ ਸਾਡੀ ਵਿਰੋਧੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਰੌਲਾ ਪਾਉਣ ਲੱਗ ਪਏ। ਤੁਸੀਂ ਜਿਹੜੀ ਗੱਲ ਸਾਡੇ ਮਨਿਸਟਰ ਦੇ ਖਿਲਾਫ ਕਹਿਣੀ ਹੈ, ਉਹ ਇੱਕ ਵਾਰ, ਦੋ ਵਾਰ ਜਾਂ ਤਿੰਨ ਵਾਰ ਕਹਿ ਲਓ ਪਰ ਜਿਵੇਂ ਗੰਵਾਰ ਲੱਗੇ ਹੁੰਦੇ ਹਨ, ਇਹ ਘੰਟੇ ਤੋਂ ਲੱਗੇ ਰਹੇ । ਕੀ ਤੁਸੀਂ ਡਿਸਟਰਬ ਕਰਨਾ ਚਾਹੁੰਦੇ ਸੀ ? ਲੋਕ ਬਜਟ ਦੇਖਣਾ ਚਾਹੁੰਦੇ ਸਨ। ਕੈਮਰੇ ਲੱਗੇ ਹੋਏ ਸਨ। ਉਹ ਦੇਖਣਾ ਚਾਹੁੰਦੇ ਸਨ ਕਿ ਇਸ ਬਜਟ ਵਿੱਚ ਕੀ ਹੈ। ਉਹ ਗੱਲਾਂ ਤੁਸੀਂ ਵਧੀਆ ਨਹੀਂ ਕੀਤੀਆਂ ਬਲਕਿ ਡਿਸਟਰਬ ਕੀਤਾ ਗਿਆ। ਤੁਸੀਂ ਉਨ੍ਹਾਂ ਨੂੰ ਡਿਸਟਰਬ ਕਰਨਾ ਚਾਹੁੰਦੇ ਸੀ, ਉਸ ਨੂੰ ਵਰਤਣਾ ਚਾਹੁੰਦੇ ਸੀ। ਇਹ ਨਹੀਂ

ਕਿ ਸਾਡੇ ਮਨਿਸਟਰ ਦੇ ਖਿਲਾਫ ਬੋਲ ਰਹੇ ਸਨ, ਉਹ ਇਸ਼ੂ ਬਣਾ ਕੇ ਬਜਟ ਨੂੰ ਡਿਸਟਰਬ ਕਰਨਾ ਚਾਹੁੰਦੇ ਸੀ। That was what the idea was ਕਿ ਸਾਡੇ ਮਨਿਸਟਰ ਸਾਹਿਬ ਬਜਟ ਪੇਸ਼ ਨਾ ਕਰ ਸਕਣ ।ਇਹ ਗੱਲਾਂ ਸਹੀ ਨਹੀਂ ਹੁੰਦੀਆਂ। ਮੈਂ ਹੋਰ ਵੀ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅੱਜ ਮੈਂ ਇੱਥੇ ਬਹਿਸ ਸੁਣ ਰਿਹਾ ਸੀ ਤਾਂ ਮੈਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਜਦੋਂ ਗਵਰਨਰ ਸਾਹਿਬ ਨੇ ਸਪੀਚ ਦਿੱਤੀ, ਜਿਹੜੀਆਂ ਗੱਲਾਂ ਆਪੋਜ਼ੀਸ਼ਨ ਵੱਲੋਂ ਚੁੱਕੀਆਂ ਗਈਆਂ, ਉਹ ਸਾਰੀਆਂ ਉਸ ਵਿੱਚ ਹਨ। ਜਿਹੜੀ ਕੋਈ ਗੱਲ ਰਹਿ ਗਈ, ਉਹ ਬਜਟ ਦੇ ਵਿੱਚ ਹੈ। ਉਹ ਉਥੋਂ ਕੱਢ ਲਓ ਪਰ ਇੱਥੇ ਗਲਤ ਗੱਲਾਂ ਕਰਨੀਆਂ, ਇਸ ਤਰ੍ਹਾਂ ਲੋਕਾਂ ਨੂੰ ਗੁੰਮਰਾਹ ਕਰਨਾ, ਇਹ ਗੱਲ ਠੀਕ ਨਹੀਂ। ਇਹ ਠੀਕ ਹੈ ਕਿ ਪੂਰਾ ਪੰਜਾਬ ਉਸ ਬਜਟ ਨੂੰ ਨਹੀਂ ਪੜ੍ਹ ਰਿਹਾ ਹੈ। ਪੂਰੇ ਪੰਜਾਬ ਵਿੱਚ ਗਵਰਨਰ ਦੀ ਸਪੀਚ ਕਈਆਂ ਨੇ ਸੁਣੀ ਹੋਵੇਗੀ ਔਰ ਕਈਆਂ ਨੇ ਨਹੀਂ ਸੁਣੀ ਹੋਵੇਗੀ। ਲੇਕਿਨ ਜੋ ਅਸਲੀਅਤ ਹੈ, ਉਹ ਪੰਜਾਬ ਨੂੰ ਦੱਸੋ। ਦੱਸੋ ਕਿ ਅਸਲੀਅਤ ਕੀ ਹੈ ? ਇਹ ਕਹਿੰਦੇ ਹਨ ਕਿ ਇਹ ਤਾਂ ਝੂਠ ਦਾ ਪੁਲੰਦਾ ਹੈ। ਇਹ ਸਭ ਕੁਝ, this is all rubbish, total rubbish. ਮੈਨੂੰ ਇਹ ਸਮਝ ਨਹੀਂ ਆਉਂਦੀ ਹੈ ਕਿ ਕੀ ਇਹ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੇ ? ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਹਰ ਐਮ.ਐਲ.ਏ., ਹਰ ਐਮ.ਪੀ. ਅਤੇ ਹਰ ਮਨਿਸਟਰ ਦੀ ਇਹ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਅਸਲੀਅਤ ਦੱਸੋ। ਇੱਥੇ ਸਾਡੇ ਮਨਿਸਟਰ ਕੁਝ ਕਹਿਣ ਲੱਗ ਪਏ। ਸੋ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਦਨ ਹੈ, ਇੱਕ ਪਵਿੱਤਰ ਸਦਨ ਹੈ, ਜਿਸ ਵਿੱਚ ਅਸਲੀਅਤ ਦੱਸੋ, ਬਹਿਸ ਕਰੋ। ਪੰਜਾਬ ਨੂੰ ਦੇਖਣ ਦਿਓ। ਆਪਣੇ ਆਪ ਪੰਜਾਬੀ ਇਹ ਫੈਸਲਾ ਕਰ ਲੈਣਗੇ ਕਿ ਕੌਣ ਸਹੀ ਹੈ, ਕੌਣ ਸਹੀ ਨਹੀਂ ਹੈ ? ਲੇਕਿਨ ਇਸ ਤਰੀਕੇ ਨਾਲ ਅਜਿਹਾ ਕਰਨਾ, I don't think it is right. ਮੈਂ ਇਹ ਨਹੀਂ ਕਿ ਹੈੱਡਮਾਸਟਰ ਦੀ ਤਰ੍ਹਾਂ ਤੁਹਾਨੂੰ ਕੋਈ ਭਾਸ਼ਣ ਦੇ ਰਿਹਾ ਹਾਂ। ਮੈਂ ਤੁਹਾਨੂੰ ਇੱਕ ਸੀਨੀਅਰ ਕੁਲੀਗ ਦੇ ਤੌਰ ਤੇ ਕਹਿ ਰਿਹਾ ਹਾਂ । ਮੈਨੂੰ ਇੱਥੇ ਬੜੇ ਸਾਲ ਹੋ ਗਏ ਹਨ। ਮੈਨੂੰ ਉਹ ਦਿਨ ਵੀ ਯਾਦ ਹੈ, ਜਦੋਂ ਸਦਨ ਭੰਗ ਹੋਇਆ ਸੀ, ਜਿਹੜੇ ਅੱਜ ਨੌਜਵਾਨ ਇੱਥੇ ਸਾਹਮਣੇ ਆ ਜਾਂਦੇ ਹਨ, ਉਹ ਕਿਉਂ ਆਉਂਦੇ ਹਨ ? ਕਿਉਂਕਿ ਜਿੱਥੇ ਵੱਡੇ ਬੈਂਸ ਸਾਹਿਬ ਬੈਠਦੇ ਹਨ, ਉਥੇ ਮੈਂ ਬੈਠਾ ਸੀ ਔਰ ਜਿੱਥੇ ਸਰਦਾਰ ਹਰਮਿੰਦਰ ਸਿੰਘ ਗਿੱਲ ਜੀ ਬੈਠਦੇ ਹਨ, ਉਥੇ ਸਰਦਾਰ ਪਰਕਾਸ਼ ਸਿੰਘ ਬਾਦਲ ਬੈਠੇ ਸਨ। ਮੈਂ ਦੇਖਦਾ ਹੀ ਰਹਿ ਗਿਆ, ਵੱਡੇ ਬਾਦਲ ਸਾਹਿਬ ਨੇ ਉਥੋਂ ਹੀ ਛਾਲ ਮਾਰੀ, ਉੱਠੇ, ਦੋ-ਚਾਰ ਬੰਦੇ ਹੋਰ

[ਮੁੱਖ ਮੰਤਰੀ]

ਭੱਜ ਕੇ ਗਏ ਅਤੇ ਇੱਥੇ (ਚੇਅਰ ਵੱਲ ਇਸ਼ਾਰਾ) ਚੜ੍ਹ ਕੇ ਸਪੀਕਰ ਸਾਹਿਬ ਨੂੰ ਘਸੀਟ ਕੇ ਬਾਹਰ ਕੱਢਣ ਲੱਗੇ। This is not the tradition of the House. This is not democracy (Shame, Shame) ਇਹ ਤਰੀਕਾ ਸਹੀ ਨਹੀਂ ਹੈ। ਜਿਸ ਤਰੀਕੇ ਨਾਲ ਸਦਨ ਚੱਲਣਾ ਚਾਹੀਦਾ ਹੈ, ਉਸ ਤਰ੍ਹਾਂ ਚਲਾਇਆ ਜਾਵੇ। We represent our Punjab. ਉਸ ਵਿੱਚ ਅਸੀਂ ਆਪਣੇ-ਆਪਣੇ ਇਲਾਕਿਆਂ ਨੂੰ represent ਕਰਦੇ ਹਾਂ, ਆਪਣੀ ਸਬ-ਡਵੀਜ਼ਨ, ਆਪਣੇ ਜ਼ਿਲ੍ਹੇ, ਆਪਣੇ ਹਲਕੇ ਦੀ ਜਿਹੜੀ ਆਵਾਜ਼ ਹੈ, ਉਹ ਬੋਲੋ ਤਾਂ ਜੋ ਇੱਥੇ ਅਸੀਂ ਆਪਣੇ ਲੋਕਾਂ ਦੀ ਬਿਹਤਰੀ ਵਾਸਤੇ ਜਿਹੜਾ ਫੈਸਲਾ ਕਰ ਸਕਦੇ ਹਾਂ, ਉਹ ਕਰ ਸਕੀਏ। These are the things ਜਿਹੜੀਆਂ ਮੈਨੂੰ ਕਦੇ-ਕਦੇ ਅਫਸੋਸ ਦਿੰਦੀਆਂ ਹੁੰਦੀਆਂ ਹਨ, I have been here for a very long time. This is my 6th term in the Punjab Assembly, ਮੈਂ ਦੋ ਵਾਰ ਪਾਰਲੀਮੈਂਟ ਵਿੱਚ ਰਿਹਾ ਹਾਂ। ਕਿੰਨੇ ਸਾਲ ਹੋ ਗਏ ਹਨ? ਕੁਝ ਤਾਂ ਅਸੀਂ ਉਥੇ ਸਿੱਖੇ ਹੀ ਹਾਂ । So, these are the things that I thought ਕਿ ਆਪਣੇ ਵੱਲੋਂ, ਆਪਣੇ ਜਿਹੜੇ ਕੁਲੀਗਜ਼ ਹਨ, ਚਾਹੇ ਉਹ ਕਿਸੇ ਵੀ ਸਾਈਡ ਤੋਂ ਹਨ, ਉਨ੍ਹਾਂ ਨੂੰ ਮੈਂ ਥੋੜ੍ਹਾ-ਬਹੁਤਾ ਦੱਸ ਦੇਵਾਂ।

**Drugs**

ਸਪੀਕਰ ਸਾਹਿਬ, ਜਿਹੜੀਆਂ ਇੱਥੇ ਗੱਲਾਂ ਹੋਈਆਂ ਹਨ, ਉਸ ਵਿੱਚੋਂ ਮੈਂ ਡਰੱਗ ਤੋਂ ਸ਼ੁਰੂ ਕਰ ਰਿਹਾ ਹਾਂ। ਜਦੋਂ ਅਸੀਂ ਸਰਕਾਰ ਵਿੱਚ ਆਏ, ਪੰਜਾਬ ਵਿੱਚ ਉਦੋਂ ਤੱਕ ਨਸ਼ੇ ਵੇਚਣਾ ਇੱਕ ਪੇਸ਼ਾ ਬਣ ਗਿਆ ਸੀ। ਪਤਾ ਨਹੀਂ ਉਸ ਸਮੇਂ ਤੱਕ ਕਿੰਨੇ ਹਜ਼ਾਰ ਬੱਚੇ ਮਰ ਗਏ ਹੋਣੇ ਹਨ ਤਾਂ ਹੀ ਇਹ ਗੱਲ ਉਭਰੀ ਸੀ। I think ਮੈਂ ਬਠਿੰਡੇ ਵਿੱਚ ਸੀ, ਲੋਕਾਂ ਨੇ ਇਹ ਗੱਲ ਚੁੱਕੀ ਤੇ ਮੈਂ ਉੱਥੇ ਉੱਠ ਕੇ ਕਿਹਾ ਸੀ, ਮੈਂ ਗੁਟਕਾ ਸਾਹਿਬ ਹੱਥ ਵਿਚ ਲੈ ਕੇ ਤਖਤ ਸ਼੍ਰੀ ਦਮਦਮਾ ਸਾਹਿਬ ਵੱਲ ਹੱਥ ਕਰਕੇ ਕਿਹਾ ਸੀ ਕਿ ਵਾਹਿਗੁਰੂ ਅਗਰ ਸਾਨੂੰ ਮੌਕਾ ਦੇਵੇ ਤਾਂ ਚਾਰ ਹਫਤਿਆਂ ਵਿੱਚ ਅਸੀਂ ਨਸ਼ੇ ਦਾ ਲੱਕ ਤੋੜ ਦਿਆਂਗੇ ਤੇ ਮੈਂ ਆਪਣੀ ਗੱਲ ਤੇ ਖੜ੍ਹਾ ਹਾਂ। ਤੁਹਾਨੂੰ ਪਤਾ ਵੀ ਹੈ ਜਦੋਂ ਤੁਸੀਂ ਬੋਲਦੇ ਹੋਏ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਕਿ ਕਿੰਨੇ ਕੇਸ ਅਸੀਂ ਰਜਿਸਟਰ ਕੀਤੇ ਹਨ। ਇਸ ਵਿੱਚ 21039 ਕੇਸ ਰਜਿਸਟਰ ਹੋਏ ਹਨ, 25092 ਪਰਸਨ ਅਰੈਸਟ ਹੋਏ ਹਨ। 556 ਕਿੱਲੋ ਹੈਰੋਇਨ ਫੜ੍ਹੀ ਹੈ, ਜੋ ਉਸ ਸਮੇਂ 1200/- ਗਰਾਮ ਹੁੰਦਾ ਸੀ, ਹੁਣ 6000/- ਰੁਪਏ ਹੋ ਗਿਆ ਹੈ ਕਿਉਂਕਿ ਹੁਣ ਇਸ ਦੀ ਘਾਟ ਹੈ। ਜੋ ਖਰੀਦਣਾ ਚਾਹੁੰਦੇ ਹਨ, ਪਤਾ ਨਹੀਂ ਕਿੰਨੇ ਸੈਂਕੜੇ ਕਰੋੜਾਂ ਲੋਕਾਂ ਦੇ ਵਿੱਚ ਇਹ ਗੱਲ ਜਾਂਦੀ ਹੈ।ਤੁਸੀਂ

ਕਹਿੰਦੇ ਹੋ ਕਿ ਵੱਡੇ ਮਗਰਮੱਛ ਫੜੋ, ਮੈਂ ਕਹਿੰਦਾ ਹਾਂ ਕਿ ਮੈਨੂੰ ਉਨ੍ਹਾਂ ਦੇ ਨਾਂਅ ਦੱਸੋ, ਜੇ ਤੁਹਾਡੇ ਕੋਲ ਨਾਂਅ ਹਨ ਤਾਂ ਮੈਨੂੰ ਦੱਸੋ। ਪਤਾ ਨਹੀਂ ਇੱਥੇ ਕੌਣ ਬੋਲ ਰਿਹਾ ਸੀ? ਮੈਂ ਕਹਿੰਦਾ ਹਾਂ ਕਿ ਕੋਈ ਵੀ ਬੰਦੇ ਹਨ ਅਗਰ ਤੁਹਾਡੇ ਕੋਲ ਉਨ੍ਹਾਂ ਦੇ ਨਾਮ ਹਨ ਤਾਂ ਸਾਨੂੰ ਦਿਉ। ਅਸੀਂ ਕੱਲ੍ਹ ਨੂੰ ਫੜ ਲਵਾਂਗੇ। ਕੋਈ ਪ੍ਰਾਬਲਮ ਨਹੀਂ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਤੁਹਾਨੂੰ ਕੀ ਲੱਗਦਾ ਹੈ ਕਿ ਸਾਡੀ ਜਿਹੜੀ ਟਾਸਕ ਫੋਰਸ ਹੈ, ਉਹ ਘਰ ਬੈਠੀ ਹੈ? ਤੁਹਾਡਾ ਕੀ ਖਿਆਲ ਹੈ ਕਿ Special Task Force has no job to do? ਜਿੰਨੇ ਸਾਡੇ ਤੋਂ ਫੜ੍ਹੇ ਜਾ ਰਹੇ ਹਨ, ਉਹ ਫੜ ਰਹੇ ਹਾਂ। ਜਦੋਂ ਵੀ ਖਬਰਾਂ ਆਉਂਦੀਆਂ ਹਨ, ਉਹ ਉੱਥੇ ਫੜਨ ਵਾਸਤੇ ਪਹੁੰਚ ਜਾਂਦੇ ਹਨ। ਸਾਨੂੰ ਪਤਾ ਹੈ ਕਿ ਇੱਕ-ਅੱਧਾ ਬੰਦਾ ਬਾਹਰ ਹੈ। ਲੇਕਿਨ ਉਹ ਸਾਡੇ ਮੁਲਕ ਵਿੱਚ ਨਹੀਂ ਹੈ, ਜਦੋਂ ਆਇਆ ਤਾਂ ਅਸੀਂ ਉਸ ਨੂੰ ਫੜ ਲਵਾਂਗੇ। ਸੋ, ਇਹ ਗੱਲਾਂ ਤੁਹਾਨੂੰ ਸੋਚਣੀਆਂ ਚਾਹੀਦੀਆਂ ਹਨ। ਜਿੰਨਾ ਤੁਹਾਡੀ ਐਸ.ਟੀ.ਐਫ ਕਰ ਰਹੀ ਹੈ, ਉਹ ਇਸ ਤੋਂ ਜ਼ਿਆਦਾ ਨਹੀਂ ਕਰ ਸਕਦੀ। ਇਹ ਕਹਿ ਦੇਣਾ ਕਿ ਉਹ ਅਫਸਰ ਹੈ ਜਾਂ ਇਹ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮੇਰਾ ਕੰਮ ਹੈ ਜਿਸ ਨੂੰ ਵੀ ਮੈਂ ਲਾਉਣਾ ਚਾਹੁੰਦਾ ਹਾਂ, this is not the duty of anybody else. ਜੇ ਉਹ ਆਪਣੀ ਡਿਊਟੀ ਪੂਰੀ ਨਹੀਂ ਕਰਦਾ ਤਾਂ ਤੁਸੀਂ ਮੈਨੂੰ ਕਹਿ ਸਕਦੇ ਹੋ। ਇਸ ਵੇਲੇ ਜਿਹੜੇ ਬੰਦੇ ਅਸੀਂ ਲਾਏ ਹਨ, the task force is doing good job. ਸਾਨੂੰ ਇਸ ਤੇ ਕੋਈ worry ਕਰਨ ਦੀ ਲੋੜ ਨਹੀਂ ਹੈ। ਅਸੀਂ ਨਸ਼ਿਆਂ ਦਾ ਲੱਕ ਤੋੜਿਆ ਹੈ ਅਤੇ ਤੋੜਦੇ ਰਹਾਂਗੇ। ਤੁਸੀਂ ਇੱਥੇ ਪੁੱਛੋਗੇ ਕਿ ਲੋਕ ਫਿਰ ਮਰਦੇ ਕਿਉਂ ਹਨ? ਨਸ਼ੇੜੀ ਵਿਅਕਤੀ ਇਸ ਲਈ ਮਰਦੇ ਹਨ ਕਿਉਂਕਿ ਜਿਹੜੇ ਇਸ ਦੇ ਆਦੀ ਹੋ ਗਏ ਹਨ, ਉਨ੍ਹਾਂ ਵਿੱਚੋਂ ਜਿਹੜੇ ਡੀ-ਐਡੀਕਸ਼ਨ ਸੈਂਟਰ ਦੇ ਵਿੱਚ ਬਿਲਕੁਲ ਨਹੀਂ ਜਾ ਰਹੇ ਜਾਂ ਦਵਾਈਆਂ ਨਹੀਂ ਲੈ ਰਹੇ ਔਰ ਉਹ ਥੋੜ੍ਹੀ ਜਿਹੀ ਖਰੀਦ ਕੇ ਉਸ ਵਿੱਚ ਪਾਊਡਰ ਮਿਲਾ ਲੈਂਦੇ ਹਨ ਜਾਂ ਕੋਈ ਹੋਰ ਚੀਜ਼ ਮਿਲਾ ਦਿੰਦੇ ਹਨ, ਫਿਰ ਉਹ ਚੀਜ਼ ਉਨ੍ਹਾਂ ਨੂੰ ਮਾਰ ਦਿੰਦੀ ਹੈ। ਮੈਂ ਇੱਕ ਤਸਵੀਰ ਦੇਖੀ ਸ਼ਾਇਦ ਤੁਸੀਂ ਸਾਰਿਆਂ ਨੇ ਵੀ ਦੇਖੀ ਹੋਣੀ ਹੈ, ਇੱਕ ਬੰਦਾ ਵਿਚਾਰਾ ਮਰਿਆ ਪਿਆ ਹੈ ਤੇ ਸਰਿੰਜ ਵਿੱਚੇ ਹੀ ਫਸੀ ਪਈ ਹੈ।

(ਕੁਝ ਅਵਾਜ਼ਾਂ: ਇਹ ਕੋਟਕਪੂਰੇ ਦੀ ਗੱਲ ਹੈ ਜੀ।)

ਇਹ ਗੱਲ ਸਾਨੂੰ ਅੱਛੀ ਨਹੀਂ ਲਗਦੀ ਤਾਂ ਹੀ ਅਸੀਂ ਸਖਤੀ ਨਾਲ ਇਹ ਕੰਮ ਕਰ ਰਹੇ ਹਾਂ। ਨਸ਼ਾ ਵੇਚਣ ਵਾਲੇ ਅਤੇ ਵਿਕਾਉਣ ਵਾਲੇ ਜਾਂ ਉਨ੍ਹਾਂ ਨੂੰ ਦੇਣ ਵਾਲੇ ਕੋਈ ਵੀ ਅਜਿਹਾ ਬੰਦਾ ਅਸੀਂ ਨਹੀਂ ਛੱਡਾਂਗੇ (ਥੰਪਿੰਗ)। ਇਸ ਵਿੱਚ ਦੋ ਸਾਲ ਸਾਨੂੰ ਲੱਗੇ ਹਨ। ਇਸ ਵਿੱਚ 25,092

ਵਿਅਕਤੀ ਫੜ੍ਹੇ ਹਨ ਅਤੇ 21,049 ਕੇਸ ਪਾਏ ਹਨ, ਦੋਸ਼ੀ ਬੰਦੇ ਅਸੀਂ ਅਰੈਸਟ ਕੀਤੇ ਹਨ, ਹੁਣ ਕਿਤੇ ਮੈਂ ਸਾਰਾ ਪੰਜਾਬ ਹੀ ਫੜ੍ਹ ਲਵਾਂ? There has to be some system of functioning.

**Governance**

ਸਪੀਕਰ ਸਾਹਿਬ, ਫਿਰ ਗਵਰਨੈਂਸ ਦੀ ਗੱਲ ਆਉਂਦੀ ਹੈ। ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਹਿਲਾਂ ਕੋਈ ਗਵਰਨੈਂਸ ਸੀ? (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਸਪੀਕਰ ਸਾਹਿਬ, ਇੱਥੇ ਸਾਡੇ ਸਾਹਮਣੇ ਆਪੋਜ਼ੀਸ਼ਨ ਵਾਲੇ ਬੈਠੇ ਹਨ, ਮੈਨੂੰ ਪਤਾ ਹੈ ਕਿ ਕੌਣ ਲੀਡਰ ਹੈ ਅਤੇ ਕੌਣ ਡਿਪਟੀ ਲੀਡਰ ਹੈ। ਇੱਧਰ ਪਤਾ ਨਹੀਂ ਕਦੇ ਕੋਈ ਆ ਜਾਂਦਾ ਹੈ ਅਤੇ ਕਦੇ ਕੋਈ ਆ ਜਾਂਦਾ ਹੈ।(ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ)(ਹਾਸਾ) ਚਲੋ, ਜੇਕਰ ਬਾਦਲ ਸਾਹਿਬ ਦੀ ਉਮਰ ਜ਼ਿਆਦਾ ਹੋ ਗਈ, ਉਹ ਨਹੀਂ ਆ ਸਕਦੇ। ਮੈਂ ਵੀ ਸਮਝਦਾ ਹਾਂ ਕਿ ਉਨ੍ਹਾਂ ਦੀ ਉਮਰ ਜ਼ਿਆਦਾ ਹੋ ਗਈ ਹੈ, ਉਹ ਨਹੀਂ ਆ ਸਕਦੇ, I fully understand I fully respect. ਮੈਂ ਉਨ੍ਹਾਂ ਨੂੰ ਦੋ-ਚਾਰ ਵਾਰ ਇੱਥੇ ਦੇਖਿਆ ਹੈ, ਸ਼ਾਇਦ ਥੋੜ੍ਹੀ ਦੇਰ ਹੀ ਬੈਠਦੇ ਹਨ। ਉਹ ਬੜੀ ਹਿੰਮਤ ਕਰਕੇ ਆਉਂਦੇ ਹਨ ਲੇਕਿਨ What about Sukhbir Badal? Whether is he Deputy Leader?

( ਕੁਝ ਅਵਾਜ਼ਾਂ : ਸੁਖਬੀਰ ਬਾਦਲ ਜੀ ਲੀਡਰ ਹਨ। )

**Mr. Speaker:** Sardar Sukhbir Badal is the Leader.

**ਮੁੱਖ ਮੰਤਰੀ :** ਮੇਰਾ ਖਿਆਲ ਜਦੋਂ ਤੋਂ ਇਹ ਹਾਊਸ ਚੱਲਿਆ ਹੈ, ਮੈਂ ਤਾਂ ਤੁਹਾਡੇ ਲੀਡਰ ਨੂੰ ਕਦੇ ਦੇਖਿਆ ਨਹੀਂ। Where is he? Who is the Deputy Leader?

(ਕੁਝ ਅਵਾਜ਼ਾਂ: ਸਲਾਹ ਕਰ ਲਵੋ)

**Sardar Parminder Singh Dhindsa:** Sir, I am the Deputy Leader.

**Chief Minister:** Ok. Very nice to hear that.

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਗਵਰਨੈਂਸ ਦੀ ਗੱਲ ਕਰ ਰਿਹਾ ਸੀ। ਸਪੀਕਰ ਸਾਹਿਬ, ਗਵਰਨੈਂਸ ਸਬੰਧੀ ਮੇਰਾ ਇਹ ਕਹਿਣਾ ਹੈ ਕਿ ਗਵਰਨੈਂਸ ਜਦੋਂ ਹੁੰਦੀ ਹੈ ਤਾਂ it means governance, it means ਗਵਰਨੈਂਸ ਕਰਨਾ। ਗਵਰਨੈਂਸ

ਦਾ ਮਤਲਬ ਗਵਰਨੈਂਸ ਕਰਨਾ ਹੁੰਦਾ ਹੈ। Was there any governance in Akali Dal period? ਉਦੋਂ ਤਾਂ ਹੁਕਮ ਚਲਦਾ ਸੀ ਔਰ ਉਸ ਦੇ ਸਾਹਮਣੇ ਸਾਰੇ ਲੰਬੇ ਪੈ ਜਾਂਦੇ ਸੀ। No rules, no regulations, no constitution, no law, there was nothing at that time. ਜੋ ਜੀ ਕਰਦਾ ਸੀ, ਇਹ ਕਰਵਾਈ ਜਾਂਦੇ ਸੀ ਔਰ ਇਸੇ ਕਾਰਨ ਹੀ ਇਨ੍ਹਾਂ ਦਾ ਇਹ ਹਾਲ ਹੋਇਆ ਹੈ ਤਾਂ ਹੀ ਤੁਹਾਡੇ ਹਲਕਾ ਇੰਚਾਰਜ ਐਸ.ਪੀਜ਼. ਦੇ ਸਿਰ ਦੇ ਉਤੇ ਬਹਿ ਜਾਂਦੇ ਸੀ, ਡੀ.ਸੀਜ਼. ਦੇ ਸਿਰ ਉਤੇ ਬਹਿ ਜਾਂਦੇ ਸੀ, how does administration function? ਤੁਸੀਂ ਹੁਣ ਕਹਿੰਦੇ ਹੋ ਕਿ ਸਾਨੂੰ 5.00 ਕਰੋੜ ਰੁਪਿਆ ਦੇਣਾ ਹੈ। ਤੁਸੀਂ ਪੜ੍ਹ ਕੇ ਤਾਂ ਦੇਖੋ। ਇੱਕ ਮੈਂਬਰ ਸਾਹਿਬ ਨੇ ਹੁਣੇ ਕਿਹਾ ਹੈ ਕਿ ਸਾਰਿਆਂ ਨੂੰ ਤੁਸੀਂ ਦੇ ਰਹੇ ਹੋ। We are giving Rs.5.00 crore to each Sub-Division, untied funds to be executed by the Deputy Commissioners, not to any MLA. (ਥੰਪਿੰਗ) ਤੁਸੀਂ ਕਹਿ ਰਹੇ ਹੋ ਕਿ ਆਪਣੇ ਐਮ.ਐਲ.ਏ. ਨੂੰ ਦੇ ਰਹੇ ਹੋ ਤਾਂ ਸਾਡੇ ਐਮ.ਐਲ.ਏ. ਨੂੰ ਵੀ ਦਿਓ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਡਿਪਟੀ ਕਮਿਸ਼ਨਰਜ਼ ਨੂੰ ਅਨ-ਟਾਈਡ ਫੰਡਜ਼ ਦੇ ਰਹੇ ਹਾਂ ਕਿ ਆਪਣੇ ਡਿਸਟ੍ਰਿਕਟਸ ਦੇ ਵਿੱਚ ਸਬ-ਡਵੀਜ਼ਨਾਂ ਦੇ ਵਿੱਚ ਜਾ ਕੇ ਖਰਚਣ ਅਤੇ ਸਾਰੇ ਐਮ.ਐਲ.ਏਜ਼ ਨੂੰ ਪੁੱਛਣ। ਜੇਕਰ ਤੁਹਾਨੂੰ ਕੋਈ ਤਕਲੀਫ ਹੈ, ਤੁਸੀਂ ਕੁਝ ਕਰਵਾਉਣਾ ਹੈ ਜਾਂ ਕੁਝ ਸੁਧਾਰ ਲਿਆਉਣਾ ਹੈ ਤਾਂ ਆਪਣੇ ਡਿਪਟੀ ਕਮਿਸ਼ਨਰ ਨੂੰ ਜਾ ਕੇ ਕਹੋ, I am sure he will take it into account, ਲੇਕਿਨ ਇਹ ਗੱਲ ਕਹਿਣੀ ਕਿ ਸਿਰਫ ਕਾਂਗਰਸ ਐਮ.ਐਲ.ਏਜ਼ ਨੂੰ ਦੇ ਰਹੇ ਹੋ, ਸਾਨੂੰ ਨਹੀਂ ਦੇ ਰਹੇ, this is wrong. Again ਤੁਸੀਂ ਲੋਕਾਂ ਨੂੰ ਗੁੰਮਰਾਹ ਕਰ ਰਹੇ ਹੋ।

**ਸ਼੍ਰੀ ਬੁੱਧ ਰਾਮ :** ਕੱਲ੍ਹ ਬੁਢਲਾਡਾ ਵਿਖੇ ਹਲਕਾ ਇੰਚਾਰਜ ਨੇ ਜਾ ਕੇ ਚੈੱਕ ਵੰਡੇ ਹਨ।

**ਮੁੱਖ ਮੰਤਰੀ :** ਕਿਹੜਿਆਂ ਨੇ ਚੈੱਕ ਵੰਡੇ ਹਨ?

**ਸ਼੍ਰੀ ਬੁੱਧ ਰਾਮ :** ਬੁਢਲਾਡਾ ਵਿਖੇ ਵੰਡੇ ਹਨ।

**ਮੁੱਖ ਮੰਤਰੀ :** ਕਿਹੜਾ ਚੈੱਕ? ....(ਵਿਘਨ).... ਅਗਰ ਇਹ ਚੈੱਕ ਕਿਸਾਨੀ ਦੇ ਹਨ, ਜਿਹੜਾ ਸਾਡਾ ਡੈੱਟ ਵੇਵਰ ਹੈ, ਜਿਹੜੀ ਕਰਜ਼ਾ ਮੁਆਫੀ ਦੀ ਸਕੀਮ ਹੈ, ਕੀ ਉਸ ਵਿੱਚ ਚੈੱਕ ਵੰਡੇ ਹਨ?

**ਸ਼੍ਰੀ ਬੁੱਧ ਰਾਮ :** ਇਹ ਡਿਵੈਲਪਮੈਂਟ ਦੇ ਫੰਡ ਹਨ, ਆਰ.ਡੀ.ਐਫ. ਦੇ ਫੰਡ ਹਨ। ....(ਵਿਘਨ)...

**Chief Minister :** That is possible ਕਿ ਜੋ ਨਾਰਮ ਰੁਟੀਨ ਦੇ ਵਿੱਚ

[ਮੁੱਖ ਮੰਤਰੀ]

....(ਵਿਘਨ)... ਜੋ ਰੂਟੀਨ ਦੇ ਵਿੱਚ ਡਿਪਟੀ ਕਮਿਸ਼ਨਰਜ਼ ਨੂੰ ਆਰ.ਡੀ.ਐਫ. ਔਰ ਦੂਜੇ ਫੰਡ ਆਪਣੇ ਜ਼ਿਲ੍ਹਿਆਂ ਦੇ ਵਿੱਚ ਵਰਤਣ ਵਾਸਤੇ ਦਿੱਤੇ ਜਾਂਦੇ ਹਨ, ਉਹ ਵੱਖਰੀ ਗੱਲ ਹੈ। ਇਹ ਸਪੈਸ਼ਲੀ ਅਨ-ਟਾਈਡ ਫੰਡ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਕਰਵਾਏ ਹਨ ਕਿ ਹਰ ਸਬ-ਡਵੀਜ਼ਨ ਵਾਸਤੇ 5.00 ਕਰੋੜ ਰੁਪਿਆ ਦਿੱਤਾ ਜਾਵੇ , I do not think it has reached. Has it reached?

**ਸ਼੍ਰੀ ਬੁੱਧ ਰਾਮ :** ਸਾਈਕਲ ਵੀ ਵੰਡੇ ਜਾ ਰਹੇ ਹਨ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਬੁੱਧ ਰਾਮ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸਰਦਾਰ ਕੰਵਰ ਸੰਧੂ ਅਤੇ ਸ਼੍ਰੀ ਅਮਨ ਅਰੋੜਾ ਆਪਣੀਆਂ ਸੀਟਾਂ ਉਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮੁੱਖ ਮੰਤਰੀ :** ਪਰ ਕਿਹੜੇ ਫੰਡ ਵਿੱਚੋਂ ਵੰਡੇ ਜਾ ਰਹੇ ਹਨ?

**(ਇੱਕ ਆਵਾਜ਼ :** ਸਾਈਕਲ ਤੇ ਚੈੱਕ ਵਿੱਚ ਬੜਾ ਫਰਕ ਹੈ।) ....(ਵਿਘਨ)....

**ਮੁੱਖ ਮੰਤਰੀ :** ਮੈਂ ਆਰਥਿਕਤਾ ਦੀ ਗੱਲ ਕਰਨੀ ਚਾਹੁੰਦਾ ਹਾਂ .....(ਵਿਘਨ)....

**ਮਾਨਯੋਗ ਸਪੀਕਰ :** (ਆਮ ਆਦਮੀ ਪਾਰਟੀ ਨਾਲ ਸਬੰਧਿਤ ਸੀਟਾਂ ਤੇ ਖੜ੍ਹੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਆਪਣੀ ਗੱਲ ਕਹਿ ਲਈ ਹੈ ਜੋ ਕਹਿਣੀ ਸੀ ....(ਵਿਘਨ)... ਤੁਸੀਂ ਆਪਣੀ ਗੱਲ ਕਹਿ ਲਈ ਹੈ....(ਵਿਘਨ)... ਹੁਣ ਪਲੀਜ਼ ਬੈਠ ਜਾਓ ....(ਵਿਘਨ)... ਅਰੋੜਾ ਜੀ, ਪਲੀਜ਼ ਬੈਠ ਜਾਓ ....(ਵਿਘਨ)...ਸੰਧੂ ਸਾਹਿਬ, ਪਲੀਜ਼ ਬੈਠੋ। ਸੰਧੂ ਸਾਹਿਬ, ਤੁਸੀਂ ਆਪਣੀ ਗੱਲ ਕਹਿ ਲਈ ਹੈ, ਪਲੀਜ਼ ਬੈਠੋ। ਬੈਠ ਜਾਓ। ਅਰੋੜਾ ਜੀ, ਬੈਠ ਜਾਓ। ਅਰੋੜਾ ਜੀ, ਸੀ.ਐਮ. ਸਾਹਿਬ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਓ। ....(ਵਿਘਨ)... ਅਰੋੜਾ ਜੀ, ਮੁੱਖ ਮੰਤਰੀ ਜੀ ਨੂੰ ਬੋਲ ਲੈਣ ਦਿਓ।

**ਸ਼੍ਰੀ ਅਮਨ ਅਰੋੜਾ :** ਮੈਂ ਤਾਂ ਧੰਨਵਾਦ ਹੀ ਕਰਨਾ ਹੈ।

**ਮਾਨਯੋਗ ਸਪੀਕਰ :** ਨਹੀਂ, ਕੋਈ ਗੱਲ ਨਹੀਂ। Thank you.

**Chief Minister: Economy**

ਸਪੀਕਰ ਸਾਹਿਬ, ਇੱਥੇ ਆਰਥਿਕਤਾ ਦੀ ਗੱਲ ਕੀਤੀ ਗਈ ਹੈ। ਸਪੀਕਰ ਸਾਹਿਬ, ਜਦੋਂ ਅਸੀਂ ਟੇਕਓਵਰ ਕੀਤਾ ਸੀ, ਉਦੋਂ 2 ਲੱਖ 17 ਹਜ਼ਾਰ ਕਰੋੜ ਰੁਪਏ ਦੀ

ਘਾਟ ਸੀ। ਜਿਹੜੀ ਹੁਣੇ ਗੱਲ ਕਰ ਰਹੇ ਸੀ, 50% of Rs. 383 crores has reached the districts under the smart village scheme. ਸ਼ਾਇਦ ਤੁਸੀਂ ਸਮਾਰਟ ਵਿਲੇਜ ਸਕੀਮ ਦਾ ਜ਼ਿਕਰ ਕਰ ਰਹੇ ਹੋਣੇ ਹੋ, ਜਿਹੜਾ ਅੱਜ ਅਖਬਾਰਾਂ ਵਿੱਚ ਆਇਆ ਹੈ। Anyway, ਮੈਂ ਇਕਾਨਮੀ ਦੀ ਗੱਲ ਕਰ ਰਿਹਾ ਸੀ ਕਿ ਜਦ ਅਸੀਂ ਛੱਡ ਕੇ ਗਏ ਸੀ ਤਾਂ 40,000 ਕਰੋੜ ਰੁਪਏ ਦਾ ਡੈੱਟ ਸੀ ਅਤੇ ਜਦੋਂ ਅਸੀਂ ਵਾਪਸ ਆਏ ਤਾਂ 2 ਲੱਖ 17 ਹਜ਼ਾਰ ਕਰੋੜ ਰੁਪਏ ਦਾ ਡੈੱਟ ਇਨ੍ਹਾਂ (ਪਿਛਲੀ ਸਰਕਾਰ) ਦੀ ਅਣਗਹਿਲੀ ਕਰਕੇ ਸਾਡੇ ਸਿਰ ਖੜ੍ਹਾ ਸੀ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਫਿਰ ਕਹਿੰਦੇ ਹਨ ਕਿ ਉਸ ਵਿੱਚੋਂ ਡਿਵੈਲਪਮੈਂਟ ਕਰੋ। ਇਸੇ ਕਾਰਨ ਹੀ ਤੁਹਾਡੇ ਹਮਾਇਤੀ ਲੋਕ ਖੁਸ਼ੀਆਂ ਮਨਾ ਰਹੇ ਸੀ ਕਿ ਕਾਂਗਰਸ ਪਾਰਟੀ ਦੀ ਸਰਕਾਰ ਆ ਗਈ, ਹੁਣ ਦੇਖਦੇ ਹਾਂ ਕਿ ਕਾਂਗਰਸ ਵਾਲੇ ਕੀ ਕਰਨਗੇ। ਇਹ ਤਾਂ ਵਾਹਿਗੁਰੂ ਦੀ ਕਿਰਪਾ ਰਹੀ।

ਇਸ ਤੋਂ ਇਲਾਵਾ 31000 ਕਰੋੜ ਰੁਪਏ, differences of opinion with the Food Corporation of India ਤੇ ਸਾਡੇ ਤੋਂ ਕਹਿ ਲਵੋ, ਜੋ ਫੂਡ ਅਕਾਊਂਟਸ ਦੇ ਵਿੱਚ 31000 ਕਰੋੜ ਰੁਪਿਆ ਪਾਇਆ ਗਿਆ ਸੀ । ਇਨ੍ਹਾਂ ਨੇ ਜੋ ਪਹਿਲਾਂ ਇੱਥੇ ਬੈਠੇ ਸੀ (ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਬੈਂਚਿਜ਼ ਵੱਲ ਇਸ਼ਾਰਾ), ਇਨ੍ਹਾਂ ਦੀ ਸਰਕਾਰ ਦਿੱਲੀ ਵਿੱਚ ਹੈ, ਉਨ੍ਹਾਂ ਦੇ ਨਾਲ ਗੱਲ ਕਰਨੀ ਚਾਹੀਦੀ ਸੀ ਕਿ ਇਹ ਸਾਡੇ ਨਾਲ ਧੋਖਾ ਹੋ ਰਿਹਾ ਹੈ, ਇਹ ਪੰਜਾਬ ਦਾ ਪੈਸਾ ਤੁਸੀਂ ਬਰਬਾਦ ਕਰ ਰਹੇ ਹੋ, Instead of that, ਇਹ ਉਥੇ ਜਾ ਕੇ ਮੰਨ ਗਏ ਕਿ ਇਸ ਨੂੰ ਟਰਮ ਲੋਨ ਵਿੱਚ ਕਨਵਰਟ ਕਰ ਦਿਉ, ਇਹ ਉਦੋਂ ਫਾਈਨਾਂਸ ਮਨਿਸਟਰ ਸੀ, why should Punjab pay? ਅਸੀਂ ਤੁਹਾਡੇ (ਸੈਂਟਰ ਗੌਰਮਿੰਟ) ਵਾਸਤੇ ਅਨਾਜ ਖਰੀਦਦੇ ਹਾਂ, ਜਿਹੜੀਆਂ ਸਾਡੀਆਂ ਏਜੰਸੀਆਂ ਹਨ, ਉਹ ਇਹ ਫੂਡ ਤੁਹਾਡੇ ਵਾਸਤੇ ਖਰੀਦਦੀਆਂ ਹਨ, ਤੁਸੀਂ ਜਿਹੜੀ ਉਸ ਦੀ ਟਰਾਂਸਪੋਰਟ ਦਾ ਖਰਚਾ ਹੈ, ਉਸ ਲਈ ਜਿਹੜੀਆਂ ਬੋਰੀਆਂ ਖਰੀਦਣੀਆਂ ਹਨ, ਜਿਹੜੀ ਤੁਹਾਡੀ ਲੇਬਰ ਲੱਗਣੀ ਹੈ, ਉਹ ਸਾਡਾ ਕੰਮ ਨਹੀਂ ਹੈ, ਇਹ ਉਨ੍ਹਾਂ ਦਾ ਭਾਵ ਸੈਂਟਰ ਸਰਕਾਰ ਦਾ ਕੰਮ ਹੈ, ਸਟੋਰੇਜ ਚਾਰਜਿਜ਼ ਦਾ ਉਨ੍ਹਾਂ ਦਾ ਕੰਮ ਹੈ, ਸਾਡਾ ਕੰਮ ਨਹੀਂ ਹੈ। Why should we pay? ਇਹ ਸਾਡੀ ਕਣਕ ਤਾਂ ਨਹੀਂ ਹੈ, ਇਹ ਸਾਡਾ ਝੋਨਾ ਤਾਂ ਨਹੀਂ ਹੈ? ਇਹ ਪਿਛਲੀ ਸਰਕਾਰ ਵਾਲੇ ਉਥੇ ਜਾ ਕੇ ਮੰਨ ਕੇ ਆਏ ਕਿ 31000 ਕਰੋੜ ਰੁਪਿਆ ਪਾ ਦਿਉ। ਹੁਣ ਇਸ ਬਾਰੇ ਸਾਨੂੰ ਨੀਤੀ ਆਯੋਗ ਦੇ ਸਾਹਮਣੇ ਜਾਣਾ ਪਿਆ ਹੈ, ਸਾਨੂੰ ਉਸ ਤੋਂ ਪਹਿਲਾਂ ਸੈਂਟਰ ਵਿੱਚ ਫਾਈਨਾਂਸ ਮਨਿਸਟਰ ਸਾਹਿਬ ਨੂੰ ਮਿਲਣਾ ਪਿਆ, ਮੈਨੂੰ ਪ੍ਰਾਈਮ ਮਨਿਸਟਰ ਨੂੰ ਇਸ ਇਸ਼ੂ ਉਤੇ ਮਿਲਣਾ ਪਿਆ । Why did you agree? ਫਿਰ ਜੇ ਤੁਸੀਂ ਇਹ ਸਾਰੀਆਂ ਗੱਲਾਂ ਦੇਖਦੇ ਹੋ, then you say ਕਿ ਇੱਥੇ ਪੰਜਾਬ ਵਿੱਚ ਡਿਵੈਲਪਮੈਂਟ

[ਮੁੱਖ ਮੰਤਰੀ]

ਨਹੀਂ ਹੋ ਰਹੀ। ਜੇਕਰ ਫਿਰ ਵੀ ਡਿਵੈਲਪਮੈਂਟ ਹੋ ਰਹੀ ਹੈ, it is the good luck of our government ਕਿ ਜਿਹੜੇ ਅਸੀਂ ਰਿਸੋਰਸਿਜ ਇਕੱਠੇ ਕਰ ਸਕੇ ਹਾਂ ਇਹ ਇਕੱਠੇ ਕਰਕੇ ਇਨ੍ਹਾਂ ਨੂੰ ਅੱਗੇ ਪਾ ਸਕੇ ਹਾਂ। ਜਿਹੜੀ ਇਕਾਨਮੀ ਹੈ, under these circumstances, in these days, ਉਹ ਚਲਾਉਣੀ ਕੋਈ ਆਸਾਨ ਨਹੀਂ ਹੈ ਲੇਕਿਨ ਜਿਸ ਤਰ੍ਹਾਂ ਫਾਈਨਾਂਸ ਮਨਿਸਟਰ ਸਾਹਿਬ ਨੇ ਫਿਸਕਲ ਡੈਫੀਸਿਟ ਬਾਰੇ ਕਿਹਾ ਹੈ ਕਿ 2016-17 ਵਿੱਚ 12.34 ਪ੍ਰਤੀਸ਼ਤ ਸੀ, ਉਸ ਤੋਂ ਘਟਾ ਕੇ ਇਨ੍ਹਾਂ ਨੇ 2.65 ਪ੍ਰਤੀਸ਼ਤ ਤੱਕ ਲਿਆਂਦਾ ਹੈ, ਇਹ ਇਨ੍ਹਾਂ ਨੇ ਬਜਟ ਵਿੱਚ ਕਿਹਾ ਹੈ। (ਥੰਪਿੰਗ) ਤੁਸੀਂ ਇਸ ਦਾ ਤਾਂ ਸ਼ੁਕਰਾਨਾ ਕਰੋ ਕਿ we are going down in the debt, we are trying to recover ਔਰ ਜਿਹੜਾ 2 ਲੱਖ 17 ਹਜ਼ਾਰ ਕਰੋੜ ਰੁਪਏ ਕਰਜ਼ਾ ਸੀ, we have also reduced that by few thousand crores. So, these are the things, ਇਹੀ ਗੁੱਡ ਗਵਰਨੈਂਸ ਦਾ ਮਤਲਬ ਹੁੰਦਾ ਹੈ, plus you allow your people to function. You appoint somebody and give him a task, if he performs, very good, give him a pat on the back ਅਗਰ ਉਹ ਪਰਫਾਰਮ ਨਹੀਂ ਕਰਦਾ, it's a modern state, a type of management then you have to take somebody else to take a place to see ਕਿ ਉਹ ਮੈਨੇਜ ਕਰੇ this is exactly how our party functions ਸਿਰਫ ਇਹ ਨਹੀਂ ਕਿ governance, also in a party ਸ਼੍ਰੀਮਤੀ ਸੋਨੀਆ ਗਾਂਧੀ ਜੀ ਮੇਰੇ ਪ੍ਰਧਾਨ ਹੁੰਦੇ ਸੀ, ਮੈਂ ਉਨ੍ਹਾਂ ਨਾਲ ਕੰਮ ਕੀਤਾ, this was a system of functioning. She used to appoint you and give you a task. If you performed well then you carried on if you didn't perform well then she would found someone else to do your job. That is the way it is and that is the way government runs. Not sitting in one home, ਕਿ ਤੁਹਾਡਾ ਪ੍ਰਧਾਨ ਬਹਿ ਕੇ ਕੋਈ ਆਦੇਸ਼ ਦੇਈ ਜਾਵੇ, ਇਹ ਨਹੀਂ ਕਿ ਤੁਹਾਡੇ ਮੁੱਖ ਮੰਤਰੀ ਜਾਂ ਡਿਪਟੀ ਮੁੱਖ ਮੰਤਰੀ ਹੁਕਮ ਦੇਈ ਜਾਣ, nobody else knows ਆਰਡਰਜ਼ ਕੈਰੀ ਆਊਟ ਕਰੀ ਜਾਉ, ਚਾਹੇ ਉਹ ਸਹੀ ਹਨ ਜਾਂ ਗਲਤ ਹਨ। This is not governance. This is some sort of what should I say 'ਡੰਡਾ ਰਾਜ' or whatever you may call it, this is certainly not governance.

**Law and Order**

ਸਪੀਕਰ ਸਾਹਿਬ, ਅੱਜ ਲਾਅ ਐਂਡ ਆਰਡਰ ਬਾਰੇ ਗੱਲਾਂ ਕੀਤੀਆਂ ਗਈਆਂ ਹਨ। ਕੀ ਤੁਸੀਂ ਪਿਛਲੀ ਸਰਕਾਰ ਵਾਲੇ ਜਾਣਦੇ ਹੋ, ਤੁਸੀਂ ਕਿਹਾ ਸੀ ਕਿ

ਇੱਥੇ ਗੈਂਗਸਟਰਜ਼ ਬਹੁਤ ਹਨ, ਕੀ ਤੁਹਾਨੂੰ ਪਤਾ ਹੈ ਕਿ ਅਸੀਂ ਪਿਛਲੇ ਦੋ ਸਾਲਾਂ ਵਿੱਚ ਕਿੰਨੇ ਗੈਂਗਸਟਰ ਨਿਊਟਰਲਾਈਜ਼ ਕੀਤੇ ਹਨ? 1414 Gangsters have been neutralized of various criminal gangs including 12 who are 'A' category gangs. We have busted 20 modules of terrorism. ਸਪੀਕਰ ਸਾਹਿਬ, ਜਿਹੜੇ ਉਧਰੋਂ ਆਏ ਹਨ, ਅਸੀਂ ਉਹ 22 ਬੰਦੇ ਫੜ੍ਹੇ ਹੋਏ ਹਨ, ਜਿਹੜੇ ਇੱਧਰੋਂ ਉਨ੍ਹਾਂ ਨਾਲ ਜੁੜੇ, ਉਹ 100 ਬੰਦੇ ਫੜ੍ਹੇ ਹੋਏ ਹਨ, ਹਥਿਆਰ ਇਕੱਠੇ ਕੀਤੇ ਹਨ, ਐਕਸਪਲੋਸਿਵਸ ਇਕੱਠੇ ਕੀਤੇ ਹਨ। ਪਹਿਲਾਂ ਇੱਥੇ ਗੈਂਗਸਟਰ ਨਹੀਂ ਹੁੰਦੇ ਸੀ। ਇੱਥੇ ਗੋਲਫ ਕਲੱਬ ਵਿੱਚ ਜਾ ਕੇ ਕਿਸੇ ਨੂੰ ਗੋਲੀ ਮਾਰ ਦਿਉ, ਕੋਈ ਸੜਕ 'ਤੇ ਮਾਰ ਦਿਉ Where are they? They have all been done. This is law and order working, provided you allow land and order to work. (Thumping) ਅਗਰ ਤੁਸੀਂ ਕਾਨੂੰਨੀ ਵਿਵਸਥਾ ਨੂੰ ਚਲਣ ਹੀ ਨਹੀਂ ਦਿਉਗੇ, ਅਗਰ ਤੁਸੀਂ ਪੁਲਿਸ ਨੂੰ ਆਪਣਾ ਕੰਮ ਨਹੀਂ ਕਰਨ ਦਿਉਗੇ ਤਾਂ ਫਿਰ ਕੀ ਹੋਵੇਗਾ, ਫਿਰ ਉਹ ਹੋਵੇਗਾ ਜੋ ਪਹਿਲਾਂ ਹੋਇਆ ਸੀ।

ਮੈਂ ਹੁਣ ਤੁਹਾਨੂੰ ਬੇਅਦਬੀ ਘਟਨਾਵਾਂ ਦੇ ਬਾਰੇ ਦੱਸਣ ਲੱਗਾ ਹਾਂ, ਬਹਿਬਲ ਕਲਾਂ, ਕੋਟਕਪੂਰਾ ਤੇ ਬਰਗਾੜੀ ਦੇ ਬਾਰੇ ਦੱਸਣ ਲੱਗਿਆ ਹਾਂ, what was that? That was a failure of law and order system. ਉਸ ਤੋਂ ਪਹਿਲਾਂ ਕਿੰਨੇ ਵਾਕਿਆਤ ਸੀ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਫਾੜ੍ਹ ਕੇ ਨਦੀਆਂ, ਟੋਭਿਆਂ ਦੇ ਵਿੱਚ ਸੁੱਟ ਦਿੱਤੇ, ਕਿੰਨੇ ਇੱਥੇ ਤੁਸੀਂ ਗੁਟਕਾ ਸਾਹਿਬ ਦੇ ਪੰਨੇ ਫਾੜ੍ਹ ਕੇ ਸੁੱਟ ਦਿੰਦੇ ਹੋ, ਤੁਸੀਂ ਸ਼੍ਰੀ ਭਗਵਤ ਗੀਤਾ ਫਾੜ੍ਹ ਦਿੱਤੀ, ਤੁਸੀਂ ਕੁਰਾਨ ਸ਼ਰੀਫ ਫਾੜ੍ਹ ਦਿੱਤੀ, what are getting out of this? ਫਿਰ ਜਿੱਥੇ ਕੋਈ ਐਕਸ਼ਨ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੇ ਉਤੇ ਤੁਸੀਂ ਐਕਸ਼ਨ ਨਾ ਲੈਣ ਦਿਉ? ਇੱਕ ਕਮਿਸ਼ਨ ਬਿਠਾ ਦਿੱਤਾ, ਫਿਰ ਜੇ ਉਸ ਕਮਿਸ਼ਨ ਨੇ ਤੁਹਾਨੂੰ ਰਿਪੋਰਟ ਦਿੱਤੀ, ਉਹ ਜੱਜ ਤਿੰਨ ਦਿਨ ਤੱਕ ਬੈਠਿਆ ਰਿਹਾ, ਤੁਸੀਂ ਉਸ ਤੋਂ ਰਿਪੋਰਟ ਹੀ ਨਹੀਂ ਲਈ, Why could not you do what we have done? You could have formed SIT. ਤੁਸੀਂ ਐਕਸ਼ਨ ਲੈ ਸਕਦੇ ਸੀ। ਉਸ ਦਾ ਕੋਈ ਹੱਲ ਨਿਕਲ ਜਾਣਾ ਸੀ ਪਰ ਤੁਸੀਂ ਕਿਉਂ ਨਹੀਂ ਕੀਤਾ? ਇਹ ਹੁਣ ਪਤਾ ਲੱਗ ਜਾਵੇਗਾ। I would not go because SIT is working ਲੇਕਿਨ ਜੋ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਗੱਲਾਂ ਆਈਆਂ ਹਨ, this matter is going very high. I will say much only and leave it. (thumping)

(ਇਸ ਸਮੇਂ ਵੀ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ, ਆਪਣੇ ਹੱਥਾਂ

[ਮੁੱਖ ਮੰਤਰੀ]

ਵਿੱਚ ਸਲੋਗਨ ਵਾਲੀਆਂ ਫੱਟੀਆਂ ਫੜ੍ਹ ਕੇ ਵੈੱਲ ਆਫ ਦਿ ਹਾਊਸ ਵਿੱਚ ਧਰਨੇ ਤੇ ਬੈਠੇ ਸਨ।)

**Farmers**

ਸਪੀਕਰ ਸਾਹਿਬ, ਇਨ੍ਹਾਂ ਨੇ ਕਿਸਾਨਾਂ ਦੀ ਗੱਲ ਕੀਤੀ ਹੈ। ਸਾਡੇ ਕਿਸਾਨ ਬਹੁਤ ਵੱਡੇ ਕਰਜ਼ਿਆਂ ਵਿੱਚ ਡੁੱਬੇ ਹੋਏ ਹਨ। ਅਸੀਂ ਐਸਟੀਮੇਟ ਕੀਤਾ ਸੀ ਕਿ ਤਕਰੀਬਨ 17 ਲੱਖ ਅਜਿਹੇ ਕਿਸਾਨੀ ਪਰਿਵਾਰ ਹਨ, ਜਿਹੜੇ ਕਰਜ਼ੇ ਵਿੱਚ ਡੁੱਬੇ ਹੋਏ ਹਨ ਅਤੇ ਇਸ ਵਿੱਚੋਂ ਸਵਾ ਦਸ ਲੱਖ ਅਜਿਹੇ ਪਰਿਵਾਰ ਹਨ, ਜਿਹੜੇ ਕਿ ਛੋਟੇ ਕਿਸਾਨ ਹਨ। ਅਸੀਂ ਸੋਚਿਆ ਕਿ ਜਿੰਨੀ ਹੈਲਪ ਕਰ ਸਕਦੇ ਹਾਂ, ਕਰੀਏ। ਮੈਨੂੰ ਪਤਾ ਹੈ ਕਿ ਕਈਆਂ ਦੀਆਂ borrowings ਜ਼ਿਆਦਾ ਹਨ, ਉਨ੍ਹਾਂ ਦੁਆਰਾ ਲਿਆ ਹੋਇਆ ਕਰਜ਼ਾ ਕਾਫੀ ਹੈ ਲੇਕਿਨ ਸਾਡੇ ਕੋਲ ਇੰਨੀ ਗੁੰਜਾਇਸ਼ ਨਹੀਂ ਹੈ। ਜੇਕਰ 17 ਲੱਖ ਨੂੰ ਅਸੀਂ 100% ਰਿਲੀਫ ਦੇਈਏ ਤਾਂ 65,000 ਕਰੋੜ ਤੇ ਗੱਲ ਪਹੁੰਚ ਜਾਂਦੀ ਹੈ। ਪੰਜਾਬ ਰਾਜ ਕੋਲ 65,000 ਕਰੋੜ ਰੁਪਿਆ ਕਿੱਥੇ ਹੈ? ਅੱਜ ਹੁਣੇ ਕਹਿ ਕੇ ਹਟੇ ਹਨ ਕਿ ਡਾਕਟਰ ਮਨਮੋਹਨ ਸਿੰਘ ਜੀ ਨੇ ਪੂਰੇ ਹਿੰਦੁਸਤਾਨ ਵਿੱਚ 70,000 ਕਰੋੜ ਰੁਪਿਆ debt relief ਵਾਸਤੇ ਦਿੱਤਾ ਸੀ। ਅਸੀਂ ਇਸ ਛੋਟੇ ਜਿਹੇ ਪੰਜਾਬ ਵਿੱਚ ਅਜਿਹੇ ਹਾਲਾਤਾਂ ਵਿੱਚ 65,000 ਕਰੋੜ ਰੁਪਿਆ ਕਿਵੇਂ ਦੇ ਸਕਦੇ ਹਾਂ? Do we have the capacity? ਇਸ ਵਾਸਤੇ ਅਸੀਂ ਸੋਚਿਆ ਕਿ ਪਹਿਲਾਂ ਦੋ ਕਿੱਲੇ ਵਾਲੇ ਕਿਸਾਨਾਂ ਨੂੰ ਲਈਏ ਅਤੇ ਉਨ੍ਹਾਂ ਨੂੰ ਦੋ ਲੱਖ ਰੁਪਿਆ ਰਿਲੀਫ ਵਜੋਂ ਦੇਈਏ। ਉਸ ਤੋਂ ਬਾਅਦ ਕੋਆਪ੍ਰੇਟਿਵ ਅਤੇ ਕਮਰਸ਼ੀਅਲ ਬੈਂਕਾਂ ਵੱਲ ਆਵਾਂਗੇ। ਫੇਰ ਅਸੀਂ 5 ਲੱਖ ਕਰਜ਼ੇ ਵਾਲਿਆਂ ਬਾਰੇ ਸੋਚਿਆ। ਕੋਆਪ੍ਰੇਟਿਵ ਬੈਂਕਾਂ ਦੇ ਲੋਨਜ਼ ਤੱਕ ਅਸੀਂ ਪਹੁੰਚ ਗਏ ਹਾਂ, ਹੁਣ ਅਸੀਂ ਕਮਰਸ਼ੀਅਲ ਬੈਂਕਾਂ ਤੱਕ ਪਹੁੰਚਣਾ ਹੈ। ਜੋ ਅਸੀਂ ਟੋਟਲ ਅਮਾਊਂਟ ਦੇ ਚੁੱਕੇ ਹਾਂ, ਉਹ 4,736 ਕਰੋੜ ਰੁਪਿਆ ਹੈ ਅਤੇ ਇਸ ਸਵਾ 10 ਲੱਖ ਵਿੱਚੋਂ 5.83 ਲੱਖ ਛੋਟੇ ਅਤੇ marginal farmers cover ਹੋਏ ਹਨ। Now we will take it to the next phase.(Thumping) ਇਹ ਤਾਂ ਹਾਲੇ ਸਾਡਾ ਪਹਿਲਾ ਸਾਲ ਹੈ। ਸਾਨੂੰ ਸਿਰਫ ਦੋ ਸਾਲ ਹੀ ਸਰਕਾਰ ਬਣਾਏ ਨੂੰ ਹੋਏ ਹਨ। ਵਾਹਿਗੁਰੂ ਕਰੇ, ਸਾਡੀ ਆਮਦਨ ਵਧੇ, ਅਗਰ ਵਧੇਗੀ ਤਾਂ ਅਸੀਂ ਕਿਸਾਨਾਂ ਦੀ ਵੀ ਵਧਾ ਦੇਵਾਂਗੇ। That is all we would like to do. (Thumping) ਇਹ ਸਾਡਾ ਪੈਸਾ ਨਹੀਂ ਹੈ, ਇਹ ਪੰਜਾਬ ਦੇ ਲੋਕਾਂ ਦਾ ਪੈਸਾ ਹੈ ਅਤੇ ਜਦੋਂ ਸਮਾਂ ਆਵੇਗਾ, ਅਸੀਂ ਬੜੇ ਸ਼ੌਂਕ, ਪਿਆਰ ਅਤੇ ਖੁਸ਼ੀ ਨਾਲ ਹੋਰ ਮਦਦ ਦੇ ਸਕਾਂਗੇ।

**Straw management**

Straw management ਬਾਰੇ ਪੰਜਾਬ ਵਿੱਚ ਬੜੀ ਗੱਲ ਚੱਲੀ ਸੀ। ਇੱਥੇ

ਅਸੀਂ ਇੰਨੀ ਪਰਾਲੀ ਫੂਕਦੇ ਹਾਂ। ਇਹ ਪਰਾਲੀ ਫੂਕਣ ਤੋਂ ਰੋਕਣਾ ਸਾਡੇ ਵਾਸਤੇ ਵੀ ਜ਼ਰੂਰੀ ਸੀ, ਅਸੀਂ 'ਤੰਦਰੁਸਤ ਪੰਜਾਬ' ਦਾ ਮਿਸ਼ਨ ਚਲਾ ਰਹੇ ਹਾਂ। ਇਸ ਧੂੰਏਂ ਕਾਰਨ ਸਾਡੇ ਬੱਚਿਆਂ ਦੇ ਫੇਫੜੇ ਖਰਾਬ ਹੋ ਜਾਂਦੇ ਹਨ । ਇਸ ਤੋਂ ਇਲਾਵਾ ਦਿੱਲੀ ਵਾਲੇ ਕਹਿੰਦੇ ਸੀ ਕਿ ਇੱਥੋਂ ਜ਼ਿਆਦਾ ਧੂੰਆਂ ਉਨ੍ਹਾਂ ਵੱਲ ਚਲਾ ਜਾਂਦਾ ਹੈ ਅਤੇ ਦਿੱਲੀ ਬਿਲਕੁਲ ਵਾਈਟ ਹੋ ਜਾਂਦੀ ਹੈ, ਧੁੰਦ ਸਾਰੇ ਕਿਤੇ ਹੋ ਜਾਂਦੀ ਹੈ। Of course this was wrong, ਇਹ ਕੰਸੈਪਟ ਬਿਲਕੁਲ ਸਹੀ ਨਹੀਂ ਸੀ ਕਿਉਂਕਿ ਸਾਡੇ ਵੱਲੋਂ ਇੰਨਾ ਧੂੰਆਂ ਉਥੇ ਨਹੀਂ ਜਾਂਦਾ ਸੀ। ਇਸ ਵਾਰ ਸਰਦੀਆਂ ਵਿੱਚ ਜਦੋਂ ਪਰਾਲੀ ਫੂਕ ਰਹੇ ਸੀ ਅਤੇ ਦਿੱਲੀ ਵਿੱਚ ਧੂੰਆਂ ਹੋ ਰਿਹਾ ਸੀ ਤਾਂ ਪੰਜਾਬ ਵਿੱਚ ਧੂੰਏਂ ਵਾਲਾ ਪਲਿਊਸ਼ਨ ਲੈਵਲ ਦਿੱਲੀ ਨਾਲੋਂ ਘੱਟ ਸੀ। So, this was not possible ਕਿ ਇੱਥੋਂ ਉਧਰ ਧੂੰਆਂ ਜਾ ਰਿਹਾ ਸੀ ਕਿ ਉਨ੍ਹਾਂ ਨੂੰ ਲੋਕਲ ਮੁਸ਼ਕਿਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਫੇਰ ਵੀ ਸਾਡੇ ਪੰਜਾਬ ਦੇ ਬੱਚਿਆਂ ਵਾਸਤੇ ਪਿੰਡਾਂ ਵਿੱਚ ਵੀ ਧੂੰਆਂ ਨਾ ਜਾਵੇ ਅਤੇ ਅਗਲੀ ਪੀੜ੍ਹੀ ਨੂੰ ਕੋਈ ਨੁਕਸਾਨ ਨਾ ਹੋਵੇ, ਅਸੀਂ ਉਸ ਵਾਸਤੇ ਪੂਰੀ ਕੋਸ਼ਿਸ਼ ਕੀਤੀ ਹੈ। We are very happy, ਮੇਰਾ ਖਿਆਲ ਹੈ ਕਿ ਅੱਜ ਇੱਕ ਦਿਨ ਵਾਸਤੇ ਵੀ ਪੰਜਾਬ ਵਿੱਚ ਧੂੰਆਂ ਨਹੀਂ ਫੈਲਿਆ। This year we have been exceptional. ਮੈਂ ਸਾਰੇ ਪੰਜਾਬ ਦੀ ਕਿਸਾਨੀ ਦਾ ਦਿਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇੱਥੇ ਹਿੰਮਤ ਕਰਕੇ ਇਹ ਕੰਮ ਰੋਕਿਆ ਹੈ।(ਥੰਪਿੰਗ)

**Water Resources**

ਸਪੀਕਰ ਸਾਹਿਬ, ਪਾਣੀ ਦਾ ਮਸਲਾ ਹਰ ਪੱਖੋਂ ਉਠਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਦੋ ਕਿਸਮ ਦਾ ਪਾਣੀ ਹੈ। ਇੱਕ ਨਦੀਆਂ ਦਾ ਪਾਣੀ ਹੈ ਅਤੇ ਦੂਜਾ ਸਾਡੀ ਧਰਤੀ ਦਾ ਹੈ। ਪਾਣੀ ਸਬੰਧੀ ਬਹੁਤ ਦੇਰ ਤੋਂ ਲੜਾਈ ਚੱਲ ਰਹੀ ਹੈ। ਅਸੀਂ ਕਿਸੇ ਹੋਰ ਦਾ ਪਾਣੀ ਨਹੀਂ ਰੋਕਣਾ ਚਾਹੁੰਦੇ ਲੇਕਿਨ ਪੰਜਾਬ ਦਾ ਜਿਹੜਾ ਪਾਣੀ ਹੈ, ਉਹ ਪੰਜਾਬ ਵਿੱਚ ਹੀ ਰਹਿਣਾ ਚਾਹੀਦਾ ਹੈ। ਮੈਂ ਤੁਹਾਨੂੰ ਬੇਇਨਸਾਫੀ ਦੀਆਂ ਕੁਝ ਗੱਲਾਂ ਦੱਸਦਾ ਹਾਂ। ਜਦੋਂ ਇਰਾਡੀ ਕਮਿਸ਼ਨ ਬੈਠਾ ਸੀ, ਉਨ੍ਹਾਂ ਨੇ ਐਸਟੀਮੇਟ ਕੀਤਾ....let me go even further. ਸੰਨ 1966 ਵਿੱਚ ਪੰਜਾਬੀ ਸੂਬਾ ਬਣਿਆ। ਉਸ ਵੇਲੇ ਸਾਡੇ ਕੋਲ 105 ਲੱਖ ਧਰਤੀ ਕਾਸ਼ਤਕਾਰੀ ਵਾਸਤੇ ਰਹਿ ਗਈ ਅਤੇ 80 ਲੱਖ ਕਿੱਲਾ ਹਰਿਆਣਾ ਵਿੱਚ ਚਲੀ ਗਈ। ਸਾਡੀ ਅਤੇ ਹਰਿਆਣਾ ਦੀ ਸਾਰੀ ਵੰਡ 60:40 ਵਿੱਚ ਹੋਈ ਸੀ। ਪਾਣੀ, ਜ਼ਮੀਨ, ਗੱਡੀਆਂ, ਪਰਸੋਨਲ ਆਦਿ ਸਭ ਕੁਝ ਉਸ ਵਿੱਚ ਸੀ। ਇਨ੍ਹਾਂ ਨੇ ਰਾਵੀ-ਬਿਆਸ-ਸਤਲੁਜ ਨੂੰ 60:40 ਵਿੱਚ ਵੰਡ ਦਿੱਤਾ। ਲੇਕਿਨ ਜੋ ਯਮੁਨਾ ਦਾ ਤਾਜ਼ੇ ਵਾਲਾ ਪਾਣੀ ਆਉਂਦਾ ਸੀ, ਉਹ ਵਿੱਚ ਸ਼ਾਮਲ ਨਹੀਂ ਕੀਤਾ। ਸੋ, ਸਾਡੀ ਜ਼ਮੀਨ ਵੱਧ ਹੈ ਅਤੇ ਉਨ੍ਹਾਂ ਦੀ ਘੱਟ ਹੈ ਪ੍ਰੰਤੂ ਉਨ੍ਹਾਂ ਦੀ ਜ਼ਮੀਨ ਵਾਸਤੇ ਅਤੇ ਸਾਡੀ

[ਮੁੱਖ ਮੰਤਰੀ]
ਜ਼ਮੀਨ ਵਾਸਤੇ ਮਿਲਣ ਵਾਲਾ ਪਾਣੀ ਤਕਰੀਬਨ ਬਰਾਬਰ ਹੋ ਗਿਆ । ਹੁਣ ਯਮੁਨਾ ਤੋਂ ਇਨ੍ਹਾਂ ਨੇ ਹੋਰ 2.5 ਮਿਲੀਅਨ ਏਕੜ ਫੀਟ ਲਈ ਉਨ੍ਹਾਂ ਨੂੰ ਹੋਰ ਪਾਣੀ ਦੇਣ ਦਾ ਫੈਸਲਾ ਕੀਤਾ ਹੈ, ਜੋ ਉਥੇ ਸ਼ਾਰਦਾ ਯਮੁਨਾ ਲਿੰਕ ਨਹਿਰ ਹੈ, ਉਸ ਦੇ ਵਿੱਚੋਂ ਵੀ ਉਹ ਦੇਣ ਨੂੰ ਤਿਆਰ ਹਨ। ਜਿੰਨਾ ਪੰਜਾਬ ਨੂੰ ਪਾਣੀ ਮਿਲ ਰਿਹਾ ਹੈ, ਇਸ ਵੇਲੇ ਉਸ ਤੋਂ ਜ਼ਿਆਦਾ ਹਰਿਆਣਾ ਨੂੰ ਮਿਲ ਗਿਆ ਹੈ ਪਰ ਉਨ੍ਹਾਂ ਦੀ ਜ਼ਮੀਨ ਸਾਡੇ ਨਾਲੋਂ ਘੱਟ ਹੈ। ਇਹ ਫਿਰ ਇਨਸਾਫ ਕਿੱਥੇ ਹੈ ? ਜਿੱਥੋਂ ਤੱਕ ਪਾਣੀ ਦਾ ਮਸਲਾ ਹੈ, ਇਰਾਡੀ ਕਮਿਸ਼ਨ ਨੇ 17.5 ਮਿਲੀਅਨ ਏਕੜ ਫੁੱਟ ਪਾਣੀ ਦੇਣ ਵਾਸਤੇ ਕਿਹਾ ਸੀ, ਇਨ੍ਹਾਂ ਤਿੰਨੋਂ ਨਦੀਆਂ ਰਾਵੀ, ਬਿਆਸ ਅਤੇ ਸਤਲੁਜ ਦਾ ਐਸਟੀਮੇਟ ਲਗਾਇਆ ਸੀ। ਹੁਣ 13 ਐਮ.ਏ.ਐਫ. ਤੇ ਆ ਗਏ, ਕਿਉਂਕਿ ਗਰੀਨ ਹਾਊਸ ਦਾ ਇਫੈਕਟ ਹੋਇਆ ਹੈ। ਸਾਡੇ ਟੋਟਲ ਹਿਮਾਲਿਆ ਰਿਜ਼ਨ ਵਿੱਚ ਉਸ ਦਾ ਅਸਰ ਇੰਨਾ ਪੈ ਰਿਹਾ ਹੈ ਕਿ ਜਿਹੜੇ ਬਹੁਤ ਵੱਡੇ-ਵੱਡੇ ਗਲੇਸ਼ੀਅਰ ਹੁੰਦੇ ਸੀ, ਉਥੇ ਹੁਣ ਪੱਥਰ ਰਹਿ ਗਏ ਹਨ। ਇਸ ਨਾਲ ਸਾਰੇ northern ਸਟੇਟਸ ਸਫਰ (suffer) ਕਰਨਗੇ, ਜਿੱਥੋਂ ਨਾਰਦਰਨ ਸਟੇਟਸ ਵਾਸਤੇ ਪਾਣੀ ਆ ਰਿਹਾ ਹੈ। Southern ਸਟੇਟਸ ਦੇ ਹਾਲਾਤ ਕੁਝ ਹੋਰ ਹਨ, ਉਹ ਮੌਨਸੂਨ ਬੇਸਡ ਹਨ। Southern ਰਿਵਰਜ਼ ਇਸ ਦੇ ਨਾਲ ਇਫੈਕਟਿਡ ਨਹੀਂ ਹਨ ਲੇਕਿਨ ਸਾਡੇ ਵਾਸਤੇ ਇਹ ਬੜੇ ਹੀ ਇੰਪਾਰਟੈਂਟ ਹਨ। ਸੋ, ਸਾਡਾ ਨਦੀਆਂ ਦਾ ਪਾਣੀ ਘੱਟ ਰਿਹਾ ਹੈ।

ਦੂਸਰਾ, ਜਿਹੜਾ ਸਾਡਾ ਧਰਤੀ ਦੇ ਥੱਲੇ ਦਾ ਪਾਣੀ ਹੈ, ਕਿਉਂਕਿ ਓਵਰਯੂਜ਼ ਹੋ ਰਿਹਾ ਹੈ। ਸਾਡੇ ਇੱਕ ਮੈਂਬਰ ਸਾਹਿਬ ਨੇ ਕਿਹਾ ਸੀ, ਐਸਟੀਮੇਟ ਸੀ ਕਿ 50,000 ਟਿਊਬਵੈਲ ਲੱਗਣੇ ਹਨ, ਫਿਰ ਦੋ ਲੱਖ ਤੇ ਚਲੇ ਗਏ ਅਤੇ ਹੁਣ ਪੰਜ ਲੱਖ ਤੇ ਚਲੇ ਗਏ। ਕਿਉਂਕਿ ਪਹਿਲਾਂ ਹੀ ਓਵਰਯੂਜ਼ ਵਿੱਚ ਹੈ, we are not replenishing that water. ਅਗਰ ਉਸ ਪਾਣੀ ਨੂੰ ਤੁਸੀਂ ਦੁਬਾਰਾ ਨੀਚੇ ਧਰਤੀ ਵਿੱਚ ਨਹੀਂ ਪਾਉਗੇ , ਉਹ ਤਾਂ ਨਿਕਲਦਾ ਜਾਵੇਗਾ ਅਤੇ ਇੱਕ ਸਮਾਂ ਆਵੇਗਾ ਜਦੋਂ ਇੱਥੇ ਕੋਈ ਪਾਣੀ ਨਹੀਂ ਰਹਿਣਾ।ਮੈਂ ਕਿਹਾ ਕਿ ਹੁਣ ਅਸੀਂ ਇਜ਼ਰਾਈਲ ਨੂੰ ਪਿੱਛੇ ਛੱਡ ਰਹੇ ਹਾਂ।ਇਜ਼ਰਾਈਲ ਵਿੱਚ ਅਗਲੇ ਤੀਹ ਸਾਲਾਂ ਦੇ ਵਿੱਚ, they are estimating, ਕਿ ਉਥੇ ਇਜ਼ਰਾਈਲ ਵਿੱਚ ਕੋਈ ਵੀ fresh water source ਨਹੀਂ ਰਹਿਣਾ। ਉਹ ਪਲੈਨ ਕਰ ਰਹੇ ਹਨ ਕਿ ਤੀਹ ਸਾਲ ਤੋਂ ਬਾਅਦ ਸਮੁੰਦਰ ਤੋਂ ਪਾਣੀ ਚੁੱਕਣਗੇ। ਬਾਕੀ ਇੰਪਿਊਰਟੀਜ਼, ਸਾਲਟ ਵਗੈਰਾ ਕੱਢ ਕੇ ਲੋਕਾਂ ਨੂੰ ਪੀਣ ਵਾਸਤੇ ਪਾਣੀ ਦੇਣਗੇ। ਸਾਡੇ ਕੋਲ ਤਾਂ ਕੋਈ ਸਮੁੰਦਰ ਵੀ ਨਹੀਂ ਹੈ। ਕੱਲ੍ਹ ਦੀ ਗੱਲ ਹੈ, ਸਾਡੇ ਮੈਂਬਰ ਸ਼੍ਰੀ ਮਦਨ ਲਾਲ ਜੀ ਦੇ ਹਲਕੇ ਵਿੱਚ ਮੈਂ ਇਨ੍ਹਾਂ ਨੂੰ ਪੁੱਛਿਆ ਕਿ ਇੱਥੇ ਪਾਣੀ ਕਿੰਨਾ ਥੱਲੇ ਹੋ ਗਿਆ ਹੈ। ਇਨ੍ਹਾਂ ਨੇ

ਦੱਸਿਆ ਕਿ 1000 ਫੁੱਟ ਡੂੰਘਾਈ ਤੇ ਹੋ ਗਿਆ ਹੈ, ਇਹ 300 ਮੀਟਰ ਤੋਂ ਉਪਰ ਬਣਦਾ ਹੈ। ਮੈਨੂੰ ਯਾਦ ਹੈ ਜਦੋਂ ਮੇਰੇ ਫਾਦਰ ਸਾਹਿਬ ਨੇ ਲੱਗਭੱਗ ਸਾਲ 1958 ਵਿੱਚ ਘਰ ਬਣਾਇਆ ਸੀ, ਉਦੋਂ ਥੱਲੇ ਸੀਮਿੰਟ ਦੀਆਂ ਸਲੈਬਜ਼ ਵਿਛਾਉਣੀਆਂ ਪਈਆਂ because water was only at 20 feet or so. Now in Patiala underground water is also going down, It is something about 500 or 600 feet. ਉਥੇ ਦਾ ਪਾਣੀ ਵੀ ਤੁਸੀਂ ਪੀ ਨਹੀਂ ਸਕਦੇ। ਇਸੇ ਕਾਰਨ ਸਾਨੂੰ ਕਹਿਣਾ ਪਿਆ, ਕਿਉਂਕਿ ਜਿਹੜਾ ਥੱਲੇ ਦਾ ਪਾਣੀ ਹੈ, ਉਸ ਵਿੱਚ ਇੰਪਿਊਰਿਟੀਜ਼ ਬਹੁਤ ਆ ਰਹੀਆਂ ਹਨ you have got Uranium, you have got Flourasis, ਕੱਲ੍ਹ ਮੈਂ ਇੱਥੇ ਪਾਣੀ ਦੀ ਇੱਕ ਸਕੀਮ ਇਸੇ ਕਾਰਨ ਚਲਾ ਕੇ ਗਿਆ ਸੀ, because of fluorides, ਇਸ ਦੇ ਕਾਰਨ ਸਾਡੀਆਂ ਹੱਡੀਆਂ ਅਤੇ ਦੰਦ ਖਤਮ ਹੁੰਦੇ ਹਨ। ਕਿਧਰੇ ਯੂਰੇਨੀਅਮ ਹੈ, ਕਿਧਰੇ ਫਲੋਰਾਈਡਜ਼ ਹਨ। Something else is there that we have asked Atomic Energy Commission, ਐਟੋਮਿਕ ਐਨਰਜੀ ਕਮਿਸ਼ਨ ਨੇ ਵੀ ਵੇਖ ਲਿਆ, ਪੀ.ਜੀ.ਆਈ/ਸੈਂਟਰਲ ਟੀਮ ਨੇ ਵੀ ਵੇਖ ਲਿਆ, earlier I asked Dr. Talwar, ਕਿ ਪਤਾ ਕਰੋ ਕਿ ਇਹ ਆਉਂਦਾ ਕਿੱਥੋਂ ਹੈ ਪਰ ਇਹ ਆ ਸਾਡੇ ਪੰਜਾਬ ਵਿੱਚ ਰਿਹਾ ਹੈ। ਮੈਂ ਤੁਹਾਨੂੰ ਅੱਜ ਇਸ ਸਦਨ ਵਿੱਚ ਦੱਸ ਰਿਹਾ ਹਾਂ, ਮੈਂ ਤਾਂ ਇੱਥੇ ਉਦੋਂ ਨਹੀਂ ਹੋਵਾਂਗਾ ਪਰ ਕਦੇ ਨਾ ਕਦੇ ਤੁਸੀਂ ਪੜ੍ਹ ਲੈਣਾ, ਜਦੋਂ ਕਦੇ ਤੁਸੀਂ ਰਿਪੋਰਟ ਦੇਖੋਗੇ, In twenty years, Punjab will become a desert, ਅਗਰ ਅੱਜ ਅਸੀਂ ਕਦਮ ਨਹੀਂ ਚੁੱਕਾਂਗੇ। I am telling it today ਔਰ ਇਹ ਕਦਮ ਸਾਨੂੰ ਚੁੱਕਣਾ ਪਵੇਗਾ, on both sides offence ਅਗਰ ਜੋ ਸਾਡਾ ਭਵਿੱਖ ਹੈ, ਸਾਡੀ ਆਉਣ ਵਾਲੀ ਪੀੜ੍ਹੀ ਹੈ, ਜੋ ਸਾਡੇ ਬੱਚੇ ਹਨ, ਜੇ ਅਸੀਂ ਅੱਜ ਕੋਈ ਕਦਮ ਚੁੱਕਾਂਗੇ, we will be doing a great service to the future of our State, therefore, we have to take responsibility. ਮੇਰੇ ਕੋਲ ਇਹ ਕਹਿਣ ਵਾਸਤੇ ਨਾ ਆਉਣਾ ਕਿ ਮੈਨੂੰ ਟਿਊਬਵੈੱਲ ਦਾ ਹੋਰ ਕੁਨੈਕਸ਼ਨ ਦੇ ਦਿਉ, ਇਹ ਵੀ ਨਾ ਕਹਿਣਾ ਕਿ ਤੁਸੀਂ ਉਥੇ ਜਾ ਕੇ ਕੁਨੈਕਸ਼ਨ ਦਿਉ। Two-third of Punjab is already in the dark zone. ਅਗਰ ਇਸੇ ਤਰ੍ਹਾਂ ਚਲਦੇ ਰਹੇ ਤਾਂ ਇਹ 1/3 ਵੀ ਹੋ ਜਾਣਾ ਹੈ। I hope we will succeed with this water conservation for recharging. ਜਿਹੜੀ ਸਾਡੀ ਨਵੇਂ ਘਰਾਂ ਦੇ ਲਈ ਪਾਲਿਸੀ ਬਣ ਰਹੀ ਹੈ, that we should have recharging facilities for water storage and I hope that happens. Otherwise we are in for a very serious trouble.

ਸਪੀਕਰ ਸਾਹਿਬ, ਸਾਡੇ ਸ਼ਾਹਪੁਰ ਕੰਢੀ ਦਾ ਫੈਸਲਾ ਹੋ ਗਿਆ ਹੈ। We

will increase. ਮੇਰਾ ਖਿਆਲ ਹੈ ਕਿ ਉਹ ਬਣ ਜਾਣਾ ਹੈ, ਕੁਝ ਸਾਲਾਂ ਵਿੱਚ ਚਾਲੂ ਹੋ ਜਾਣਾ ਹੈ, in three years, time is the target. (ਥੰਪਿੰਗ) ਕਸ਼ਮੀਰ ਗੌਰਮਿੰਟ ਨਾਲ ਕੁਝ ਸਾਡੇ ਝਗੜੇ ਸੀ, ਉਸ ਵਿੱਚ ਸੁਧਾਰ ਹੋ ਗਿਆ ਹੈ। We will get more power and water, I hope that Kandi Canal Phase-2 Project will also be completed during the next year. ਲੇਕਿਨ ਓਵਰਆਲ ਪੁਜ਼ੀਸ਼ਨ ਬੜੀ ਮਾੜੀ ਹੈ। ਆਪਾਂ ਆਪਣੇ ਦਿਮਾਗ ਵਿੱਚ ਵਸਾ ਲਈਏ ਕਿ ਆਪਾਂ ਬੜੀ ਔਖੀ ਘੜੀ ਵਿੱਚੋਂ ਜਾ ਰਹੇ ਹਾਂ। ਇੱਕ 'ਘਰ ਘਰ ਰੁਜ਼ਗਾਰ ਸਕੀਮ' ਤਹਿਤ ਸਾਡਾ ਪ੍ਰੋਗਰਾਮ ਸੀ, ਅਸੀਂ ਇਸ ਦੇ ਵਿੱਚ ਪੰਜ ਲੱਖ ਬੱਚਿਆਂ ਨੂੰ ਨੌਕਰੀਆਂ ਦੇ ਚੁੱਕੇ ਹਾਂ, ਉਸ ਦੇ ਵਿੱਚ ਕੁਝ ਸਰਕਾਰੀ ਹਨ। ਜੇਕਰ ਕਿਸੇ ਨੇ ਇਹ ਕਿਹਾ ਹੈ ਕਿ 55 ਲੱਖ ਸਰਕਾਰੀ ਨੌਕਰੀਆਂ ਦਿੱਤੀਆਂ ਤਾਂ ਇਹ ਹੋ ਹੀ ਨਹੀਂ ਸਕਦਾ ਕਿ 55 ਲੱਖ ਸਰਕਾਰੀ ਨੌਕਰੀਆਂ ਦਿੱਤੀਆਂ, ਸਾਡੇ ਤਾਂ ਪੰਜਾਬ ਦੇ total employee ਹੀ ਤਿੰਨ ਲੱਖ ਹਨ। ਮੈਂ 55 ਲੱਖ ਕਿਵੇਂ ਭਰਤੀ ਕਰ ਦਿਆਂ। ਸਰਕਾਰੀ ਵਿਭਾਗਾਂ ਦੇ ਵਿੱਚ ਕੁਝ ਰਿਟਾਇਰਮੈਂਟ ਹੋਣਗੀਆਂ ਤਾਂ ਉਥੇ ਭਰਤੀ ਕਰ ਲਏ ਜਾਣਗੇ ਜਾਂ ਕੋਈ ਜੇ ਮਹਿਕਮਾ ਬੰਦ ਹੈ, whatever is happening but it is limited. ਬਾਕੀ ਪ੍ਰਾਈਵੇਟ ਇੰਡਸਟਰੀ ਅਤੇ ਬਾਕੀ ਆਪਣੇ ਆਪਣੇ ਪ੍ਰੋਜੈਕਟ ਜਿਨ੍ਹਾਂ ਨੇ ਵੀ ਲਗਾਉਣੇ ਹਨ, ਉਨ੍ਹਾਂ ਦੀ ਮਦਦ ਕਰਨ ਨੂੰ ਅਸੀਂ ਤਿਆਰ ਹਾਂ। Overall, we have done five lakhs. ਅਸੀਂ ਜ਼ਿਲ੍ਹਿਆਂ ਦੇ ਵਿੱਚ 22 district employment bureau ਲਗਾ ਚੁੱਕੇ ਹਾਂ ਅਤੇ ਇਹ ਜਿਹੜੇ ਅੱਜ ਪੰਜ ਲੱਖ ਹਨ, ਅਸੀਂ ਡੇਅਲੀ ਔਸਤ ਕੱਢ ਰਹੇ ਹਾਂ, ਇਹ ਅੱਜ 720 ਹਨ ਜਿਹੜੇ ਕਿ recruited on daily basis ਤੇ ਹੋ ਰਹੇ ਹਨ। That is better sounding ਕਿ ਅੱਜ ਕਿੰਨੇ ਸਾਡੇ ਬੱਚੇ ਨੌਕਰੀ ਲੱਗ ਰਹੇ ਹਨ। 720 ਤੋਂ ਅਸੀਂ ਅੱਗੇ ਵੱਧ ਰਹੇ ਹਾਂ।

**Ghar-Ghar Rozgar and Karobar**

ਮਗਨਰੇਗਾ ਬਾਰੇ ਇਨ੍ਹਾਂ ਦੇ ਪਿਛਲੇ 2 ਸਾਲ ਅਤੇ ਸਾਡੇ ਮੌਜੂਦਾ 2 ਸਾਲਾਂ ਦੀ ਪੁਜ਼ੀਸ਼ਨ ਦੱਸਦਾ ਹਾਂ। ਇਨ੍ਹਾਂ ਦੇ ਪਿਛਲੇ 2 ਸਾਲਾਂ ਨਾਲੋਂ, we have increased by 38% in two years. ਤੁਸੀਂ Poll Promises ਦੀ ਮੇਰੇ ਨਾਲ ਗੱਲ ਕਰ ਰਹੇ ਹੋ। I will come to that in due course ਕਿਉਂਕਿ ਪੋਲ ਪਰਾਮਿਸਿਜ਼ ਕਰਨੇ ਆਸਾਨ ਹੁੰਦੇ ਹਨ ਪਰ ਭੁਗਤਾਉਣੇ ਮੁਸ਼ਕਲ ਹੁੰਦੇ ਹਨ। ਲੇਕਿਨ ਅਸੀਂ ਆਪਣੇ ਤੌਰ ਤੇ ਜੋ promises ਕੀਤੀਆਂ ਹਨ, ਕੁਝ ਨੂੰ ਅਸੀਂ ਹੁਣ ਪੂਰਾ ਕਰ ਰਹੇ ਹਾਂ। ਸਾਡੇ ਤਾਂ ਹਾਲੇ 2 ਸਾਲ ਹੋਏ ਹਨ, ਤਿੰਨ ਸਾਲ ਹਾਲੇ ਰਹਿੰਦੇ ਹਨ। ਤੁਹਾਡੇ ਤਾਂ 9-9 ਸਾਲ

ਸਰਕਾਰ ਵਿੱਚ ਰਹਿੰਦਿਆਂ ਹੋ ਗਏ ਸਨ। ਸਾਡੇ ਤਾਂ ਹਾਲੇ ਤਿੰਨ ਸਾਲ ਪਏ ਹਨ। Let me come to that, ਫਿਰ ਮੈਂ ਤੁਹਾਨੂੰ ਪੁੱਛਾਂਗਾ।

**Industry**

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ Industry ਪੰਜਾਬ ਵਿੱਚ, ਹੁਣ destination ਦੇਖਣ ਲੱਗ ਗਈ ਹੈ। ਪਿਛਲੇ 2 ਸਾਲਾਂ ਵਿੱਚ ਸਾਡੀਆਂ ਬਹੁਤ ਮੀਟਿੰਗਾਂ ਹੋਈਆਂ ਹਨ, ਖਾਸ ਕਰਕੇ ਪਿਛਲੇ 4–5 ਮਹੀਨਿਆਂ ਵਿੱਚ ਜਿਸ ਦੇ ਵਿੱਚ ਬਹੁਤ Industry Houses ਇੱਥੇ ਆਏ ਹਨ। ਅਸੀਂ sign up ਕੀਤਾ ਹੈ with American groups and with other groups, ਸਾਡੇ ਆਪਣੇ Mahindra and Mahindra ਆਦਿ ਕਈ ਕੰਪਨੀਆਂ ਹਨ, I have got for instance, Phase-2 of Quark City, 2000 crore ਰੁਪਿਆ ਉਸ ਤੇ ਲੱਗ ਰਿਹਾ ਹੈ, Foundation stone 800 acres of Varun Beverages in Pathankot. ਪਠਾਨਕੋਟ ਵਿੱਚ ਮੈਂ ਜਾ ਰਿਹਾ ਹਾਂ, ਉਥੇ ਇਸ ਦੀ ਸ਼ੁਰੂਆਤ ਹੋਣੀ ਹੈ, Industrial and Business Park, Ludhiana ਦੇ ਵਿੱਚ ਸ਼ੁਰੂ ਹੋ ਗਿਆ ਹੈ, Food Processing, Macchiwara ਵਿੱਚ 400 ਕਰੋੜ ਦਾ ਸ਼ੁਰੂ ਹੋ ਗਿਆ ਹੈ। Expansion of Bathinda Refinery which is 20,000 crores expansion which is going eventually, finally ਤੁਸੀਂ ਆਪ ਸਮਝ ਸਕਦੇ ਹੋ ਕਿ ਕਿੰਨੀ ਕਪੈਸਿਟੀ ਹੈ and new 5000 acre township in Mohali, Hitech Cycle Valley at Ludhiana. Heroes have already started on 100 acres plot. No, it is on 50 acres and 100 acres is the total area and Global manufacturing Park under AKIC Project at Rajpura in 1000 acres. Plastic Park in Sangrur in 117 acres. ਸਭ ਤੋਂ ਖੁਸ਼ੀ ਮੈਨੂੰ ਇੱਕ ਗੱਲ ਦੀ ਹੋਈ ਹੈ ਕਿਉਂਕਿ ਮੈਂ ਉਸ ਵਿੱਚ personally involved ਹਾਂ। ਮੈਂ ਜਦੋਂ ਅੰਮ੍ਰਿਤਸਰ, ਜਲੰਧਰ ਜਾਂ ਲੁਧਿਆਣਾ ਵਿਖੇ ਜਾਂਦਾ ਸੀ ਤਾਂ ਗੋਬਿੰਦਗੜ੍ਹ ਟੱਪਣਾ ਪੈਂਦਾ ਸੀ ਤਾਂ ਮੈਂ ਹਰ ਵਾਰ ਗੋਬਿੰਦਗੜ੍ਹ ਵਿੱਚ ਇਹ ਗਿਣਦਾ ਸੀ ਕਿ ਕਿੰਨੀਆਂ ਚਿਮਨੀਆਂ ਚਲਦੀਆਂ ਹਨ, ਕਿਤੇ 7 ਚਿਮਨੀਆਂ, ਕਿਤੇ 8 ਚਿਮਨੀਆਂ ਅਤੇ ਕਿਤੇ 9 ਚਿਮਨੀਆਂ ਚਲਦੀਆਂ ਸਨ ਅਤੇ ਸਟੀਲ ਇੰਡਸਟਰੀ ਦੇ ਵਿੱਚ ਬੜੀ ਮਾਯੂਸੀ ਸੀ। ਮੈਨੂੰ ਖੁਸ਼ੀ ਹੈ ਕਿ ਜਦੋਂ ਤੋਂ ਅਸੀਂ ਪਾਵਰ ਦੇ ਵਿੱਚ rationalization ਕੀਤੀ ਹੈ, today Gobindgarh has 27 new units which have opened. 25 closed units revive ਹੋ ਗਏ ਹਨ ਤੇ 90 induction furnaces and 240 steel rolling mills are now fully operational at 100 per cent. ਹੁਣ ਇਹ ਦੇਖ ਲਓ and I am told that in industry our

[ਮੁੱਖ ਮੰਤਰੀ]

power consumption has jumped by 13 point something per cent nowdays. So the Industry is coming in. ਇੰਡਸਟਰੀ ਆਵੇਗੀ ਤਾਂ ਸਾਡੀ revenue ਵਧੇਗੀ, ਸਾਡੇ ਇਥੇ ਜਾਬ ਆਪਰਚੂਨਿਟੀਜ਼ ਕ੍ਰੀਏਟ ਹੋਣਗੇ। ਇਹ ਬਹੁਤ ਇੰਪਾਰਟੈਂਟ ਸੀ ਕਿ ਸਾਡੀ ਇੰਡਸਟਰੀ ਆਵੇ।

**Rural Development**

ਰੂਰਲ ਡਿਵੈਲਪਮੈਂਟ ਵਿੱਚ ਅਸੀਂ 800 ਕਰੋੜ ਰੁਪਏ ਦੇ 10 ਮੰਡੀ ਟਾਊਨਸ਼ਿਪਜ਼ ਇਸ਼ੂ ਕਰ ਰਹੇ ਹਾਂ। ਰੂਰਲ ਇਨਫਰਾਸਟਰੱਕਚਰ ਅਪਗ੍ਰੇਡ ਕਰ ਰਹੇ ਹਾਂ, ਅਸੀਂ 1000 ਨੈਰੋ ਕਲਵਰਟਸ ਅਤੇ ਬ੍ਰਿਜਿਜ਼ ਲਿੰਕ ਰੋਡਜ਼ ਤੇ 200 ਕਰੋੜ ਰੁਪਏ ਲਗਾ ਕੇ ਅੱਪਗ੍ਰੇਡ ਕਰਵਾ ਰਹੇ ਹਾਂ। 31000 ਕਿਲੋਮੀਟਰ ਪਿੰਡਾਂ ਦੀਆਂ ਸੜਕਾਂ ਦਾ ਕੰਮ ਇਸ ਸਾਲ ਅਤੇ 31000 ਕਿਲੋਮੀਟਰ ਸੜਕਾਂ ਦਾ ਕੰਮ ਅਗਲੇ ਸਾਲ ਵਿੱਚ ਕੰਪਲੀਟ ਹੋ ਜਾਵੇਗਾ। ਕਿਉਂਕਿ ਕੁੱਲ 62000 ਕਿਲੋਮੀਟਰ ਹਨ, ਅਸੀਂ 3000 ਕਰੋੜ ਰੁਪਏ ਲਗਾ ਕੇ ਉਸ ਵਿੱਚੋਂ 31000 ਕਿਲੋਮੀਟਰ ਇਸ ਸਾਲ ਵਿੱਚ ਮੁਕਾ ਦੇਵਾਂਗੇ, ਅਸੀਂ ਦੋ ਸਾਲਾਂ ਵਿੱਚ ਪੂਰੇ 62000 ਕਿਲੋਮੀਟਰ ਪੰਜਾਬ ਦੇ ਲਿੰਕ ਰੋਡਜ਼ ਕੰਪਲੀਟ ਕਰ ਦੇਵਾਂਗੇ। ਜਿੱਥੇ ਇੰਪਾਰਟੈਂਟ ਰੋਡਜ਼ ਹਨ, ਉੱਥੇ ਉਨ੍ਹਾਂ ਦੀ ਚੌੜਾਈ 18 ਫੁੱਟ ਕਰ ਰਹੇ ਹਾਂ ਕਿਉਂਕਿ ਉੱਥੇ ਜ਼ਿਆਦਾ ਟਰੈਫਿਕ ਮੂਵਮੈਂਟਸ ਹੋ ਰਹੀਆਂ ਹਨ।

**Smart Village Campaign**

ਅਸੀਂ 680 ਕਰੋੜ ਰੁਪਏ ਪਹਿਲੇ ਫੇਜ਼ ਵਿੱਚ ਲਗਾ ਕੇ ਸਮਾਰਟ ਵਿਲੇਜ ਕੰਪੇਨ ਸ਼ੁਰੂ ਕਰ ਰਹੇ ਹਾਂ।

ਜਿਹੜੀ ਸਾਡੀ 5 ਮਰਲੇ ਦੇ ਪਲਾਟ ਦੀ ਪ੍ਰਾਮਿਸ ਸੀ, 1,30,000 ਪਲਾਟ ਪੰਚਾਇਤਾਂ ਕੋਲ ਹਨ, ਜੋ ਕਿ ਅਸੀਂ ਹੁਣ ਗਰੀਬਾਂ ਨੂੰ ਦੇਣ ਲੱਗੇ ਹਾਂ ਤਾਂ ਕਿ ਉਹ ਉੱਥੇ ਆਪਣੇ ਘਰ ਬਣਾ ਲੈਣ। (ਥੰਪਿੰਗ)

**MGNREGA**

ਮਨਰੇਗਾ ਅਧੀਨ ਮੈਂ ਤੁਹਾਨੂੰ ਦੱਸ ਚੁੱਕਾ ਹਾਂ....... ਪਹਿਲਾਂ ਜਿਹੜਾ ਮੈਂ ਤੁਹਾਨੂੰ ਦੱਸਿਆ ਸੀ that was some other figure, here is MGNREGA figure, we have spent 1350 crore during the last two years as against 838 crores during the corresponding period, ਪਹਿਲੀ ਸਰਕਾਰ ਦੇ ਦੌਰ ਨਾਲੋਂ ਇਹ 61% ਇਨਕਰੀਜ਼ ਹੈ, not 38% increase, which I have mentioned earlier. (Thumping)

**Rural Water Supply and Sanitation**

ਮੈਂ ਕੱਲ੍ਹ ਹੀ ਬਹਾਦਰਗੜ੍ਹ ਜਾ ਕੇ ਆਇਆ ਹਾਂ, ਜਿੱਥੇ 10 ਪਿੰਡਾਂ ਨੂੰ ਬਹਾਦਰਗੜ੍ਹ ਸਮੇਤ sewage ਲੱਗਣੀ ਹੈ ਔਰ ਉੱਥੇ ਕੋਈ 460 ਦੇ ਕਰੀਬ ਪਿੰਡ ਹਨ ਜਿੱਥੇ ਡ੍ਰਿੰਕਿੰਗ ਵਾਟਰ ਦੇ ਰਹੇ ਹਾਂ। ਇਹ ਜਿਹੜਾ ਏਰੀਆ ਹੈ, ਲਾਲੜੂ ਤੋਂ ਲੈ ਕੇ ਰਾਜਪੁਰਾ, ਘਨੌਰ ਅਤੇ ਘਨੌਰ ਤੋਂ ਡਕਾਲਾ, ਇਹ ਉਹ ਏਰੀਆ ਹੈ ਜਿੱਥੇ ਬਿਲਕੁਲ ਪਾਣੀ ਨਹੀਂ ਸੀ। ਇੱਥੇ ਹੁਣ ਪਾਣੀ ਤਾਂ ਥੋੜ੍ਹਾ ਬਹੁਤਾ ਹੋ ਗਿਆ ਹੈ ਪਰ ਉੱਥੇ ਫਲੋਰਾਈਡਜ਼ ਆ ਗਏ ਹਨ। Therefore, it was necessary ਕਿ ਇੱਥੇ ਬੱਚਿਆਂ ਨੂੰ ਬਚਾਉਣ ਵਾਸਤੇ ਅਸੀਂ ਇਸ ਸਕੀਮ ਨੂੰ ਕਰੀਏ। So, we have done that.

And Punjab has been declared ODF, which is 4.99 lac toilets have been built at a cost of 722 crores. ਇਹ ਕੰਪਲੀਟ ਹੋ ਗਿਆ ਹੈ।

ਹੁਣ ਅਸੀਂ 680 ਕਰੋੜ ਰੁਪਏ ਨਾਲ ਸਾਰੀ ਸਟੇਟ ਵਿੱਚ ਆਰ.ਓਜ਼. ਲਗਾ ਰਹੇ ਹਾਂ ਤਾਂ ਕਿ ਜਿੱਥੇ ਜਿੱਥੇ ਪਾਣੀ ਇਮੀਜੇਟਲੀ ਚਾਹੀਦਾ ਹੈ, ਪਹਿਲੇ ਫੇਜ਼ ਵਿੱਚ ਅਸੀਂ ਇਹ ਲਈਏ, ਫਿਰ ਦੂਸਰੇ ਨੂੰ ਲੈ ਸਕਾਂਗੇ।

**Housing and Local Government**

ਸਾਡੇ ਪ੍ਰਾਬਲਮ ਇਹ ਹੈ ਕਿ ਥੱਲੇ ਦਾ ਪਾਣੀ ਖਰਾਬ ਹੋ ਗਿਆ ਹੈ ਅਤੇ ਪਾਣੀ ਕੱਢਣ ਲਈ ਬਹੁਤ ਗਹਿਰਾ ਜਾਣਾ ਪੈਂਦਾ ਹੈ। ਸਾਡੇ ਜਿਹੜੇ ਪੁਰਾਣੇ ਸ਼ਹਿਰ ਹਨ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ, ਉੱਥੇ ਟਿਊਬਵੈੱਲ ਦੋ-ਦੋ ਮਹੀਨਿਆਂ ਬਾਅਦ ਫੇਲ੍ਹ ਹੋ ਜਾਂਦੇ ਹਨ। ਫਿਰ ਹੋਰ ਥੱਲੇ ਜਾਣਾ ਪੈਂਦਾ ਹੈ। Plus ਜਿਹੜਾ drinking water ਹੈ, it is not good. ਸੋ, we have moved ਕਿ ਇਨ੍ਹਾਂ ਚਾਰਾਂ ਸ਼ਹਿਰਾਂ ਨੂੰ ਅਸੀਂ ਨਦੀ ਦਾ drinking water ਦੇਈਏ, ਜਿਸ ਵਾਸਤੇ 4572 ਕਰੋੜ ਦੀਆਂ ਸਕੀਮਾਂ ਗਈਆਂ ਹਨ। They have gone to the world bank, Asian Development Bank ਵਗੈਰਾ ਅਤੇ ਉਸ ਵਿੱਚ I hope ਸਾਡੀ ਸਿਟੀਜ਼ ਨੂੰ ਪਹਿਲਾਂ ਐਕਸੈਪਟ ਕਰ ਲੈਣ ਤਾਂ ਕਿ ਜਲਦੀ ਇਸ ਕੰਮ ਨੂੰ ਸ਼ੁਰੂ ਕਰ ਦੇਈਏ ਅਤੇ ਇਨ੍ਹਾਂ ਚਾਰ ਸ਼ਹਿਰਾਂ ਨੂੰ ਜਲਦੀ ਤੋਂ ਜਲਦੀ ਪਾਣੀ ਦੇਈਏ। ਇਸ ਦਾ ਮਤਲਬ ਇਹ ਨਹੀਂ ਕਿ ਬਾਕੀ ਏਰੀਆਜ਼ ਰਹਿ ਜਾਣਗੇ। ਲੇਕਿਨ ਸ਼ੁਰੂਆਤ ਕਿਤੋਂ ਹੋਣੀ ਚਾਹੀਦੀ ਹੈ, ਫਿਰ ਅਸੀਂ ਇਸ ਤੋਂ ਅੱਗੇ ਵਧ ਜਾਵਾਂਗੇ।

**Kandi Area Development Board**

ਕੰਢੀ ਏਰੀਆ ਡਿਵੈਲਪਮੈਂਟ ਬੋਰਡ ਅਸੀਂ ਲਗਾਇਆ ਹੈ, Finance

[ਮੁੱਖ ਮੰਤਰੀ]

Minister has mentioned, ਇਨ੍ਹਾਂ ਨੇ ਇਸ ਵਾਸਤੇ 100 ਕਰੋੜ ਰੁਪਿਆ ਦਿੱਤਾ ਹੈ। I hope, ਜਿਹੜੀਆਂ ਕੰਢੀ ਏਰੀਆਜ਼ ਦੀਆਂ ਪ੍ਰਾਬਲਮਜ਼ ਹਨ, ਕੁਝ ਹੱਦ ਤੱਕ ਇਸ ਬੋਰਡ ਰਾਹੀਂ ਹੱਲ ਕਰ ਸਕੀਏ। This is only the initial funding. ਇਨ੍ਹਾਂ ਨੂੰ ਅਸੀਂ ਠੀਕ ਕਰ ਸਕੀਏ, animal damage, development and water etc. ਨੂੰ ਹੱਲ ਕਰ ਸਕੀਏ। ਸੋ, ਛੋਟੇ-ਛੋਟੇ ਖੇਤ ਹਨ, ਮੇਰਾ ਖਿਆਲ ਹੈ, ਮੈਜਾਰਿਟੀ ਖੇਤ ਤਾਂ ਇਸ ਸਦਨ ਤੋਂ ਵੀ ਛੋਟੇ ਹਨ, ਖੇਤ ਛੋਟੇ-ਛੋਟੇ ਹਨ, ਜਿੱਥੇ ਉਹ ਵਿਚਾਰੇ ਆਪਣਾ ਗੁਜ਼ਾਰਾ ਕਰਦੇ ਹਨ ਤਾਂ ਸਾਡੀ ਡਿਊਟੀ ਬਣਦੀ ਹੈ ਕਿ ਉਨ੍ਹਾਂ ਖੇਤਾਂ ਨੂੰ ਅਤੇ ਲੋਕਾਂ ਨੂੰ ਅਸੀਂ ਦੇਖੀਏ।

**Education**

ਐਜੂਕੇਸ਼ਨ ਵਿੱਚ ਸਾਡੇ ਮਨਿਸਟਰ ਸਾਹਿਬਾਨ ਹੁਣੇ ਕਹਿ ਚੁੱਕੇ ਹਨ ਕਿ we have already set up 50 new degree colleges, 50 new ITIs and upgraded 5 Polytechnics as centres of excellence. ਇਹ ਕਰ ਚੁੱਕੇ ਹਾਂ and so I don't know ਇਹ ਜਿਹੜੇ ਅੰਕੜੇ ਕੋਟ ਕੀਤੇ ਗਏ ਹਨ, ਇਹ ਕਿੱਥੋਂ ਆਏ ਹਨ ਪਰ ਜੋ ਮੈਂ ਤੁਹਾਨੂੰ ਦੱਸ ਰਿਹਾ ਹਾਂ, ਇਹ ਰਿਐਲਿਟੀ ਹੈ। We have laid greatest emphasis on education, school education. ਪ੍ਰਾਇਮਰੀ ਸਕੂਲਜ਼ ਵਿੱਚ ਸਾਡੀ ਐਨਰੋਲਮੈਂਟ 1.73 lac children have taken place. ਅਸੀਂ 261 ਸਮਾਰਟ ਸਕੂਲ ਬਣਾ ਰਹੇ ਹਾਂ ਅਤੇ 2524 ਪ੍ਰਾਇਮਰੀ ਸਕੂਲ with the help of Civil Society to provide smart learning environment. We are trying to get them involved. ਕਈਆਂ ਨੇ ਕਰ ਲਈ ਹੈ, ਕਈਆਂ ਨੇ ਸਾਨੂੰ ਪ੍ਰੋਮਿਸ ਕੀਤੇ ਹਨ। ਇਹ ਸਕੂਲਜ਼ ਨੂੰ ਟੇਕਓਵਰ ਕਰ ਰਹੇ ਹਨ ਅਤੇ ਉਹ ਆਪਣੇ ਪੈਸੇ ਲਗਾ ਕੇ ਸਾਡੇ ਸਕੂਲਾਂ ਦਾ ਐਜੂਕੇਸ਼ਨ ਲੈਵਲ ਵਧਾਉਂਦੇ ਹਨ। ਜਦੋਂ ਆਪਾਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਜਨਰਲ ਕੰਸੈਂਸਸ ਹੁੰਦੀ ਹੈ ਕਿ ਸਾਡੇ ਬੱਚਿਆਂ ਨੂੰ ਇੰਗਲਿਸ਼ ਸਕੂਲ ਵਿੱਚ ਭੇਜ ਦਿਓ। We want to give the same education through our own schools. ਜਿਹੜੇ ਆਪਣੇ ਸਕੂਲ ਹਨ, ਉਨ੍ਹਾਂ ਰਾਹੀਂ ਉਹੀ ਐਜੂਕੇਸ਼ਨ ਮਿਲੇ ਜੋ ਪ੍ਰਾਈਵੇਟ ਸਕੂਲ ਵਾਲੇ ਦਿੰਦੇ ਹਨ, that is why ਅੱਜ ਇੰਗਲਿਸ਼ ਮੀਡੀਅਮ ਦਾ ਵੀ ਜ਼ਿਕਰ ਕੀਤਾ ਸੀ। ਇੰਗਲਿਸ਼ ਮੀਡੀਅਮ ਦੀ ਜ਼ਰੂਰਤ ਇਸ ਲਈ ਹੈ ਕਿਉਂਕਿ ਜੇ ਵਿਦਿਆਰਥੀਆਂ ਨੂੰ ਇੰਗਲਿਸ਼ ਨਾ ਆਉਂਦੀ ਹੋਵੇ ਤਾਂ ਪੰਜਾਬ ਦੇ ਪੰਜਾਬੀਆਂ ਨੇ ਘੱਗਰ ਹੀ ਨਹੀਂ ਟੱਪਣਾ। ਆਪਣੇ ਬੱਚਿਆਂ ਨੇ ਅੱਗੇ ਵੀ ਪੜ੍ਹਨਾ ਹੈ, ਉਨ੍ਹਾਂ ਨੇ ਅੱਗੇ ਜਾਣਾ ਹੈ, ਕੋਈ ਦਿੱਲੀ ਜਾਵੇਗਾ, ਕੋਈ ਮਦਰਾਸ ਜਾਵੇਗਾ, ਕੋਈ ਮੁੰਬਈ

ਜਾਵੇਗਾ, ਉੱਥੇ ਪੰਜਾਬੀ ਨਾਲ ਤਾਂ ਗੱਲ ਨਹੀਂ ਬਣਨੀ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਪੰਜਾਬੀ ਨੂੰ ਛੱਡ ਦਿਓ। ਪੰਜਾਬੀ ਸਾਡੀ ਮਾਂ ਭਾਸ਼ਾ ਹੈ, ਇਸ ਨੂੰ ਅਸੀਂ ਕਾਇਮ ਰੱਖਣਾ ਹੈ ਲੇਕਿਨ ਨਾਲ ਹੀ ਪ੍ਰਾਇਮਰੀ ਸਕੂਲ ਲੈਵਲ ਤੋਂ ਉਠ ਕੇ we want English Medium. ਮੈਂ ਤਾਂ ਸਗੋਂ ਆਪਣੇ ਮਹਿਕਮੇ ਨੂੰ ਕਹਿ ਰਿਹਾ ਸੀ ਕਿ ਇਹ ਵੀ ਸੋਚੋ ਕਿ ਦੁਨੀਆਂ ਬੜੀ ਛੋਟੀ ਬਣ ਰਹੀ ਹੈ, why not starting some foreign language also ਕਿ ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾ ਸਕੀਏ। ਚਾਈਨੀਜ਼ ਪੜ੍ਹਾ ਲਓ, ਕੋਈ ਹੋਰ ਲੈਂਗੁਏਜ ਪੜ੍ਹਾ ਲਓ, ਜਿਹੜੀ ਪੜ੍ਹਨੀ ਚਾਹੁੰਦੇ ਹਨ, ਉਹ ਪੜ੍ਹਾ ਲਓ। ਮੈਂ ਇੱਕ ਦਿਨ ਕਪੂਰਥਲੇ ਕੋਲ ਲੰਘ ਰਿਹਾ ਸੀ ਉੱਥੇ ਇੱਕ ਗਲੀ ਵਿੱਚ ਫੱਟਾ ਲੱਗਿਆ ਹੋਇਆ ਸੀ ਜਿਸ ਤੇ ਲਿਖਿਆ ਹੋਇਆ ਸੀ ਕਿ ਜਿਸ ਨੇ ਇਟਾਲੀਅਨ ਪੜ੍ਹਨਾ ਹੈ, ਇੱਥੇ ਆ ਜਾਓ। ਸੋ, ਪੁਆਇੰਟ ਇਹ ਹੈ ਕਿ ਸਾਡੇ ਲੋਕ ਹੁਣ ਸਾਰੇ ਕਿਤੇ ਜਾ ਰਹੇ ਹਨ। China is becoming an economic necessity for the future. ਸਾਡੇ ਵਿਦਿਆਰਥੀ ਅਗਰ ਇਟਲੀ ਗਏ ਹਨ, ਜਰਮਨੀ ਗਏ ਹਨ, ਸਕੈਂਡੇਨੇਵੀਆ ਗਏ ਹਨ, ਅਮਰੀਕਾ, ਜਰਮਨੀ ਗਏ ਹਨ, ਸਾਰੇ ਕਿਤੇ ਗਏ ਹਨ, ਉਹ ਕਹਿੰਦੇ ਕਿ ਉੱਥੇ ਤਾਂ ਅੰਗਰੇਜ਼ੀ ਹੈ but they are learning that language also ਇਸ ਲਈ ਬੱਚਿਆਂ ਨੂੰ ਜਿਹੜੀ ਉਨ੍ਹਾਂ ਦੀ ਚੁਆਇਸ ਦੀ ਲੈਂਗੁਏਜ ਹੋਵੇ, ਉਹ ਵੀ ਸਿਖਾਈ ਜਾਵੇ । ਉਨ੍ਹਾਂ ਦੇ ਪੇਰੈਂਟਸ ਅਗਰ ਸਪੇਨ ਵਿੱਚ ਬੈਠੇ ਹਨ, let them learn Spanish, ਕਿਸੇ ਹੋਰ ਨੇ ਕੁਝ ਹੋਰ ਕਰਨਾ ਹੈ provided we can find teachers. ਸਾਨੂੰ ਟੀਚਰਜ਼ ਦੀ ਪ੍ਰਬਲਮ ਆ ਰਹੀ ਹੈ ਕਿ ਅਸੀਂ ਪੜ੍ਹਾਉਣ ਲਈ ਟੀਚਰ ਕਿੱਥੋਂ ਲਿਆਵਾਂਗੇ। ਲੇਕਿਨ ਮੈਂ ਆਪਣੇ ਡਿਪਾਰਟਮੈਂਟ ਨੂੰ ਕਿਹਾ ਹੈ ਕਿ Let us see if we can do this. ਸਾਡੇ ਬੱਚਿਆਂ ਵਾਸਤੇ this will be a plus point. ਬੱਚਿਆਂ ਨੂੰ ਸਿਖਾਉਣਾ ਬੜਾ ਆਸਾਨ ਹੈ। ਸਾਡੇ ਵਰਗੇ ਤਾਂ ਹੁਣ, we have crossed the age ਹੁਣ ਤਾਂ ਕੋਈ ਚਾਈਨੀਜ਼ ਨਹੀਂ ਸਿੱਖਿਆ ਜਾਣਾ ਹੈ, ਲੇਕਿਨ for children certainly English is must.

**Employees' Welfare**

ਮੈਂ ਇੱਕ ਗੱਲ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਆਪਣੇ ਪੰਜਾਬ ਦੇ ਮੁਲਾਜ਼ਮ ਹਨ, ਇਹ ਤੁਹਾਡਾ ਘਰ ਹੈ, ਮੇਰਾ ਘਰ ਹੈ, ਚਾਹੇ ਮੁੱਖ ਮੰਤਰੀ ਦਾ ਘਰ ਹੈ, ਚਾਹੇ ਛੋਟੇ ਤੋਂ ਛੋਟਾ ਚਪੜਾਸੀ ਜਿਹੜਾ ਪਟਵਾਰਖਾਨੇ ਵਿੱਚ ਲੱਗਿਆ ਹੈ, ਚਾਹੇ ਉਸ ਦਾ ਘਰ ਹੈ, ਸਾਡਾ ਸਾਰਾ ਪੰਜਾਬ ਵਧੇਗਾ ਤਾਂ ਉਸ ਵਿੱਚ ਅਸੀਂ ਸਾਰੇ ਵਧਾਂਗੇ। ਸਾਰੇ ਪਰਿਵਾਰ ਵਧਣਗੇ, ਸਾਰੇ ਪਿੰਡ ਵਧਣਗੇ, ਸ਼ਹਿਰ ਵਧਣਗੇ, ਸਭ ਵਧਣਗੇ ਤਾਂ ਮੇਰੀ ਹਰ ਵੇਲੇ

[ਮੁੱਖ ਮੰਤਰੀ]

ਇਹ ਕੋਸ਼ਿਸ਼ ਹੈ ਕਿ ਅਸੀਂ ਤੁਹਾਡੇ ਵਾਸਤੇ ਜੋ ਕੁਝ ਕਰ ਸਕਦੇ ਹਾਂ, ਅਸੀਂ ਦਿਲੋਂ ਤੁਹਾਡੇ ਨਾਲ ਕਰਨਾ ਚਾਹੁੰਦੇ ਹਾਂ। ਇਹ ਨਹੀਂ ਹੈ ਕਿ ਕੁਝ ਦਿਖਾਵਾ ਹੈ। ਮੈਨੂੰ ਪਤਾ ਹੈ ਕਿ ਲੋਕਾਂ ਦੀਆਂ ਬਹੁਤ ਮੰਗਾਂ ਹਨ, ਜਿਵੇਂ ਰੈਗੂਲਰਾਈਜ਼ੇਸ਼ਨ ਦੀ ਮੰਗ ਹੈ, ਵੱਡੇ-ਵੱਡੇ ਡਿਪਾਰਟਮੈਂਟਾਂ ਵਿੱਚ ਡਾਕਟਰ, ਨਰਸਾਂ, ਟੀਚਰਜ਼ ਵਗੈਰਾ-ਵਗੈਰਾ ਦੀ ਮੰਗ ਹੈ। ਸੋ, ਮੈਂ ਤੁਹਾਨੂੰ ਇੱਕ ਹੀ ਬੇਨਤੀ ਕਰਨਾ ਚਾਹੁੰਦਾ ਹਾਂ, ਮੈਂ ਪੜ੍ਹ ਕੇ ਦੱਸਣਾ ਚਾਹੁੰਦਾ ਹਾਂ, because this is an important thing ਮੈਂ ਨਹੀਂ ਚਾਹੁੰਦਾ ਕਿ ਕੋਈ ਲਫਜ਼ ਸੱਜੇ-ਖੱਬੇ ਹੋ ਜਾਵੇ, "Mr. Speaker, I am fully aware of the difficulties and grievances of our employees as well as our teachers. The employees are an integral part of the government and thus it is the bounden duty of the Government to address their concerns. I assure them that I shall protect their genuine interest as father protects the family. The financial constraints of the Government are no secret and therefore the grievances are taking longer to be settled. However, we have decided to take following decisions to mitigate some of the difficulties of the employees:-

1. To bring a special legislation to protect and regularise the contractual employees.

2. Second, we have already released a 5 per cent of dearness allowance and third amend rules to provide for expeditious promotions. In addition I have asked a Cabinet Sub Committee led by Mr. Brahm Mohindra Ji to look into the grievances of all employees expeditiously and to resolve them to the best of our ability. Our efforts like our concerns are genuine and not callous like the namesake Act which was made by the SAD-BJP Government which has to be later withdrawn under judicial scrutiny. I also call upon the employees to remain dedicated to the services of our State and save Punjab through these rough times created by our friends across the floor. I am sure that we will all work together (thumping).............we are also wanting to reserve two per cent of seats in Government vocational professional colleges for wards of government employees. ਇਹ ਵੀ ਅਸੀਂ ਕਰਨਾ ਚਾਹੁੰਦੇ ਹਾਂ। ਨਾਲ ਹੀ ਜ਼ਮੀਨ ਡਿਵੈਲਪਮੈਂਟ by development authorities,

improvement Trusts for Employees Cooperative Groups etc. Housing Scheme at reserved price schemes to be notified by the Government for allotment of one acre of land etc, and groups for people to be housed there ਜਿੱਥੇ ਗੌਰਮਿੰਟ ਇੰਪਲਾਈ ਲੈ ਸਕਣ।

**Health**

ਸਰਬਤ ਸਿਹਤ ਬੀਮਾ ਯੋਜਨਾ ਇੱਕ ਸਕੀਮ ਚੱਲ ਰਹੀ ਹੈ ਔਰ ਇਹ ਬੀਮਾ ਜ਼ਰੂਰੀ ਹੈ ਕਿਉਂਕਿ ਸਿਹਤ ਸਬੰਧੀ ਮੈਡੀਸਨਜ਼ ਮਹਿੰਗੀਆਂ ਹੋ ਗਈਆਂ ਹਨ। ਪ੍ਰਧਾਨ ਮੰਤਰੀ ਅਰੋਗਯ ਯੋਜਨਾ ਦੇ ਤਹਿਤ 14 ਲੱਖ 96 ਹਜ਼ਾਰ ਪਰਿਵਾਰਾਂ ਨੂੰ 5 ਲੱਖ ਰੁਪਿਆ ਦੇਣਗੇ, ਕਿਉਂਕਿ ਸੈਂਟਰ ਗੌਰਮਿੰਟ ਦੀ ਆਯੂਸ਼ਮਾਨ ਭਾਰਤ ਸਕੀਮ ਤਹਿਤ 14 ਲੱਖ 96 ਹਜ਼ਾਰ ਪਰਿਵਾਰ ਕਵਰ ਹੁੰਦੇ ਹਨ, ਅਸੀਂ ਉਸ ਨੂੰ ਵਧਾ ਕੇ 42 ਲੱਖ ਪਰਿਵਾਰਾਂ ਵਾਸਤੇ ਕੀਤਾ ਹੈ। ਹੁਣ ਅਸੀਂ ਬੀਮੇ ਦੀ ਕਿਸ਼ਤ 371 ਕਰੋੜ ਰੁਪਿਆ ਦੇਣੀ ਹੈ। It is the biggest health scheme in any State and it covers 3/4 of Punjab. I hope that this will be good for people, ਜਿਨ੍ਹਾਂ ਨੂੰ ਜਾ ਕੇ ਮਹਿੰਗੀ ਮੈਡੀਸਨ ਲੈਣੀ ਪੈਂਦੀ ਹੈ। ਅੱਜ ਕੱਲ੍ਹ ਕੈਂਸਰ ਟਰੀਟਮੈਂਟ ਇੰਨੀ ਮਹਿੰਗੀ ਹੋ ਗਈ ਹੈ that it is important ਕਿ ਇਹ ਕੰਮ ਅਸੀਂ ਕਰ ਸਕਦੇ ਸੀ ਔਰ ਅਸੀਂ ਉਨ੍ਹਾਂ ਵਾਸਤੇ ਕੀਤਾ ਹੈ। ਅਸੀਂ 'ਮਿਸ਼ਨ ਤੰਦਰੁਸਤ ਪੰਜਾਬ' ਰੱਖਿਆ ਹੈ, ਮੈਂ ਆਲਰੇਡੀ ਇਸ ਬਾਰੇ ਦੱਸ ਚੁੱਕਿਆ ਹਾਂ ਕਿ ਅਸੀਂ ਇਸ ਵਿੱਚ ਸਟਬਲ ਬਰਨਿੰਗ ਵਗੈਰਾ ਆ ਜਾਂਦਾ ਹੈ, We have taken action ਸਾਡੇ ਹੈਲਥ ਮਨਿਸਟਰ 70 ਆਈ.ਸੀ. ਵੈਨਜ਼, ਰੂਰਲ ਆਊਟ-ਰੀਚ ਵਾਸਤੇ ਖਰੀਦ ਕਰ ਚੁੱਕੇ ਹਨ।

**Power**

ਬਾਸਮਤੀ ਜੋ ਇੰਟਰਨੈਸ਼ਨਲ ਸਟੈਂਡਰਡ ਵਿੱਚ ਆ ਗਈ ਹੈ ਔਰ ਬੈਟਰ ਪ੍ਰਾਈਸਿਸ ਮਿਲ ਰਹੇ ਹਨ ਕਿਉਂਜੋ ਇਹ ਬਾਹਰ ਜਾਂਦੀ ਹੈ। ਇੱਕ ਬੜੀ ਇੰਟਰਸਟਿੰਗ ਗੱਲ ਹੈ ਕਿ ਅਸੀਂ ਫਰਟੀਲਾਈਜ਼ਰਸ ਦੀ ਓਵਰ-ਯੂਟੀਲਾਈਜ਼ੇਸ਼ਨ ਕਰ ਰਹੇ ਸੀ ਤਾਂ ਸਾਡੇ ਪੀ.ਏ.ਯੂ. ਨੇ ਯੂਰੀਆ ਅਤੇ ਡੀ.ਏ.ਪੀ. ਦੀ ਕੰਜੰਪਸ਼ਨ ਘਟਾਉਣ ਲਈ ਸਿਫਾਰਸ਼ ਕੀਤੀ, ਉਨ੍ਹਾਂ ਨੇ ਘੱਟ ਮਾਤਰਾ ਰਿਕੁਮੈਂਡ ਕੀਤੀ ਹੈ ਅਤੇ ਲੋਕ ਇਹ ਖਾਦਾਂ ਹੁਣ ਘੱਟ ਪਾਉਣ ਲੱਗ ਪਏ ਹਨ ਲੇਕਿਨ ਫਸਲ ਵੱਧ ਰਹੀ ਹੈ। So, it is interesting phenomena. We were just over utilizing it, ਉਸ ਦੇ ਨਾਲ ਸਾਡੀ ਜ਼ਮੀਨ ਖਰਾਬ ਹੋ ਰਹੀ ਸੀ। ਉਸ ਨਾਲ Micro nutrients zink, magnesium, copper iron ਸਭ ਕੁਝ ਖਤਮ ਹੋ ਰਿਹਾ ਸੀ, ਇੱਕ ਸਮਾਂ ਹੁੰਦਾ ਸੀ ਜਦੋਂ ਪੰਜਾਬ

[ਮੁੱਖ ਮੰਤਰੀ]

ਦੇ ਵਿੱਚ ਜ਼ਿੰਕ ਅਤੇ ਕਾਪਰ ਦੀ ਕਮੀ ਸੀ। Now all elements have become deficit ਕਿਉਂਕਿ ਆਪਾਂ ਫਸਲ ਗਰੇਨ ਆਫਟਰ ਗਰੇਨ ਲੈ ਰਹੇ ਹਾਂ and this is depleting all the soil. ਜਿਹੜੀ ਅਸੀਂ ਫਰਟੀਲਾਈਜ਼ਰ ਦੀ ਓਵਰ-ਯੂਟੀਲਾਈਜ਼ੇਸ਼ਨ ਕਰ ਰਹੇ ਸੀ, ਉਸ ਨਾਲ ਵੀ ਇਹ ਖਰਾਬੀ ਆ ਰਹੀ ਸੀ। ਸੋ, ਮੈਂ ਖੁਸ਼ ਹਾਂ ਕਿ ਇਹ ਗੱਲ ਪੀ.ਏ.ਯੂ. ਨੇ ਰਿਕੁਮੈਂਡ ਕੀਤੀ ਹੈ ਅਤੇ ਅਵੇਅਰਨੈੱਸ ਦੇ ਨਾਲ ਲੋਕ ਇਸ ਚੀਜ਼ ਨੂੰ ਕਰਨ ਲੱਗੇ ਹਨ। ਪੰਜਾਬ ਵਿੱਚ 14 ਲੱਖ ਟਿਊਬਵੈੱਲ ਹਨ, ਅਸੀਂ ਕਿਸਾਨਾਂ ਨੂੰ ਵਾਅਦਾ ਕੀਤਾ ਹੈ ਅਤੇ ਇਨ੍ਹਾਂ ਦੀ ਸਬਸਿਡੀ 6250 ਕਰੋੜ ਰੁਪਿਆ ਦੇ ਰਹੇ ਹਾਂ ਕਿਉਂਕਿ ਅਸੀਂ ਫਰੀ ਪਾਵਰ ਦੇ ਰਹੇ ਹਾਂ, ਪਾਵਰ ਫਰੀ ਹੀ ਰਹੇਗੀ ਔਰ ਇਸ ਦੀ ਸਬਸਿਡੀ 6250 ਕਰੋੜ ਰੁਪਏ ਹੈ, ਜੋ ਕਿ ਅਸੀਂ ਉਨ੍ਹਾਂ ਨੂੰ ਦੇ ਰਹੇ ਹਾਂ। ਬਿਜਲੀ ਖਪਤ ਸਬੰਧੀ ਜਿਹੜਾ ਤੁਸੀਂ 200 ਯੂਨਿਟ ਦਾ ਜ਼ਿਕਰ ਕਰ ਰਹੇ ਸੀ, ਪਹਿਲਾਂ ਇਸ ਤਰ੍ਹਾਂ ਸੀ ਕਿ 200 ਯੂਨਿਟ ਤੋਂ ਅੱਗੇ ਅਗਰ ਕੋਈ ਬੰਦਾ 300 ਯੂਨਿਟ ਬਿਜਲੀ ਵਰਤ ਲੈਂਦਾ ਸੀ ਤਾਂ ਉਸ ਨੂੰ 200 ਯੂਨਿਟ ਦਾ ਵੀ ਕੋਈ ਫਾਇਦਾ ਨਹੀਂ ਮਿਲਣਾ। ਅਸੀਂ ਉਹ ਸ਼ਰਤ ਹੁਣ ਹਟਾ ਦਿੱਤੀ ਹੈ। (ਥੰਪਿੰਗ) ਚਾਹੇ ਹੁਣ ਉਹ 500 ਯੂਨਿਟ ਜਾਂ 600 ਯੂਨਿਟ ਇਸਤੇਮਾਲ ਕਰੇ ਪਰ ਉਸ ਨੂੰ ਪਹਿਲੇ 200 ਯੂਨਿਟ ਫਰੀ ਹੋਣਗੇ। This is what we have done. (Thumping) ਇਸ ਸਬੰਧੀ ਜਿਹੜੀ ਇਨਫਰਮੇਸ਼ਨ ਲੀਡਰ ਆਫ ਦਿ ਆਪੋਜ਼ੀਸ਼ਨ ਦੇ ਰਹੇ ਸੀ, ਉਹ ਸਹੀ ਨਹੀਂ ਸੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਮੈਂ 1 kilowatt ਕਿਹਾ ਸੀ । ਸਰ, ਉਥੇ ਤੱਕ ਤਾਂ ਫੈਸਿਲਟੀ ਹੈ, ਅਦਰਵਾਈਜ਼ ਹੈ ਨਹੀਂ ਜੀ।

**ਮੁੱਖ ਮੰਤਰੀ :** ਇਸ ਵਾਸਤੇ ਅਸੀਂ ਜਿਹੜਾ ਟੋਟਲ ਕਰ ਰਹੇ ਹਾਂ, We will continue to provide 200 units free power ਜਿਸ ਵਿੱਚ ਅਸੀਂ ਐਸ.ਸੀ, ਬੀ.ਸੀ., ਬੀ.ਪੀ.ਐਲ. ਬੀ.ਸੀ. ਹਾਊਸ ਹੋਲਡ ਅਤੇ ਫਰੀਡਮ ਫਾਈਟਰ ਲਈ ਵਧਾ ਦਿੱਤਾ ਗਿਆ ਹੈ। ਜਿਸ ਵਾਸਤੇ ਟੋਟਲ ਸਟੇਟ ਲਈ 1250 ਕਰੋੜ ਰੁਪਿਆ ਸਬਸਿਡੀ ਇਸ ਨੂੰ ਮੇਨਟੇਨ ਕਰਨ ਵਾਸਤੇ ਦੇਣੀ ਪਵੇਗੀ। ਮੇਰੇ ਖਿਆਲ ਵਿੱਚ ਜਿਹੜੀਆਂ ਮੈਂ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਦੀ ਸਪੀਚ ਵਿੱਚੋਂ ਫਿਗਰਜ਼ ਲੈ ਰਿਹਾ ਹਾਂ, ਉਹ ਤੁਹਾਨੂੰ ਪਹਿਲਾਂ ਵੀ ਪਹੁੰਚ ਗਈਆਂ ਹੋਣਗੀਆਂ। ਅਸੀਂ 4.58 ਲੱਖ ਨਿਊ ਪਾਵਰ ਕੁਨੈਕਸ਼ਨ ਰਿਲੀਜ਼ ਕੀਤੇ ਹਨ। ਜਿਵੇਂ ਮੈਂ ਤੁਹਾਨੂੰ ਪਹਿਲਾਂ ਕਹਿ ਰਿਹਾ ਸੀ, this is an increase of over 13.78 per cent over the last year which mean ਡਿਮਾਂਡ ਵੱਧ ਰਹੀ ਹੈ ਅਤੇ ਸਾਡੀ ਇੰਡਸਟਰੀ

ਗਰੋਅ ਕਰ ਰਹੀ ਹੈ। ਇਹ ਪੰਜਾਬ ਲਈ ਬਹੁਤ ਚੰਗਾ ਹੈ।

**Public Works Department *(PWD)***

ਸਪੀਕਰ ਸਾਹਿਬ, ਹੁਣ ਮੈਂ ਦੱਸਣਾ ਚਾਹੁੰਦਾ ਹਾਂ ਕਿ PWD Minister has been working very hard for repair of National and State Highways and construction of ROBs. The cost is seven thousands crore.

**Welfare of Weaker Sections**

Then social security pension scheme, Welfare of Dalit, OBC's, persons with disability and minorities ਲਈ ਸੋਸ਼ਲ ਸਕਿਉਰਿਟੀ ਪੈਨਸ਼ਨ ਅਸੀਂ 500 ਰੁਪਏ ਤੋਂ ਵਧਾ ਕੇ 750 ਰੁਪਏ ਕਰ ਦਿੱਤੀ ਹੈ। ਇਸ ਵਿੱਚ 19.2 ਲੱਖ ਬੈਨੀਫਿਸ਼ੀਰੀਜ਼ ਹਨ ਅਤੇ ਐਨੂਅਲ ਐਕਸਪੈਂਡੀਚਰ 1600 ਕਰੋੜ ਰੁਪਿਆ ਬਣਦਾ ਹੈ ਜੋ ਅਸੀਂ ਉਨ੍ਹਾਂ ਨੂੰ ਦੇ ਰਹੇ ਹਾਂ। Increase in financial assistance under ਅਸ਼ੀਰਵਾਦ ਸਕੀਮ, ਇਹ ਅਸੀਂ 15000 ਤੋਂ ਵਧਾ ਕੇ 21000 ਰੁਪਏ ਕਰ ਦਿੱਤੀ ਹੈ। ਐਸ.ਸੀ. ਬੀ.ਸੀ. ਕਾਰਪੋਰੇਸ਼ਨ ਦੇ ਵਿੱਚ ਪੰਜਾਹ ਹਜ਼ਾਰ ਤੱਕ ਦੇ ਲੋਨ ਵੇਵ ਕਰ ਦਿੱਤੇ ਹਨ ਤਾਂ ਕਿ ਉਨ੍ਹਾਂ ਗਰੀਬ ਵਿਅਕਤੀਆਂ ਨੂੰ ਕੋਈ ਪ੍ਰਾਬਲਮ ਨਾ ਆਵੇ। (ਥੰਪਿੰਗ) ਅਸੀਂ ਐਜੂਕੇਸ਼ਨ ਇੰਸਟੀਚਿਊਸ਼ਨ ਵਿੱਚ ਬੀ.ਸੀਜ਼. ਦੀ ਰਿਜ਼ਰਵੇਸ਼ਨ 12 ਤੋਂ 15 ਪਰਸੈਂਟ ਕਰ ਦਿੱਤੀ ਹੈ। Then increase in reservation for SCs from 15 to 30 per cent in all Government Schemes, increase of annual gross income limit for the creamy layer of OBCs and BCs from 6 lakh to 8 lakh. ਸੋਸ਼ਲ ਸਕਿਉਰਿਟੀ ਫੰਡ ਅਤੇ ਪੰਜਾਬ ਸੋਸ਼ਲ ਸਕਿਉਰਿਟੀ ਲਈ 1500 ਕਰੋੜ ਰੁਪਿਆ ਰੱਖ ਰਹੇ ਹਾਂ, it will be used for Pensions, Health Insurance, Scholarship Ashirwad schemes, grants and other things. Our Government has restored 14 per cent reservation to SC employees in group 'A', 'B', and 20 per cent in group 'C' and 'D' services.

**Sports and Youth Affairs**

ਸਪੀਕਰ ਸਾਹਿਬ, ਸਾਡੀ ਇੱਕ ਨਵੀਂ ਸਪੋਰਟਸ ਪਾਲਿਸੀ ਬਣੀ ਹੈ। ਇਸ ਦਾ

[ਮੁੱਖ ਮੰਤਰੀ]

ਆਈਡੀਆ ਇਹ ਹੈ ਕਿ ਜਿੰਨੀ ਸਪੋਰਟਸ ਅਸੀਂ ਵਧਾ ਸਕਦੇ ਹਾਂ, ਉਹ ਜਿਹੜੇ ਸਾਡੇ ਬੱਚੇ ਅੱਜ ਨਸ਼ਿਆਂ ਵਿੱਚ ਵੜਦੇ ਹਨ, ਵਿਹਲੇ ਬੈਠੇ ਹਨ, ਫਿਰ ਗਲਤ ਰਸਤੇ ਤੇ ਤੁਰ ਪੈਂਦੇ ਹਨ, ਉਨ੍ਹਾਂ ਵਾਸਤੇ ਅਸੀਂ ਹਰ ਪਿੰਡ ਵਿੱਚ ਸਪੋਰਟਸ ਦੀ ਸਹੂਲਤ ਦਿੱਤੀ ਹੈ, ਜਿਸ ਨਾਲ ਇਹ ਬੱਚੇ ਸਪੋਰਟਸ ਵਿੱਚ ਇਨਵਾਲਵ ਹੋ ਜਾਣ। We should have some sports facility. ਅਸੀਂ ਇਸ ਵਿੱਚ ਇਨਸੈਂਟਿਵ ਵੀ ਰੱਖੀ ਹੈ। ਅਸੀਂ ਉਸ ਵਿੱਚ ਵੇਰੀਅਸ ਲੈਵਲ ਦੇ ਕੈਸ਼ ਅਵਾਰਡ ਦਿੱਤੇ ਹਨ। ਜਦੋਂ ਉਲਪਿੰਕ ਗੇਮਜ਼ ਹੋਣਗੀਆਂ, ਪੰਜਾਬ ਦਾ ਜਿਹੜਾ ਵੀ ਖਿਡਾਰੀ ਗੋਲਡ ਮੈਡਲ ਲੈ ਕੇ ਆਵੇਗਾ, ਉਸ ਨੂੰ ਅਸੀਂ ਦੋ ਕਰੋੜ ਪੱਚੀ ਲੱਖ ਰੁਪਿਆ ਦੇਵਾਂਗੇ। (ਥੰਪਿੰਗ) ਸੋ, ਬੱਚਿਆਂ ਨੂੰ ਗੇਮਜ਼ ਕਰਨ ਵਾਸਤੇ, ਗੇਮ ਖੇਡਣ ਵਾਸਤੇ ਇਨਸੈਂਟਿਵ ਬਣ ਗਈ ਤਾਂ ਕਿ ਉਹ ਆਪਣੀ ਇੰਪਰੂਵਮੈਂਟ ਕਰ ਸਕਣ। As it is ਸਾਡੇ ਸ਼ੂਟਰਜ਼ ਬਹੁਤ ਅੱਛੇ ਚੱਲ ਰਹੇ ਹਨ, national games are going on in Delhi. I hope Punjab will do very well. ਲੇਕਿਨ ਸਾਡੀਆਂ ਸਾਰੀਆਂ ਗੇਮਾਂ ਵਿੱਚੋਂ ਹਾਕੀ ਪਿੱਛੇ ਰਹਿ ਗਈ ਹੈ, we have to do something and I am sure we will do this. I am sure under this policy ਜਿਹੜੇ astroturf ਵਗੈਰਾ ਹਨ, ਉਹ ਸਾਰੇ ਇਸ ਪਾਲਿਸੀ ਦੇ ਅੰਡਰ ਆ ਜਾਣਗੇ। We have to do these things, ਜਿੱਥੇ ਸ਼ੌਂਕ ਹੋਵੇਗਾ, ਉਥੇ ਹੀ ਬੱਚੇ ਜ਼ਿਆਦਾ ਉਠਣਗੇ। So, I hope this is going to be forthcoming. ਪਟਿਆਲਾ ਵਿੱਚ ਇੱਕ ਸਪੋਰਟਸ ਯੂਨੀਵਰਸਿਟੀ ਸਥਾਪਿਤ ਕਰਨੀ ਹੈ, we are hopeful that this will start this year ਉਸ ਦੀ the Finance Minister has made a provision.

**550th Birth Anniversary of Sri Guru Nanak Dev ji**

ਸਪੀਕਰ ਸਾਹਿਬ, ਹੁਣ ਮੈਂ ਅਖੀਰ ਵਿੱਚ ਆਉਂਦਾ ਹਾਂ, ਜੋ ਕਿ ਇਸ ਸਾਲ ਦੀ ਸਭ ਤੋਂ ਵੱਡੀ ਇੰਪਾਰਟੈਂਟ ਗੱਲ ਹੈ, ਉਹ ਹੈ ਕਿ ਸਾਡੇ ਪਹਿਲੇ ਪਾਤਸ਼ਾਹੀ ਜੀ ਦਾ 550ਵਾਂ ਜਨਮ ਦਿਹਾੜਾ, ਪ੍ਰਕਾਸ਼ ਉਤਸਵ ਆ ਰਿਹਾ ਹੈ, ਜਿੱਥੇ ਪਹਿਲੇ ਪਾਤਸ਼ਾਹ ਜੀ ਆ ਕੇ ਸ੍ਰੀ ਕਰਤਾਰਪੁਰ ਸਾਹਿਬ ਵਿੱਚ ਰਹੇ ਸਨ, ਉਥੇ ਉਨ੍ਹਾਂ ਨੇ ਆਪਣੇ 17 ਸਾਲ ਗੁਜ਼ਾਰੇ, ਉਨ੍ਹਾਂ ਦੀ ਯਾਦ ਵਿੱਚ ਗੌਰਮਿੰਟ ਆਫ ਇੰਡੀਆ ਨੂੰ ਵੀ ਲਿਖਿਆ ਹੈ, ਉਹ ਵੀ ਸ਼ਾਮਿਲ ਹੋ ਰਹੇ ਹਨ ਪਰ ਇਸ ਵਿੱਚ ਮੈਂ ਸਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਸਬੰਧ ਵਿੱਚ ਪ੍ਰੋਗਰਾਮ ਕੀ ਬਣਾਇਆ ਹੈ।ਪਹਿਲਾਂ ਤਾਂ we are setting up Institute of Interfaith studies at Guru Nanak Dev University at Amritsar and I have been told today that Government of India's approval has come. ਫੇਰ ਅਸੀਂ ਪਿੰਡ ਬਾਬਾ ਨਾਨਕ ਦਾ, ਇਹ

ਮਿਊਜ਼ੀਅਮ ਸੁਲਤਾਨਪੁਰ ਲੋਧੀ ਦੇ ਵਿੱਚ ਬਣੇਗਾ। ਮਹਾਰਾਜ ਜੀ ਦੀ ਪੂਰੀ ਲਾਈਫ ਹਿਸਟਰੀ ਇਸ ਵਿੱਚ ਲਿਆਵਾਂਗੇ। ਫੇਰ ਅਸੀਂ ਕਿਹਾ ਸੀ ਕਿ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 550 ਬੂਟੇ ਲਾਈਏ, ਇਹ ਬਹੁਤ ਇੰਪਾਰਟੈਂਟ ਹੈ, And again ਲੋਕਾਂ ਦੀ ਸਿਹਤ ਵਾਸਤੇ Important ਹੈ। ਜਿੰਨੇ ਅਸੀਂ ਬੂਟੇ ਲਾਵਾਂਗੇ, ਓਨੀ ਆਕਸੀਜਨ ਵਧੇਗੀ, ਉਨੀ ਹੀ ਲੋਕਾਂ ਦੀ ਸਿਹਤ ਵਧੇਗੀ। ਇਸ ਨੂੰ ਅਗਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਦਿਹਾੜੇ ਨਾਲ ਜੋੜ ਦੇਈਏ ਤਾਂ ਬਹੁਤ ਇੰਪਾਰਟੈਂਟ ਹੋ ਜਾਵੇਗਾ। ਫਾਰੈਸਟ ਮਨਿਸਟਰ ਜੀ ਨੇ ਇਸ ਵਾਸਤੇ 70 ਲੱਖ ਬੂਟੇ ਤਿਆਰ ਕਰਵਾ ਦਿੱਤੇ ਹਨ। ਜਿੰਨੇ ਵੀ ਬੂਟਿਆਂ ਦੀ ਲੋੜ ਹੈ, ਅਸੀਂ ਦੇਵਾਂਗੇ। We will not fall short of funds. ਜਿੱਥੇ ਵੀ ਮਹਾਰਾਜ ਜੀ ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਗਏ ਹਨ, ਉੱਥੇ ਵੀ ਉਨ੍ਹਾਂ ਦੀ ਯਾਦ ਵਿੱਚ ਕੁਝ ਨਾ ਕੁਝ ਬਣਾਵਾਂਗੇ। ਗੌਰਮਿੰਟ ਮੈਡੀਕਲ ਕਾਲਜ ਅਤੇ ਸੁਪਰ ਸਪੈਸ਼ੇਲਿਟੀ ਹਸਪਤਾਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਨਾਮ ਤੇ ਗੁਰਦਾਸਪੁਰ ਵਿੱਚ 400 ਕਰੋੜ ਰੁਪਏ ਦੀ ਲਾਗਤ ਨਾਲ ਬਣਾ ਰਹੇ ਹਾਂ। Establishment of Guru Nanak Dev Ji Centre for invention, incubation and trading for 739 crores, ਇਹ ਵੀ ਅਸੀਂ ਲਗਵਾ ਰਹੇ ਹਾਂ। May be Government of India gives us more resources and we would be able to do more. ਇਸ ਵਾਸਤੇ ਆਪਾਂ ਵੀ ਕੁਝ ਨਾ ਕੁਝ ਕਰਾਂਗੇ। ਕਾਰੀਡੋਰ ਜਿਹੜੀ ਹੈ ਇਹ ਸਾਰਿਆਂ ਦੇ ਮਨ ਵਿੱਚ ਹੈ, ਇਸ ਵਾਸਤੇ ਜਿੰਨੇ ਵੀ ਇਸ ਸਦਨ ਦੇ ਵਿੱਚ ਬੈਠੇ ਹਨ ਜਾਂ ਸਾਰੇ ਹੀ ਪੰਜਾਬ ਦੇ ਲੋਕ ਇਹ ਚਾਹੁੰਦੇ ਹਨ ਕਿ ਇਹ ਕਰਤਾਰਪੁਰ ਦਾ ਕਾਰੀਡੋਰ ਬਣਿਆ ਹੈ ਤਾਂ ਕਿ ਸਾਰੇ ਉਸ ਪਵਿੱਤਰ ਧਰਤੀ ਤੇ ਜਾ ਕੇ ਮੱਥਾ ਟੇਕ ਸਕਣ। ਮੈਨੂੰ ਖੁਸ਼ੀ ਹੈ ਕਿ ਗੌਰਮਿੰਟ ਆਫ ਇੰਡੀਆ ਨੇ ਜੋ ਸਾਡੀ ਮੰਗ ਸੀ ਜਾਂ ਸਾਲ 2004 ਦੇ ਵਿੱਚ ਡਾਕਟਰ ਮਨਮੋਹਨ ਸਿੰਘ ਦੀ ਮੰਗ ਸੀ, ਜੋ ਉਨ੍ਹਾਂ ਨੇ ਪਾਕਿਸਤਾਨ ਦੇ ਪ੍ਰੈਜ਼ੀਡੈਂਟ ਸ਼੍ਰੀ ਮੁਸ਼ੱਰਫ ਨਾਲ ਮਿਲ ਕੇ ਇਹ ਗੱਲ ਉਨ੍ਹਾਂ ਨਾਲ ਕੀਤੀ ਸੀ। ਉਸ ਤੋਂ ਬਾਅਦ ਮੈਂ ਪਾਕਿਸਤਾਨ ਗਿਆ ਸੀ ਤਾਂ ਡਾਕਟਰ ਮਨਮੋਹਨ ਸਿੰਘ ਜੀ ਨੇ ਮੈਨੂੰ ਕਿਹਾ ਸੀ ਕਿ ਮੈਂ ਉਨ੍ਹਾਂ ਨਾਲ ਗੱਲ ਕੀਤੀ ਹੈ ਅਤੇ ਤੁਸੀਂ ਵੀ ਚੀਫ ਮਨਿਸਟਰ ਨਾਲ ਅਤੇ ਪ੍ਰੈਜ਼ੀਡੈਂਟ ਨਾਲ ਮਿਲੋਗੇ ਤਾਂ ਇਹ ਗੱਲ ਦੁਹਰਾਉਣਾ ਤਾਂ ਮੈਂ ਵੀ ਇਹ ਗੱਲ ਦੁਹਰਾਈ ਸੀ। ਮੈਨੂੰ ਖੁਸ਼ੀ ਹੈ ਕਿ ਇਹ ਗੱਲ ਸਿਰੇ ਚੜ੍ਹ ਗਈ ਹੈ। ਇਸ ਵਾਸਤੇ ਪਾਕਿਸਤਾਨ ਗੌਰਮਿੰਟ ਅਤੇ ਦਿੱਲੀ ਦੇ ਵਿੱਚ ਇਸ ਤੇ ਵਰਕ-ਆਊਟ ਕਰ ਰਹੇ ਹਨ ਕਿ ਕਿਸ ਤਰੀਕੇ ਨਾਲ ਲੈਂਡ ਐਕੁਜ਼ੀਸ਼ਨ ਹੋਣੀ ਹੈ ਅਤੇ ਮੈਂ ਉਮੀਦ ਕਰਦਾ ਹਾਂ ਕਿ ਇਸ ਗੁਰਪੁਰਬ ਤੇ ਇਹ ਕਾਰੀਡੋਰ ਖੁੱਲ੍ਹ ਜਾਏਗਾ। ਮੈਨੂੰ ਇੱਕੋ ਗੱਲ ਸਮਝ ਨਹੀਂ ਆਉਂਦੀ ਕਿ ਮੈਂ ਉਨ੍ਹਾਂ ਨੂੰ convey ਕਰ ਦਿੱਤਾ ਹੈ that it does not makes any sense ਕਿ

[ਮੁੱਖ ਮੰਤਰੀ]

ਤੁਸੀਂ ਕਾਰੀਡੋਰ ਦੇ ਵਿੱਚ ਵੀਜ਼ਾ ਮੰਗੋ, ਹੁਣ ਕਿਸ ਕੋਲ ਪਾਸਪੋਰਟ ਹੈ, ਹੁਣ ਕਿਸ ਕੋਲ ਵੀਜ਼ਾ ਹੈ? ਹੁਣ ਬੈਂਸ ਜੀ ਦੇ ਪਿੰਡ ਵਿੱਚ ਜਿਹੜੇ ਬਜ਼ੁਰਗ ਹਨ, ਕੀ ਉਨ੍ਹਾਂ ਕੋਲ ਕੋਈ ਪਾਸਪੋਰਟ ਹੈ? ਕੀ ਉਹ ਕੋਈ ਵੀਜ਼ਾ ਲੈਣ ਵਾਸਤੇ ਪਾਸਪੋਰਟ ਲੈ ਕੇ ਜਾਵੇਗਾ? ਜਦੋਂ ਤੁਸੀਂ ਕਾਰੀਡੋਰ ਬਣਾਈ ਹੈ, it means that it is a protected corridor, their security would look at their side and we would look at our side. ਉਹ ਕਾਰੀਡੋਰ ਹੈ, ਉਸ ਵਿੱਚੋਂ ਕੋਈ ਵੀ ਜਾਵੇ ਅਤੇ ਮੱਥਾ ਟੇਕ ਕੇ ਵਾਪਸ ਮੁੜ ਆਵੇ। So, what is the need for Visa? ਅਗਰ ਤੁਸੀਂ ਵੀਜ਼ਾ ਹੀ ਇਸ਼ੂ ਬਣਾ ਰਹੇ ਹੋ ਤਾਂ ਵਾਹਗਾ ਬਾਰਡਰ ਹੋ ਕੇ ਚਲੇ ਜਾਓ ਅਤੇ ਮੱਥਾ ਟੇਕ ਕੇ ਵਾਪਸ ਆ ਜਾਓ। This seems to me an illogical part of Pakistan's policy and we have conveyed it to Government of India and I am told that Government of India has further conveyed it to Government of Pakistan ਕਿ ਇਸ ਕੰਮ ਲਈ ਵੀਜ਼ਾ ਨਹੀਂ ਹੋ ਸਕਦਾ। ਤੁਸੀਂ ਪਾਸਪੋਰਟ ਨੂੰ ਇਸ਼ੂ ਨਾ ਬਣਾਓ ਕਿਉਂਕਿ ਇਹ possible ਨਹੀਂ। ਸਾਡੇ ਕੋਲ ਜਿਹੜੇ ਆਧਾਰ ਕਾਰਡ ਹਨ, ਉਹ ਲੈ ਲੈਣ ਕਿਉਂਕਿ ਬੰਦੇ ਨੂੰ ਆਪਣੀ Identity ਦੇਣੀ ਹੀ ਪੈਂਦੀ ਹੈ। As it is there, ID Cards are in Pakistan's side also. ਤੁਸੀਂ ਸਾਡੇ ਬੰਦੇ ਉਥੇ ਆਧਾਰ ਕਾਰਡ ਦੇ ਰਾਹੀਂ ਜਾਣ ਦਿਉ। I think it should work out. ਇਸ ਤਰ੍ਹਾਂ ਤਾਂ ਜਿਹੜੇ ਸਾਡੇ ਪੰਜਾਬੀ ਗਰੀਬ ਹਨ, ਉਹ ਤਾਂ ਕਦੇ ਵੀ ਨਹੀਂ ਪਹੁੰਚਣਗੇ? ਕਿੰਨੇ ਗਰੀਬਾਂ ਕੋਲ ਪਾਸਪੋਰਟ ਹਨ? ਮਾਲਵੇ ਵਿੱਚ ਜਾਂ ਹੋਰ ਏਰੀਆ ਦੇ ਕਿੰਨੇ ਕੁ ਲੋਕਾਂ ਕੋਲ ਹਨ? So, these are things which are not going to work and these are the things which we have conveyed, ਇਸ ਗੱਲ ਨੂੰ ਅੱਗੇ ਲੈ ਜਾਣਗੇ। ਲੇਕਿਨ ਆਪਾਂ ਸਾਰਿਆਂ ਨੇ across the Floor, ਆਪਾਂ ਸਾਰਿਆਂ ਨੇ ਰਲ਼ ਕੇ 550ਵਾਂ ਪ੍ਰਕਾਸ਼ ਪੁਰਬ ਮਨਾਉਣਾ ਹੈ। Let us be one on this issue. (ਥੰਪਿੰਗ) Political Differences ਹੋ ਸਕਦੇ ਹਨ, ਅਕਾਲੀ ਦਲ ਦੇ ਨਾਲ ਹੋ ਸਕਦੇ ਹਨ, ਆਮ ਆਦਮੀ ਪਾਰਟੀ ਦੇ ਹੋ ਸਕਦੇ ਹਨ। But on the issue of ਸ੍ਰੀ ਗੁਰੂ ਨਾਨਕ ਦੇਵ ਜੀ, ਉਨ੍ਹਾਂ ਲਈ ਸਾਡਾ ਕੋਈ difference ਨਹੀਂ ਹੋਣਾ ਚਾਹੀਦਾ। I think you will agree on this and ਤੁਹਾਡੀ ਜਿਹੜੀ ਲੀਡਰਸ਼ਿਪ ਹੈ, ਡਿਪਟੀ ਲੀਡਰ ਸਾਹਿਬ, ਤੁਸੀਂ ਆਪਣੇ ਲੀਡਰ ਸਾਹਿਬ ਨਾਲ ਅਤੇ ਹੋਰਾਂ ਨਾਲ ਗੱਲ ਕਰੋਗੇ ਤਾਂ ਕਿ ਇਸ ਨੂੰ ਆਪਾਂ ਕਰਵਾ ਸਕੀਏ। ਜਲ੍ਹਿਆਂ ਵਾਲੇ ਬਾਗ ਦੀ ਘਟਨਾ ਸਬੰਧੀ ਹਾਊਸ ਨੇ ਆਲੇਰਡੀ ਰੈਜ਼ੋਲਿਊਸ਼ਨ ਪਾ ਦਿੱਤਾ ਹੈ।

(**ਇੱਕ ਅਵਾਜ਼ :** ਸੀ.ਐਮ. ਸਾਹਿਬ, ਇੱਕ ਬੇਨਤੀ ਹੈ ਕਿ ਇਹ ਅੰਮ੍ਰਿਤਸਰ ਤੋਂ ਥੋੜ੍ਹਾ ਦੂਰ ਹੈ, ਕਿਤੋਂ ਨਾ ਕਿਤੋਂ ਆਪਾਂ ਨੂੰ ਸੜਕ ਦਾ ਕੰਮ ਸ਼ੁਰੂ ਕਰ ਲੈਣਾ ਚਾਹੀਦਾ ਹੈ।)

**ਮੁੱਖ ਮੰਤਰੀ :** ਠੀਕ ਹੈ ਜੀ, ਜ਼ਰੂਰ ਕਰਾਂਗੇ, ਜ਼ਰੂਰ ਕਰਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਵਾਸਤੇ ਸਭ ਕੁਝ ਕਰਾਂਗੇ। ਸਰਕਾਰ ਉਸ ਵਾਸਤੇ ਖੁਲ੍ਹੀ ਹੈ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ ....

**ਮਾਨਯੋਗ ਸਪੀਕਰ :** ਸਰਦਾਰ ਹਰਦਿਆਲ ਸਿੰਘ ਜੀ ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਮੁੱਖ ਮੰਤਰੀ :** ਜਲ੍ਹਿਆਂ ਵਾਲਾ ਬਾਗ ਮੈਸੇਕਰ ਦੀ ਗੱਲ ਹੋ ਚੁੱਕੀ ਹੈ .....

**ਮਾਨਯੋਗ ਸਪੀਕਰ :** ਇੱਕ ਸੈਕਿੰਡ ਜੀ, ਸਰਦਾਰ ਹਰਦਿਆਲ ਸਿੰਘ ਕੁਝ ਕਹਿਣਾ ਚਾਹੁੰਦੇ ਹਨ। ਕੰਬੋਜ ਸਾਹਿਬ ਤੁਸੀਂ ਕੀ ਕਹਿਣਾ ਹੈ ਜੀ?

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਬੋਲ ਰਹੇ ਹਨ, ਇਸ ਗੱਲ ਦੇ ਵਿੱਚ ਟੋਕਣ ਦੇ ਲਈ ਮੈਂ ਮੁਆਫੀ ਮੰਗਦਾ ਹਾਂ ਪ੍ਰੰਤੂ ਜਿਹੜੀ ਜਲ੍ਹਿਆਂ ਵਾਲੇ ਬਾਗ ਦੀ ਗੱਲ ਆਈ ਹੈ, ਅੱਜ 100 ਸਾਲ ਹੋਣ ਚੱਲੇ ਹਨ ਅਤੇ 100 ਸਾਲ ਤੋਂ ਬਾਅਦ ਜਿਹੜੇ ਇੱਥੇ ਸ਼ਹੀਦ ਹੋਏ ਸੀ, ਜਨਰਲ ਡਾਇਰ ਨੇ ਸ਼ਹੀਦ ਕੀਤੇ ਸੀ ਤਾਂ ਉਨ੍ਹਾਂ ਦਾ ਬਦਲਾ ਸਰਦਾਰ ਊਧਮ ਸਿੰਘ ਹੁਰਾਂ ਨੇ ਲੰਡਨ ਦੀ ਧਰਤੀ ਤੇ ਕੈਕਸਟਨ ਹਾਲ ਵਿੱਚ ਜਾ ਕੇ ਲਿਆ ਸੀ। ਮੈਂ ਮਾਨਯੋਗ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸ਼ਹੀਦ ਊਧਮ ਸਿੰਘ ਜੀ ਦੇ ਨਾਮ ਦੇ ਉਤੇ ਚੇਅਰ ਸਥਾਪਿਤ ਕੀਤੀ ਜਾਵੇ। ਇਹ ਉਨ੍ਹਾਂ ਨੂੰ ਬੜੀ ਵੱਡੀ ਸ਼ਰਧਾਂਜਲੀ ਹੋਵੇਗੀ। (ਥੰਪਿੰਗ)

**ਮੁੱਖ ਮੰਤਰੀ :** ਮੈਂ ਐਗਰੀ ਕਰਦਾ ਹਾਂ। I agree with this. Speaker Sahib, I hope that FM will provide the funding. ਇਹ ਬੜੇ ਮਹਾਨ ਸ਼ਖ਼ਸੀਅਤ ਹੋਏ ਹਨ। ਕਿਸ ਨੂੰ ਪਤਾ ਸੀ ਕਿ ਫਰੀਡਮ ਸਟਰਗਲ ਦੀਆਂ ਗੱਲਾਂ ਕਿੱਥੇ ਪਹੁੰਚਣਗੀਆਂ? ਕਿਸ ਨੂੰ ਪਤਾ ਸੀ ਕਿ ਮੁਲਕ ਆਜ਼ਾਦ ਵੀ ਹੋਏਗਾ, ਕਿਸੇ ਨੂੰ ਪਤਾ ਨਹੀਂ ਸੀ ? ਸਪੀਕਰ ਸਾਹਿਬ, ਕੀ ਤੁਸੀਂ ਉਥੇ ਗਏ ਹੋ? ਮੈਂ ਉਥੇ ਅੰਡੇਮਾਨ ਆਈਲੈਂਡਜ਼ ਗਿਆ ਹਾਂ।

**ਮਾਨਯੋਗ ਸਪੀਕਰ :** ਮੈਂ ਗਿਆ ਹਾਂ।

**ਮੁੱਖ ਮੰਤਰੀ :** ਤੁਸੀਂ ਸੈਲੂਲਰ ਜੇਲ੍ਹ ਵਿੱਚ ਜਾਓ।

**Mr. Speaker :** I have been there, Sir.

**Chief Minister :** I have also seen. ਤੁਸੀਂ ਦੇਖਿਆ ਹੋਣਾ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਦੇਖਿਆ ਹੈ।

**ਮੁੱਖ ਮੰਤਰੀ :** ਉਥੇ ਬਹੁਤ ਸਾਰੇ ਪੰਜਾਬੀਆਂ ਦੇ ਨਾਮ ਹਨ। ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਇਹ ਕੌਣ ਸੀ। ਦੋ-ਤਿੰਨ ਨਾਮ ਤੁਸੀਂ ਦੇਖ ਸਕਦੇ ਹੋ, which you recognize, ਬਾਕੀ hundreds of names, ਜਿਨ੍ਹਾਂ ਗਰੀਬਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਆਪਣਾ ਨਾਮ ਵੀ ਨਹੀਂ ਦਿੱਤਾ।

**ਮਾਨਯੋਗ ਸਪੀਕਰ :** ਸਰ, ਸਾਡੇ ਐਮ.ਐਲ.ਏਜ਼ ਸਾਹਿਬਾਨ ਵੀ ਉਥੇ ਜਾ ਰਹੇ ਹਨ।

**Chief Minister :** Oh, very good.

**Mr. Speaker :** In groups ਜਾ ਰਹੇ ਹਨ।

**ਮੁੱਖ ਮੰਤਰੀ :** ਜਦੋਂ ਐਮ.ਐਲ.ਏ. ਸਾਹਿਬਾਨ ਜਾਣ ਤਾਂ ਉਹ ਨਾਮ ਲਿਆਉਣ ਅਤੇ ਉਹ ਯਾਦਗਾਰ ਜਿਹੜੀ ਅੰਡੇਮਾਨ ਹੈ, ਉਹ ਆਪਾਂ ਇੱਥੇ ਕੁਛ ਬਣਾਈਏ ਤਾਂ ਕਿ ਇੱਥੇ ਵੀ ਲੋਕਾਂ ਨੂੰ ਪਤਾ ਲੱਗੇ। (ਥੰਪਿੰਗ)

**Mr. Speaker :** One thing more. ਅੰਡੇਮਾਨ ਦੇ ਅੰਦਰ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ, ਇਸ ਗੱਲ ਵਾਸਤੇ we have formed a House Committee.

**Chief Minister :** Oh good.

**ਮਾਨਯੋਗ ਸਪੀਕਰ :** ਜਿਸ ਨੇ ਇਸ ਤੇ ਕਾਫੀ ਹੋਮ ਵਰਕ ਕਰ ਲਿਆ ਹੈ। Now that Committee is going to Andaman. ਫਿਰ ਅਸੀਂ ਮਤਾ ਵਿਧਾਨ ਸਭਾ ਵਿੱਚ ਲਿਆਵਾਂਗੇ to make a request to the Govt. of India to ensure ਕਿ ਪੰਜਾਬੀਆਂ ਦੀ ਜਿਹੜੀ ਕੰਟਰੀਬਿਊਸ਼ਨ ਹੈ, ਉਸ ਦਾ ਵੀ ਉਥੇ ਜ਼ਿਕਰ ਕੀਤਾ ਜਾਵੇ।

**ਮੁੱਖ ਮੰਤਰੀ :** ਉਸ ਦੇ ਵਾਸਤੇ, ਮੈਂ ਐਜ਼ ਚੀਫ ਮਨਿਸਟਰ ਉਦੋਂ ਗਿਆ ਸੀ, ਜਦੋਂ ਸੁਨਾਮੀ ਆਈ ਸੀ।

**ਮਾਨਯੋਗ ਸਪੀਕਰ :** ਹਾਂ ਜੀ, ਤੁਸੀਂ ਸੁਨਾਮੀ ਦੌਰਾਨ ਉਥੇ ਗਏ ਸੀ।

**ਮੁੱਖ ਮੰਤਰੀ :** ਸੁਨਾਮੀ ਦੌਰਾਨ ਉਥੇ ਦੋ-ਤਿੰਨ ਟਾਪੂ ਸੀ, ਜਿੱਥੇ ਸਾਡੇ ਪੰਜਾਬੀ ਵਸਦੇ ਸੀ। ਉਥੇ ਗੁਰਦੁਆਰਾ ਸਾਹਿਬ ਨੂੰ ਨੁਕਸਾਨ ਪਹੁੰਚਿਆ, ਸਕੂਲ ਨੂੰ ਵੀ ਬਹੁਤ ਨੁਕਸਾਨ ਪਹੁੰਚਿਆ, ਹੋਰ ਵੀ ਬੁਹਤ ਨੁਕਸਾਨ ਹੋਇਆ, ਮੈਂ ਉਦੋਂ ਗਿਆ ਸੀ। I went to see this jail ਔਰ ਉਸ ਦੇ ਵਿੱਚ, believe me, ਮੈਂ ਪੜ੍ਹਦਾ ਬਹੁਤ ਹਾਂ ਲੇਕਿਨ ਮੈਨੂੰ ਨਹੀਂ ਪਤਾ ਸੀ ਕਿ ਇਹ ਬੰਦੇ ਕੌਣ ਹਨ। ਦੋ-ਤਿੰਨ ਨਾਮ ਸ਼ਾਇਦ ਮੈਨੂੰ ਪਛਾਣ ਹਨ, rest was all those people, ਜਿਨ੍ਹਾਂ ਨੇ ਦੇਸ਼ ਵਾਸਤੇ, ਦੇਸ਼ ਦੀ ਆਜ਼ਾਦੀ ਵਾਸਤੇ ਕੁਰਬਾਨੀਆਂ ਦੇ ਦਿੱਤੀਆਂ ਪਰ ਇਹ ਨਹੀਂ ਕਿਹਾ ਕਿ ਮੇਰਾ ਨਾਮ ਤੁਸੀਂ ਕਿਤੇ ਲਿਖੋ। ਅਸੀਂ ਅਗਰ ਉਹ ਨਾਮ ਲੈ ਕੇ ਇੱਥੇ ਪੰਜਾਬ ਵਿੱਚ ਕਿਤੇ ਮੈਮੋਰੀਅਲ ਬਣਾ ਦੇਈਏ ਤਾਂ ਕਿ ਇੱਥੇ ਦੀਆਂ ਅਗਲੀਆਂ ਪੀੜ੍ਹੀਆਂ ਤਾਂ ਦੇਖਣ। ਵੈਸੇ ਤਾਂ ਕੌਣ ਜਾਏਗਾ ਅੰਡੇਮਾਨ, ਕਿੰਨੇ ਕੁ ਉਥੇ ਜਾ ਸਕਣਗੇ?

**Mr. Speaker :** Good, good, good.

**Chief Minister :** I think we should do this. ਜਦੋਂ ਤੁਹਾਡੀ ਕਮੇਟੀ ਰਿਪੋਰਟ ਦੇਵੇਗੀ, this will be very good thing.

**Mr. Speaker :** Thank you.

**ਮੁੱਖ ਮੰਤਰੀ :** ਸਪੀਕਰ ਸਾਹਿਬ, I am happy ਕਿ ਜਲ੍ਹਿਆਂ ਵਾਲਾ ਬਾਗ ਮੈਸੇਕਰ ਸਬੰਧੀ ਹਾਊਸ ਵਿੱਚ ਤੁਸੀਂ ਰੈਜ਼ੋਲਿਊਸ਼ਨ ਪਾਸ ਕੀਤਾ ਹੈ । ਮੈਂ ਦੱਸਣਾ ਚਾਹੁੰਦਾ ਹਾਂ, ਇਹ ਇੰਟਰਸਟਿੰਗ ਗੱਲ ਹੈ ਕਿ ਅੱਜ, even in the House of Lords, ਉਥੇ I think ਜਸਟਿਸ ਲਾਰਡ ਦੇਸਾਈ ਅਤੇ ਇੱਕ ਹੋਰ ਹੈ, ਇਨ੍ਹਾਂ ਦੋਨਾਂ ਨੇ ਜਲ੍ਹਿਆਂ ਵਾਲਾ ਬਾਗ ਸਬੰਧੀ ਆਪਣਾ ਰੈਜ਼ੋਲਿਊਸ਼ਨ ਮੂਵ ਕੀਤਾ ਹੈ। ਸੋ, ਅੰਗਰੇਜ਼ਾਂ ਦੇ ਹਾਊਸ ਆਫ ਲਾਰਡਜ਼ ਦੇ ਵਿੱਚ ਵੀ ਇਸ ਸਬੰਧ ਵਿੱਚ ਡਿਬੇਟ ਹੋ ਰਹੀ ਹੈ। It should be definitely backed up by this ਕਿ ਪੰਜਾਬ ਦੇ ਵਿੱਚ ਅਸੀਂ ਜਿਹੜੀ ਅੱਜ ਰੈਜ਼ੋਲਿਊਸ਼ਨ ਪਾਈ ਹੈ, ਤਾਂ ਕਿ ਉਨ੍ਹਾਂ ਨੂੰ ਵੀ ਉਥੇ ਇਸ ਤੋਂ ਮੌਰਲ ਸਪੋਰਟ ਮਿਲ ਜਾਵੇ, which they can then utilize ਜਿਹੜਾ ਕੁਝ ਉਥੇ ਮੰਗਣਗੇ। We must demand an apology, the whole world apologizes, if Mr. Trudeau apologized for Kamagatamaru then why can't British apologize for Jallianwala Bagh Massacre? ਅਸੀਂ ਚਾਹੁੰਦੇ ਹਾਂ ਕਿ ਉਸ ਦੇ ਵਾਸਤੇ ਉਹ ਅਪਾਲੋਜਾਈਜ਼ ਕਰਨ। ਮੇਰਾ ਖਿਆਲ ਹੈ, it would be

[ਮੁੱਖ ਮੰਤਰੀ]

gesture that will go down well. ਅੱਜ ਗਾਂਧੀ ਜੀ ਦੇ ਜਨਮ ਦਾ 150ਵਾਂ ਸਾਲ ਹੈ, ਉਸ ਨੂੰ ਵੀ ਅਸੀਂ ਚੰਗੀ ਤਰ੍ਹਾਂ ਮਨਾਉਣਾ ਹੈ। ਉਨ੍ਹਾਂ ਨੇ ਕਿਹਾ ਸੀ, that "I want to wipe the tear from every eye", I hope we will be able to do it. Speaker Sahib, now 70 years have passed since independence, we should do for everyone in every way although there are economic pressures or other pressures. ਸਾਡੇ ਲੋਕਾਂ ਨੇ ਅੱਜ ਸਾਨੂੰ ਇੱਥੇ ਭੇਜਿਆ ਹੈ, ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਦਾ ਜਿਹੜਾ ਵੀ ਦੁੱਖ ਹੈ, ਉਹ ਦੂਰ ਕਰੀਏ। So I hope we will be able to do something for them.

ਸਪੀਕਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਜੀ ਦੇ ਵੀ ਸਾਲ 2026 ਵਿੱਚ 400 ਸਾਲ ਹੋ ਰਹੇ ਹਨ, ਉਸ ਵਾਸਤੇ ਵੀ ਅਸੀਂ ਕੋਈ ਸਕੀਮ ਬਣਾਉਣੀ ਹੈ, for doing this, ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਪਹੁੰਚ ਗਿਆ ਹਾਂ and nothing much more to say except ਕਿ ਇਸ ਸਦਨ ਨੇ my collegues, whether we are on this side of the bench or the other side of the bench ਸਾਰੇ ਆਪਣੇ-ਆਪਣੇ ਤੌਰ ਤੇ ਡਿਬੇਟ ਵਿੱਚ ਸ਼ਾਮਲ ਹੋਏ ਹਨ, ਗਵਰਨਰ ਸਾਹਿਬ ਨੇ ਬੜੀ ਅੱਛੀ ਤਰ੍ਹਾਂ ਆਪਣਾ ਭਾਸ਼ਣ ਕੀਤਾ। ਗਵਰਨਰ ਸਾਹਿਬ ਦੀ ਜਿਹੜੀ ਸਪੀਚ ਹੈ, ਉਸ ਦੇ ਉਤੇ ਸਾਰਿਆਂ ਨੇ ਆਪਣੀ-ਆਪਣੀ ਰਾਇ ਦੇ ਦਿੱਤੀ ਹੈ, somewhere perhaps ਕੁਝ ਮੈਂਬਰ ਸਾਹਿਬਾਨ ਨੇ ਇੰਨੀ ਜ਼ਿਆਦਾ ਪੜ੍ਹੀ ਨਹੀਂ ਸੀ ਕਿ ਉਨ੍ਹਾਂ ਨੇ ਜਿਹੜੇ ਅੰਕੜੇ ਵਗੈਰਾ ਦਿੱਤੇ, ਉਹ ਮੈਚ ਨਹੀਂ ਕਰਦੇ। It is not only for future, ਜੋ ਪਿਛੋਕੜ ਹੋਇਆ ਹੈ, ਜੋ ਅਸੀਂ ਕੀਤਾ ਹੈ, ਉਹ ਵੀ ਉਸ ਸਪੀਚ ਵਿੱਚ ਸੀ ਔਰ ਜੋ ਅੱਗੇ ਕਰਨਾ ਹੈ, ਉਹ ਵੀ ਉਸ ਸਪੀਚ ਵਿੱਚ ਸੀ। And that is ਤਕਰੀਬਨ ਫਾਈਨਾਂਸ ਮਨਿਸਟਰ ਸਾਹਿਬ ਜੋ ਫਿਊਚਰ ਵਾਸਤੇ ਕਾਂਟਰੀਬਿਊਸ਼ਨ ਕਰ ਰਹੇ ਹਨ, ਉਹ ਉਨ੍ਹਾਂ ਨੇ ਸੰਮ-ਅੱਪ ਕਰ ਦਿੱਤੀ ਹੈ।

ਸੋ, ਅੱਜ ਮੈਨੂੰ ਖੁਸ਼ੀ ਹੈ ਕਿ this debate is ended on a good note and lastly I just want to mention this ਕਿ ਅਸੀਂ ਕਿਸਾਨਾਂ ਵਾਸਤੇ ਕੀਤਾ ਹੈ, ਉਨ੍ਹਾਂ ਦੇ ਕਰਜ਼ੇ ਵਗੈਰਾ ਦੀ ਗੱਲ ਹੈ, ਉਨ੍ਹਾਂ ਦੇ ਮੁਆਫ ਕੀਤੇ ਹਨ ਲੇਕਿਨ ਜਿਹੜੇ ਗਰੀਬ ਖੇਤ ਮਜ਼ਦੂਰ ਰਹਿ ਗਏ ਹਨ, ਉਨ੍ਹਾਂ ਵਾਸਤੇ ਅਸੀਂ ਕੁਝ ਨਹੀਂ ਕੀਤਾ ਸੀ। ਅੱਜ ਮੈਂ ਐਲਾਨ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਵੀ ਕਰਜ਼ਾ ਹੁਣ ਦੂਰ ਕਰਨ ਲੱਗੇ ਹਾਂ, we are working on the scheme. ਬਹੁਤ-ਬਹੁਤ ਧੰਨਵਾਦ। (ਥੰਪਿੰਗ)।

**ਮਾਨਯੋਗ ਸਪੀਕਰ :** ਰਾਜਪਾਲ ਜੀ ਦੇ ਭਾਸ਼ਣ ਲਈ ਧੰਨਵਾਦ ਪ੍ਰਸਤਾਵ ਨੂੰ ਸਦਨ

ਦੀ ਵੋਟ ਲਈ ਪੇਸ਼ ਕਰਨ ਤੋਂ ਪਹਿਲਾਂ ਮੈਂ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਦੇ ਸਬੰਧ ਵਿੱਚ ਪ੍ਰਾਪਤ ਹੋਏ ਸੋਧਨਾ ਨੋਟਿਸਜ਼, ਜੋ ਕਿ ਸਰਦਾਰ ਜੈ ਕ੍ਰਿਸ਼ਨ ਸਿੰਘ, ਐਮ.ਐਲ.ਏ. ਵੱਲੋਂ ਇੱਕ, ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ. ਤੇ ਵਿਰੋਧੀ ਧਿਰ ਦੇ ਨੇਤਾ ਵੱਲੋਂ ਇੱਕ, ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਵੱਲੋਂ ਤਿੰਨ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐਮ.ਐਲ.ਏ. ਵੱਲੋਂ ਇੱਕ ਅਤੇ ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ. ਵੱਲੋਂ ਦੋ, ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ:-

**ਸੋਧਨਾ ਨੋਟਿਸ ਨੰ: 1**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿਚ ਨਿਮਨ-ਲਿਖਤ ਜੋੜ ਦਿੱਤਾ ਜਾਵੇ:-

"ਕਿ ਐਪਰ ਅਫਸੋਸ ਹੈ ਕਿ ਇਸ ਵਿੱਚ ਪੰਜਾਬੀ ਬੋਲਦੇ ਇਲਾਕੇ ਜੋ ਪੰਜਾਬ ਤੋਂ ਬਾਹਰ ਰਹਿ ਗਏ ਹਨ ਅਤੇ ਚੰਡੀਗੜ੍ਹ ਦਾ ਕੋਈ ਜ਼ਿਕਰ ਨਹੀਂ ਹੈ।"

***ਪ੍ਰਸਤਾਵ ਅਪ੍ਰਵਾਨ ਹੋਇਆ।***

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਮੈਂ ਇਸ ਉਤੇ ਕੁਝ ਕਹਿਣਾ ਹੈ..

**ਮਾਨਯੋਗ ਸਪੀਕਰ:** ਨਹੀਂ, ਇਸ ਉਤੇ ਕੋਈ ਟਾਈਮ ਨਹੀਂ ਹੁੰਦਾ। ਤੁਸੀਂ ਬੈਠੋ।

**ਸੋਧਨਾ ਨੋਟਿਸ ਨੰ: 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿਚ ਨਿਮਨ-ਲਿਖਤ ਜੋੜ ਦਿੱਤਾ ਜਾਵੇ:-

"ਕਿ ਐਪਰ ਅਫਸੋਸ ਹੈ ਕਿ ਇਸ ਵਿੱਚ ਐਸ.ਸੀ./ਬੀ.ਸੀ. ਅਤੇ ਗਰੀਬ ਵਿਦਿਆਰਥੀਆਂ ਨੂੰ ਵਰਦੀਆਂ ਦੇਣ ਬਾਰੇ ਅਤੇ ਸਕਾਲਰਸ਼ਿਪ ਦੇਣ ਬਾਰੇ ਕੋਈ ਜ਼ਿਕਰ ਨਹੀਂ ਹੈ।"

***ਪ੍ਰਸਤਾਵ ਅਪ੍ਰਵਾਨ ਹੋਇਆ।***

**ਸੋਧਨਾਵਾਂ ਨੋਟਿਸ ਨੰ: 3, 4, ਅਤੇ 5**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿਤਾ ਜਾਵੇ:-

[ਮਾਨਯੋਗ ਸਪੀਕਰ]

1. "ਕਿ ਐਪਰ ਅਫਸੋਸ ਹੈ ਕਿ ਫੂਡ ਅਡਲਟ੍ਰੇਸ਼ਨ ਨਾਲ ਫੈਲਦੀਆਂ ਬਿਮਾਰੀਆਂ ਦੀ ਰੋਕਥਾਮ ਦਾ ਕੋਈ ਜ਼ਿਕਰ ਨਹੀਂ ਹੈ।"

2. "ਕਿ ਐਪਰ ਅਫਸੋਸ ਹੈ ਕਿ ਅੰਡਰ ਗਰਾਊਂਡ ਵਾਟਰ ਦੀ ਮੈਨੇਜਮੈਂਟ ਦਾ ਅਤੇ ਵਾਟਰ ਪਾਲਿਸੀ ਦਾ ਜ਼ਿਕਰ ਸੱਚਾਈ ਅਤੇ ਤੱਥਾਂ ਤੋਂ ਕੋਹਾਂ ਪਰੇ ਹੈ।"; ਅਤੇ

3. "ਕਿ ਐਪਰ ਅਫਸੋਸ ਹੈ ਕਿ ਇਸ ਵਿੱਚ ਜੋ ਜੌਬ ਫੇਅਰ ਦਾ ਜ਼ਿਕਰ ਕੀਤਾ ਗਿਆ ਹੈ, ਉਹ ਸੱਚਾਈ ਤੋਂ ਕੋਹਾਂ ਦੂਰ ਹੈ।"

*ਪ੍ਰਸਤਾਵ ਅਪ੍ਰਵਾਨ ਹੋਏ।*

**ਸੋਧਨਾ ਨੋਟਿਸ ਨੰ: 6**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿਚ ਨਿਮਨ-ਲਿਖਤ ਜੋੜ ਦਿੱਤਾ ਜਾਵੇ:-

"ਕਿ ਐਪਰ ਅਫਸੋਸ ਹੈ ਕਿ ਇਸ ਵਿੱਚ ਚੱਢਾ ਸ਼ੂਗਰ ਅਤੇ ਡਿਸਟ੍ਰਿਲਰੀ ਵੱਲੋਂ ਬਿਆਸ ਦਰਿਆ ਵਿੱਚ ਛੱਡੇ ਗਏ ਸ਼ੀਰੇ ਨਾਲ ਲੱਖਾਂ/ਕਰੋੜਾਂ ਜੀਵ ਜੰਤੂਆਂ ਦਾ ਖਾਤਮਾ ਹੋ ਗਿਆ ਹੈ, ਉਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*ਪ੍ਰਸਤਾਵ ਅਪ੍ਰਵਾਨ ਹੋਇਆ।*

**ਸੋਧਨਾਵਾਂ ਨੋਟਿਸ ਨੰ: 7 ਅਤੇ 8**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ ਲਿਖਤ ਸਤਰਾਂ ਜੋੜ ਦਿੱਤੀਆਂ ਜਾਣ –

1. "ਕਿ ਐਪਰ ਅਫਸੋਸ ਹੈ ਕਿ ਇਸ ਵਿੱਚ ਐਸ.ਵਾਈ.ਐਲ. ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਦ ਕਿ ਸਾਡੇ ਕੋਲ ਦੇਣ ਲਈ ਪਾਣੀ ਦੀ ਇਕ ਬੂੰਦ ਵੀ ਵਾਧੂ ਨਹੀਂ ਹੈ ;" ਅਤੇ

2. "ਕਿ ਐਪਰ ਅਫਸੋਸ ਹੈ ਕਿ ਪੰਜਾਬੀ ਜੋ ਕਿ ਪੰਜਾਬ ਦੀ ਮਾਤ ਭਾਸ਼ਾ ਹੈ, ਉਸ ਨੂੰ ਬਣਦਾ ਸਤਿਕਾਰ ਦੇਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

------------

*ਪ੍ਰਸਤਾਵ ਅਪ੍ਰਵਾਨ ਹੋਏ।*

------------

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਆਪਣੀ ਸੀਟ ਤੇ ਖੜ੍ਹੇ ਸਨ ਅਤੇ ਬੋਲਣ ਲਈ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਹੁਣ 13 ਫਰਵਰੀ, 2019 ਨੂੰ ਡਾਕਟਰ ਰਾਜ ਕੁਮਾਰ ਵੇਰਕਾ, ਐਮ.ਐਲ.ਏ. ਵੱਲੋਂ ਪੇਸ਼ ਕੀਤੇ ਗਏ ਅਤੇ ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ. ਵੱਲੋਂ ਪ੍ਰੋੜ੍ਹਤਾ ਕੀਤੇ ਗਏ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ:-

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 12 ਫਰਵਰੀ, 2019 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

***ਪ੍ਰਸਤਾਵ ਪ੍ਰਵਾਨ ਹੋਇਆ।***

---------------

## RULING BY THE HON'BLE SPEAKER

**ਮਾਨਯੋਗ ਸਪੀਕਰ :** ਢੀਂਡਸਾ ਸਾਹਿਬ, ਜੋ ਮੈਂ ਤੁਹਾਨੂੰ ਸਵੇਰੇ ਕਿਹਾ ਸੀ, ਉਸ ਮਤੇ ਸਬੰਧੀ ਮੈਂ ਇੱਕ ਰੂਲਿੰਗ ਦੇਣੀ ਸੀ।

ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 147 ਅਤੇ 150 (a) ਹੇਠ ਅਨੁਸਾਰ ਹਨ :-

"147. ਅਨੁਸਾਰ ਮੰਤਰੀ ਤੋਂ ਇਲਾਵਾ ਕੋਈ ਹੋਰ ਮੈਂਬਰ ਜੋ ਮਤਾ ਪੇਸ਼ ਕਰਨਾ ਚਾਹੇ, ਆਪਣੇ ਇਸ ਇਰਾਦੇ ਬਾਰੇ ਘੱਟੋ ਘੱਟ ਪੂਰੇ 15 ਦਿਨਾਂ ਦਾ ਨੋਟਿਸ ਦੇਵੇਗਾ ਅਤੇ ਨੋਟਿਸ ਦੇ ਨਾਲ ਉਸ ਮਤੇ ਦੀ ਇਬਾਰਤ ਜੋ ਉਹ ਪੇਸ਼ ਕਰਨਾ ਚਾਹੁੰਦਾ ਹੈ, ਭੇਜੇਗਾ:

××× ××× ×××"

"150. ਕਿਸੇ ਮਤੇ ਦੇ ਪ੍ਰਵਾਨਗੀਯੋਗ ਹੋਣ ਲਈ ਇਹ ਜ਼ਰੂਰੀ ਹੈ ਕਿ ਉਹ ਨਿਮਨਲਿਖਤ ਸ਼ਰਤਾਂ ਨੂੰ ਪੂਰਾ ਕਰੇ, ਅਰਥਾਤ :-

(a) it shall be clearly and precisely expressed, and shall raise substantially one definite issue;

[ਮਾਨਯੋਗ ਸਪੀਕਰ]

××× ××× ×××"

ਇਸ ਲਈ, ਉਕਤ ਨਿਯਮਾਂ ਅਨੁਸਾਰ ਮੇਰੇ ਵਲੋਂ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਐਮ.ਐਲ.ਏ. ਅਤੇ ਹੋਰ ਮੈਂਬਰਾਂ ਵੱਲੋਂ ਦਿੱਤਾ ਗਿਆ ਪਾਕਿਸਤਾਨ ਨੂੰ ਦਹਿਸ਼ਤਗਰਦ ਸਟੇਟ ਘੋਸ਼ਿਤ ਕਰਨ ਸਬੰਧੀ ਦਿੱਤਾ ਗਿਆ ਮਤਾ ਅਸਵੀਕਾਰ ਕੀਤਾ ਗਿਆ ਹੈ। ਵਿਸ਼ੇ ਸਬੰਧੀ ਸਰਕਾਰੀ ਮਤਾ ਮਿਤੀ 15.2.2019 ਨੂੰ ਸਦਨ ਵੱਲੋਂ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਜਾ ਚੁੱਕਾ ਹੈ ਅਤੇ ਪ੍ਰਵਾਨ ਕੀਤੇ ਗਏ ਮਤੇ ਨੂੰ ਸਰਕਾਰ ਨੂੰ ਅਗਲੇਰੀ ਕਾਰਵਾਈ ਲਈ ਭੇਜਿਆ ਜਾ ਚੁੱਕਿਆ ਹੈ ।

-----------------

## OBSERVATION BY THE HON'BLE SPEAKER

**ਮਾਨਯੋਗ ਸਪੀਕਰ :** ਮੇਰੇ ਧਿਆਨ ਵਿੱਚ ਚਾਲੂ ਸਮਾਗਮ ਦੌਰਾਨ ਇਹ ਵੀ ਆਇਆ ਹੈ ਕਿ ਸਦਨ ਦੇ ਮੈਂਬਰਾਂ ਵੱਲੋਂ ਵਾਰ ਵਾਰ ਇੱਕੋ ਵਿਸ਼ੇ ਤੇ ਵੱਖ-ਵੱਖ ਨੋਟਿਸ ਭਾਵ ਕੰਮ ਰੋਕੂ ਪ੍ਰਸਤਾਵ, ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਵਿਸ਼ੇਸ਼ ਅਧਿਕਾਰ ਦਾ ਮਤੇ ਦਿੱਤੇ ਜਾ ਰਹੇ ਹਨ ਜਦ ਕਿ ਉਨ੍ਹਾਂ ਵਿਸ਼ਿਆਂ ਨੂੰ ਸਦਨ ਵਿੱਚ ਪਹਿਲਾਂ ਹੀ ਉਠਾਇਆ ਜਾ ਚੁੱਕਿਆ ਹੁੰਦਾ ਹੈ। ਇਸ ਤਰ੍ਹਾਂ ਇਹ ਇੱਕ ਤਰ੍ਹਾਂ ਸਦਨ ਦਾ ਕੀਮਤੀ ਸਮਾਂ ਬਰਬਾਦ ਕਰਨ ਦੇ ਬਰਾਬਰ ਹੁੰਦਾ ਹੈ ਕਿਉਂਕਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮਾਂ ਅਨੁਸਾਰ ਸਦਨ ਵਿੱਚ ਉਠਾਏ ਗਏ ਜਾਂ ਮੇਰੇ ਵੱਲੋਂ ਅਸਵੀਕਾਰ ਕੀਤੇ ਜਾ ਚੁੱਕੇ ਮਸਲਿਆਂ ਤੇ ਸਦਨ ਵਿੱਚ ਦੁਬਾਰਾ ਬਹਿਸ ਨਹੀਂ ਕੀਤੀ ਜਾ ਸਕਦੀ। (ਵਿਘਨ)...(ਸ਼ੋਰ)

---------------

**ਮਾਨਯੋਗ ਸਪੀਕਰ :** ਹੁਣ ਸਦਨ ਵੀਰਵਾਰ, ਮਿਤੀ 21 ਫਰਵਰੀ, 2019 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*4.28 ਵਜੇ ਬਾਅਦ ਦੁਪਹਿਰ } (*ਇਸ ਸਮੇਂ ਸਦਨ ਵੀਰਵਾਰ, ਮਿਤੀ 21 ਫਰਵਰੀ, 2019 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

------------

# APPENDIX

**To**

**PUNJAB VIDHAN SABHA**

**DEBATES**

*Wednesday the 20th February, 2019*

Vol. VII- No. 6

---------

STARRED QUESTIONS AND ANSWERS

**ਸਰਕਾਰੀ ਅਤੇ ਏਡਿਡ ਕਾਲਜਾਂ ਵਿੱਚ ਗੈਸਟ ਟੀਚਰਾਂ ਦੀ ਭਰਤੀ ਰਿਜ਼ਰਵੇਸ਼ਨ ਨਿਯਮਾਂ ਅਨੁਸਾਰ ਕਰਨਾ**

***1947. ਸ਼੍ਰੀ ਬੁੱਧ ਰਾਮ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਅਤੇ ਸਰਕਾਰ ਤੋਂ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਖਾਲੀ ਪੋਸਟਾਂ ਤੇ ਹਰ ਸਾਲ ਗੈਸਟ ਟੀਚਰ (ਲੈਕਚਰਾਰ) ਭਰਤੀ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਦੀ ਭਰਤੀ ਰਿਜ਼ਰਵੇਸ਼ਨ (ਐਸ.ਸੀ./ਬੀ.ਸੀ. ਲਈ) ਦੇ ਰੋਸਟਰ ਮੁਤਾਬਕ ਕੀਤੀ ਜਾਂਦੀ ਹੈ; ਜੇਕਰ ਨਹੀਂ ਕੀਤੀ ਜਾਂਦੀ ਹੈ ਤਾਂ ਸਰਕਾਰ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕੀ ਕਾਰਵਾਈ ਕਰ ਰਹੀ ਹੈ?

(ਅ) ਕੀ ਸਰਕਾਰ ਸਾਲ 2019-20 ਦੇ ਸੈਸ਼ਨ ਲਈ ਨਵੇਂ ਨਿਯੁਕਤ ਹੋਣ ਵਾਲੇ ਪ੍ਰੋਫੈਸਰ/ਲੈਕਚਰਾਰਾਂ ਲਈ ਰਿਜ਼ਰਵੇਸ਼ਨ ਐਕਟ ਅਨੁਸਾਰ ਨਿਯੁਕਤੀ ਲਈ ਕੋਈ ਤਜਵੀਜ਼ ਲਿਆਵੇਗੀ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਹਾਂ ਜੀ। ਇਹ ਭਰਤੀ ਰੋਸਟਰ ਅਨੁਸਾਰ ਕੀਤੀ ਜਾਂਦੀ ਹੈ। ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਗੈਸਟ ਫੈਕਲਟੀ ਨਹੀਂ ਰੱਖੇ ਜਾਂਦੇ।

(ਅ) ਨਹੀਂ ਜੀ। ਕਿਉਂਕਿ ਪਹਿਲਾਂ ਹੀ ਪ੍ਰੋਫੈਸਰਾਂ/ਲੈਕਚਰਾਰਾਂ ਦੀ ਭਰਤੀ ਰਿਜ਼ਰਵੇਸ਼ਨ ਐਕਟ ਅਨੁਸਾਰ ਹੀ ਕੀਤੀ ਜਾਂਦੀ ਹੈ।

---------------

**ਭਿਖੀਵਿੰਡ ਅਤੇ ਵਲਟੋਹਾ ਬਲਾਕਾਂ ਵਿੱਚ ਆਧਿਆਪਕਾਂ ਦੀਆਂ ਮਨਜ਼ੂਰਸੁਦਾ ਅਸਾਮੀਆਂ**

***1854. ਸਰਦਾਰ ਸੁੱਖਪਾਲ ਸਿੰਘ ਭੁੱਲਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਭਿਖੀਵਿੰਡ ਅਤੇ ਵਲਟੋਹਾ ਬਲਾਕਾਂ ਵਿੱਚ ਅਧਿਆਪਕਾਂ ਦੀਆਂ ਕੁੱਲ ਮਨਜ਼ੂਰਸੁਦਾ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਥੇ ਬਿਨਾਂ ਅਧਿਆਪਕਾਂ ਵਾਲੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਇੱਥੇ ਖਾਲੀ ਅਸਾਮੀਆਂ ਕਿੰਨੇ ਸਮੇਂ ਵਿੱਚ ਭਰ ਦਿੱਤੀਆਂ ਜਾਣਗੀਆਂ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਭਿਖੀਵਿੰਡ ਅਤੇ ਵਲਟੋਹਾ ਬਲਾਕਾਂ ਵਿੱਚ ਅਧਿਆਪਕਾਂ ਦੀਆਂ ਕੁੱਲ 1027 ਅਸਾਮੀਆਂ ਮਨਜ਼ੂਰ ਹਨ। ਇਨ੍ਹਾਂ ਬਲਾਕਾਂ ਵਿੱਚ ਬਿਨਾਂ ਅਧਿਆਪਕਾਂ ਦੇ ਕੋਈ ਸਕੂਲ ਨਹੀਂ ਹਨ। ਇਨ੍ਹਾਂ ਬਲਾਕਾਂ ਵਿੱਚ ਖਾਲੀ ਅਸਾਮੀਆਂ ਨੂੰ ਨਵੀਆਂ ਨਿਯੁਕਤੀਆਂ/ਤਰੱਕੀਆਂ/ਰੈਸ਼ਨੇਲਾਈਜ਼ੇਸ਼ਨ ਰਾਹੀਂ ਭਰਨ ਦਾ ਉਪਰਾਲਾ ਕੀਤਾ ਜਾਵੇਗਾ।

---------

**ਰਾਜ ਵਿੱਚ ਪ੍ਰਾਈਵੇਟ ਬੱਸ ਸਰਵਿਸ ਨੂੰ ਘਟਾਉਣਾ**

***1872. ਡਾਕਟਰ ਰਾਜ ਕੁਮਾਰ ਵੇਰਕਾ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਰਕਾਰ ਦੀ ਪ੍ਰਾਈਵੇਟ ਬੱਸ ਸੇਵਾ ਸਰਵਿਸ ਨੂੰ ਘਟਾ ਕੇ ਸਰਕਾਰੀ ਟਰਾਂਸਪੋਰਟ ਸਰਵਿਸ ਨੂੰ ਸਮਰੱਥ ਬਣਾਉਣ ਦੀ ਨੀਤੀ ਕੀ ਹੈ ਅਤੇ ਨਵੀਂ ਟਰਾਂਸਪੋਰਟ ਨੀਤੀ ਦੇ ਤਹਿਤ ਰਾਜ ਵਿੱਚ ਕਿੰਨੇ ਸਕੱਤਰ/ਆਰ.ਟੀ.ਏ. ਨਿਯੁਕਤ ਕੀਤੇ ਗਏ ਹਨ?

**ਸ਼੍ਰੀ ਰਜ਼ੀਆ ਸੁਲਤਾਨਾ:** ਹਾਂ ਜੀ, ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ ਸਕੀਮ, 2018 ਮਿਤੀ 22.02.2018 ਰਾਹੀਂ ਨੋਟੀਫਾਈ ਕੀਤੀ ਗਈ ਹੈ। ਟਰਾਂਸਪੋਰਟ ਸਕੀਮ ਦੇ ਅਨੁਸਾਰ ਸਟੇਟ ਟਰਾਂਸਪੋਰਟ ਅੰਡਰਟੇਕਿੰਗ ਨੂੰ ਮਨਾਪਲੀ ਰੂਟਾਂ ਅਤੇ ਅੰਤਰ ਰਾਜੀ ਰੂਟਾਂ ਤੇ ਬੱਸਾਂ ਚਲਾਉਣ ਦਾ ਨਿਵੇਕਲਾ ਅਧਿਕਾਰ ਹੈ। ਇਸ ਤੋਂ ਇਲਾਵਾ ਨਵੀਂ ਟਰਾਂਸਪੋਰਟ ਸਕੀਮ ਦੇ ਅਨੁਸਾਰ ਪ੍ਰਾਈਵੇਟ ਓਪਰੇਟਰਾਂ ਨੂੰ ਏ.ਸੀ. ਬੱਸਾਂ ਚਲਾਉਣ ਲਈ ਪੂਰਨ ਮਨਾਹੀ ਹੈ। ਡਿਪਾਰਟਮੈਂਟ ਦੇ ਪੁਨਰਗਠਨ ਕਾਰਨ ਰਾਜ ਵਿੱਚ 11 ਸਕੱਤਰ, ਰਿਜ਼ਨਲ ਟਰਾਂਸਪੋਰਟ ਅਥਾਰਟੀਜ਼ ਨਿਯੁਕਤ ਕੀਤੇ ਗਏ ਹਨ।

------------------

© 2019
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

10009/07-2019/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ